੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ

# ਗੁਰ ਬਾਲਮ ਸਾਖੀਆਂ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001

 www.sikhbookclub.com

## ਛਪਾਈ ਦਾ ਵੇਰਵਾ

| | | | |
|---|---|---|---|
| ਪਹਿਲੀ | ਵਾਰ | ਜੂਨ | 1955 |
| ਦੂਜੀ | ਵਾਰ | ਜੂਨ | 1958 |
| ਤੀਜੀ | ਵਾਰ | ਸਤੰਬਰ | 1970 |
| ਚਉਥੀ | ਵਾਰ | ਅਗਸਤ | 1980 |
| ਪੰਜਵੀਂ | ਵਾਰ | ਜਨਵਰੀ | 1994 |
| ਛੇਵੀਂ | ਵਾਰ | ਸਤੰਬਰ | 1995 |
| ਸੱਤਵੀਂ | ਵਾਰ | ਅਕਤੂਬਰ | 1996 |
| ਅੱਠਵੀਂ | ਵਾਰ | ਦਸੰਬਰ | 1998 |
| ਨਉਂਵੀ | ਵਾਰ | ਸਤੰਬਰ | 2003 |
| ਦਸਵੀਂ | ਵਾਰ | ਮਈ | 2004 |
| ਗਜਾਰਵੀਂ | ਵਾਰ | ਫਰਵਰੀ | 2008 |
| ਬਾਰ੍ਹਵੀਂ | ਵਾਰ | ਜੁਲਾਈ | 2009 |
| ਤੇਰ੍ਹਵੀਂ | ਵਾਰ | ਜੁਲਾਈ | 2010 |

**Gur Balam Sakhian Guru Gobind Singh Ji**

Bhai Vir Singh

ISBN : 978-93-80854-36-6

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਚਉਧਵੀਂ ਵਾਰ ਜਨਵਰੀ, 2012

***ਪ੍ਰਕਾਸ਼ਕ :***

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer***

Shabani Printers
MSC-104, Street Yogmaya, Multani Dhanda
Paharganj, New Delhi-110 055

ਮੁੱਲ : 80/- ਰੁਪਏ

# ਸੂਚੀ ਪੱਤਰ ਸਾਖੀਆਂ


| ਸਾਖੀ | ਪੰਨਾ |
|---|---|
| ੧. ਪਟਣੇ ਅਵਤਾਰ। | ੫ |
| ੨. ਸ਼ਾਹ ਭੀਖ। | ੭ |
| ੩. ਬਾਲ ਚੋਜ। | ੮ |
| ੪. ਅਨੋਖੇ ਕੌਤਕ। | ੧੨ |
| ੫. ਸ਼ਿਵ ਦੱਤ। | ੧੩ |
| ੬. ਰਾਜਾ ਫਤੇ ਚੰਦ ਮੈਣੀ। | ੧੬ |
| ੭. ਮੈਣੀ ਸੰਗਤ। | ੧੯ |
| ੮. ਗੋਬਿੰਦ ਘਾਟ ਪਟਨਾ। | ੨੧ |
| ੯. ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼। | ੨੨ |
| ੧੦. ਜਗਤਾ ਸੇਠ। | ੨੩ |
| ੧੧. ਖੂਹ ਖਾਰਾ। | ੨੫ |
| ੧੨. ਅੰਦਰ ਪੱਟ ਤੇ ਬਾਹਰ ਗੁੱਦੜ। | ੨੭ |
| ੧੩. ਪਟਨਿਓਂ ਕੂਚ ਤਜਾਰੀ। | ੨੮ |
| ੧੪. ਪ੍ਰੇਮੀਆਂ ਤੋਂ ਵਿਛੋੜੇ। | ੨੯ |
| ੧੫. ਦਾਨਾ ਪੁਰ। | ੩੨ |
| ੧੬. ਕਾਂਸ਼ੀ। | ੩੩ |
| ੧੭. ਪੰਡਤਾਈ। | ੩੭ |
| ੧੮. ਕਾਂਸ਼ੀ ਤੋਂ ਅਗਲਾ ਸਫਰ | ੩੯ |
| ੧੯. ਅਯੁੱਧਜਾ। | ੪੦ |
| ੨੦. ਗੁਰ ਨਾਨਕ ਮਤਾ। | ੪੧ |
| ੨੧. ਦੇਵ ਨਗਰ, ਲਖਨਊ-ਬਠੂਰ, ਮਥਰਾ। | ੪੨ |
| ੨੨. ਲਖਨੌਰ। | ੪੨ |
| ੨੩. ਸ਼ਾਹ ਭੀਖ। | ੪੪ |
| ੨੪. ਪੀਰ ਆਰਫ ਦੀਨ। | ੪੬ |
| ੨੫. ਕੀਰਤਪੁਰ। | ੪੭ |
| ੨੬. ਆਨੰਦਪੁਰ ਪ੍ਰਵੇਸ਼। | ੪੮ |
| ੨੭. ਆਨੰਦਪੁਰ ਵਸੇਬਾ-ਲਾਡ। | ੪੯ |
| ੨੮. ਆਨੰਦਪੁਰ ਵਸੇਬਾ-ਰੱਛਾ। | ੫੧ |
| ੨੯. ਆਨੰਦਪੁਰ ਵਸੇਬਾ-ਸਿੱਛਾ। | ੫੩ |
| ੩੦. ਹੋਣਹਾਰ ਬਿਰਵਾ | ੫੫ |
| ੩੧. ਵਿਆਹ। | ੫੭ |
| ੩੨. ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ। | ੬੦ |
| ੩੩. ਗੁਰਿਆਈ ਦਾ ਸਮਿਆਨ। | ੬੪ |
| ੩੪. ਦਸਤਾਰਬੰਦੀ | ੬੫ |
| ੩੫. ਗੱਦੀ। | ੬੮ |
| ੩੬. ਸਿਖਾਂ ਨੂੰ ਸਿੰਘ ਬਨਾਉਣ ਦੀ ਸੈਨਤ। | ੭੨ |
| ੩੭. ਬਖਸ਼ਿਸ਼। | ੭੫ |
| ੩੮. ਆਨੰਦਪੁਰ ਦੇ ਮੰਗਲ। | ੭੮ |
| ੩੯. ਗੁਲਾਬ ਰਾਇ। | ੮੧ |
| ੪੦. ਮਿਰਤਕ ਕਉ ਜਿਵਾਲਨਹਾਰ। | ੮੨ |
| ੪੧. ਸ਼ਾਮਿਯਾਨਾ। | ੮੨ |
| ੪੨. ਵਿਆਹ। | ੮੫ |
| ੪੩. ਚੋਰ ਤਾੜਨਾ। | ੮੬ |
| ੪੪. ਰਤਨ ਰਾਇ। | ੮੭ |
| ੪੫. ਗਗਨ ਮੱਲ। | ੯੩ |
| ੪੬. ਰਣਜੀਤ ਨਗਾਰਾ। | ੯੫ |
| ੪੭. ਰਣਜੀਤ ਨਗਾਰੇ ਦਾ ਪਹਿਲਾ ਫਲ। | ੯੮ |
| ੪੮. ਭੀਮ ਚੰਦ ਰਾਜੇ ਦਾ ਆਨੰਦਪੁਰ ਆਉਣਾ। | ੧੦੧ |
| ੪੯. ਪ੍ਰਸਾਦੀ ਹਾਥੀ ਦੀ ਮੰਗ। | ੧੦੩ |
| ੫੦. ਕੁਟਵਾਲ ਆਇਆ। | ੧੦੫ |
| ੫੧. ਰਾਜਾ ਕੇਸਰੀ ਚੰਦ। | ੧੦੬ |
| ੫੨. ਲੜਾਈ ਟਲੀ। | ੧੦੭ |
| ੫੩. ਆਨੰਦਪੁਰੋਂ ਤਜਾਰੀ। | ੧੦੮ |
| ੫੪. ਨਾਹਣ ਆਏ। | ੧੧੦ |
| ੫੫. ਪਾਉਂਟਾ ਸਾਹਿਬ। | ੧੧੪ |
| ੫੬. ਸ੍ਰੀ ਰਾਮ ਰਾਇ ਜੀ। | ੧੧੬ |

| ਸਾਖੀ | | ਪੰਨਾ |
|---|---|---|
| ੫੭. | ਬੁੱਧੂ ਸ਼ਾਹ ਮਿਲਾਪ | ੧੨੦ |
| ੫੮. | ਕਾਲਸੀ ਦਾ ਰਿਖੀ। | ੧੨੩ |
| ੫੯. | ਰਾਜਿਆਂ ਦੀ ਸੁਲਹ। | ੧੨੮ |
| ੬੦. | ਸ਼ੇਰ ਮਾਰਨਾ। | ੧੩੧ |
| ੬੧. | ਰਾਜ ਤੇ ਜੋਗ। | ੧੩੪ |
| ੬੨. | ਖਾਨ ਨੌਕਰ ਰਖੇ। | ੧੩੭ |
| ੬੩. | ਸ੍ਰੀ ਰਾਮ ਰਾਇ ਵੱਲੋਂ ਸੰਦੇਸ਼। | ੧੪੦ |
| ੬੪. | ਸ੍ਰੀ ਰਾਮ ਰਾਇ ਮੇਲ। | ੧੪੨ |
| ੬੫. | ਕਪਾਲ ਮੋਚਨ। | ੧੪੫ |
| ੬੬. | ਸ੍ਰੀ ਰਾਮ ਰਾਇ ਅੰਤ। | ੧੪੭ |
| ੬੭. | ਫਤੇ ਸ਼ਾਹ ਦਾ ਸੱਦਾ। | ੧੪੯ |
| ੬੮. | ਰਾਜੇ ਭੀਮ ਚੰਦ ਦੀ ਜੰਞ ਤੇ ਦੂਲੋ। | ੧੫੧ |
| ੬੯. | ਸਿਖਾਂ ਦਾ ਘਾਟੇ ਤੋਂ ਸਲਾਮਤ ਨਿਕਲਣਾ। | ੧੫੬ |
| ੭੦. | ਚੜ੍ਹਦੀਆਂ ਕਲਾਂ। | ੧੬੧ |
| ੭੧. | ਜੰਗੀ ਤਿਆਰੀਆਂ। | ੧੬੪ |
| ੭੨. | ਕ੍ਰਿਪਾਲ ਮਹੰਤ ਨੂੰ ਵਰ। | ੧੬੭ |
| ੭੩. | ਭੰਗਾਣੀ ਯੁਧ-ਨਾਕਾਬੰਦੀ। | ੧੭੦ |
| ੭੪. | ਸੈਨਾ ਦੀ ਚੜ੍ਹਾਈ। | ੧੭੫ |
| ੭੫. | ਘੋਰ ਸੰਗ੍ਰਾਮ। | ੧੮੦ |
| ੭੬. | ਹਯਾਤ ਮਾਰਿਆ। | ੧੮੨ |
| ੭੭. | ਗੁਰੂ ਕਾ ਪੱਲਾ ਭਾਰੀ। | ੧੮੬ |
| ੭੮. | ਪਹਾੜੀਆਂ ਵਿਚ ਭਾਜੜ। | ੧੮੯ |
| ੭੯. | ਸੰਗੋ ਸ਼ਾਹ ਸ਼ਹੀਦ। | ੧੯੦ |
| ੮੦. | ਵਿਜੈ ਤੇ ਸ਼ਹੀਦਾਂ ਦਾ ਸਸਕਾਰ | ੧੯੨ |
| ੮੧. | ਸੂਰਮਿਆਂ ਤੇ ਬੁੱਧੂ ਸ਼ਾਹ ਨੂੰ ਬਖਸ਼ੀਸ਼ਾਂ | ੧੯੫ |
| ੮੨. | ਪਾਉਂਟੇ ਤੋਂ ਕੂਚ। | ੧੯੬ |
| ੮੩. | ਪਹਿਲਾ ਡੇਰਾ ਲਾਹੜਪੁਰ। | ੧੯੮ |
| ੮੪. | ਟਾਬਰਾ। | ੨੦੦ |
| ੮੫. | ਰਾਣੀ ਕਾ ਰਾਇ ਪੁਰ। | ੨੦੩ |
| ੮੬. | ਗੁਰੂਆਣਾ, ਟੋਡਾ, ਨਾਡਾ। | ੨੦੬ |
| ੮੭. | ਢਕੌਲੀ। | ੨੦੭ |
| ੮੮. | ਨਾਭਾ। | ੨੦੯ |
| ੮੯. | ਕੀਰਤਪੁਰ। | ੨੧੧ |
| ੯੦. | ਆਨੰਦਪੁਰ। | ੨੧੨ |
| ੯੧. | ਆਨੰਦਪੁਰ ਵਿਚ ਸਿਖ ਮਤਾਂ | ੨੧੬ |
| ੯੨. | ਸ੍ਰੀ ਕਲਗੀਆਂ ਵਾਲੇ ਪਾਤਸ਼ਾਹ ਦੀ ਬਾਣੀ। | ੨੨੩ |


# ਗੁਰ ਬਾਲਮ ਗੀਤ


| | | |
|---|---|---|
| ੧. | ਲੰਘ ਆ, ਲੰਘ ਆ, ਲੰਘ ਆ। | ੨੨੬ |
| ੨. | ਦਰਸ਼ਨ ਜੋਦੜੀ। | ੨੨੭ |
| ੩. | ਮੇਰੇ ਸਾਈਆਂ, ਮੇਰੇ ਓ ਕਲਗੀਆਂ ਵਾਲੇ! | ੨੨੯ |
| ੪. | ਦਿਖਾ ਜਲਵਾ ਤਰਸ ਖਾਕੇ। | ੨੩੦ |
| ੫. | ਹੁਣ ਆ ਮਿਲ ਕਲਗੀ ਵਾਲਿਆ! | ੨੩੩ |
| ੬. | ਕਿਉਂ ਤੁਸੀਂ ਐਡੇ ਸੁਹਣੇ ਹੋ? | ੨੩੭ |
| ੭. | ਮੁੜਕੇ ਕਦ ਹੁਣ ਆਓਗੇ? | ੨੩੮ |
| ੮. | ਕਰ ਦਿਓ ਦਰਸ਼ਨਾਂ ਨਾਲ ਨਿਹਾਲ! | ੨੪੦ |


❖❖❖

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

— — — —

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ

# ਗੁਰ ਬਾਲਮ ਸਾਖੀਆਂ

— — — —

## ੧. ਪਟਣੇ ਅਵਤਾਰ।

**ਸਾਡੇ** ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ ਅਤੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪਟਣੇ ਸ਼ਹਿਰ ਵਿਚ ਹੋਇਆ ਸੀ।

ਅਵਤਾਰ ਹੋਣਾ ਕਿਸ ਨੂੰ ਆਖੀਦਾ ਹੈ?

ਜਿਵੇਂ ਕੋਈ ਬੱਚਾ ਜੰਮੇ ਤਾਂ ਕਹੀਦਾ ਹੈ, ਫਲਾਣਾ ਬਾਲਕ ਜੰਮਿਆ ਹੈ, ਇਸ ਤਰ੍ਹਾਂ ਅਵਤਾਰ ਹੋਣਾ ਗੁਰੂ ਸਾਹਿਬ ਦੇ ਦੁਨੀਆਂ ਵਿਚ ਆਉਣ ਨੂੰ ਆਖੀਦਾ ਹੈ। ਕਿਉਂਕਿ ਓਹ ਲੋਕਾਂ ਵਾਂਙੂ ਕਰਮਾਂ ਕਰਕੇ ਨਹੀਂ ਜਨਮਦੇ, ਓਹ ਦੁਨੀਆਂ ਦਾ ਭਲਾ ਕਰਨ ਵਾਸਤੇ ਉਤੋਂ ਮਾਨੋਂ ਉਤਰਦੇ ਹਨ, ਸੋ ਸਾਡੇ ਦਸਮੇ ਗੁਰੂ ਜੀ ਪਟਣੇ ਵਿਚ ਅਉਤਾਰ ਹੋਏ ਸਨ।

ਉਨ੍ਹਾਂ ਦੇ ਪਿਤਾ ਜੀ ਦਾ ਨਾਉਂ ਸ੍ਰੀ ਗੁਰੂ ਤੇਗ ਬਹਾਦਰ ਜੀ ਸੀ। ਗੁਰੂ ਤੇਗ ਬਹਾਦਰ ਸਾਡੇ ਨੌਂਵੇਂ ਗੁਰੂ ਸਾਹਿਬ ਸਨ।

ਭਲਾ ਜੀ ਪਟਣਾ ਕਿੱਥੇ ਕੁ ਹੋਇਆ?


www.sikhbookclub.com

ਪਟਣਾ ਇਕ ਵੱਡਾ ਸ਼ਹਿਰ ਹੈ ਜੋ ਬਿਹਾਰ ਸੂਬੇ ਦੀ ਰਾਜਧਾਨੀ ਹੈ, ਜੋ ਸ੍ਰੀ ਅੰਮ੍ਰਿਤਸਰ ਤੋਂ ਲਗਪਗ ੮੦੦ ਮੀਲ ਹੈ। ਇਹ ਨਗਰ ਗੰਗਾ ਦੇ ਕਿਨਾਰੇ ਉਰਾਰਲੇ ਪਾਸੇ ਦੂਰ ਤਾਈਂ ਚਲਾ ਗਿਆ ਹੈ। ਕਲਕੱਤੇ ਜਾਓ ਤਾਂ ਰਸਤੇ ਵਿਚ ਆਉਂਦਾ ਹੈ। ਇਸ ਸ਼ਹਿਰ ਵਿਚ ਜਨਮ ਅਸਥਾਨ ਹੈ ਗੁਰੂ ਜੀ ਦਾ।

ਭਲਾ ਜੀ! ਨੌਵੇਂ ਗੁਰੂ ਜੀ ਤਾਂ ਪੰਜਾਬ ਰਹਿੰਦੇ ਸੀ ਤੇ ਦਸਮੇਂ ਗੁਰੂ ਜੀ ਦਾ ਅੱਠ ਸੌ ਮੀਲ ਦੂਰ ਜਾਕੇ ਅਵਤਾਰ ਕੀਕੂੰ ਹੋਇਆ?

ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਨੂੰ ਗਏ ਸਨ। ਰਸਤੇ ਵਿਚ ਪ੍ਰਯਾਗ ਆਦਿ ਥਾਂਵਾਂ ਹੁੰਦੇ ਹੋਏ ਪਟਣੇ ਗਏ ਸਨ। ਤਦੋਂ ਪਟਣੇ ਤੇ ਸਹਸਰਾਮ ਆਦਿ ਨਗਰਾਂ ਵਿਚ ਦੂਰ ਦੂਰ ਗੁਰੂ ਕੀ ਸਿਖੀ ਫੈਲੀ ਹੋਈ ਸੀ। ਪਟਣੇ ਪਹੁੰਚ ਕੇ ਨੌਵੇਂ ਗੁਰੂ ਸਾਹਿਬ ਜੀ ਆਸਾਮ ਨੂੰ ਚਲੇ ਗਏ। ਪਟਣੇ ਤੋਂ ਅਗੇ ਜਾਕੇ ਬਿਹਾਰ ਮੁਕਦਾ ਤੇ ਬੰਗਾਲ ਆਉਂਦਾ ਹੈ, ਹੋਰ ਪਰੇ ਨੂੰ ਜਾਓ ਤੇ ਬੰਗਾਲ ਮੁਕਦਾ ਤੇ ਆਸਾਮ ਆਉਂਦਾ ਹੈ। ਇਸ ਆਸਾਮ ਦੇਸ਼ ਵਿਚ ਕਦੇ ਗੁਰੂ ਨਾਨਕ ਸਾਹਿਬ ਜੀ ਬੀ ਗਏ ਸਨ। ਹੁਣ ਗੁਰੂ ਤੇਗ ਬਹਾਦਰ ਜੀ ਗਏ ਸਨ।

ਗੁਰੂ ਜੀ ਆਪ ਤਾਂ ਆਸਾਮ ਨੂੰ ਚਲੇ ਗਏ, ਪਰ ਆਪਣੀ ਪਵਿੱਤ੍ਰ ਸੁਪਤਨੀ ਸ੍ਰੀਮਤੀ, ਸਾਡੀ ਮਾਤਾ ਗੁਜਰੀ ਜੀ ਨੂੰ ਪਟਣੇ ਛੋੜ ਗਏ ਸਨ। ਨਾਲ ਉਨ੍ਹਾਂ ਦੇ ਵੀਰ ਕ੍ਰਿਪਾਲ ਚੰਦ ਜੀ ਨੂੰ, ਨਾਲ ਆਪਣੀ ਮਾਤਾ ਨਾਨਕੀ ਜੀ ਨੂੰ ਅਤੇ ਹੋਰ ਪ੍ਰੇਮੀ ਸਿਖਾਂ ਤੇ ਸੇਵਕਾਂ ਨੂੰ ਛੋੜ ਗਏ ਸਨ।

ਉਨ੍ਹਾਂ ਦੇ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਏਥੇ ਹੋਇਆ। ਤਦੋਂ ਸੀ ਪੋਹ ਮਹੀਨੇ ਦੇ ਚਾਨਣੇ ਪੱਖ ਦੀ ਸੱਤਵੀਂ ਤੇ ਸੰਮਤ ਸੀ ੧੭੨੩ ਬਿ:। ਪਟਣੇ ਵਿਚ ਗੁਰਸਿਖੀ ਚੋਖੀ ਹੈ ਸੀ। ਆਪ ਜੀ ਦੇ ਅਵਤਾਰ ਤੇ ਘਰ ਘਰ ਖੁਸ਼ੀਆਂ ਹੋਈਆਂ ਫੇਰ ਆਸਾਮ ਗੁਰੂ ਜੀ ਨੂੰ ਖ਼ਬਰ ਘੱਲੀ ਗਈ। ਓਥੇ ਸਿਖਾਂ ਨੇ ਤੇ ਰਾਜੇ ਦੀ ਫੌਜ ਨੇ ਬੜੇ ਸ਼ਦਿਯਾਨੇ ਵਜਾਏ। ਪੰਜਾਬ ਵਿਚ ਖ਼ਬਰ ਆਈ ਤਾਂ ਗੁਰਸਿਖਾਂ ਦੇ ਘਰ ਵਧਾਈਆਂ ਵਜੀਆਂ।

❖❖❖

# ੨. ਸ਼ਾਹ ਭੀਖ ਦੀ ਸਾਖੀ।

**ਇਕ** ਮੁਸਲਮਾਨ ਫਕੀਰ ਰੱਬ ਦੀ ਬੰਦਗੀ ਕਰਨ ਵਾਲਾ ਓਸ ਸਮੇਂ ਹੋਇਆ ਹੈ। ਇਹਦੇ ਵੱਡੇ ਕੁਹੜਾਮ ਪਿੰਡ ਦੇ ਸਨ। ਆਪ ਸਿਆਣੇ ਪਿੰਡ ਵਿਚ ਰਹਿੰਦੇ ਸੀ, ਜੋ ਕੈਂਥਲ ਦੇ ਲਾਗੇ ਕਰਨਾਲ ਦੇ ਜ਼ਿਲੇ ਵਿਚ ਹੈ। ਜਦੋਂ ਪਟਣੇ ਵਿਚ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ ਤਾਂ ਸ਼ਾਹ ਭੀਖ ਸਮਾਧੀ ਲਾਕੇ ਰੱਬ ਜੀ ਦੇ ਧਿਆਨ ਵਿਚ ਜੁੜਿਆ ਬੈਠਾ ਸੀ। ਇਸ ਨੂੰ ਇਕ ਚਾਨਣਾ ਦਿੱਸਿਆ। ਇਸ ਨੇ ਡਿੱਠਾ ਕਿ ਏਸ ਚਾਨਣੇ ਵਿਚ ਇਕ ਬੜੇ ਉੱਚੇ ਮਹਾਂਪੁਰਖ, ਜੋ ਉਨ੍ਹਾਂ ਦੇ ਪੈਗ਼ੰਬਰਾਂ ਤੋਂ ਬੀ ਵਡੇ ਹਨ, ਧਰਤੀ ਉੱਤੇ ਆਏ ਹਨ। ਫੇਰ ਇਸ ਨੇ ਇਹ ਬੀ ਵੇਖ ਲਿਆ ਕਿ ਓਹ ਪਟਣੇ ਸ਼ਹਿਰ ਵਿਚ ਫਲਾਣੇ ਮਕਾਨ ਵਿਚ ਉਤਰੇ ਹਨ। ਇਹ ਬੀ ਦੇਖ ਲਿਆ ਕਿ ਓਹ ਲੋਕਾਂ ਨੂੰ ਸੁਖ ਦੇਣ ਵਾਸਤੇ ਤੇ ਜ਼ੋਰਾਵਰਾਂ, ਡਾਢਿਆਂ ਤੇ ਧੱਕੇ ਕਰਨ ਵਾਲਿਆਂ ਨੂੰ ਸੋਧਣ ਆਏ ਹਨ, ਅਰਥਾਤ ਸਿੱਧੇ ਰਸਤੇ ਪਾਉਣ ਲਈ ਆਏ ਹਨ। ਸੋ ਸ਼ਾਹ ਭੀਖ ਨੂੰ ਪਿਆਰ ਆ ਗਿਆ ਤੇ ਕਈ ਸੌ ਮੀਲ ਦਾ ਸਫਰ ਕਰਕੇ ਪਟਣੇ ਪਹੁੰਚ ਗਿਆ। ਜਾ ਗੁਰੂ ਘਰ ਦੀ ਡਿਉਢੀ ਵਿਚ ਅਲਖ ਜਗਾਈ। ਘਰ ਦੇ ਰਾਖੇ ਚੋਬਦਾਰ ਨੇ ਪੁੱਛਿਆ:-ਸਾਂਈਂ ਲੋਕ ਜੀ! ਕੀਕੂੰ ਆਏ ਹੋ? ਤਾਂ ਉਸ ਨੇ ਆਖਿਆ-ਸਾਹਿਬਜ਼ਾਦੇ ਦੇ ਦਰਸ਼ਨ ਨੂੰ ਆਇਆ ਹਾਂ। ਮੈਂ ਆਪਣੇ ਧਜਾਨ ਵਿਚ ਵੇਖਿਆ ਹੈ ਕਿ ਬੜੇ ਤੇਜ ਵਾਲੇ ਆਏ ਹਨ।

ਘਰ ਵਿਚ ਪਹਿਲਾਂ ਤਾਂ ਮਾਮਾ ਜੀ ਤੇ ਹੋਰਨਾਂ ਨੇ ਸ਼ੁਬ੍ਹਾ ਕੀਤਾ ਕਿ ਇਹ ਕੋਈ ਗੁੱਝਾ ਵੈਰੀ ਨਾ ਹੋਵੇ, ਪਰ ਫੇਰ ਤਸੱਲੀ ਆ ਗਈ ਤਾਂ ਇਕ ਡੇਉਢੀ ਵਿਚ ਦੀਵਾਨ ਲਾਕੇ ਸੁਹਣੇ ਬਾਲਕ ਨੂੰ ਮਾਮਾ ਜੀ ਲੈ ਆਏ। ਹੋਰ ਸਿੱਖ ਸੰਗਤ ਬੀ ਆ ਜੁੜੀ ਸੀ। ਸ਼ਾਹ ਭੀਖ ਨੇ ਦਰਸ਼ਨ ਕਰਕੇ ਮੱਥਾ ਟੇਕਿਆ, ਚਰਨ ਅੱਖਾਂ ਨੂੰ ਲਾਏ। ਫੇਰ ਦੋ ਨਿੱਕੀਆਂ

ਮਟਕੀਆਂ ਮਠਿਆਈ ਦੀਆਂ ਅੱਗੇ ਕੀਤੀਆਂ*। ਇਨ੍ਹਾਂ ਦੋਹਾਂ ਉਤੇ ਸੁਹਣੇ ਬਾਲਕੇ ਨੇਂ ਆਪਣੇ ਹੱਥ ਲਾ ਦਿੱਤੇ। ਸਾਰੇ ਦੇਖਣ ਵਾਲੇ ਹੈਰਾਨ ਹੋ ਗਏ। ਸ਼ਾਹ ਭੀਖ ਨੇ ਕਿਹਾ: 'ਧੰਨ ਹੋ, ਧੰਨ ਹੋ!' ਫਿਰ ਮੱਥਾ ਟੇਕਿਆ ਤੇ ਜੋ ਕੁਛ ਭੇਟਾਂ ਚੜ੍ਹਾਉਣ ਵਾਸਤੇ ਲਿਆਇਆ ਸੀ, ਅੱਗੇ ਧਰ ਦਿੱਤੀਆਂ। ਫੇਰ ਮੱਥਾ ਟੇਕ ਕੇ ਤੇ ਮਾਮਾ ਜੀ ਨੂੰ ਸ਼ੁਕਰ ਸ਼ੁਕਰ ਆਖਕੇ ਅਦਬ ਨਾਲ ਬਾਹਰ ਆ ਗਿਆ। ਬਾਹਰ ਆਏ ਨੂੰ ਉਸਦੇ ਮੁਰੀਦਾਂ ਨੇ, ਅਰਥਾਤ ਚੇਲਿਆਂ ਨੇ ਪੁੱਛਿਆ-ਆਪ ਜੀਉ ਮਠਿਆਈਆਂ ਦੀਆਂ ਦੋਵੇਂ ਮਟਕੀਆਂ ਮੋੜ ਲਿਆਏ, ਇਹ ਨਾ ਭੇਟਾ ਕੀਤੀਆਂ? ਤਾਂ ਸ਼ਾਹ ਭੀਖ ਕਹਿਣ ਲਗਾ-ਮੈਂ ਤਾਂ ਇਹ ਪਰਖਣ ਵਾਸਤੇ ਕੀਤੀਆਂ ਸਨ ਅੱਗੇ। ਮੇਰੀ ਪੁੱਛ ਸੀ ਕਿ ਤੁਸੀਂ ਜੋ ਬੜੇ ਤੇਜ ਵਾਲੇ ਆਏ ਹੋ ਕਿਸ ਨੂੰ ਰਖੋਗੇ, ਕਿਸ ਨੂੰ ਮਾਰੋਗੇ? ਹਿੰਦੂਆਂ ਨੂੰ ਕਿ ਮੁਸਲਮਾਨਾਂ ਨੂੰ? ਜਦ ਸਾਹਿਬਜ਼ਾਦੇ ਬੜੇ ਤੇਜ ਵਾਲੇ ਨੇ ਦੁਇ ਹੱਥ ਦੁਹਾਂ ਨੂੰ ਛੁਹਾ ਦਿੱਤੇ ਤਾਂ ਮੈਂ ਸਮਝ ਗਿਆ ਕਿ ਆਖਦੇ ਹਨ ਅਸੀਂ ਨਾ ਹਿੰਦੂ ਦਾ, ਨਾ ਮੁਸਲਮਾਨ ਦਾ ਨਾਸ਼ ਕਰਨਾ ਹੈ। ਅਸਾਂ ਤਾਂ ਜ਼ੁਲਮ ਦਾ ਨਾਸ਼ ਕਰਨਾ ਹੈ। ਸਾਡਾ ਵੈਰ ਕਿਸੇ ਨਾਲ ਬੀ ਨਹੀਂ। ਸੁਣੋ ਮੇਰੇ ਮੁਰੀਦੋ! ਇਸ ਬਾਲਕੇ ਨੂੰ ਰੱਬ ਜੀ ਨੇ ਘੱਲਿਆ ਹੈ, ਸਾਰੇ ਅਦਬ ਕਰੋ ਤੇ ਮੱਥਾ ਟੇਕੋ।

ਇਸ ਤਰ੍ਹਾਂ ਸ਼ਾਹ ਭੀਖ ਦਰਸ਼ਨ ਕਰਕੇ ਆਪਣੇ ਦੇਸ਼ ਮੁੜ ਆਇਆ।

❖❖❖

## ੩. ਬਾਲ ਚੋਜ।

**ਜਿਕੂੰ** ਬੱਚੇ ਮਾਵਾਂ ਦੀਆਂ ਗੋਦੀਆਂ ਵਿਚ ਪਲਦੇ ਹਨ ਆਪ ਬੀ ਆਪਣੀ ਪਿਆਰੀ ਮਾਤਾ ਦੀ ਗੋਦੀ ਵਿਚ ਖੇਲ ਖੇਲ ਕੇ ਪਲੇ। ਮਾਂ ਬੜੇ ਲਾਡਾਂ ਨਾਲ ਪਾਲਦੀ ਸੀ। ਦਾਦੀ, ਜਿਨ੍ਹਾਂ ਦਾ ਨਾਉਂ

*ਸੂ: ਪ੍ਰਕਾਸ਼ ਵਿਚ ਦੋ ਘੜੀਆਂ ਮਠਿਆਈ ਦੀਆਂ ਲਿਖੀਆਂ ਹਨ। ਇਉਂ ਬੀ ਪ੍ਰਸਿੱਧ ਹੈ ਕਿ ਇਕ ਕੁਜੀ ਵਿਚ ਦੁਧ ਇਕ ਵਿਚ ਪਾਣੀ ਸੀ। ਤਵਾ: ਖਾ: ਨੇ ਇਹ ਸਾਖੀ ਲਖਨੌਰ ਹੋਈ ਲਿਖੀ ਹੈ।

ਮਾਤਾ ਨਾਨਕੀ ਜੀ ਸੀ, ਬੀ ਬਹੁਤ ਲਾਡ ਕਰਦੀ ਸੀ। ਮਾਮਾ ਕ੍ਰਿਪਾਲ ਚੰਦ ਜੀ ਪਜਾਰ ਬੀ ਕਰਦੇ ਸਨ, ਲਾਡ ਵੀ ਲਡਾਉਂਦੇ ਸਨ ਤੇ ਹਰ ਤਰ੍ਹਾਂ ਦੀ ਰਾਖੀ ਬੀ ਕਰਦੇ ਸਨ।

ਬਾਲਕ ਗੁਰੂ ਜੀ ਦਾ ਨਾਮ 'ਗੋਬਿੰਦ ਸਿੰਘ' ਰਖਿਆ ਗਿਆ। ਮਾਤਾ ਤੇ ਦਾਦੀ ਲਾਡ ਨਾਲ 'ਗੋਬਿੰਦ ਗੋਬਿੰਦ' ਕਰਕੇ ਵਾਜਾਂ ਮਾਰਦੀਆਂ ਸਨ।

ਬਾਲਕ ਗੁਰੂ ਬਹੁਤ ਸੁਹਣੇ ਸਨ, ਬੜੇ ਹਸ-ਮੁਖ ਸਨ, ਹਰ ਵੇਲੇ ਹਸੂੰ ਹਸੂੰ ਕਰਦੇ ਲਗਦੇ ਸਨ। ਹੋਰਨਾਂ ਬਾਲਾਂ ਵਾਙੂੰ ਰੋਣਾ ਤਾਂ ਜਾਣਦੇ ਹੀ ਨਹੀਂ ਸਨ। ਦਿਨੋਂ ਦਿਨ ਵਡੇ ਹੋ ਰਹੇ ਸਨ। ਪਹਿਲੋਂ ਖਿਡੌਣਿਆਂ ਨਾਲ ਖੇਡਣ ਲਗੇ, ਫੇਰ ਵਡੇ ਹੋਏ ਤਾਂ ਰਿੜਦੇ ਰਿੜਦੇ ਖੜੋਣ ਲਗ ਪਏ। ਰਿੜਦੇ ਬੀ ਬੈਠੇ ਬੈਠੇ ਸਨ, ਕਮਰ ਝੁਕਾਕੇ ਕਦੇ ਨਾ ਸੋ ਰਿੜੇ। ਖੜੋਂਦੇ, ਖੜੋਂਦੇ ਫੇਰ ਤੁਰਨ ਲਗ ਪਏ। ਇਸੀ ਤਰ੍ਹਾਂ ਦਿਨੋ ਦਿਨ ਵਡੇ ਹੁੰਦੇ ਗਏ। ਮਾਂ ਬੜੇ ਲਾਡ ਨਾਲ ਸੁਹਣੇ ਸੁਹਣੇ ਕਪੜੇ ਪੁਆਉਂਦੀ ਸੀ। ਜਦੋਂ ਜ਼ਰਾ ਹੋਰ ਸਿਆਣੇ ਹੋਏ ਤੇ ਤੁਰਨ ਫਿਰਨ ਲਗ ਪਏ ਤਾਂ ਮਾਤਾ ਜੀ ਆਪ ਦੇ ਸੀਸ ਪੱਗ ਬੰਨ੍ਹ ਦਿਆ ਕਰਦੇ ਸਨ। ਸ਼ਹਿਰ ਦੇ ਸਿਖ ਸੇਵਕ ਬੜੇ ਬੜੇ ਧਨੀ ਲੋਕ ਬੀ ਸਨ! ਧਨੀਆਂ ਦੀਆਂ ਇਸਤ੍ਰੀਆਂ ਖਿਡੌਨੇ, ਕਪੜੇ ਗਹਿਣੇ ਲਿਆ ਲਿਆ ਭੇਟਾ ਕਰਦੀਆਂ ਸਨ। ਇਕ ਦਿਨ ਕਿਸੇ ਬੀਬੀ ਨੇ ਸੁਹਣੀ ਨਿੱਕੀ ਜਿਹੀ ਵਡਮੁਲੇ ਖੰਭਾਂ ਦੀ ਕਲਗੀ, ਜੋ ਜੜਾਊ ਜਿਗਾ ਉਤੇ ਲਾਈ ਹੋਈ ਸੀ, ਲਿਆ ਭੇਟਾ ਕੀਤੀ। ਮਾਤਾ ਜੀ ਨੇ ਉਹ ਕਲਗੀ ਕਦੇ ਕਦੇ ਪੱਗ ਵਿਚ ਸਜਾ ਦੇਣੀ। ਤਦੇ ਲੋਕੀ 'ਕਲਗੀਆਂ ਵਾਲਾ' ਕਹਿਣ ਲੱਗ ਪਏ।

ਹੁਣ ਵਰੇਸ ਬਾਲਾਂ ਨਾਲ ਖੇਡਣ ਦੀ ਆ ਗਈ, ਕਦੇ ਆਪਣੇ ਵਿਹੜੇ ਵਿਚ, ਕਦੇ ਗਲੀ ਵਿਚ, ਕਦੇ ਬਜ਼ਾਰਾਂ ਵਿਚ ਖੇਡਦੇ ਤੇ ਕਦੇ ਗੰਗਾ ਕਿਨਾਰੇ ਜਾ ਨਿਕਲਦੇ। ਪਤਾ ਨਹੀਂ ਲਗਾ ਕਦੋਂ ਤੇ ਕਿੰਵ ਤਰਨਾ ਸਿਖ ਗਏ। ਮਾਮਾ ਜੀ ਰਾਖੀ ਰੱਖਦੇ, ਨਾਲ ਬੀ ਜਾਂਦੇ, ਬੇੜੀਆਂ ਵਿਚ ਆਪ ਲੈ ਚੜ੍ਹਦੇ; ਪਰ ਬਾਲ ਗੁਰੂ ਜੀ ਆਪਣੇ ਆਪ

ਬੀ ਅਚਰਜ ਖੇਡਾਂ ਰਚਾਉਂਦੇ। ਬੱਚਿਆਂ ਨੂੰ ਫੌਜਾਂ ਵਾਂਙੂ ਖੜਿਆਂ ਕਰਕੇ ਆਪਣੇ ਹੁਕਮ ਦੇਂਦੇ, ਅੱਗੇ ਪਿੱਛੇ ਤੋਰਦੇ, ਖੜਾ ਕਰਦੇ, ਭਜਾਉਂਦੇ ਤੇ ਰੋਕਦੇ। ਸਭ ਬੱਚੇ ਮਗਰ ਮਗਰ ਹੁਕਮ ਮੰਨਦੇ ਟੂਰਦੇ।

ਆਪਣੇ ਸਾਥੀ ਬਾਲਾਂ ਨੂੰ ਬਾਲਕ ਸ੍ਰੀ ਗੋਬਿੰਦ ਸਿੰਘ ਜੀ ਕਈ ਵੇਰ ਘਰ ਲੈ ਆਉਂਦੇ, ਪੰਗਤ ਲੁਆਕੇ ਰੋਟੀ ਖੁਲਾਂਦੇ। ਜਦ ਬੇੜੀ ਦੀ ਸੈਰ ਨੂੰ ਜਾਂਦੇ, ਯਾ ਬਾਗਾਂ ਦੀ ਸੈਰ ਨੂੰ ਜਾਂਦੇ ਤਾਂ ਬੀ ਬਾਲਾਂ ਦੀ ਆਪਣੀ ਸੈਨਾਂ ਕਈ ਵੇਰ ਨਾਲ ਲੈ ਜਾਂਦੇ।

ਕਦੇ ਨਦੀ ਕਿਨਾਰੇ ਘਾਟ ਤੇ ਜਾਕੇ ਬੱਚੇ ਨਦੀ ਵਿਚ ਵੜਕੇ ਖੂਬ ਪਾਣੀ ਉਛਾਲਦੇ ਤੇ ਅਨੇਕ ਖੇਡਾਂ ਕਰਦੇ। ਕਦੇ ਅੱਗੇ ਅੱਗੇ ਆਪ ਟੂਰਦੇ, ਮਗਰ ਬੱਚੇ ਕਦਮ ਬੰਨ੍ਹਕੇ ਟੂਰਦੇ। ਕਦੇ ਖੇਲਦੇ ਇਕ ਦੂਜੇ ਤੇ ਖੇਲਾਂ ਵਿਚ ਹੀ ਹੱਲੇ ਕਰਕੇ ਗੁੱਥਮ-ਗੁੱਥੇ ਹੋ ਜਾਂਦੇ। ਬਜ਼ਾਰ ਵਿਚ ਕੋਈ ਬਾਹਰੋਂ ਆਇਆ ਪੁੱਛਦਾ ਕਿ ਬੱਚੇ ਅਨੋਖੀਆਂ ਖੇਲਾਂ ਖੇਲਦੇ ਹਨ, ਕੌਣ ਹੈ ਇਨ੍ਹਾਂ ਦਾ ਮੀਰੀ ਸਰਦਾਰ? ਤਾਂ ਕਿਸੇ ਦੱਸਣਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਾਹਿਬਜ਼ਾਦਾ 'ਗੋਬਿੰਦ' ਹੈ। ਜੇ ਉਸ ਪੁਛਣਾ ਉਹ ਗੋਬਿੰਦ ਕਿਹੜਾ ਹੈ? ਤਾਂ ਕਿਸੇ ਦੱਸਣਾ ਤੂੰ ਸਿਆਣ ਕਰ ਲੈ ਸਾਰੇ ਮੁੰਡਿਆਂ ਦੀ, ਜਿਸ ਦੀ ਪੱਗ ਵਿਚ ਕਲਗੀ ਹੋਇਗੀ ਉਹ ਹੈ 'ਗੋਬਿੰਦ', ਸਾਰਿਆਂ ਨੂੰ ਮਗਰ ਪਿਛੇ ਲਾਕੇ ਤੋਰਨ ਵਾਲਾ ਤੇ ਨਵੀਆਂ ਖੇਲਾਂ ਦੱਸਣ ਵਾਲਾ। ਪੂਰੇ ਗੁਰੂ ਦਾ ਬਾਲਕਾ ਜੁ ਹੋਇਆ, ਇਹ ਬੜੇ ਤੇਜ ਵਾਲਾ ਹੈ। ਇਹ ਧੁਰੋਂ ਰੱਬ ਜੀ ਪਾਸੋਂ ਆਇਆ ਹੈ।

ਇਹ ਗੱਲ ਬੀ ਲੋਕਾਂ ਵਿਚ ਹੋ ਗਈ ਕਿ ਇਹ ਬਾਲਕਾ ਕਿਸੇ ਵੇਲੇ ਡਾਢੀ ਖੁਸ਼ੀ ਕਿ ਗੁੱਸੇ ਵਿਚ ਜੋ ਕੁਛ ਆਖ ਦੇਂਦਾ ਹੈ ਤਾਂ ਉਹੋ ਕੁਛ ਹੋਕੇ ਰਹਿੰਦਾ ਹੈ। ਇਸ ਕਰਕੇ ਨਾਲ ਦੇ ਖੇਲਣ ਵਾਲੇ ਬਾਲਕ ਤੇ ਗੁਰਸਿਖ ਤੇ ਬੀਬੀਆਂ ਭੈ ਵੀ ਮੰਨਣ ਲਗ ਪਏ ਸਨ ਪਰ ਬੜੇ ਅਚਰਜ ਦੀ ਗੱਲ ਹੈ ਕਿ ਇਕ ਦਿਨ ਕੁਛ ਬੀਬੀਆਂ ਨੇ ਬੜੇ ਪਿਆਰ ਦੇ ਦੇ ਕੇ ਇਹ ਵਾਹ ਲਾਈ ਕਿ ਗੁਰੂ ਬਾਲਕੇ ਦੇ ਮੂੰਹੋਂ ਇਹ ਅਸੀਸ ਨਿਕਲ ਜਾਵੇ ਕਿ ਇਸ ਬੀਬੀ ਦੇ ਘਰ ਬੱਚੇ ਜੰਮ ਪੈਣ।

ਕਿਸ ਬੀਬੀ ਦੇ?

ਕੋਈ ਆਪਣੇ ਵਿਚੋਂ ਬੀਬੀ ਲੈ ਆਈਆਂ ਸਨ। ਜਿਸ ਨੂੰ ਪੁਤ੍ਰ ਖਿਡਾਉਣ ਦੀ ਬੜੀ ਰੀਝ ਆਉਂਦੀ ਸੀ। ਜਦ ਸਾਰੀਆਂ ਬੀਬੀਆਂ ਨੇ ਫੁਲਾਹੁਣੀਆਂ ਦੇ ਦੇ ਕੇ ਫੁਲਾਇਆ ਕਿ ਹੇ ਗੁਰੂ ਕੇ ਨੰਦਨ ਜੀ! ਇਸ ਬੀਬੀ ਨੂੰ ਕਹਿ ਦਿਓ ਜਾਹ ਤੇਰੀ ਗੋਦੀ ਬੇਟਾ ਖੇਲੇਗਾ। ਤਦ ਝਟ ਹਾਸੇ ਖੇਡੇ ਦਾ ਚਿਹਰਾ ਵੱਟ ਗਿਆ। ਸਿਆਣੇ ਕਿਸੇ ਵਡੇ ਗਿਆਨੀ ਵਾਂਗ ਗੱਲਾਂ ਕਰਨ ਲੱਗ ਪਏ, ਆਖਣ ਲੱਗੇ ਏਹਦੇ ਕਰਮ ਜਾਣਨ, ਕਰਮ ਹੋਏ ਤਾਂ ਬੇਟਾ ਹੋ ਜਾਸੀ, ਮੈਂ ਕਿਉਂ ਆਖਾਂ ਪੁਤ੍ਰ ਜੰਮੇ। ਸਾਰੇ ਹਰਿਆਨ ਹੋ ਗਏ ਕਿ ਬਾਲਕੇ ਦੀ ਉਮਰਾ ਦੇਖੋ ਤੇ ਕਿਸੇ ਦੀ ਫੁਲਾਹੁਣੀ ਵਿਚ ਨਹੀਂ ਆਇਆ ਤੇ ਕੈਸੀ ਗੱਲ ਪੱਕੀ ਦਨਾਈ ਦੀ ਕਰ ਦਿੱਤੀ ਸੂ।

ਏਸੇ ਤਰ੍ਹਾਂ ਇਕ ਦਿਨ ਮਾਤਾ ਜੀ ਨੂੰ ਬੇਨਤੀ ਕੀਤੀ ਗਈ ਕਿ ਸਾਹਿਬਜ਼ਾਦੇ ਦੇ ਮੂੰਹੋਂ ਇਸ ਬੀਬੀ ਨੂੰ, ਜਿਸ ਨੂੰ ਨਾਲ ਲਿਆਈਆਂ ਹਾਂ, ਅਸੀਸ ਲੈ ਦਿਓ ਕਿ ਇਹ ਪੁੱਤ੍ਰ ਖਿਡਾਵੇ। ਜਦ ਆਪ ਜੀ ਖੇਡਦੇ ਖੇਡਦੇ ਆਏ ਤਾਂ ਮਾਤਾ ਜੀ ਨੇ ਪਜਾਰ ਦੇ ਕੇ ਕਿਹਾ: ਬੇਟਾ! ਏਹ ਤੇਰੇ ਪਿਤਾ ਗੁਰੂ ਜੀ ਦੇ ਸਿਖ ਹਨ, ਅਸੀਸ ਦੇਹੁ, ਕਹੁ : ਜਾਹ ਤੇਰੀ ਗੋਦੀ ਪੁਤ੍ਰ ਖੇਲੇਗਾ। ਤਾਂ ਉਸੇ ਬਾਲਕ ਲੀਲਾ ਦੇ ਰੰਗ ਵਿਚ ਤਾੜੀ ਮਾਰਕੇ ਹੱਸੇ : ਅੰਮਾ! ਪੁਤ੍ਰ ਐਵੇਂ ਦੇ ਦੇਈਦੇ ਹਨ। ਇਨ੍ਹਾਂ ਕੋਲ ਕਈ ਕਿਸ਼ਤੀਆਂ ਹੈਨ, ਇਕ ਜੋ ਸਭ ਤੋਂ ਸੁਹਣੀ ਹੈ ਮੈਨੂੰ ਦੇ ਦੇਣ, ਫੇਰ ਇਕ ਪੁਤ੍ਰ ਕੀਹ ਪੰਜ ਲੈ ਲੈਣ। ਓਸ ਸੁਆਣੀ ਨੇ ਮੱਥਾ ਟੇਕਿਆ, ਖੁਸ਼ ਹੋ ਗਈ, 'ਕਿ ਮੈਨੂੰ-ਅਸੀਸ ਮਿਲ ਗਈ ਹੈ।' ਉਸ ਦੀਆਂ ਸਾਥਣਾਂ ਨੇ ਕਿਹਾ ਕਿ ਸਾਹਿਬਜ਼ਾਦੇ ਜੀ! ਉਹ ਕਿਸ਼ਤੀ ਹੁਣ ਤੋਂ ਆਪ ਦੀ ਹੋ ਗਈ, ਅਸਾਂ ਭੇਟਾ ਕਰ ਦਿੱਤੀ ਹੈ। ਨਿੱਕੀ ਜਿਹੀ ਛੜੀ ਹੱਥ ਵਿਚ ਸੀ, ਉਸ ਬੀਬੀ ਦੇ ਸਿਰ ਤੇ ਪੰਜ ਨਿੱਕੀਆਂ ਠੁਹਕਰਾਂ ਦੇ ਕੇ ਬੋਲੇ : ਇਕ ਨਹੀਂ ਪੰਜ ਹੋਣਗੇ। ਘਰ ਜਾਕੇ ਉਸ ਬੀਬੀ ਨੇ

ਆਪਣੇ ਪਤੀ ਨੂੰ ਕਿਹਾ। ਓਹ ਬੜਾ ਸ਼ਾਹ ਸੀ ਤੇ ਬੇੜੀਆਂ ਦਾ ਮਾਲਕ ਸੀ, ਗੁਰੂ ਕਾ ਸਿਖ ਸੀ। ਉਸ ਨੇ ਧੰਨ ਭਾਗ ਸਮਝੇ ਕਿ ਗੁਰੂ ਬਾਲਕੇ ਦੇ ਮੂੰਹੋਂ ਸ਼ੁਕਰ ਹੈ ਨਿੱਕੀ ਜੇਹੀ ਮੰਗ ਨਿਕਲੀ ਹੈ, ਨਹੀਂ ਤਾਂ ਗੁਰੂ ਦਾਤੇ ਹਨ, ਕਦੇ ਕੁਛ ਨਹੀਂ ਮੰਗਦੇ। ਹੈ ਤਾਂ ਬਿਲਾਸ ਬਾਲਕੇ ਦਾ, ਪਰ ਸ਼ੁਕਰ ਹੈ ਕਿ ਕੁਛ ਮੰਗਿਆ ਨੇ। ਇਨ੍ਹਾਂ ਨੂੰ ਕੋਈ ਪ੍ਰਵਾਹ ਪਈ ਹੈ। ਓਸੇ ਦਿਨ ਇਕ ਸੁਹਣੀ ਸੁਬਕ ਸੈਰ ਕਰਨ ਵਾਲੀ ਕੀਮਤੀ ਕਿਸ਼ਤੀ ਆਪ ਦੀ ਭੇਟਾ ਕਰ ਦਿੱਤੀ ਗਈ। ਇਹ ਬੀ ਦੱਸੀਦਾ ਹੈ ਕਿ ਸਮਾਂ ਪਾਕੇ ਉਸ ਦੇ ਘਰ ਪੰਜ ਹੀ ਪੁਤ੍ਰ ਹੋ ਗਏ।

❖❖❖

## ੪. ਅਨੋਖੇ ਕੌਤਕ।

**ਗੁਰੂ** ਜੀ ਦੇ ਘਰ ਤੋਂ ਥੋੜੀ ਦੂਰ ਇਕ ਬੁੱਢੀ ਮਾਈ ਵਸਦੀ ਸੀ। ਉਹ ਚਰਖਾ ਕੱਤਦੀ ਹੁੰਦੀ ਸੀ। ਕਦੇ ਕਦੇ ਮੌਜ ਵਿਚ ਆਕੇ ਆਪ ਉਸ ਦੇ ਕੋਲ ਛੋਪਲੇ ਜਿਹੇ ਜਾ ਕੇ ਉਸ ਦੇ ਮੁੱਢਿਆਂ ਤੇ ਪੂਣੀਆਂ ਦੀ ਪਟਾਰੀ ਫੜਕੇ ਸਭ ਕੁਛ ਖਲੇਰ ਸੁਟਦੇ ਤੇ ਆਪ ਨੱਸ ਪੈਂਦੇ। ਬੁੱਢੀ ਨੇ ਸ਼ੂਸ਼ਕ ਲੈਕੇ ਮਗਰ ਭੱਜਣਾ। ਜਿਸ ਵੇਲੇ ਨੇੜੇ ਆਵੇ ਤਾਂ ਸੁਹਣੇ ਬਾਲਕੇ ਨੇ ਉਠ ਭੱਜਣਾ, ਫੇਰ ਖੜੇ ਜਾਣਾ, ਫੇਰ ਭੱਜਣਾ, ਫੜਾਈ ਦੇਣ ਵਾਲੇ ਹੋਕੇ ਫੇਰ ਫੜਾਈ ਨਾ ਦੇਣੀ।

ਇਸ ਤਰ੍ਹਾਂ ਇਕ ਦਿਨ ਮਾਈ ਗਈ ਉਲਾਂਭਾ ਲੈ ਕੇ ਮਾਤਾ ਗੁਜਰੀ ਜੀ ਪਾਸ, ਜਾ ਸ਼ਿਕਾਇਤਾਂ ਲਾਈਆਂ ਵਧ ਵਧਕੇ। ਮਾਤਾ ਜੀ ਨੇ ਉਸ ਨੂੰ ਕੁਛ ਕੱਪੜੇ ਦਿੱਤੇ, ਕੁਛ ਰੁਪੱਯੇ ਦਿੱਤੇ। ਮਾਈ ਪ੍ਰਸੰਨ ਹੋ ਗਈ, ਅਸੀਸਾਂ ਦੇਣ ਲੱਗ ਪਈ। ਆਖੇ ਬਾਲ ਹਨ ਨਾ, ਚੋਜੀ ਬਾਲ ਹਨ, ਕੋਈ ਡਰ ਨਹੀਂ, ਮੇਰੇ ਨਾਲ ਖੇਡ ਕਰ ਲਿਆ ਕਰੇ। ਮਾਤਾ ਜੀ ਰੱਬ ਵਲੋਂ ਆਏ ਆਪਣੇ ਬਾਲਕੇ ਨੂੰ ਗੁੱਸੇ ਨਹੀਂ ਸੀ ਹੁੰਦੇ। ਆਪੇ ਆਪਣੇ ਬਾਲਕੇ ਦੇ ਇਹੋ ਜਿਹੇ ਚੋਜਾਂ ਉਤੇ ਗੱਫੇ ਦੇ ਕੇ ਸ਼ਕੈਤਾਂ ਲਾਉਣ ਵਾਲਿਆਂ ਨੂੰ ਰਿਝਾ ਲੈਂਦੇ ਸੀ, ਕਿਉਂਕਿ ਓਹ ਸਮਝਦੇ ਸਨ ਕਿ ਮੇਰਾ 'ਗੋਬਿੰਦ' ਗੋਬਿੰਦ

ਦਾ ਘੱਲਿਆ, ਉਸ ਦਾ ਪਿਆਰਾ ਹੈ-ਰੱਬ ਜੀ ਦਾ ਪੁੱਤਰ ਹੈ, ਇਹ ਜੋ ਕੁਝ ਕਰਦਾ ਹੈ ਉਹ ਭਲਾ ਹੈ।

ਇਸੇ ਮਾਈ ਬਾਬਤ ਖਿਆਲ ਹੈ ਕਿ ਇਕ ਦਿਨ ਮਾਤਾ ਨੂੰ ਕਿਹਾ ਸਾਨੇ-ਇਸ ਮਾਈ ਦੇ ਪੂਣੀਆਂ ਮੁੱਢੇ ਨਹੀਂ ਪਏ ਲੁਟੀਂਦੇ, ਇਸ ਦੇ ਪਾਪ ਕਰਮ ਪਏ ਲੁਟੀਂਦੇ ਹਨ। ਅੰਮੀ ਜੀ! ਇਸ ਦੀ ਗਰੀਬੀ ਪਈ ਉਡਦੀ ਏ, ਤੁਸੀਂ ਕਿੰਨੇ ਰੁਪਏ ਪਏ ਦੇਂਦੇ ਹੋ। ਇਸ ਤਰ੍ਹਾਂ ਦੀ ਜਦ ਕੋਈ ਉਚੀ ਗੱਲ ਕਰ ਦੇਂਦੇ ਸਨ ਤਾਂ ਲੋਕੀਂ ਤਾਂ ਦੰਗ ਰਹਿ ਜਾਂਦੇ ਸਨ, ਪਰ ਵਡੀ ਅੰਮੀ* ਸਮਝਦੀ ਸੀ ਕਿ ਇਹ ਕੋਈ ਬੱਚਾ ਬੁਹੜਾ ਹੈ, ਇਹ ਤਾਂ ਸਾਰੀਆਂ ਅਕਲਾਂ ਦਾ ਕੋਟ ਧੁਰੋਂ ਆਇਆ ਹੈ।

ਇਸ ਤਰ੍ਹਾਂ ਜਿਸ ਜਿਸ ਨਾਲ ਆਪ ਖੇਲੇ ਯਾ ਛੇੜ-ਖਾਨੀਆਂ ਕੀਤੀਆਂ, ਸਭ ਨੂੰ ਤਾਰਿਆ ਸੀ। ਓਹ ਛੇੜ-ਖਾਨੀਆਂ ਕਰਦੇ ਹੀ ਤਾਂ ਸਨ ਜੋ ਮੈਂ ਹਾਸੇ ਖੇਡੇ ਇਨ੍ਹਾਂ ਦੇ ਭਲੇ ਕਰ ਦਿਆਂ, ਤੇ ਪਾਪ ਨਾਸ਼ ਹੋ ਜਾਵਨੇ ਨੇ।

❖❖❖

## ੫. ਸ਼ਿਵ ਦੱਤ।

**ਸਾਹਿਬਜ਼ਾਦੇ** ਸ੍ਰੀ ਗੋਬਿੰਦ ਸਿੰਘ ਜੀ ਦੇ ਬਚਪਨੇ ਦੇ ਇਹੋ ਜਿਹੇ ਚੋਜ ਸੁਣਕੇ ਕਈ ਬੱਚਿਆਂ ਨੂੰ ਪੁਛ ਹੋ ਆਉਂਦੀ ਹੈ ਕਿ ਛੋਟੇ ਹੁੰਦੇ ਗੁਰੂ ਸਾਹਿਬ ਐਹੋ ਜਿਹੇ ਅੱਥਰੇ ਬਾਲ ਕਿਉਂ ਸਨ? ਪਰ ਓਹ ਅੱਥਰੇ ਨਹੀਂ ਸਨ ਓਹ ਜਾਣਕੇ ਬੱਚਿਆ ਵਾਂਙੂ ਐਹੋ ਜਿਹੀਆਂ ਗੱਲਾਂ ਕਰਦੇ ਸਨ, ਜਿਨ੍ਹਾਂ ਕਰਕੇ ਖਰੂਦੀ ਖਰੂਦੀ ਲੱਗਣ ਪਰ ਉਨ੍ਹਾਂ ਚੋਜਾਂ ਵਿਚ ਭਲਿਆਈਆਂ ਕਰ ਜਾਂਦੇ ਸਨ। ਭਾਵੇਂ ਉਮਰਾ ਛੋਟੀ ਸੀ, ਪਰ ਅੰਦਰੋਂ ਪੂਰੀ ਪੂਰੀ ਉਹ ਹੋਸ਼ ਸੀ ਜੋ ਸੰਤ, ਮਹਾਤਮਾ, ਅਵਤਾਰ ਕਿ ਗੁਰੂ ਵਿਚ ਹੋਣੀ ਚਾਹੀਦੀ ਹੈ। ਜਿਵੇਂ ਬੁੱਢੀ ਮਾਈ ਨੂੰ ਮਾਤਾ ਪਾਸੋਂ ਰੁਪਏ ਦਿਵਾਏ। ਉਸ ਗਰੀਬਣੀ ਦਾ ਗੁਜ਼ਾਰਾ ਨਹੀਂ ਤੁਰਦਾ ਸੀ, ਸੋ ਉਹਦਾ ਗੁਜਾਰਾ ਟੁਰ ਪਿਆ। ਫੇਰ ਉਹ ਮਾਤਾ ਜੀ ਕੋਲ ਆਉਣ ਜਾਣ ਕਰਕੇ ਦੀਵਾਨ ਵਿਚ ਆਸਾ ਦੀ ਵਾਰ

---

* ਦਾਦੀ ਜੀ।



Page 13 www.sikhbookclub.com

ਸੁਣਨ ਸਵੇਰੇ ਆਉਣ ਲਗ ਪਈ, ਇਸ ਤਰ੍ਹਾਂ ਪਾਠ ਭਜਨ ਵਿਚ ਲਗ ਪਈ।

ਜੇ ਕਿਸ਼ਤੀ ਲਈ ਤਾਂ ਸਾਥੀਆਂ ਨੂੰ ਸੈਲਾਂ ਕਰਾਉਂਦੇ, ਗਰੀਬਾਂ ਨੂੰ ਸੈਲ ਕਰਾ ਲਿਆਉਂਦੇ, ਕਦੇ ਲੋੜਵੰਦਾਂ ਨੂੰ ਮਾਂਗਵੀ ਦੇ ਦੇਂਦੇ ਤੇ ਇਨ੍ਹਾਂ ਦਾ ਮਲਾਹ ਗਰੀਬਾਂ ਨੂੰ ਪਾਰ ਕਰ ਆਉਂਦਾ।

ਪਟਣੇ ਵਿਚ ਇਕ ਪੰਡਿਤ ਸੀ, ਬੜੀਆਂ ਭੋਆਂ ਵਾਲਾ ਤੇ ਪੈਸੇ ਵਾਲਾ, ਇਸ ਨੂੰ ਲੋਕ ਰਾਜਾ ਆਖਦੇ ਸਨ। ਪਰ ਇਹ ਕੁਛ ਰੱਬ ਦੇ ਪਾਸੇ ਦਾ ਸ਼ੌਕ ਰਖਦਾ ਸੀ। ਸਵੇਰੇ ਉਠਕੇ ਗੰਗਾ ਕਿਨਾਰੇ ਘਾਟ ਤੇ ਬੈਠਕੇ ਸਾਹਮਣੇ ਮਰਜੰਗੀ ਰੱਖਕੇ ਠਾਕੁਰ ਪੂਜਾ ਕਰਦਾ ਹੁੰਦਾ ਸੀ।

ਮਰਜੰਗੀ ਹੁੰਦੀ ਏ ਨਿੱਕੀ ਜਿਹੀ ਚੌਕੀ, ਡੱਬੇ ਦੀ ਸ਼ਕਲ ਦੀ। ਉਸ ਵਿਚ ਪਿੱਤਲ ਦੀਆਂ ਮੂਰਤੀਆਂ ਹੁੰਦੀਆਂ ਹਨ ਠਾਕੁਰਾਂ ਦੀਆਂ, ਉਹਨਾਂ ਦੀ ਪੰਡਿਤ ਪੂਜਾ ਕਰਦਾ ਹੁੰਦਾ ਸੀ।

ਇਹ ਵੇਖਦਾ ਹੁੰਦਾ ਸੀ ਕਿ ਇਹ ਬੜਾ ਸੁੰਦਰ ਤੇਜਮਈ ਬਾਲਕਾ ਹੋਰ ਬੱਚਿਆਂ ਦੀ ਫੌਜ ਲੈਕੇ ਘਾਟ ਤੇ ਆ ਜਾਂਦਾ ਤੇ ਤਰਥੱਲੀ ਮਚਾ ਦੇਂਦਾ ਹੈ। ਪਰ ਨਾਲ ਹੀ ਵੇਖਿਆ ਕਰੇ ਕਿ ਚਾਹੇ ਇਸ ਦਾ ਬਲ ਤੇਜ ਐਨਾ ਹੈ; ਜੋ ਇਸ ਤੋਂ ਠੱਲਿਆ ਨਹੀਂ ਜਾਂਦਾ; ਪਰ ਇਹ ਕੋਈ ਗੱਲ ਮਾੜੀ ਨਹੀਂ ਕਰਦਾ। ਜੋ ਕੁਛ ਕਰਦਾ ਹੈ ਉਪਰੋਂ ਹੋਰਵੇਂ ਲਗਦਾ ਹੈ, ਵਿਚੋਂ ਦੂਜੇ ਦੇ ਭਲੇ ਦਾ ਹੁੰਦਾ ਹੈ। ਇਸ ਤਰ੍ਹਾਂ ਉਹ ਇਸ ਸੁਹਣੇ ਬਾਲਕ ਦੇ ਚੋਜ ਵੇਖਦਾ ਹੁੰਦਾ ਸੀ। ਇਕ ਦਿਨ ਏਸ ਨੇ ਆਪਣੇ ਧਿਆਨ ਵਿਚ ਡਿੱਠਾ ਕਿ ਇਹ ਬਾਲਕਾ ਤਾਂ ਰੱਬ ਜੀ ਦਾ ਬਾਲਕਾ ਹੈ ਤੇ ਰੱਬ ਜੀ ਨੇ ਘੱਲਿਆ ਹੈ। ਅੱਖ ਖੁਲ੍ਹੀ ਤਾਂ ਕੀ ਦੇਖੇ ਕਿ ਕਿੰਨੇ ਹੋਰ ਬਾਲ ਲਈ 'ਗੋਬਿੰਦ'-ਖਿਲਾਰੀ ਲਗਦਾ ਗੋਬਿੰਦ - ਆ ਗਿਆ ਹੈ। ਇਸ ਵੇਲੇ ਇਕ ਆਦਮੀ ਨਦੀ ਦੇ ਕਿਨਾਰੇ ਖੜਾ ਚੜ੍ਹਦੇ ਸੂਰਜ ਦੀ ਟਿੱਕੀ ਨੂੰ ਵੇਖ ਰਿਹਾ ਸੀ।

'ਗੋਬਿੰਦ' 'ਗੋਬਿੰਦ' ਦੀ ਸੱਦ ਫੈਲ ਗਈ, ਬਾਲਾਂ ਦੀ ਸੈਨਾ ਨੇ ਨਦੀ ਵਿਚ ਵੜਕੇ ਪਾਣੀ ਦੇ ਐਨੇ ਉਛਾਲੇ ਮਾਰੇ ਕਿ ਕਿਨਾਰੇ ਬੈਠੇ ਸਮਾਧੀ ਵਾਲੇ ਸਾਰੇ ਭੱਜ ਗਏ।

ਉਹ ਜੋ ਆਦਮੀ ਸੂਰਜ ਵਲ ਖੜਾ ਤੱਕ ਰਿਹਾ ਸੀ, ਸਾਰੀ ਦੇਹ ਉਸਦੀ ਫਟ ਚੁਕੀ ਸੀ, ਲੋਕੀਂ ਉਸਨੂੰ ਕੋਹੜੀ ਜਾਣਦੇ ਸਨ। ਉਸ ਰੌਲੇ ਵਿਚ, ਜੋ ਬਾਲਾਂ ਮਚਾ ਰਖਿਆ ਸੀ, ਸੁਹਣੇ ਬਾਲਕੇ ਨੇ ਧੱਕਾ ਮਾਰ ਕੇ ਉਸ ਆਦਮੀ ਨੂੰ ਨਦੀ ਵਿਚ ਸੁਟ ਦਿੱਤਾ, ਸਾਰਾ ਭਿੱਜ ਗਿਆ, ਨ੍ਹਾਤਾ ਗਿਆ। ਰੋਹ, ਡਾਢੇ ਰੋਹ, ਵਿਚ ਉਹ ਭਰ ਰਿਹਾ ਸੀ, ਭਰਿਆ ਪੀਤਾ ਗੁੱਸੇ ਵਿਚ ਬਾਹਰ ਨਿਕਲਿਆ ਕਿ ਬਾਲਕੇ ਨੂੰ ਫੜਾਂ, ਪਰ ਕੀਹ ਦੇਖੇ ਕਿ ਸਰੀਰ ਵਿਚ ਜੋ ਸਾੜ ਪੈਂਦਾ ਤੇ ਪੀੜ ਹੁੰਦੀ ਸੀ; ਹਟ ਗਈ ਹੈ। ਠੰਢ ਠੰਢ ਪੈ ਰਹੀ ਹੈ। ਜਦ ਪਿੰਡੇ ਨੂੰ ਤੱਕੇ ਤਾਂ ਸਾਰਾ ਨਵਾਂ ਨਰੋਆ ਹੋ ਗਿਆ ਹੈ। ਫਿਰ ਤਾਂ ਸਮਝ ਗਿਆ ਕਿ ਏਸ ਅੱਥਰੇ ਬਾਲ ਦੀ ਕਰਾਮਾਤ ਹੈ। ਫੇਰ ਤਾਂ ਫੜਨ ਦੀ ਥਾਂ ਪੈਰੀਂ ਪੈ ਗਿਆ, ਆਖੇ ਗੋਬਿੰਦ ਤੂੰ ਸਚਮੁਚ ਗੋਬਿੰਦ ਹੈਂ। ਤੂੰ ਗੋਬਿੰਦ, ਤੂੰ ਗੋਬਿੰਦ, ਤੂੰ ਗੋਬਿੰਦ ਕਰਦਾ ਬੇਸੁਰਤ ਜਿਹਾ ਹੋ ਗਿਆ।

ਸ਼ਿਵਦੱਤ ਪੰਡਤ ਇਹ ਕੌਤਕ ਦੇਖ ਰਿਹਾ ਸੀ। ਉਠਕੇ ਡਿਠੋ ਸੁ ਕਿ ਕੋਹੜ ਇਕੋ ਧੱਕੇ ਨਾਲ ਰਾਜ਼ੀ ਹੋ ਗਿਆ ਹੈ। ਤਾਂ ਉਸ ਨੂੰ ਪੂਰੀ ਤਸੱਲੀ ਹੋ ਗਈ, ਦਿਲੋਂ ਅਮੰਨਾ ਆ ਗਿਆ ਕਿ ਜੋ ਕੁਝ ਮੈਂ ਸਵੇਰੇ ਸਮਾਧੀ ਵਿਚ ਡਿੱਠਾ ਸੀ, ਕਿ ਇਹ ਬਾਲਕਾ ਰੱਬ ਦੀ ਜੋਤ ਵਿਚੋਂ ਆਇਆ ਹੈ, ਇਹ ਧਰਤੀ ਦੇ ਲੋਕਾਂ ਦੇ ਦੁਖ ਦੂਰ ਕਰਨ ਆਇਆ ਹੈ, ਠੀਕ ਹੈ। ਐਤਨੀ ਤਾਕਤ, ਐਤਨੀ ਸ਼ਕਤੀ ਕਿਸ ਵਿਚ ਹੋ ਸਕਦੀ ਹੈ ਕਿ ਇਸ ਤਰ੍ਹਾਂ ਰੋਗੀ ਰਾਜ਼ੀ ਕਰ ਦੇਵੇ। ਸ਼ਿਵਦਤ ਬੀ ਉੱਠ ਕੇ ਪੈਰਾਂ ਨੂੰ ਚੰਬੜ ਗਿਆ, ਆਖੇ ਗੋਬਿੰਦ, ਗੋਬਿੰਦ, ਤੂੰ ਗੋਬਿੰਦ, ਤੂੰ ਸਾਖਜਾਤ ਗੋਬਿੰਦ ਹੈਂ*।

ਅੱਜ ਤੋਂ ਸ਼ਿਵਦੱਤ ਨੂੰ ਪਿਆਰ ਪੈ ਗਿਆ। ਸਾਹਿਬਜ਼ਾਦੇ ਜੀ ਇਸੇ ਘਾਟ ਤੇ ਆਕੇ ਇਸ ਨੂੰ ਮਿਲਿਆ ਕਰਦੇ ਸਨ ਤੇ ਇਸ ਨਾਲ ਜਦ ਗੱਲਾਂ ਕਰਦੇ ਸਨ ਤਾਂ ਬਾਲਕੇ ਨਹੀਂ ਸਨ ਜਾਪਦੇ, ਚੰਗੇ ਉਚੇ ਵਿਦਜਾ ਵਾਲੇ ਪੰਡਿਤ ਲਗਦੇ ਸਨ। ਇਸ ਗੱਲ ਤੋਂ ਬੀ ਪੰਡਤ ਦੀ ਨਿਹਚਾ ਡਾਢੀ ਪੱਕੀ ਹੋ ਗਈ।

❖❖❖

*ਸਚਮੁਚ ਅੱਖਾਂ ਦੇ ਸਾਹਮਣੇ ਦਿੱਸਦਾ ਗੋਬਿੰਦ ਤੂੰ ਹੈਂ।

# ੬. ਰਾਜਾ ਫਤੇ ਚੰਦ ਮੈਣੀ।

**ਇਕ** ਸੀ ਸੋ ਰਾਜਾ ਸੀ। ਇਹ ਖਤ੍ਰੀ ਸੀ। ਇਸ ਦੀ ਜਾਤ ਮੈਣੀ ਸੀ। ਇਹ ਬੀ ਪਟਣੇ ਹੀ ਰਹਿੰਦਾ ਸੀ। ਬਹੁਤ ਭੋਆਂ ਦਾ ਮਾਲਕ। ਇਹ ਫੌਜਾਂ ਵਾਲਾ ਰਾਜਾ ਨਹੀਂ ਸੀ; ਵਡਾ ਜ਼ਿਮੀਦਾਰ ਭੋਆਂ ਵਾਲਾ ਤੇ ਪੈਸੇ ਵਾਲਾ ਹੋਣ ਕਰਕੇ ਏਸ ਨੂੰ ਸਰਕਾਰ ਵਲੋਂ ਰਾਜਾ ਕਰਕੇ ਲਿਖਿਆ ਜਾਂਦਾ ਸੀ। ਸਰਕਾਰ ਵਲੋਂ ਇਹ ਅੱਖਰ ਉਸ ਦੇ ਨਾਂ ਨਾਲ ਲਿਖਣ ਤੇ ਬੋਲਣ ਦਾ ਹੁਕਮ ਜਾਰੀ ਹੋ ਗਿਆ ਸੀ।

ਇਹ ਰਾਜਾ ਤੇ ਇਸ ਦੀ ਵਹੁਟੀ ਬਹੁਤੇ ਭਲੇ ਲੋਕ ਹੈਸਨ। ਏਸੇ ਤਰ੍ਹਾਂ ਦਾ ਹੀ ਰਾਜਾ ਸ਼ਿਵਦੱਤ ਸੀ। ਉਹ ਬ੍ਰਾਹਮਣ ਸੀ। ਇਹਨਾਂ ਦੋਹਾਂ ਦਾ ਪਿਆਰ ਹੈਸੀ। ਪਰ ਫਤੇ ਚੰਦ ਖੱਤ੍ਰੀ ਹੋਣ ਕਰਕੇ ਸ਼ਿਵਦੱਤ ਬ੍ਰਾਹਮਣ ਦਾ ਅਦਬ ਰਖਦਾ ਤੇ ਮੱਥਾ ਟੇਕਦਾ ਹੁੰਦਾ ਸੀ।

ਫਤੇ ਚੰਦ ਦੇ ਘਰ ਉਲਾਦ ਨਹੀਂ ਸੀ। ਉਹ ਸੋਚਦਾ ਹੁੰਦਾ ਸੀ ਕਿ ਮੇਰੇ ਮਰ ਜਾਣ ਮਗਰੋਂ ਮੇਰੀਆਂ ਭੋਆਂ, ਪੈਸੇ, ਮਾਲ ਮਿਲਖ ਕੌਣ ਸਾਂਭੇਗਾ। ਸੋ ਕਦੇ ਕਦੇ ਸ਼ਿਵਦੱਤ ਨੂੰ ਕਹਿੰਦਾ ਹੁੰਦਾ ਸੀ ਕਿ ਮੇਰੇ ਲਈ ਭਗਵਾਨ ਨੂੰ ਆਖ ਜੋ ਮੈਨੂੰ ਇਕ ਪੁੱਤ ਦੇ ਦੇਵੇ। ਸ਼ਿਵਦੱਤ ਆਖੇ; ਰਾਜਾ ਮੈਂ ਤਾਂ ਬਥੇਰਾ ਜ਼ੋਰ ਲਾਇਆ ਹੈ, ਪਰ ਪੇਸ਼ ਕੋਈ ਨਹੀਂ ਜਾਂਦੀ। ਹੁਣ ਸ਼ਿਵਦੱਤ ਨੇ ਰਾਜੇ ਨੂੰ ਆਖਿਆ : ਭਾਈ ਭਗਵਾਨ ਤੇ ਹੁਣ ਧਰਤੀ ਤੇ ਰੂਪ ਵਾਲਾ ਹੋ ਕੇ ਆ ਗਿਆ ਹੈ। ਮੈਨੂੰ ਸਮਾਧੀ ਵਿਚ ਵੀ ਦਿਸ ਪਿਆ ਏ ਤੇ ਮੈਂ ਅੱਖਾਂ ਨਾਲ ਵੇਖਕੇ ਪੂਰੀ ਨਿਸ਼ਾ ਖ਼ਾਤਰ ਬੀ ਕਰ ਲਈ ਏ, ਕੋਈ ਰਤੀ ਰਵਾਲ ਜਿੰਨਾ ਸ਼ੁਬ੍ਹਾ ਨਹੀਓਂ ਰਿਹਾ।

ਪੰਡਤ ਜੀ ਸਾਹਿਬਜ਼ਾਦੇ ਜੀ ਨੂੰ 'ਬਾਲਾ ਪ੍ਰੀਤਮ' ਕਿਹਾ ਕਰਦੇ ਸਨ। ਸੋ ਉਹਨਾਂ ਨੇ ਫਤੇ ਚੰਦ ਨੂੰ ਨਾਮ ਦਸ ਦਿੱਤਾ, ਪਰ ਘਰ ਪਤਾ ਕੁਛ ਨਾ ਦੱਸਿਆ। ਜਦ ਉਸ ਪੁਛਿਆ ਤਾਂ ਕਹਿਣ ਲੱਗਾ : ਤੁਸੀਂ ਦੁਇ ਵਹੁਟੀ ਗੱਭਰੂ ਉਹਨਾਂ ਨੂੰ ਯਾਦ ਕਰਿਆ ਕਰੋ। ਅੱਖਾਂ ਮੀਟਕੇ ਬੈਠੋ, ਜੋ ਮੰਗਣਾ ਚਾਹੋ ਮੰਗਿਆ ਕਰੋ; ਉਹ ਮੰਗ ਪੂਰੀ ਕਰਨਗੇ ਤੇ ਆਪੇ ਤੁਸਾਂ ਨੂੰ ਆ ਮਿਲਣਗੇ।

ਸੋ ਹੁਣ ਤੋਂ ਫਤੇ ਚੰਦ ਤੇ ਉਸਦੀ ਵਹੁਟੀ ਨੇ ਬਾਲਾ-ਪ੍ਰੀਤਮ ਦਾ ਨਾਮ ਲੈਣਾ; ਅੱਖਾਂ ਮੀਟਕੇ ਬੈਠ ਕੇ ਮਿੰਨਤਾਂ ਕਰਨੀਆਂ; 'ਆਓ ਦਰਸ਼ਨ ਦਿਓ; ਪੁਤ੍ਰ ਬਖਸ਼ੋ; ਬਾਲਾ ਪ੍ਰੀਤਮ ਜੀ ਆਓ! ਆਓ!' ਇਸ ਤਰ੍ਹਾਂ ਸ਼ਿਵਦੱਤ ਦੇ ਇਹ ਨਾਉਂ ਲੈਣ ਨਾਲ ਸਤਿਗੁਰ ਜੀ ਦੇ ਸੁਹਣੇ ਬਾਲਕੇ ਦਾ ਨਾਉਂ ਲੋਕਾਂ ਦੇ ਸੱਦਣ ਵਿਚ 'ਬਾਲਾ ਪ੍ਰੀਤਮ' ਵੀ ਪੈ ਗਿਆ ਸੀ।

ਕਿੰਨਾ ਚਿਰ ਰਾਜਾ ਰਾਣੀ ਬੇਨਤੀਆਂ ਕਰਦੇ ਰਹੇ ਆਪਣੇ ਘਰ ਸੁਹਣੇ ਮੰਦਰ ਵਿਚ ਬੈਠੇ ਹੋਏ; ਪਰ ਨਾ ਤਾਂ ਬਾਲਾ ਪ੍ਰੀਤਮ ਜੀ ਆਏ, ਨਾ ਉਹਨਾਂ ਦੇ ਘਰ ਕੋਈ ਬਾਲ ਜੰਮਿਆ।

ਇਕ ਦਿਨ ਫਤੇ ਚੰਦ ਨੇ ਆਪਣੀ ਵਹੁਟੀ ਨੂੰ ਕਿਹਾ ਕਿ ਭਾਗਵਾਨੇ ਮੈਂ ਤਾਂ ਹੁਣ 'ਪੁਤ' ਕੋਈ ਨਹੀਂ ਮੰਗਦਾ, ਮੈਂ ਤਾਂ ਬਾਲਾ ਪ੍ਰੀਤਮ ਤੇ ਉਹਨਾਂ ਦਾ ਦਰਸ਼ਨ ਮੰਗਦਾ ਹਾਂ, ਜੋ ਓਹ ਇਕ ਵੇਰੀ ਮੈਨੂੰ ਦਿੱਸ ਪੈਣ ਤੇ ਮੈਂ ਮੱਥਾ ਟੇਕ ਲਵਾਂ। ਮੇਰਾ ਭਰੋਸਾ ਬੱਝ ਗਿਆ ਹੈ ਕਿ ਮੈਂ ਜੇ ਮੱਥਾ ਚਰਨਾਂ ਨੂੰ, ਸੁਹਣੇ ਸੁਹਣੇ ਕਦਮਾਂ ਨੂੰ, ਲਾ ਲਿਆ ਤਾਂ ਮੈਂ ਦੁਨੀਆਂ ਵਿਚ ਸੁਖੀ ਹੋ ਜਾਵਾਂਗਾ ਤੇ ਮਰ ਕੇ ਅੱਗੇ ਜਾਕੇ ਬੀ ਸੁਖੀ ਰਹਾਂਗਾ, ਕੀਹ ਕਰਨਾ ਹੈ ਪੁੱਤ ਨੂੰ ਤੇ ਦੌਲਤ ਨੂੰ, ਸਭੇ ਕੁਛ ਤਾਂ ਛੱਡ ਜਾਈਦਾ ਹੈ। ਇਹ ਗਲਾਂ ਸੁਣਕੇ ਫਤੇ ਚੰਦ ਮੈਣੀ ਦੀ ਵਹੁਟੀ; ਜਿਸਨੂੰ ਮੈਣਿਆਣੀ ਆਖਦੇ ਸਨ, ਨੇ ਬੀ ਪੁੱਤ੍ਰ ਦੀ ਮੰਗ ਛੋੜ ਦਿੱਤੀ। ਹੁਣ ਡਾਢੇ ਪਿਆਰ ਵਿਚ ਬੈਠ ਕੇ ਬਾਲਾ ਪ੍ਰੀਤਮ ਦਾ ਦਰਸ਼ਨ ਮੰਗਿਆ ਕਰਨ।

ਬਾਲਾ ਪ੍ਰੀਤਮ ਨਾਮ ਸ਼ਿਵਦੱਤ ਨੇ ਕਿਉਂ ਰੱਖਿਆ ਸੀ? 'ਪ੍ਰੀਤਮ' ਆਖਦੇ ਹਨ ਡਾਢੇ ਪਿਆਰ ਨੂੰ, ਭਗਤ ਲੋਕ ਰੱਬ ਜੀ ਨੂੰ ਪ੍ਰੀਤਮ ਕਰਕੇ ਬੀ ਬੋਲਦੇ ਹਨ, ਸਭ ਤੋਂ ਵੱਧ ਜੁ ਪਿਆਰਾ ਹੋਇਆ: ਤੇ ਬਾਲਾ ਆਖਦੇ ਹਨ ਬਾਲਕ ਨੂੰ, ਨਿਕੇ ਜਿਹੇ ਨੂੰ, ਨਾਲੇ ਫਾਰਸੀ ਵਾਲੇ ਬਾਲਾ ਵਡੇ ਨੂੰ ਆਖਦੇ ਹਨ। ਸ਼ਿਵ ਦੱਤ ਆਖਦਾ ਸੀ 'ਬਾਲਾ' : ਕਿ ਦਿੱਸਦੇ ਹਨ ਨਿੱਕੇ ਜਿਹੇ ਬਾਲਕੇ ਪਰ ਹੈਨ ਸਭ ਤੋਂ ਉਚੇ ਤੇ ਵਡੇ। ਇਸ ਕਰਕੇ ਆਖਦਾ ਸੀ 'ਬਾਲਾ ਪ੍ਰੀਤਮ'।

ਸੋਈ ਹੁਣ ਫਤੇ ਚੰਦ ਜੀ ਤੇ ਰਾਣੀ, ਦੁਇ ਆਖਣ ਤੇ ਯਾਦ ਕਰਨ ਅਤੇ ਇਹੋ ਨਾਂ ਲੈ ਲੈ ਕੇ ਵਾਜਾਂ ਮਾਰਨ। ਜਦ ਅੱਖਾਂ ਮੀਟ ਕੇ ਚੁਪ ਚਾਪ ਧਿਆਨ ਲਾਕੇ ਬੈਠਣ ਤਦ ਬੀ ਇਹੋ ਦੋ ਅੱਖਰ 'ਬਾਲਾ ਪ੍ਰੀਤਮ' ਕਹਿ ਕਹਿ ਕੇ ਮਨ ਦੀ ਮੰਗ ਮੰਗੀ ਜਾਣ। ਪਰ ਹੁਣ ਮੰਗ ਇਕੋ ਸੀ-ਦਰਸ਼ਨ ਦਿਓ।

ਇਕ ਦਿਨ ਫਤੇ ਚੰਦ ਤੇ ਰਾਣੀ ਅੱਖਾਂ ਨੂਟ ਕੇ 'ਬਾਲਾ ਪ੍ਰੀਤਮ' ਦਾ ਧਿਆਨ ਜੋੜਦੇ ਮਸਤ ਹੋ ਗਏ। ਜਿਵੇਂ ਹੋਸ਼ ਹੀ ਨਹੀਂ ਰਹਿੰਦੀ। ਪਰ ਇਹ ਹੋਸ਼ ਇੰਨੀ ਕੁ ਅਜ ਹੈਸੀ:-ਦਰਸ਼ਨ ਦਿਓ। ਅਚਾਨਕ ਕੀ ਹੋਇਆ ਕਿ ਰਾਣੀ ਦੇ ਗਲੇ ਗਲਵੱਕੜੀ ਪੈ ਗਈ ਤੇ ਗੋਦੀ ਵਿਚ ਕੋਈ ਬਾਲਕ ਬੈਠ ਗਿਆ ਤੇ ਇਸ ਬਾਲਕ ਨੇ ਡਾਢੀ ਮਿੱਠੀ ਸੱਦ ਕੰਨ ਵਿਚ ਦਿੱਤੀ:-

**'ਮਾਂ'**

ਰਾਣੀ ਦੇ ਕੰਨਾਂ ਵਿਚ 'ਮਾਂ' 'ਮਾਂ' ਅੱਖਰ ਗੂੰਜ ਪਿਆ, ਤ੍ਰਬ੍ਹਕ ਕੇ ਅੱਖ ਖੁਲ੍ਹ ਗਈ, ਨੀਝ ਲਾ ਲਾ ਅੱਖਾਂ ਪੱਟ ਪੱਟ ਵੇਖੇ ਤਾਂ ਕੀ ਵੇਖੇ ਕਿ ਬਾਲਾ ਪ੍ਰੀਤਮ ਆਪ ਗੋਦੀ ਵਿਚ ਆ ਬੈਠਾ ਹੈ ਤੇ ਉਸ ਨੂੰ 'ਮਾਂ' ਕਹਿ ਰਿਹਾ ਹੈ। ਵੇਖੋ ਬਈ, ਨਾਲੇ ਤਾਂ ਬਾਲਾ ਪ੍ਰੀਤਮ ਦੇ ਦਰਸ਼ਨ ਹੋ ਗਏ, ਨਾਲੇ ਉਹ ਪੁਤ ਹੋ ਕੇ ਗੋਦੀ ਵਿਚ ਆ ਬੈਠਾ ਹੈ। ਪੁੱਤ ਵੀ ਮਿਲ ਪਿਆ ਤੇ 'ਗੋਬਿੰਦ ਰੂਪ' ਆਪ ਗੋਬਿੰਦ ਬੀ ਮਿਲ ਪਿਆ। ਮਾਂ ਹੁਣ ਡਾਢੇ ਸੁਆਦ ਵਿਚ ਸੁਆਦ ਲੈਂਦੀ ਡੁੱਬ ਗਈ।

ਬਾਲਾ ਪ੍ਰੀਤਮ ਨਾਲ ਕਈ ਮੁੰਡੇ ਹੋਰ ਆਏ ਸਨ ਖੇਡਦੇ ਖਾਡਦੇ। ਓਹ ਬਾਹਰ ਵਿਹੜੇ ਵਿਚ ਖੜੇ ਇਹ ਕੌਤਕ ਦੇਖਕੇ ਕਿਸੇ ਅਦਬ ਵਿਚ ਆਏ ਚੁਪ ਖੜੋਤੇ ਸਨ, ਏਨੇ ਨੂੰ ਪੰਡਿਤ ਸ਼ਿਵਦੱਤ ਜੀ ਆ ਗਏ। ਉਨ੍ਹਾਂ ਨੂੰ ਓਹ ਸੁਾਦ ਆਇਆ ਕਿ ਖੜੇ ਹੋ ਗਏ ਤੇ ਗਾਉਣ ਲਗ ਪਏ:-

ਤੂੰਹੀ ਤੂੰਹੀ ਤੂੰਹੀ ਤੂੰਹੀ ਤੂੰਹੀ!

ਹੁਣ ਬਾਲਾ ਪ੍ਰੀਤਮ ਜੀ ਉਠੇ, ਖੜੇ ਹੋ ਗਏ ਤੇ ਡਾਢੀ ਮਿੱਠੀ ਸੁਰ ਵਿਚ ਬੋਲਣ ਲਗ ਪਏ ਜਿਵੇਂ ਮਿਠਾ ਮਿਠਾ ਰਾਗ ਹੁੰਦਾ ਏ, ਤੂੰਹੀ, ਤੂੰਹੀ, ਤੂੰਹੀ, ਤੂੰਹੀ!

ਥੋੜਾ ਚਿਰ ਇਹੋ ਸੁਆਦ ਬੱਝਾ ਰਿਹਾ। ਸਾਰੇ ਸਮਝ ਗਏ ਕਿ ਇਹ ਬਾਲਕ ਨਹੀਂ, ਇਹ ਰੱਬ ਜੀ ਦਾ ਆਪਣਾ ਪੁੱਤਰ ਏ। ਪਰ ਬਾਲਾ ਪ੍ਰੀਤਮ ਜੀ ਹੁਣ ਆਪਣੇ ਬਾਲਾਂ ਵਾਲੇ ਰੰਗ ਵਿਚ ਆ ਗਏ। ਮੈਨਿਆਣੀ ਨੂੰ ਕਹਿਣ ਲਗੇ: ਮਾਂ! ਮਾਂ! ਭੁੱਖ ਲੱਗੀ ਏ!

ਰਾਣੀ ਨੇ ਆਦਮੀ ਨੂੰ ਕਿਹਾ ਬਾਹਰੋਂ ਮਿਠਾਈ ਲਿਆ, ਪਰ ਬਾਲਾ ਪ੍ਰੀਤਮ ਜੀ ਨੇ ਕਿਹਾ-

"ਅੰਦਰ ਪੂਰੀ ਛੋਲੇ ਪਏ ਹਨ, ਉਹੋ ਖਾਸਾਂ"! ਰਾਣੀ ਨੂੰ ਚੇਤਾ ਆ ਗਿਆ ਕਿ ਪੂਰੀ ਛੋਲੇ ਅੰਦਰ ਪਏ ਹਨ। ਝੱਟ ਉਠੀ ਤੇ ਅੰਦਰੋਂ ਸਾਰੇ ਛੋਲੇ ਪੂਰੀਆਂ ਚਕਿ ਲਿਆਈ। ਬਾਲਾ ਪ੍ਰੀਤਮ ਜੀ ਐਉਂ ਪਏ ਜਿਵੇਂ ਕੋਈ ਭੁੱਖਾ ਬਾਲ ਪੈਂਦਾ ਏ, ਪਰ ਵੇਖੋ ਪੂੜੀਆਂ ਛੋਲੇ ਲੈਕੇ ਖਾਣ ਨਹੀਂ ਲਗ ਪਏ ਸਨ, ਵਰਤਾਉਣ ਲਗ ਪਏ। ਪਹਿਲੇ ਪੰਡਤ ਜੀ ਨੂੰ ਦਿੱਤੇ ਫੇਰ ਰਾਜਾ ਫਤੇ ਚੰਦ ਮੈਣੀ ਨੂੰ ਦਿਤੇ, ਜੋ ਆਪ ਦੇ ਚੋਜ ਨੂੰ ਵੇਖ ਵੇਖ ਕੇ ਨਿਹਾਲ ਹੋ ਰਿਹਾ ਸੀ, ਤੇ ਸਦਕੇ ਸਦਕੇ ਪਿਆ ਹੁੰਦਾ ਸੀ, ਕਦੇ ਪੈਰਾਂ ਨੂੰ ਹੱਥ ਲਾ ਲਾ ਆਪਣੇ ਮੱਥੇ ਨੂੰ ਲਾਉਂਦਾ ਸੀ। ਉਸ ਨੇ ਇਹ ਪਦਾਰਥ ਬਾਲਾ ਪ੍ਰੀਤਮ ਜੀ ਦੇ ਹੱਥੋਂ ਲੈ ਕੇ ਸ਼ੁਕਰ ਸ਼ੁਕਰ ਆਖਿਆ। ਉਧਰ ਬਾਲਾ ਪ੍ਰੀਤਮ ਜੀ ਨੇ ਪੰਗਤ ਲੁਆ ਕੇ, ਜਿਹੜੇ ਕੁਝ ਬਾਲਕੇ ਨਾਲ ਆਏ ਸਨ, ਉਨ੍ਹਾਂ ਵਿਚ ਪੂਰੀ ਛੂਲੇ ਵਰਤਾਏ। ਸਾਰਿਆਂ ਵਿਚ ਵਰਤਾਕੇ ਇਕ ਪੂਰੀ ਤੇ ਕੁਝ ਛੋਲੇ ਹੱਸ ਹੱਸ ਕੇ ਆਪ ਖਾਧੇ। ਆਖੇ: "ਹਾਂ ਸੁਆਦ ਨੂੰ, ਕੇਡੇ ਸੁਆਦ ਨੂੰ!"

❖❖❖

## ੭. ਮੈਣੀ ਸੰਗਤ।

**ਬਾਲਾ** ਪ੍ਰੀਤਮ ਜੀ ਫਤੇ ਚੰਦ ਦੇ ਘਰ ਬਹੁਤੀ ਵੇਰੀ ਆਉਂਦੇ ਜਾਂਦੇ ਸਨ। ਕਦੇ ਤਾਂ ਰੋਜ਼ ਹੀ ਫੇਰਾ ਪਾਉਂਦੇ ਸਨ। ਇਹਨਾਂ ਦੇ ਘਰ ਬਾਲਕੇ ਸਾਥੀਆਂ ਤੋਂ ਛੁਟ ਸਿਖ ਬੀ ਆਉਂਦੇ ਅਤੇ ਸੰਗਤਾਂ ਬੀ ਆ

ਜੁੜਦੀਆਂ ਸਨ। ਕਈ ਵੇਰ ਏਥੇ ਸੰਝਾਂ ਵੇਲੇ ਦੀਵਾਨ ਲਗਦਾ। ਉਧਰ ਘਰ ਵੀ ਦੀਵਾਨ ਲਗਦਾ ਤੇ ਸਾਹਿਬਜ਼ਾਦੇ ਦੀ ਉਡੀਕ ਹੁੰਦੀ ਰਹਿੰਦੀ। ਜਦ ਤਕ ਆਪ ਘਰ ਨਾ ਪਹੁੰਚਦੇ ਉਥੇ ਰਹਰਾਸ ਦਾ ਦੀਵਾਨ ਤਾਂ ਲਗਦਾ ਪਰ ਪਾਠ ਨਾ ਕਰਦੇ; ਸਾਰੇ ਸਾਹਿਬਜ਼ਾਦੇ ਜੀ ਨੂੰ ਉਡੀਕਦੇ ਰਹਿੰਦੇ। ਤਦ ਤੋਂ ਹੀ ਲੋਕੀਂ ਦੱਸਦੇ ਹਨ ਕਿ ਪਟਨੇ ਸਾਹਿਬ ਦੇ ਇਸ ਗੁਰਦੁਆਰੇ ਵਿਚ, ਜਿਸ ਨੂੰ ਤਖਤ ਸਾਹਿਬ ਕਹਿੰਦੇ ਹਨ, ਰਹਰਾਸ ਦਾ ਪਾਠ ਦੋ ਚਾਰ ਘੜੀ ਸੰਧਜਾ ਗਈ ਤੇ ਹੋਣ ਦਾ ਰਿਵਾਜ ਪੈ ਗਿਆ ਹੈ।

ਜਦੋਂ ਸਾਹਿਬਜ਼ਾਦੇ ਜੀ ਮੈਣੀ ਦੇ ਘਰ ਜਾਂਦੇ ਤਾਂ ਉਸਦੀ ਵਹੁਟੀ ਤਲੇ ਹੋਏ ਛੋਲੇ ਤੇ ਪੂਰੀ ਭੇਟਾ ਕਰਦੀ ਤੇ ਦੁੱਧ ਭੀ ਅਗੇ ਰਖਦੀ। ਇਹ ਬੀਬੀ ਬਾਲਾ ਪ੍ਰੀਤਮ ਜੀ ਨੂੰ ਆਪਣੇ ਪਿਆਰੇ ਪੁਤ੍ਰ ਹੀ ਸਮਝਦੀ ਸੀ। ਸਾਰੇ ਬਾਲਕੇ, ਜੋ ਖੇਲਦੇ ਨਾਲ ਜਾਂਦੇ, ਸਭ ਨੂੰ ਪੂਰੀ ਛੋਲੇ ਖੁਆਲਦੀ। ਸਾਹਿਬਜ਼ਾਦੇ ਜੀ ਨੂੰ ਸੁਹਣੇ ਸੁਹਣੇ ਕਪੜੇ ਪੁਆਉਂਦੀ। ਖੇਡਣ ਦੇ ਖਡੌਣੇ, ਤੀਰਕਮਾਨ, ਗਲ ਕੀ ਜਿਸ ਜਿਸ ਗਲ, ਜਿਸ ਜਿਸ ਚੀਜ਼ ਵਿਚ ਓਹ ਵੇਖਦੀ ਕਿ ਸਾਹਿਬਜ਼ਾਦੇ ਜੀ ਦਾ ਦਿਲ ਲਗਕੇ ਖੁਸ਼ੀ ਹੁੰਦੀ ਹੈ ਉਹ ਉਹ ਸ਼ੈ ਲਾਡਾਂ ਨਾਲ ਲਿਆ ਅੱਗੇ ਧਰਦੀ। ਦੁਇ, ਵਹੁਟੀ ਗਭਰੂ ਆਪ ਜੀ ਨੂੰ ਗੁਰੂ ਜੀ ਦਾ ਸਾਹਿਬਜ਼ਾਦਾ ਸਮਝਕੇ ਪੂਜਾ ਬੀ ਕਰਦੇ ਅਤੇ ਪੁੱਤਰ ਵਾਲਾ ਪਿਆਰ ਤੇ ਲਾਡ ਬੀ ਕਰਦੇ। ਵੇਖੋ ਉਨ੍ਹਾਂ ਦੇ ਪਿਆਰ ਦਾ ਫਲ ਉਹਨਾਂ ਨੇ ਆਪਣਾ ਘਰ ਗੁਰਦੁਆਰਾ ਬਣਾ ਦਿੱਤਾ ਜੋ ਹੁਣ ਤੋੜੀ ਗੁਰਦੁਆਰਾ ਹੈ, ਉਹਨੂੰ "ਮੈਣੀ ਸੰਗਤਿ" ਆਖਦੇ ਹਨ, ਤੇ ਓਦੋਂ ਦੀ ਪਈ ਚਾਲ ਵਾਂਙੂ ਅਜ ਤਾਈਂ ਓਥੇ ਪੂਰੀ ਤੇ ਚਣਿਆਂ ਦਾ ਪ੍ਰਸ਼ਾਦ ਵਰਤਦਾ ਹੈ। ਚਣੇ ਉਸ ਪਾਸੇ ਛੋਲਿਆਂ ਨੂੰ ਆਖਦੇ ਹਨ। ਮੈਣੀ ਦੇ ਘਰ ਵਿਚ ਸਾਹਿਬਜ਼ਾਦੇ ਬਹੁਤ ਖੁਸ਼ ਹੋ ਕੇ ਖੇਲਦੇ ਤੇ ਕਿੰਨਾਂ ਕਿੰਨਾ ਚਿਰ ਖੇਲਦੇ। ਉਹਨਾਂ ਦੇ ਘਰ ਵਿਚ ਜੋ ਬਗੀਚੀ ਸੀ ਉਸ ਵਿਚ ਮਾਲੀਆਂ ਨਾਲ ਕੰਮ ਵਿਚ ਲਗ ਪੈਂਦੇ। ਇਕ ਦਿਨ ਇਕ ਕਲਮ ਆਪ ਨੇ ਕਰੌਂਦੇ ਦੀ ਇਸ

ਬਾਗ਼ ਵਿਚ ਗੱਡ ਦਿੱਤੀ, ਉਹ ਪੁੰਗਰ ਪਈ ਤੇ ਬੂਟਾ ਬਣ ਗਈ। ਇਹ ਬੂਟਾ ਹੁਣ ਤੱਕ ਖੜਾ ਹੈ ਤੇ ਇਸ ਨੂੰ ਬਾਰਾਂ ਮਾਸੀ ਕਰੌਂਦੇ ਲਗਦੇ ਸੁਣੀਂਦੇ ਹਨ। ਬਾਰਾਂ ਮਾਸੀ ਉਸਨੂੰ ਕਹਿੰਦੇ ਹਨ ਜੋ ਇਕ ਰੁਤ ਹੀ ਫਲ ਨਾ ਦੇਵੇ, ਸਗੋਂ ਜਿਸ ਨੂੰ ਹਰ ਰੁੱਤੇ ਫੁਲ ਫਲ ਪੈਂਦੇ ਹੀ ਰਹਿਣ।

❖❖❖

## ੮. ਗੋਬਿੰਦ ਘਾਟ।

**ਸ਼ਿਵਦੱਤ** ਪਡਤ ਨੂੰ ਬਾਲਾ ਪ੍ਰੀਤਮ ਜੀ ਨਾਲ ਬੜਾ ਪਿਆਰ ਸੀ ਅਤੇ ਉਹ ਬੜਾ ਅਦਬ ਕਰਦਾ ਤੇ ਸ਼ਰਧਾ ਰਖਦਾ ਸੀ। ਸ਼ਰਧਾ ਆਖਦੇ ਹਨ ਓਸ ਭਾਉਣੀ ਨੂੰ, ਜਾਂ ਓਸ ਅਦਬ ਵਾਲੇ ਪਿਆਰ ਨੂੰ ਜੋ ਸੰਤਾਂ, ਮਹਾਤਮਾਂ, ਧਰਮ ਦੇ ਵਡੇ ਲੋਕਾਂ, ਗੁਰੂ ਸਾਹਿਬਾਂ ਤੇ ਪਰਮੇਸ਼ੁਰ ਜੀ ਵਿਚ ਭਗਤੀ ਕਰਨ ਵਾਲੇ ਲੋਕੀਂ ਆਪਣੇ ਮਨ ਵਿਚ ਰਖਦੇ ਹਨ। ਜੋ ਆਪੋ ਵਿਚ ਪਜਾਰ ਕਰੀਦਾ ਹੈ, ਉਹ ਪਜਾਰ ਹੁੰਦਾ ਹੈ, ਜੋ ਧਰਮ ਵਾਲੇ ਤੇ ਪਵਿੱਤਰ ਲੋਕਾਂ ਨਾਲ ਅਦਬ ਵਿਚ ਹੋ ਕੇ ਪਜਾਰ ਕਰੀਦਾ ਹੈ ਉਹ 'ਸ਼ਰਧਾ' ਹੁੰਦੀ ਹੈ।

ਸ਼ਿਵਦੱਤ ਨੂੰ ਬਹੁਤ ਸ਼ਰਧਾ ਹੋ ਗਈ ਸੀ। ਉਹ ਸਵੇਰੇ ਗੰਗਾ ਦੇ ਘਾਟ ਉਤੇ ਬੈਠਕੇ ਅੱਗੇ ਤਾਂ ਠਾਕਰਾਂ ਦੀਆਂ ਪਿੱਤਲ ਦੀਆਂ ਮੂਰਤੀਆਂ ਦੀ ਪੂਜਾ ਕਰਦਾ ਹੁੰਦਾ ਸੀ, ਹੁਣ ਓਥੇ ਅੱਖਾਂ ਮੀਟਕੇ, ਚੌਕੜੀ ਮਾਰ ਕੇ, ਧਿਆਨ ਜੋੜਦਾ ਹੁੰਦਾ ਸੀ। ਤੜਕੇ ਆਕੇ ਬੈਠਦਾ ਹੁੰਦਾ ਸੀ ਤੇ ਕਿੰਨਾ ਚਿਰ ਬੈਠਾ ਰਹਿੰਦਾ। ਇਹ ਸੀ ਧਿਆਨ ਜੋੜਨਾ। ਹਾਂ ਜੀ, ਉਹ ਆਪਣੇ ਧਿਆਨ ਵਿਚ ਬਾਲਾ ਪ੍ਰੀਤਮ ਨੂੰ ਹੀ ਵੇਖਦਾ ਰਹਿੰਦਾ। ਬਾਲਾ ਪ੍ਰੀਤਮ ਬੀ ਉਸ ਉਤੇ ਦਇਆ ਕਰਦੇ ਸਨ। ਜੋ ਪਜਾਰ ਵਡੇ ਧਰਮੀ ਲੋਕ ਆਪਣੇ ਤੇ ਸ਼ਰਧਾ ਰਖਣ ਵਾਲਿਆਂ ਨਾਲ ਕਰਦੇ ਹਨ, ਉਸ ਨੂੰ ਦਇਆ ਜਾਂ ਮਿਹਰ ਕਹਿੰਦੇ ਹਨ। ਸੋ ਬਾਲਾ ਪ੍ਰੀਤਮ ਜੀ ਘਾਟ ਉਤੇ ਆਕੇ ਉਨ੍ਹਾਂ ਨੂੰ ਦਰਸ਼ਨ ਦੇ ਜਾਂਦੇ, ਜੇ ਨਾ ਆਉਣ ਤਾਂ ਸ਼ਿਵਦੱਤ ਸੰਝਾਂ ਵੇਲੇ ਮੈਣੀ ਰਾਜਾ ਫਤੇ ਚੰਦ ਦੇ ਘਰ ਜਾਕੇ ਆਪ ਦਰਸ਼ਨ ਕਰਦਾ, ਓਥੇ

ਦੀਵਾਨ ਵਿਚ ਕੀਰਤਨ ਹੋਵੇ ਤਾਂ ਸੁਣਦਾ। ਨਹੀਂ ਤਾਂ ਉਨ੍ਹਾਂ ਦੇ ਚੋਜ ਵੇਖਦਾ : ਫੇਰ ਪੂਰੀ ਚਣੇ ਦਾ ਪ੍ਰਸ਼ਾਦ ਲੈ ਕੇ ਘਰ ਆਉਂਦਾ।

ਬ੍ਰਾਹਮਣ ਲੋਕੀ ਆਪ ਨੂੰ ਵੱਡਾ ਸਮਝਦੇ ਸਨ। ਬਾਲਾ ਪ੍ਰੀਤਮ ਉਤੇ ਐਨੀ ਸ਼ਰਧਾ ਧਾਰ ਲੈਣ ਕਰਕੇ ਕਈ ਬ੍ਰਾਹਮਣ ਸ਼ਿਵਦੱਤ ਜੀ ਨਾਲ ਥੋੜੇ ਥੋੜੇ ਗੁੱਸੇ ਹੋ ਜਾਂਦੇ ਸਨ। ਪਰ ਉਹ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ।

ਜਿਸ ਘਾਟ ਤੇ ਸਵੇਰੇ ਬਾਲਾ ਪ੍ਰੀਤਮ ਜੀ ਸ਼ਿਵਦੱਤ ਨੂੰ ਦਰਸ਼ਨ ਦਿਆ ਕਰਦੇ ਸਨ, ਓਸ ਦਾ ਨਾਉਂ ਹੁਣ ਤੋੜੀ 'ਗੋਬਿੰਦ ਘਾਟ' ਹੈ।

ਉੱਚੇ ਲੋਕ ਜਦ ਕਿਸੇ ਨੂੰ ਆ ਕੇ ਮਿਲਦੇ ਹਨ ਤਾਂ ਆਖੀਦਾ ਹੈ ਦਰਸ਼ਨ ਦਿੱਤਾ ਹੈਨੇ।

❖❖❖

# ੯. ਨਵਾਬ ਰਹੀਮ ਬਖ਼ਸ਼ ਤੇ ਕ੍ਰੀਮ ਬਖ਼ਸ਼।

**ਜਿਵੇਂ** ਰਾਜੇ ਸਨ ਸ਼ਿਵਦੱਤ ਬ੍ਰਾਹਮਣ ਤੇ ਖੱਤ੍ਰੀ ਫਤੇ ਚੰਦ ਮੈਣੀ, ਏਸੇ ਤਰ੍ਹਾਂ ਦੇ ਰਾਜੇ ਸਨ ਦੋ ਮੁਸਲਮਾਨ ਰਹੀਮ ਬਖ਼ਸ਼ ਤੇ ਕ੍ਰੀਮ ਬਖ਼ਸ਼। ਏਹ ਬੀ ਬੜੀਆਂ ਜ਼ਮੀਨਾਂ ਵਾਲੇ ਤੇ ਪੈਸੇ ਵਾਲੇ ਸਨ, ਪਰ ਇਹਨਾਂ ਨੂੰ ਰਾਜੇ ਨਹੀਂ ਸਨ ਆਖਦੇ, ਮੁਸਲਮਾਨ ਹੋਣ ਕਰਕੇ ਇਹਨਾਂ ਨੂੰ ਨਵਾਬ ਆਖਦੇ ਸਨ। ਇਹ ਦੋਵੇਂ ਗੁਰੂ ਨੌਵੇ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਖ ਹੋ ਗਏ ਸਨ। ਕਥਾ ਐਉਂ ਹੈ ਕਿ ਕਦੇ ਨੌਵੇਂ ਗੁਰੂ ਜੀ ਇਹਨਾਂ ਦੇ ਇਕ ਬਾਗ਼ ਵਿਚ ਜਾ ਬੈਠੇ ਤੇ ਓਥੇ ਭਜਨ ਰੱਬ ਜੀ ਦਾ ਕਰਨ ਲਗ ਪਏ। ਉਹ ਬਾਗ਼ ਸੁੱਕ ਰਿਹਾ ਸੀ, ਸੋ ਹਰਿਆ ਹੋ ਪਿਆ। ਇਹਨਾਂ ਨੂੰ ਗੁਰੂ ਜੀ ਉਤੇ ਨਿਹਚਾ ਆ ਗਿਆ ਕਿ ਇਹ ਰੱਬ ਦੇ ਪਿਆਰੇ ਹਨ, ਜਿਨ੍ਹਾਂ ਵਿਚ ਏਨੀ ਬਰਕਤ ਹੈ। ਇਹਨਾਂ ਨੇ ਇਕ ਪਿੰਡ ਤੇ ਇਕ ਬਾਗ਼ ਗੁਰੂ ਕੇ ਲੰਗਰ ਵਾਸਤੇ ਅਰਦਾਸ ਕਰਾ ਦਿੱਤਾ ਸੀ। ਉਹ ਦੋਏ ਵਸਤਾਂ ਸੁਣਦੇ ਹਾਂ ਕਿ ਹੁਣ ਤੋੜੀ ਪਟਨੇ ਸਾਹਿਬ ਗੁਰਦੁਆਰੇ ਨਾਲ ਹਨ।

❖❖❖

# ੧੦. ਜਗਤਾ ਸੇਠ।

**ਇਹ** ਲੋਕ ਤਾਂ ਰਾਜੇ ਨਵਾਬ ਸਨ, ਜ਼ਮੀਨਾਂ ਵਾਲੇ ਤੇ ਜ਼ਮੀਨਾਂ ਦੀ ਆਮਦਨਾਂ ਤੋਂ ਬਣੇ ਸਨ ਸ਼ਾਹੂਕਾਰ ਆਖੋ ਜਾਂ ਬਹੁਤ ਰੁਪਯਾਂ ਵਾਲੇ ਆਖੋ। ਇਕ ਹੋਰ ਸੀ ਓਥੇ, ਉਸ ਦਾ ਨਾਉਂ ਸੀ ਜਗਤਾ, ਜਿਸ ਨੂੰ ਜਗਤਾ ਸੇਠ ਕਰਕੇ ਸੱਦਦੇ ਸਨ। ਸੇਠ ਹੁੰਦਾ ਹੈ ਵਡਾ ਵਪਾਰੀ, ਵਡਾ ਹੱਟੀਆਂ ਵਾਲਾ; ਜੋ ਬੜੇ ਵਿਹਾਰ ਕਰਦਾ ਹੋਵੇ। ਵਪਾਰੀਆਂ ਜਾਂ ਸੁਦਾਗਰਾਂ ਵਿਚੋਂ ਬਹੁਤ ਵਡੇ ਵਪਾਰੀ ਤੇ ਸੁਦਾਗਰ ਨੂੰ ਸੇਠ ਆਖਦੇ ਹਨ।

ਸੇਠ ਦੀ ਇਕ ਥਾਂ ਤਾਂ ਵੱਡੀ ਹੱਟੀ ਹੁੰਦੀ ਹੈ ਤੇ ਹੋਰ ਦੂਰ ਦੂਰ ਸ਼ਹਿਰਾਂ ਵਿਚ ਵੀ ਇਸ ਦੀਆਂ ਹੱਟੀਆਂ ਯਾ ਦੁਕਾਨਾਂ ਹੁੰਦੀਆਂ ਹਨ; ਉਹਨਾਂ ਨੂੰ ਕੋਠੀਆਂ ਆਖਦੇ ਹਨ ਤੇ ਬਹੁਤ ਸਾਰੀਆਂ ਵਪਾਰੀ ਕੋਠੀਆਂ ਦੇ ਸੇਠ ਨੂੰ ਕੋਠੀਦਾਰ ਆਖਦੇ ਹਨ। ਸੋ ਏਸ ਜਗਤੇ ਸੇਠ ਦੀ ਵਡੀ ਦੁਕਾਨ ਯਾ ਕੋਠੀ ਤਾਂ ਪਟਨੇ ਸੀ ਤੇ ਹੋਰ ਓਧਰ ਕਲਕੱਤੇ ਵੱਲ ਤੇ ਏਧਰ ਲਾਹੌਰ ਤਕ ਵਡੇ ਵਡੇ ਸ਼ਹਿਰਾਂ ਵਿਚ ਕੋਠੀਆਂ ਸਨ। ਇਹ ਲੋਕ ਵਪਾਰ ਕਰ ਕਰਕੇ ਬੜੇ ਪੈਸੇ ਵਾਲੇ ਹੋ ਜਾਂਦੇ ਹਨ। ਬਹੁਤ ਪੈਸਾ ਹੋਣ ਕਰਕੇ ਤੇ ਬਹੁਤ ਖਲੇਰੇ ਕੋਠੀਆਂ ਦੇ ਹੋਣ ਕਰਕੇ ਅਤੇ ਬਹੁਤੇ ਨੌਕਰ ਚਾਕਰ ਹੋਣ ਕਰਕੇ ਇਹਨਾਂ ਨੂੰ ਸਭ ਥਾਂਵਾਂ ਦਾ ਬੰਦੋਬਸਤ ਕਰਨਾ ਪੈਂਦਾ ਹੈ; ਜਿਵੇਂ ਨਿੱਕੇ ਜਿਹੇ ਘਰ ਦਾ ਬੰਦੋਬਸਤ ਘਰ ਦੇ ਬੰਦੇ ਕਰਦੇ ਹਨ। ਬੰਦੋਬਸਤ ਨੂੰ ਪ੍ਰਬੰਧ ਕਰਨਾ ਭੀ ਆਖੀਦਾ ਹੈ ਤੇ ਕੋਈ ਬਾਨ੍ਹਣੂ ਬੰਨ੍ਹਣਾ ਬੀ ਆਖਦੇ ਹਨ। ਇਸ ਕੰਮ ਲਈ ਸੇਠਾਂ ਨੂੰ ਮੁਨੀਬ ਰਖਣੇ ਪੈਂਦੇ ਹਨ। ਮੁਨੀਬ ਆਖਦੇ ਹਨ ਉਸਨੂੰ, ਜੋ ਆਦਮੀ ਕਿਸੇ ਵਡੇ ਸੇਠ ਦਾ ਨੌਕਰ ਹੋਕੇ, ਉਸ ਦੀ ਤਾਬਿਆ ਰਹਿਕੇ ਉਸ ਦੀ ਕਿਸੇ ਦੁਕਾਨ ਯਾ ਕੋਠੀ ਦਾ ਬੰਦੋਬਸਤ ਕਰੇ; ਜਿਵੇਂ ਮਾਲਕ ਕਰਦਾ ਹੈ, ਪਰ ਹੋਵੇ ਮਾਲਕ ਦੀ ਤਾਬਿਆ। ਉਸ ਨੂੰ ਸਾਰੇ ਲੋਕ ਮੁਨੀਬ* ਆਖਦੇ ਹਨ।

---

*ਮੁਨੀਬ ਪਦ ਅਰਬੀ ਬੋਲੀ ਦਾ ਹੈ ਇਸ ਦਾ ਅਰਥ ਹੈ ਜੋ ਨਾਇਬ ਰਖੇ। ਨਾਇਬ ਆਖਦੇ ਹਨ ਆਪਨੇ ਹੇਠਾਂ ਨੌਕਰ ਰਖੇ ਹੋਏ ਨੂੰ। ਪਰ ਪੰਜਾਬੀ ਵਿਚ ਹੁਣ ਮੁਨੀਬ ਉਸ ਨੂੰ ਆਖਦੇ ਹਨ ਜੋ ਕਿਸੇ ਕੋਠੀਦਾਰ ਦੇ ਹੇਠਾਂ ਰਹਿਕੇ ਕੰਮ ਕਾਜ ਤੋਰੇ।

ਸੋ ਵਡੇ ਸੇਠਾਂ; ਕੋਠੀਦਾਰਾਂ ਨੂੰ ਇਹਨਾਂ ਮੁਨੀਬਾਂ ਦੇ ਉਤੇ ਫੇਰ ਸਾਰੇ ਇਨ੍ਹਾਂ ਦੇ ਕੀਤੇ ਦਾ ਆਪ ਖਿਆਲ ਰਖਣਾ ਪੈਂਦਾ ਹੈ। ਇਸ ਕਰਕੇ ਇਨ੍ਹਾਂ ਨੂੰ ਪੁਤਰਾਂ ਦੀ ਲੋੜ ਬਹੁਤੀ ਹੁੰਦੀ ਹੈ ਕਿ ਜੇ ਆਪਣੇ ਇਕ ਦੋ ਪੁਤ੍ਰ ਜੰਮ ਪੈਣ; ਸਿਆਣੇ ਹੋ ਜਾਣ; ਤਾਂ ਮੁਨੀਬਾਂ ਦੇ ਉਤੇ ਓਹਨਾਂ ਵਾਂਙੂ ਤੋਰਾ ਤੋਰਨ ਜੋ ਸਾਰੇ ਖਿਲਾਰੇ ਦਾ ਬੰਦੋਬਸਤ ਠੀਕ ਰਹੇ ਅਤੇ ਜਦੋਂ ਸੇਠ ਬੁੱਢਾ ਹੋ ਕੇ ਮਰ ਜਾਵੇ ਤਾਂ ਪੁਤ੍ਰ ਮਾਲਕ ਬਣ ਕੇ ਸਾਰੇ ਕੁਛ ਨੂੰ ਸਾਂਭ ਸਾਂਭ ਲੈਣ। ਸੋ ਜਗਤਾ ਸੇਠ ਏਸ ਤਰ੍ਹਾਂ ਦਾ ਵੱਡਾ ਸੇਠ ਸੀ ਪਰ ਪੁਤ੍ਰ ਇਕ ਬੀ ਨਾ ਸੀ ਇਸ ਦੇ ਘਰ। ਏਸ ਨੇ ਵਹੁਟੀਆਂ ਬੀ ਤਿੰਨ ਵਿਆਹ ਲਈਆਂ, ਪਰ ਪੁਤਰ ਕਿਸੇ ਦੇ ਨਾ ਹੋਇਆ। ਇਸ ਨੇ ਕਈ ਸਾਧੂ ਸੰਤ ਬੀ ਸੇਵੇ; ਪਰ ਪੁਤ੍ਰ ਤੋਂ ਬਿਨਾਂ ਹੀ ਰਿਹਾ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਪਟਣੇ ਆਏ ਸਨ ਤਾਂ ਜਗਤਾ ਸੇਠ ਉਨ੍ਹਾਂ ਦੀ ਸੇਵਾ ਵਿਚ ਆ ਗਿਆ ਤੇ ਬਹੁਤ ਆਦਰ ਕਰਨ ਲੱਗ ਪਿਆ। ਭਾਂਤਿ ਭਾਂਤਿ ਦੇ ਮੇਵੇ ਤੇ ਫਲ ਲਿਆ ਕੇ ਭੇਟਾ ਧਰਿਆ ਕਰੇ। ਇਕ ਦਿਨ ਜਗਤਾ ਆਪਣੇ ਮਨ ਵਿਚ ਇਹ ਮੰਗ ਧਾਰ ਕੇ ਗੁਰੂ ਜੀ ਦੇ ਪਾਸ ਬੈਠਾ ਹੋਇਆ ਸੀ ਕਿ ਮੈਨੂੰ ਪੁੱਤ੍ਰ ਦਾਨ ਮਿਲੇ। ਗੁਰੂ ਜੀ ਦਿਲਾਂ ਦੀਆਂ ਜਾਣ ਲੈਂਦੇ ਸਨ। ਆਪ ਜੀ ਨੇ ਜਗਤੇ ਨੂੰ ਤ੍ਰੈ ਸੇਊ ਦਿੱਤੇ। ਜਗਤੇ ਨੇ ਜਾਤਾ ਤ੍ਰੈ ਸੇਊ ਨਹੀਂ; ਮੈਨੂੰ ਤ੍ਰੈ ਪੁਤ੍ਰ ਮਿਲੇ ਹਨ; ਸੋ ਉਹ ਘਰ ਜਾਕੇ ਇਕ ਇਕ ਸੇਊ ਇਕ ਇਕ ਵਹੁਟੀ ਨੂੰ ਦੇ ਕੇ ਆਖਣ ਲੱਗਾ ਲਓ ਅੱਜ ਗੁਰੂ ਜੀ ਦੀ ਮੇਹਰ ਹੋ ਗਈ ਹੈ। ਸੋਈਓ ਗੱਲ ਹੋਈ ਕਿ ਜਗਤੇ ਦੇ ਘਰ ਤਿੰਨ ਪੁਤ੍ਰ ਜੰਮ ਪਏ। ਸੇਠ ਤੇ ਸੇਠਾਣੀਆਂ ਫੇਰ ਗੁਰੂ ਕੇ ਪੱਕੇ ਸਿਖ ਬਣ ਗਏ। ਗੁਰੂ ਜੀ ਤਾਂ ਟੁਰ ਗਏ ਸੀ ਆਸਾਮ ਦੇਸ ਨੂੰ, ਪਰ ਜਗਤਾ ਤੇ ਸੇਠਾਣੀਆਂ ਬਾਲਾ ਪ੍ਰੀਤਮ ਜੀ ਦੀ ਬਹੁਤ ਸੇਵਾ ਕਰਦੇ ਰਹੇ। ਹਰ ਤਰ੍ਹਾਂ ਸਾਹਿਬਜ਼ਾਦੇ ਨੂੰ ਖੁਸ਼ ਰਖਦੇ, ਸੈਲਾਂ ਕਰਵਾਉਂਦੇ, ਖਿਡੌਣੇ, ਗਹਿਣੇ, ਕਪੜੇ, ਛੋਟੇ ਛੋਟੇ ਤੀਲੀਆਂ ਦੇ ਤੀਰ ਕਮਾਨ ਭੇਟਾ ਕਰਦੇ।

❖❖❖

# ੧੧. ਖੂਹ ਖਾਰਾ।

**ਜਿਥੇ** ਗੁਰੂ ਤੇਗ ਬਹਾਦਰ ਜੀ ਪਰਵਾਰ ਨੂੰ ਛੋੜ ਗਏ ਸਨ ਓਹ ਘਰ ਹੁਣ ਗੁਰਦੁਆਰਾ ਹੈ, ਓਸ ਨੂੰ ਤਖ਼ਤ ਸਾਹਿਬ ਆਖਦੇ ਹਨ। ਗੁਰਸਿਖੀ ਵਿਚ ਪੰਜ ਵਡੇ ਗੁਰਦੁਆਰੇ ਹਨ। ਇਕ ਸ੍ਰੀ ਹਰਿਮੰਦਰ ਸ੍ਰੀ ਅੰਮ੍ਰਿਤਸਰ ਵਾਲਾ, ਜਿਸ ਨੂੰ ਦਰਬਾਰ ਸਾਹਿਬ ਆਖਦੇ ਹਨ, ਜੋ ਅੰਮ੍ਰਿਤ ਸਰੋਵਰ ਵਿਚ ਖੜਾ ਸੁਨਹਿਰੀ ਮੰਦਰ ਹੈ। ਇਹ ਮੰਦਰ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਬਣਾਇਆ ਸੀ। ਇਸ ਤੋਂ ਛੁਟ ਚਾਰ ਗੁਰਦੁਆਰੇ ਤਖ਼ਤ ਸਾਹਿਬ ਸੱਦੀਦੇ ਹਨ। ਦੂਜਾ ਗੁਰਦੁਆਰਾ ਤਖ਼ਤ ਅਕਾਲ ਬੁੰਗਾ ਹੈ ਜੋ ਇਸ ਹਰੀਮੰਦਰ ਦੇ ਸਾਹਮਣੇ ਪ੍ਰਕਰਮਾਂ ਦੇ ਵਿਚ ਹੀ ਹੈ। ਇਹ ਤਖ਼ਤ ਸਾਹਿਬ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਣਾਇਆ ਸੀ। ਦੂਜਾ ਪਟਣੇ ਸਾਹਿਬ ਦਾ ਇਹ ਮੰਦਰ ਜਿਸ ਨੂੰ ਦੂਜਾ ਤਖ਼ਤ ਸਾਹਿਬ ਕਹੀਦਾ ਹੈ, ਜਿਥੇ ਗੁਰੂ ਗੋਬਿੰਦ ਸਿੰਘ ਜੀ ਅਵਤਾਰਧਾਰੀ ਹੋਏ ਸਨ। ਤੀਜੇ ਆਨੰਦਪੁਰ ਸਾਹਿਬ ਦਾ ਤਖ਼ਤ ਕੇਸਗੜ੍ਹ ਸਾਹਿਬ ਜਿਥੇ ਗੁਰੂ ਗੋਬਿੰਦ ਸਿੰਘ ਜੀ ਪਟਨੇ ਤੋਂ ਜਾ ਕੇ ਵਸਦੇ ਰਹੇ ਤੇ ਅੰਮ੍ਰਿਤ ਤਿਆਰ ਕਰਕੇ ਖਾਲਸਾ ਪੰਥ ਟੋਰਿਆ। ਚੌਥਾ ਤਖ਼ਤ ਹੈ ਸ੍ਰੀ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਾਦੇੜ ਸ਼ਹਿਰ ਦੱਖਣ ਵਿਚ, ਜਿਥੇ ਜਾਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਰੀਰ ਛੱਡਕੇ ਮੁੜ ਵਾਹਿਗੁਰੂ ਦੇ ਦੇਸ਼ ਚਲੇ ਗਏ ਸਨ।

ਸੋ ਜਿਥੇ ਪਟਣੇ ਸ਼ਹਿਰ ਵਿਚ ਇਸ ਬਾਲ ਉਮਰਾ ਵਿਚ ਸਾਹਿਬਜ਼ਾਦੇ ਜੀ ਵਸਦੇ ਤੇ ਖੇਲਾਂ ਤੇ ਚੋਜ ਕਰਦੇ ਸੀ, ਓਸੇ ਵਿਹੜੇ ਵਿਚ ਇਕ ਖੂਹ ਸੀ। ਪਾਣੀ ਏਸ ਦਾ ਮਿੱਠਾ ਸੀ-ਪੀਣ ਵਾਲਾ ਮਿੱਠਾ ਪਾਣੀ। ਸ਼ਰਬਤ ਵਾਂਙੂ ਮਿੱਠਾ ਨਾ ਪਰ ਜਿਸਦਾ ਸੁਆਦ ਖਾਰਾ ਨਹੀਂ ਸੀ। ਪਾਣੀ ਚੰਗਾ ਹੋਣ ਕਰਕੇ ਲੋਕੀਂ ਇਥੋਂ ਪਾਣੀ ਭਰਨ ਆਉਂਦੇ ਸਨ। ਸਾਹਿਬਜ਼ਾਦੇ ਹੁਣ ਹੋਰ ਖੇਡਾਂ ਖੇਡਦੇ, ਤੀਰ ਚਲਾਉਂਦੇ ਸਨ। ਛੋਟੇ ਛੋਟੇ ਕਾਨੀਆਂ ਦੇ ਤੀਰ ਜਿਨ੍ਹਾਂ ਨਾਲ ਫੱਟ ਨਾ ਲਗੇ ਤੇ

ਨਿਸ਼ਾਨਾ ਫੁੰਡ ਹੋ ਜਾਵੇ। ਨਾਲੇ ਗੁਲੇਲਾਂ ਨਾਲ ਬੀ ਨਿਸ਼ਾਨੇ ਫੁੰਡਦੇ ਸਨ। ਕਦੇ ਕਦੇ ਪਾਣੀ ਭਰਨ ਆਈਆਂ ਵਿਚੋਂ ਕਿਸੇ ਦੇ ਘੜੇ ਨੂੰ ਗੁਲੇਲ ਮਾਰਦੇ ਤਾਂ ਉਹ ਫੁੱਟ ਜਾਂਦਾ। ਇਹ ਖੇਡ ਮਾੜੀ ਲੱਗਦੀ ਹੈ ਤੇ ਹੈ ਬੀ ਮਾੜੀ, ਪਰ ਉਹ ਤਾਂ ਕੋਈ ਹਾਨੀ ਕਰਨ ਲਈ ਘੜੇ ਨਹੀਂ ਸਨ ਫੁੰਡਦੇ, ਉਹ ਤਾਂ ਨਿਸ਼ਾਨਾ ਪਕਾਉਂਦੇ ਸਨ, ਇਕ ਗਲ; ਦੂਜੇ ਜਿਨ੍ਹਾਂ ਦੇ ਘੜੇ ਫੁੱਟਦੇ ਸਨ ਉਹ ਮਾਤਾ ਜੀ ਪਾਸ ਆ ਕੇ ਦੁਹਾਈ ਪਾਉਂਦੀਆਂ। ਮਾਤਾ ਜੀ ਉਨ੍ਹਾਂ ਨੂੰ ਖਾਣ ਯਾ ਪਹਿਨਣ ਨੂੰ ਯਾ ਘੜੇ ਲਈ ਪੈਸੇ ਦੇਂਦੇ। ਐਉਂ ਦਾਨ ਹੁੰਦਾ ਦੇਖ ਕੇ ਖੁਸ਼ ਹੁੰਦੇ। ਫੇਰ ਆਖਦੇ ਮਾਈ ਤੇਰੇ ਪਾਪ ਫੁੱਟ ਗਏ ਨੀ : ਘੜੇ ਨੂੰ ਕਿਉਂ ਪਈ ਰੋਂਨੀ ਏਂ। ਇਹ ਪਾਣੀ ਭਰਨ ਵਾਲੀਆਂ ਬਾਲਕੇ ਦੇ ਚੋਜ ਦੇਖਣ ਲਗ ਜਾਣ, ਮਾਤਾ ਦੀ ਦਾਤ ਨਾਲ ਖਿੜ ਜਾਣ, ਫੇਰ ਦੀਵਾਨ ਵਿਚ ਕੀਰਤਨ ਸੁਨਣ ਲਗ ਪੈਣ, ਐਉਂ ਪਾਪ ਫੁੰਡੇ ਜਾਣ।

ਹਰ ਕੋਈ ਬਾਲਕਾ ਤਾਂ ਐਸ ਤਰ੍ਹਾਂ ਨਹੀਂ ਨਾ ਕਰ ਸਕਦਾ, ਇਹ ਤਾਂ ਰੱਬ ਵਲੋਂ ਆਇਆ ਹੋਣ ਕਰਕੇ ਬਾਲਪਨੇ ਵਿਚ ਹੀ ਵਡੇ ਬਲ ਵਾਲਾ, ਵਡੀ ਅਕਲ ਵਾਲਾ; ਤੇ ਵਡੇ ਦਾਨ ਵਾਲਾ ਸੀ, ਤਾਂ ਕਰਦਾ ਸੀ ਖੇਡਾਂ, ਪਰ ਖੇਡਾਂ ਦਾ ਫਲ ਹੁੰਦਾ ਸੀ ਭਲਾ ਹੀ ਭਲਾ।

ਇਕ ਦਿਨ ਗੁਲੇਲ ਕਿਸੇ ਮਾਈ ਦੇ ਮੱਥੇ ਲਗ ਗਈ, ਉਹ ਬਹੁਤ ਵਜਾਕੁਲ ਹੋ ਕੇ ਮਾਤਾ ਪਾਸ ਆ ਕੇ ਰੁੰਨੀ, ਮਾਤਾ ਜੀ ਨੇ ਉਸ ਨੂੰ ਬਹੁਤ ਪਜਾਰ ਕੀਤਾ, ਬਹੁਤ ਕੁਛ ਦਿਤਾ, ਪਰ ਅਜ ਮਾਤਾ ਜੀ ਬੀ ਘਬਰਾ ਗਏ ਤੇ ਖੂਹ ਪਾਸ ਆ ਕੇ ਬੋਲੇ-ਹੇ ਸਚੇ ਗੁਰੂ ਨਾਨਕ! ਏਸ ਖੂਹ ਦਾ ਪਾਣੀ ਖਾਰਾ ਕਰ ਦਿਓ, ਨਾ ਕੋਈ ਪਾਣੀ ਭਰਨ ਆਵੇ ਤੇ ਨਾ ਕਿਸੇ ਨੂੰ ਗੁਲੇਲ ਲਗੇ। ਸੋ ਸੱਚ ਮੁਚ ਖੂਹ ਖਾਰਾ ਹੋ ਗਿਆ, ਜੋ ਅਜ ਤਕ ਖਾਰਾ ਹੈ।

❖❖❖

# ੧੨. ਅੰਦਰ ਪੱਟ ਤੇ ਬਾਹਰ ਗੁਦੜ।

**ਪਟ** ਤਾਂ ਆਖਦੇ ਹਨ ਕੂਲੇ ਕੂਲੇ ਕਪੜੇ ਨੂੰ ਜਿਸਨੂੰ ਰੇਸ਼ਮ ਬੀ ਆਖੀਦਾ ਹੈ ਅਤੇ ਗੁਦੜ ਕਹੀਦਾ ਹੈ ਲੀਰਾਂ ਕਤੀਰਾਂ ਨਾਲ ਬਣੇ ਹੋਏ ਜੁੱਲੇ ਕਿ ਗੋਦੜੇ ਨੂੰ। ਸੋ ਬਾਲਾ ਪ੍ਰੀਤਮ ਜੀ ਦੇ ਦਿਸਦੇ ਕੰਮ ਤਾਂ ਲਗਦੇ ਸਨ ਕਿ ਗੁਦੜ ਹਨ, ਪਰ ਵਿਚੋਂ ਓਹ ਰੇਸ਼ਮ ਵਾਂਙੂ ਕੂਲੇ ਤੇ ਪਜਾਰ ਨਾਲ ਨਰਮ ਨਰਮ ਦੂਜੇ ਦੇ ਭਲੇ ਦੇ ਕੰਮ ਦੇ ਹੁੰਦੇ।

ਸੁਹਣੇ ਬਾਲਕੇ ਸ੍ਰੀ ਗੋਬਿੰਦ ਸਿੰਘ ਜੀ ਬੜੇ ਸ਼ਕਤੀ-ਮਾਨ ਸਨ, ਬੜੇ ਆਤਮ ਬਲ ਵਾਲੇ ਸਨ। ਸ਼ਕਤੀ ਆਖੀਦਾ ਹੈ ਜ਼ੋਰ ਨੂੰ, ਤਾਕਤ ਨੂੰ, ਬਲ ਬੀ ਆਖੀਦਾ ਹੈ ਜ਼ੋਰ ਨੂੰ ਤੇ ਆਤਮਾ ਆਖੀਦਾ ਹੈ ਦੇਹ ਦੇ ਅੰਦਰ ਵਸਦੀ ਜੀਉਂਦੀ ਜਾਨ ਨੂੰ। ਸੋ ਆਤਮਬਲ ਦੇਹ ਦੇ ਬਲ ਨੂੰ ਨਹੀਂ ਆਖਦੇ ਜੋ ਪਹਿਲਵਾਨਾਂ ਤੇ ਜੋਧਿਆਂ ਵਿਚ ਹੁੰਦਾ ਹੈ, ਦੇਹ ਦੇ ਅੰਦਰ ਜੋ ਮਨ ਹੈ ਉਸਦੇ ਬਲ ਨੂੰ ਕਹੀਦਾ ਹੈ-ਆਤਮ ਬਲ! ਉਹ ਬਲ ਬਹੁਤ ਵਡਾ ਹੋਣ ਕਰਕੇ ਉਨ੍ਹਾਂ ਤੋਂ ਉਸ ਉਮਰੇ ਜੋ ਭਲੇ ਕੰਮ ਹੁੰਦੇ ਸਨ ਸਭ ਬਲ ਵਾਲੇ, ਚੋਜਾਂ ਵਾਲੇ ਤੇ ਜ਼ੋਰ ਵਾਲੇ ਹੁੰਦੇ ਸਨ। ਪਰ ਜੋ ਕੁਝ ਹੁੰਦਾ ਸੀ ਭਲੇ ਦਾ ਹੁੰਦਾ ਸੀ। ਜਿਹਾ ਕੁ ਪਿੱਛੇ ਦਸ ਆਏ ਹਾਂ ਤੇ ਅਗੇ ਚੱਲ ਕੇ ਹੋਰ ਦਸਾਂਗੇ। ਪਰ ਉਨ੍ਹਾਂ ਦੇ ਇਕ ਹੋਰ ਰੌਂ ਵਲ ਘੱਟ ਹੀ ਖਜਾਲ ਗਿਆ ਹੈ। ਆਪ ਕਦੇ ਕਦੇ ਚੁਪ ਲੇਟ ਜਾਂਦੇ, ਇਕ ਦੋ ਦਿਨ ਨਾ ਕੂੰਦੇ ਨਾ ਸਹਿੰਦੇ ਬੋਲਦੇ, ਜਾਪਦਾ ਕਿ ਸੁੱਤੇ ਪਏ ਹਨ ਪਰ ਨੀਂਦਰ ਘੜੀ ਪਲ ਪਹਿਰ ਰਾਤ ਭਰ ਹੋਈ। ਦੋ ਦੋ ਦਿਨ ਇਸ ਤਰ੍ਹਾਂ ਬੀਤਦੇ। ਹੋਰ ਤਾਂ ਘਾਬਰਦੇ, ਪਰ ਦਾਦੀ ਜੀ ਤੇ ਮਾਮਾ ਜੀ ਨਾ ਸੇ ਘਾਬਰਦੇ। ਓਹ ਸਿਆਣਦੇ ਸਨ ਕਿ ਇਨ੍ਹਾਂ ਦੇ ਅੰਦਰੋਂ ਸੁਰਤ ਸਾਂਹੀਂ ਦੇ ਚਰਨਾਂ ਵਿਚ ਪ੍ਰੋਤੀ ਰਹਿੰਦੀ ਹੈ*। ਕਿਸੇ ਵੇਲੇ ਆਪ ਜੀ ਉਸ ਅੰਦਰਲੀ ਖਿੱਚ ਵਿਚ ਮਗਨ ਹੋ ਜਾਂਦੇ ਸਨ। ਏਹ ਸੁੱਤੇ ਹੋਏ ਨਹੀਂ ਸਨ ਹੁੰਦੇ, ਏਹ ਆਪਣੇਂ ਰਬ ਬਾਬਲ ਦੇ ਪਜਾਰ ਵਿਚ ਉਸ ਦੇ ਧਜਾਨ ਵਿਚ ਐਉਂ ਹੋ ਜਾਂਦੇ ਸਨ, ਜਿਵੇਂ ਕਿ ਕਿਸੇ ਮਸਤੀ ਵਿਚ ਕਿ ਨੀਂਦ ਵਿਚ ਹਨ। ਇਸ ਗੱਲ ਨੂੰ

*ਵਡੇ ਹੋਕੇ ਬਾਲਾ ਪ੍ਰੀਤਮ ਜੀ ਨੇ ਜਦ ਕਲਮ ਫੜੀ ਅਰਥਾਤ ਲਿਖਣ ਲੱਗ ਪਏ ਤਾਂ ਲਿਖਜਾ ਸਾਨੇ ਕਿ ਮੈਨੂੰ ਰੱਬ ਜੀ ਨੇ ਦੁਨੀਆਂ ਵਿਚ ਘੱਲ ਦਿੱਤਾ ਕੰਮ ਕਰਨ ਲਈ, ਪਰ ਮੇਰੀ ਸੁਰਤ ਉਸ ਸੋਹਣੇ ਰੱਬ ਜੀ ਵਿੱਚ ਪ੍ਰੋਤੀ ਹੋਈ ਆਈ ਹੈ ਤੇ ਪ੍ਰੋਤੀ ਹੀ ਰਹਿੰਦੀ ਹੈ। ਯਥਾ :-ਚੁਭੀ ਰਹੀ ਸੁਤ ਪ੍ਰਭ ਚਰਨਨ ਮਹਿ।

ਸਿਆਣੇ ਲੋਕੀਂ ਸਮਾਧੀ ਆਖਦੇ ਹਨ। ਇਹ ਨੀਂਦਰ ਨਹੀਂ ਹੁੰਦੀ, ਮਨ ਪਰਮੇਸ਼ੁਰ ਵਿਚ ਲਗਾ ਹੁੰਦਾ ਹੈ।

ਫੇਰ ਵੇਖੋ ਇਸ ਛੋਟੀ ਉਮਰੇ ਕੀਰਤਨ ਦੇ ਕਿੰਨੇ ਪ੍ਰੇਮੀ ਸਨ। ਸਵੇਰੇ ਦੀਵਾਨ ਵਿਚ ਜਾ ਬੈਠਦੇ। ਸੋਦਰ ਰਹੁਰਾਸ ਦੇ ਦੀਵਾਨ ਜ਼ਰੂਰ ਪਹੁੰਚਦੇ। ਮੈਣੀ ਦੇ ਘਰ ਬੀ ਕੀਰਤਨ ਹੋਣ ਲੱਗ ਪਿਆ। ਜਿਸ ਕਿਸ਼ਤੀ ਵਿਚ ਸੈਰਾਂ ਕਰਦੇ ਓਥੇ ਕਈ ਵੇਰ ਸ਼ਬਦ ਕੀਰਤਨ ਹੁੰਦਾ। ਬਾਗ਼ ਵਿਚ ਜਾ ਸ਼ਬਦ ਕੀਰਤਨ ਦਾ ਦੀਵਾਨ ਕਈ ਵੇਰ ਲੁਆਕੇ ਖੁਸ਼ ਹੁੰਦੇ।

ਜਿਨ੍ਹਾਂ ਬਾਲਕਿਆਂ ਨੂੰ ਕਵੈਦਾਂ ਸਿਖਾਉਂਦੇ ਸਨ ਕਿ ਮਾਨੋ ਨਿੱਕੇ ਨਿੱਕੇ ਸਿਪਾਹੀ ਹਨ ਅਤੇ ਜਿਨ੍ਹਾਂ ਨੂੰ ਪੰਗਤਾਂ ਲੁਆ ਲੁਆ ਕੇ ਪੂਰੀਆਂ ਛੋਲੇ, ਭੋਜਨ ਮਿਠਾਈਆਂ ਖੁਆਲਦੇ, ਉਹਨਾਂ ਸਾਰਿਆਂ ਨੂੰ ਕੀਰਤਨ ਵਿਚ ਬੈਠਣਾ ਬੀ ਸਿਖਾਲਦੇ।

ਫੇਰ ਦੇਖੋ ਗੱਲਾਂ ਐਸੀਆਂ ਕਰਦੇ ਜੋ ਖਰੂਦ ਵਰਗੀਆਂ ਲਗਦੀਆਂ, ਉਹ ਬੀ ਅਸਲ ਵਿਚ ਪੁੰਨ ਦਾਨ ਨਾਲ ਦੂਸਰੇ ਦਾ ਭਲਾ ਕਰਦੇ ਸਨ। ਜਿਵੇਂ ਛੇੜਖਾਨੀਆਂ ਕਰਦੇ ਸਨ, ਉਹ ਮਾਤਾ ਜੀ ਹਥੀਂ ਦਾਨ ਕਰਵਾਉਂਦੇ। ਛੇੜਖਾਨੀਆਂ ਨਾਲ ਲੋੜਵੰਦਾਂ ਨੂੰ ਆਪਣੀ ਮਾਤਾ ਦਾ ਦਾਨ ਪਾਤ੍ਰ ਬਣਾਉਂਦੇ। ਦਾਨ ਪਾਤ੍ਰ ਆਖਦੇ ਹਨ ਦਾਨ ਦਾ ਭਾਂਡਾ ਉਸ ਦਾ ਮਤਲਬ ਹੁੰਦਾ ਹੈ ਕਿ ਜਿਸ ਨੂੰ ਦਾਨ ਲੈਣ ਵਾਲਾ ਬਣਾ ਦਿਤਾ ਜਾਵੇ।

ਪਰ ਕਈ ਵੇਰ ਚੁਪ ਚੁਪਾਤੇ ਆਪਣੇ ਪਾਸ ਜੋ ਹੁੰਦਾ ਰੀਝਕੇ ਲੋਕਾਂ ਨੂੰ ਦੇ ਦੇਂਦੇ। ਅਕਸਰ ਸੇਠਾਣੀਆਂ, ਸ਼ਾਹੂਕਾਰ ਵਪਾਰੀ ਆਪਦੇ ਜੇਬਾਂ ਵਿਚ ਕੁਛ ਰੁਪੈ ਪਾ ਦੇਂਦੇ ਸਨ ਜੋ ਆਪ ਮੌਜਾਂ ਨਾਲ ਗ਼ਰੀਬਾਂ ਨੂੰ ਵੰਡ ਦੇਂਦੇ, ਜਿਥੇ ਤਰਸ ਆ ਗਿਆ ਓਥੇ ਹੀ ਜੇਬ ਡੋਹਲ ਦੇਂਦੇ ਸਨ।

❖❖❖

## ੧੩. ਪਟਨੇ ਤੋਂ ਕੂਚ ਤਿਆਰੀ।

**ਜਦੋਂ** ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਵਿਚ ਸਨ, ਤਦੋਂ ਸਾਹਿਬਜਾਦੇ ਜੀ ਪਟਨੇ ਵਿਚ ਅਵਤਾਰਧਾਰੀ ਹੋਏ ਸਨ। ਕੁਛ ਸਮੇਂ ਮਗਰੋਂ

ਸ੍ਰੀ ਗੁਰੂ ਤੇਗ ਬਹਾਦਰ ਜੀ ਪਟਨੇ ਆ ਗਏ ਤੇ ਆਪਣੇ ਪਜਾਰੇ ਪੁਤ੍ਰ ਨੂੰ ਮਿਲਕੇ ਬੜੇ ਖੁਸ਼ ਹੋਏ ਸਨ। ਕੁਛ ਚਿਰ ਪਟਨੇ ਰਹਿਕੇ ਆਪ ਆਪਣੇ ਦੇਸ਼ ਪੰਜਾਬ ਨੂੰ ਸ਼ਹਿਰ ਆਨੰਦਪੁਰ ਨੂੰ ਟੁਰ ਆਏ ਸਨ ਤੇ ਸਾਹਿਬਜ਼ਾਦੇ ਜੀ ਨੂੰ ਉਨ੍ਹਾਂ ਦੀ ਮਾਤਾ ਤੇ ਦਾਦੀ ਸਮੇਤ ਪਟਨੇ ਹੀ ਛੋੜ ਆਏ ਸਨ ਕਿ ਹਾਲੇ ਕੁਛ ਸਮਾਂ ਏਥੇ ਹੀ ਰਹਿਣ। ਲਿਖਿਆ ਹੈ ਕਿ ਗੁਰੂ ਜੀ ਸਾਹਿਬਜ਼ਾਦੇ ਜੀ ਦੀ ਰਾਖੀ ਤੇ ਪਾਲਣਾ ਲਈ ਮਾਮਾ ਕ੍ਰਿਪਾਲ ਚੰਦ, ਦੀਵਾਨ ਮਤੀ ਰਾਮ ਤੇ ਮੁਨਸ਼ੀ ਸਾਹਿਬ ਚੰਦ ਜੀ ਨੂੰ ਪਟਨੇ ਉਨ੍ਹਾਂ ਦੇ ਪਾਸ ਛੋੜ ਗਏ ਸਨ।

ਸੋ ਪਟਨੇ ਵਿਚ ਵਸਦਿਆਂ ਸਾਹਿਬਜ਼ਾਦੇ ਜੀ ਹੁਣ ੭ ਕੁ ਸਾਲ ਦੇ ਯਾ ਕੁਛ ਘੱਟ ਵਰੇਸ ਦੇ ਹੋ ਗਏ ਸਨ, ਹੁਣ ਆਪ ਜੀ ਕਾਹਲੇ ਪੈਂਦੇ ਸਨ ਕਿ ਪਿਤਾ ਜੀ ਪਾਸ ਚਲਣਾ ਹੈ, ਏਸ ਦੇਸ਼ ਵਿਚ ਨਹੀਂ ਰਹਿਣਾ। ਭਾਵੇਂ ਕਿੰਨੇ ਪਿਆਰ ਹੁੰਦੇ ਸਨ, ਸੇਵਾ ਹੁੰਦੀਆਂ ਸਨ, ਪਰ ਆਪ ਜੀ ਪਜਾਰੇ ਪਿਤਾ ਜੀ ਪਾਸ ਜਾਣ ਨੂੰ ਬੜੇ ਓਦਰਦੇ ਤੇ ਕਾਹਲੇ ਪੈਂਦੇ ਸਨ। ਓਧਰੋਂ ਪਿਤਾ ਜੀ ਦਾ ਸੰਦੇਸ਼ਾ ਬੀ ਆ ਗਿਆ, ਤਦ ਪਟਨੇ ਤੋਂ ਕੂਚ ਦੀ ਤਿਆਰੀ ਹੋ ਗਈ। ਹਾਂ ਹੁਣ ਤੁਰਨ ਦੇ ਲਗੇ ਤਿਆਰੇ ਹੋਣ।

ਸ਼ਹਿਰ ਵਿਚ ਜਦ ਖਬਰ ਧੁੰਮ ਗਈ ਕਿ ਸ੍ਰੀ ਮਾਤਾ ਜੀ ਸਾਡੇ ਬਾਲਾ ਪ੍ਰੀਤਮ ਜੀ ਨੂੰ ਨਾਲ ਲੈ ਕੇ ਪੰਜਾਬ ਨੂੰ ਟੁਰਨ ਦੀ ਤਿਆਰੀ ਕਰ ਰਹੇ ਹਨ ਤਾਂ ਸਾਰਿਆਂ ਨੂੰ ਬੜੀ ਉਦਾਸੀ ਤੇ ਦਿਲਗੀਰੀ ਹੋਈ। ਦਿਲਗੀਰੀ ਆਖਦੇ ਹਨ ਮਨ ਦੇ ਚਾਉ ਵਿਚ ਨਾ ਰਹਿਣ ਨੂੰ।

❖❖❖

## ੧੪. ਪ੍ਰੇਮੀਆਂ ਤੋਂ ਵਿਛੋੜੇ।

**ਤੁਰਨ** ਦਾ ਵੇਲਾ ਆ ਗਿਆ, ਪਿਆਰ ਕਰਨ ਵਾਲੇ ਬੜੇ ਉਦਾਸ, ਦਿਲਗੀਰ ਤੇ ਅੱਖਾਂ ਤੋਂ ਅੱਥਰੂ ਕੇਰ ਕੇਰ ਬੜੇ ਘਾਬਰਨ ਲੱਗ ਪਏ।

ਸਭਨਾਂ ਤੋਂ ਵਧੀਕ ਵਿਛੁੜਨ ਦੀ ਪੀੜ ਮੈਣੀ ਫਤੇ ਚੰਦ ਦੀ ਮੈਣਿਆਣੀ ਨੂੰ ਹੋਈ। ਇਹ ਰਾਣੀ ਤਾਂ ਝੱਲੀ ਜੇਹੀ ਹੋਕੇ ਬਾਲਾ ਪ੍ਰੀਤਮ ਨੂੰ ਗੋਦੀ ਵਿਚ ਲੈ ਕੇ ਚੰਬੜ ਗਈ। ਘੁੱਟ ਘੁੱਟ ਕੇ ਗਲੇ ਲਾਵੇ,

ਜਿਵੇਂ ਸੱਕੀ ਮਾਂ ਲਾਉਂਦੀ ਹੈ, ਚਰਨ ਹੱਥ ਵਿਚ ਲੈ ਕੇ ਪਲੋਸੇ, ਅੱਖਾਂ ਨੂੰ ਲਾਵੇ ਤੇ ਚੁੰਮ ਚੁੰਮ ਕੇ ਨਿਹਾਲ ਹੋਵੇ ਹੰਝੂ ਰੋਕੇ, ਪਰ ਅੱਖੀਆਂ ਵਿਚੋਂ ਛਮਾਂ ਛਮ ਹੰਝੂ ਵਗਦੇ ਜਾਣ, ਲੰਮੇ ਲੰਮੇ ਸਾਹ ਆਕੇ ਮੂੰਹੋਂ ਨਿਕਲੇ : ਸਦਕੇ, ਸਾਰੀ ਸਦਕੇ!

ਇਹੋ ਹਾਲ ਫ਼ਤੇ ਚੰਦ ਰਾਜੇ ਦਾ ਹੋਇਆ। ਉਹ ਬੀ ਘੁੱਟ ਘੁੱਟ ਗਲੇ ਲਾਵੇ। ਸਦਕੇ ਹੋਵੇ, ਵਾਰ ਵਾਰ ਚਰਨ ਚੁੰਮੇ।

ਇਸ ਵੇਲੇ ਨਿਆਣੇ ਨਿਆਣੇ ਲਗਦੇ ਤੇ ਬਾਲਾਂ ਵਾਲੇ ਚੋਜ ਕਰਦੇ ਬਾਲਾ ਪ੍ਰੀਤਮ ਜੀ ਐਸੀਆਂ ਗਿਆਨ ਵੈਰਾਗ ਤੇ ਫੇਰ ਪਿਆਰ ਭਰੀਆਂ ਗੱਲਾਂ ਕਰਨ ਲਗੇ, ਜੀਕੂੰ ਕੋਈ ਵਡੀ ਉਮਰਾ ਵਾਲਾ ਕਰਦਾ ਹੈ। ਦੋਹਾਂ ਨੂੰ ਪਿਆਰ ਬੀ ਉਛਲਦਾ ਰਿਹਾ, ਪਰ ਧੀਰਜ ਬੀ ਆ ਗਿਆ। ਤਦੋਂ ਆਪ ਜੀ ਨੇ ਦੋਹਾਂ ਨੂੰ ਆਪਣੀ ਨਿਸ਼ਾਨੀ ਦਿੱਤੀ :-

ਇਕ ਕ੍ਰਿਪਾਨ, ਇਕ ਕਟਾਰ, ਆਪਣੀ ਇਕ ਸਾਰੀ ਪੁਸ਼ਾਕੀ ਦਿੱਤੀ ਤੇ ਆਖਿਆ ਮੈਂ ਤੁਸਾਂ ਦੇ ਕੋਲ ਹੋਸਾਂ, ਪਰ ਜਦੋਂ ਤੁਸਾਂ ਦਾ ਜੀ ਡਾਢਾ ਉਤਾਵਲਾ ਹੋ ਜਾਏ ਦਰਸ਼ਨਾਂ ਨੂੰ, ਤਾਂ ਇਨ੍ਹਾਂ ਵਸਤਾਂ ਦਾ ਦਰਸ਼ਨ ਕਰਨਾ ਤੇ ਮੇਰੇ ਨਾਲ ਖੇਡਣ ਵਾਲੇ ਮੇਰੇ ਸਾਥੀ ਬੱਚਿਆਂ ਨੂੰ ਸਦਵਾਕੇ ਪੂਰੀ ਛੋਲੇ ਖੁਆਉਣੇ, ਉਨ੍ਹਾਂ ਵਿਚ ਤੁਹਾਨੂੰ ਮੇਰੇ ਦਰਸ਼ਨ ਹੋਇਆ ਕਰਨਗੇ*।

ਜਿਸ ਵੇਲੇ ਇਹ ਬਖਸ਼ੀਸ਼ਾਂ ਹੋ ਰਹੀਆਂ ਸਨ ਉਸ ਵੇਲੇ ਪੰਡਿਤ ਤੇ ਰਾਜਾ ਸ਼ਿਵਦੱਤ ਸਿਰ ਨੀਵਾਂ ਕਰਕੇ, ਹੱਥ ਜੁੜੇ, ਖੜਾ ਸਭ ਗੱਲਾਂ ਦੇਖ ਰਿਹਾ ਸੀ। ਅੱਖਾਂ ਵਿਚ ਮੋਤੀਆਂ ਵਰਗੇ ਅੱਥਰੂ ਭਰਦੇ ਸਨ ਤੇ

---

*ਸੋ ਵੇਖੋ ਭਾਈ ਰਾਜਾ ਫਤੇ ਚੰਦ ਤੇ ਉਸ ਦੀ ਰਾਣੀ ਨੇ ਆਪ ਜੀ ਦੇ ਚਲੇ ਜਾਣ ਮਗਰੋਂ ਇਸੇ ਤਰ੍ਹਾਂ ਕੀਤਾ। ਸਗੋਂ ਜਿਸ ਵਡੇ ਸੁਹਣੇ ਦਲਾਨ ਵਿਚ ਸਾਹਿਜ਼ਾਦੇ ਅਰਾਮ ਕਰਿਆ ਕਰਦੇ ਸਨ, ਉਸ ਨੂੰ ਗੁਰਦੁਆਰਾ ਬਣਾ ਦਿੱਤਾ। ਫੇਰ ਰਾਜਾ ਤੇ ਰਾਣੀ ਆਨੰਦਪੁਰ ਸਾਹਿਬ ਬੀ ਆਏ ਸਨ, ਤਦੋਂ ਆਪ ਜੀ ਨੇ ਇਨ੍ਹਾਂ ਨੂੰ ਇਕ ਪਵਿਤ੍ਰ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀ ਦਿੱਤੀ ਸੀ। ਸਾਰੀਆਂ ਵਸਤਾਂ ਦੇ ਦਰਸ਼ਨ ਇਥੇ ਇਕਾਦਸ਼ੀ ਨੂੰ ਹੁੰਦੇ ਹਨ।

ਡੁਲ੍ਹਦੇ ਸਨ, ਬੁੱਲ੍ਹ ਫੜਕਦੇ ਸਨ, ਪਰ ਚੁਪ ਸਨ। ਤਦ ਆਪ ਨੇ ਡਿੱਠਾ ਤੇ ਉਸ ਨੂੰ ਜੱਫੀ ਪਾ ਕੇ ਘੁੱਟਕੇ ਮਿਲੇ, ਆਖਣ ਲਗੇ : ਸ਼ਿਵਦੱਤ! ਤੈਨੂੰ ਤੇਰੇ ਸਵੇਰੇ ਦੀ ਪੂਜਾ ਸਮੇਂ ਦਰਸ਼ਨ ਹੋਯਾ ਕਰਨਗੇ। ਤੇਰੀ ਕਲਜਾਣ। ਜਿਸ ਦਾ ਅਰਥ ਇਹ ਸੀ ਕਿ ਤੇਰਾ ਏਸ ਦੁਨੀਆ ਵਿਚ ਬੀ ਤੇ ਅਗਲੀ ਵਿਚ ਬੀ ਭਲਾ ਹੋਵੇਗਾ।

ਫੇਰ ਆ ਗਿਆ ਜਗਤਾ ਸੇਠ। ਏਸ ਨੇ ਸਾਹਿਬਜ਼ਾਦੇ ਜੀ ਦੇ ਸਫਰ ਦਾ ਸਾਰਾ ਬਾਨ੍ਹਣੂ ਬੰਨ੍ਹ ਦਿੱਤਾ ਸੀ। ਹਰ ਸ਼ਹਿਰ ਵਿਚ, ਜੋ ਰਸਤੇ ਵਿਚ ਪੈਂਦੇ ਸਨ, ਜਿਥੇ ਜਿਥੇ ਇਸ ਦੀ ਕੋਠੀ ਸੀ, ਇਸਦੇ ਹੁਕਮ ਚਲੇ ਗਏ ਸਨ ਕਿ ਸਾਹਿਬਜ਼ਾਦੇ ਜੀ ਤੇ ਸਾਰੇ ਸਾਥ ਲਈ ਉਤਾਰੇ, ਰਹਿਣ; ਤੇ ਟੁਰਨ ਦੇ ਸਾਮਾਨ ਆਦਰ ਤੇ ਅਦਬ ਵਾਲੇ ਹੋ ਜਾਣ। ਸਭ ਥਾਂ ਖਾਤਰ ਹੋਵੇ।

ਹੁਣ ਉਹ ਵਿਦੈਗੀ ਦੇ ਦਰਸ਼ਨਾ ਲਈ ਆਇਆ। ਜਦੋਂ ਕੋਈ ਪਿਆਰਾ ਟੁਰਨ ਲਗੇ ਤਾਂ ਉਸਨੂੰ ਜਿਸ ਪਜਾਰ ਤੇ ਸੁਹਣੇ ਦਿਲ ਨਾਲ ਟੋਰੀਦਾ ਹੈ, ਉਸਨੂੰ ਵਿਦੈਗੀ ਆਖੀਦਾ ਹੈ। ਸਾਹਿਬਜ਼ਾਦੇ ਜੀ ਜਗਤੇ ਸੇਠ ਨੂੰ ਆਖਣ ਲਗੇ ਤੂੰ ਧੰਨ ਹੋ ਗਿਆ, ਜਿਸਨੇ ਸਾਰੇ ਪ੍ਰਬੰਧ ਕਰ ਦਿੱਤੇ ਹਨ, ਤੂੰ ਮੇਰੇ ਬਾਬਲ ਦੇ ਹੁਕਮ ਵਿਚ ਕੀਤਾ ਹੈ ਸਭੋ ਕੁਛ, ਉਸ ਬ਼ਾਬਲ ਨੇ ਪੂਰੇ ਪਰਵਾਨੇ ਘੱਲਕੇ ਮੈਨੂੰ ਜਗਤ ਵਿਚ ਟੋਰਿਆ ਸੀ। ਗੁਰੂ ਜੀ ਇਸ ਵੇਲੇ ਆਪਣੇ ਰੱਬ ਜੀ ਨੂੰ ਬਾਬਲ ਆਖ ਰਹੇ ਸਨ।

ਸੇਠ ਨੇ ਦਰਸ਼ਨ ਦੀ ਦਾਤ ਮੰਗੀ ਤਾਂ ਬਾਲਾ ਪ੍ਰੀਤਮ ਜੀ ਨੇ ਕਿਹਾ : ਗੁਰਦੁਆਰੇ ਅੰਮ੍ਰਿਤ ਵੇਲੇ ਦੀਵਾਨ ਵਿਚ ਰੋਜ਼ ਜਾਯਾ ਕਰਨਾ ਓਥੇ ਤੁਹਾਨੂੰ ਸਾਧ ਸੰਗਤ ਦੇ ਦਰਸ਼ਨ ਵਿਚ ਮੇਰੇ ਦਰਸ਼ਨ ਹੋਇਆ ਕਰਨਗੇ। ਅੰਤ ਨੂੰ ਮੁਕਤੀ ਪਾਏਂਗਾ, ਤੂੰ ਵਾਹਿਗੁਰੂ ਜੀ ਪਾਸ ਸੁਖਾਂ ਨਾਲ ਜਾਏਂਗਾ।

ਫੇਰ ਆ ਗਏ ਨਵਾਬ ਰਹੀਮ ਬਖਸ਼ ਕਰੀਮ ਬਖਸ਼। ਇਹਨਾਂ ਨੂੰ ਦਿਲਗੀਰ ਦੇਖਕੇ ਬਾਲਾ ਪ੍ਰੀਤਮ ਜੀ ਨੇ ਕਿਹਾ ਕੁਛ ਮੰਗੋ! ਤਾਂ ਬੋਲੇ : ਦਰਸ਼ਨ ਦਾਤ। ਆਪ ਬੋਲੇ : ਤੁਸਾਂ ਨੂੰ ਗੁਰੂ ਪਿਤਾ ਜੀ ਜੋ

ਜਪੁਜੀ ਸਾਹਿਬ ਬਖਸ਼ ਗਏ ਹਨ, ਉਸ ਦੇ ਭੋਗ ਸਮੇਂ ਦਰਸ਼ਨ ਹੋਇਆ ਕਰਨਗੇ। ਰੋਜ਼ ਪਾਠ ਕਰਿਆ ਕਰਨਾ।

ਜੈਤੇ ਭਗਤ ਨੇ, ਜੋ ਗੁਰੂ ਨੌਵੇਂ ਪਾਤਸ਼ਾਹ ਦਾ ਬਖਸ਼ਿਆ ਹੋਇਆ ਉਚਾ ਸਿਖ ਸੀ, ਬੀ ਦਰਸ਼ਨ ਦੀ ਦਾਤ ਮੰਗੀ। ਬਾਲਾ ਪ੍ਰੀਤਮ ਜੀ ਸੁਣਕੇ ਹੱਸ ਪਏ ਤੇ ਮਿੱਠੀ ਵਾਜ ਵਿਚ ਬੋਲੇ: ਜੈਤਾ ਭਗਤ! ਤੇਰੇ ਵਿਚ ਦਰਸ਼ਨ ਵਸਦੇ ਹਨ, ਜੇ ਹੋਰ ਪਜਾਰ ਉਠੇ ਤਾਂ ਨਿਤਨੇਮ ਵੇਲੇ ਤੈਨੂੰ ਮੇਰੇ ਰੂਪ ਦਾ ਝਲਕਾ ਵਜਿਆ ਕਰੇਗਾ।

ਫਿਰ ਸਾਰੀ ਸੰਗਤ ਵਲੋਂ ਅਰਦਾਸ ਹੋਈ ਤਾਂ ਆਪ ਬੋਲੇ ਸਾਧ ਸੰਗਤ ਜੀ ਮੇਰੇ ਸਰੀਰ ਦਾ ਦਰਸ਼ਨ ਚਾਹੋ ਤਾਂ ਮੈਂ ਪੰਘੂੜੀ* ਛੋੜ ਚਲਿਆ ਹਾਂ, ਜਿਸ ਦਾ ਜੀ ਉਮਲੇ ਦਰਸ਼ਨ ਕਰ ਲਿਆ ਕਰਨਾ। ਪਰ ਜੇ ਮੇਰੇ ਆਤਮਾ ਦਾ ਦਰਸ਼ਨ ਚਾਹੋ ਤਾਂ ਰੋਜ਼ ਗੁਰਦੁਆਰੇ ਵਿਚ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਕੇ ਦਿਲ ਜੋੜਕੇ ਸ਼ਬਦ ਵਿਚ ਸੁਰਤ ਪ੍ਰੋ ਲਿਆ ਕਰੋ, ਤਦ ਤੁਸਾਨੂੰ ਆਪਣੇ ਮਨ ਵਿਚ ਦਰਸ਼ਨ ਹੋਇਆ ਕਰਨਗੇ। ਇਹ ਦਰਸ਼ਨ ਸਦਾ ਲਈ ਸਭ ਜੋਗੇ ਹਨ। ਜਦੋਂ ਕੋਈ ਚਾਹੇ ਇਹ ਦਰਸ਼ਨ ਹੋ ਜਾਇਆ ਕਰਨਗੇ।

❖❖❖

## ੧੫. ਦਾਨਾ ਪੁਰ।

**ਗੱਲ** ਕੀ, ਇਸ ਪ੍ਰਕਾਰ ਬਾਲਕੇ ਪਰ ਦਾਨੇ ਬਾਲਾ ਪ੍ਰੀਤਮ ਜੀ, ਸ੍ਰੀ ਮਾਤਾ ਜੀ, ਸ੍ਰੀ ਦਾਦੀ ਜੀ, ਸ੍ਰੀ ਮਾਮਾ ਜੀ, ਸਾਰੇ ਹੋਰ ਮੁਨਸ਼ੀ ਆਦਿ ਸੇਵਕਾਂ ਨੂੰ ਨਾਲ ਲੈ ਕੇ ਪਟਨੇ ਤੋਂ ਵਿਦਾ ਹੋਏ।

ਬਾਲਾ ਪ੍ਰੀਤਮ ਪਾਲਕੀ ਤੇ ਸਵਾਰ ਹੋਏ। ਦੋਵੇਂ ਮਾਤਾ ਜੀ ਡੋਲਿਆਂ ਵਿਚ ਤੇ ਹੋਰ ਸਾਥ ਬਹਿਲੀਆਂ ਵਿਚ ਸਵਾਰ ਹੋ ਕੇ ਟੁਰ ਪਏ।

ਪਹਿਲੀ ਮੰਜਲ ਦਾਨਾ ਪੁਰ ਪਈ। ਸਾਰੀ ਸੰਗਤ ਇਥੋਂ ਤਕ ਨਾਲ ਆਈ। ਇਹ ਥਾਂ ਪਟਣੇ ਤੋਂ ਬਾਰਾ ਕੁ ਕੋਹ ਹੋਸੀ। ਇਸ ਥਾਂ ਇਕ ਗੁਰੂ ਘਰ ਦੀ ਪ੍ਰੇਮਣ ਮਾਈ ਵਸਦੀ ਸੀ। ਇਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪਟਨੇ ਜਾਂਦਿਆਂ ਆਉਂਦਿਆਂ ਇਕ ਮਿੱਟੀ ਦੀ ਹਾਂਡੀ

*ਦੱਸੀਦਾ ਹੈ ਕਿ ਪੰਘੂੜਾ ਅਜੇ ਤਕ ਪਟਨੇ ਵਿਚ ਹੈ ਤੇ ਦਰਸ਼ਨ ਹੁੰਦੇ ਹਨ।

ਵਿਚ ਖਿੱਚੜੀ ਰਿੰਨ੍ਹਕੇ ਪ੍ਰੇਮ ਨਾਲ ਛਕਾਈ ਸੀ। ਉਹ ਹਾਂਡੀ ਇਸ ਨੇ ਅਦਬ ਨਾਲ ਸਾਂਭ ਰਖੀ ਸੀ ਕਿ ਇਸ ਨਿਮਾਣੀ ਵਿਚੋਂ ਰਿੱਧੀ ਗਈ ਖਿੱਚੜੀ ਮੇਰੇ ਦੀਨ ਦੁਨੀ ਦੇ ਪਾਤਸ਼ਾਹ ਨੇ ਛਕੀ ਹੈ। ਅੱਜ ਫੇਰ ਉਸ ਨੇ ਸੰਗਤ ਨੂੰ ਦਾਲ ਰੋਟੀ ਭਾਜੀ ਖੁਆਈ, ਪਰ ਸਾਹਿਬਜ਼ਾਦੇ ਜੀ ਨੂੰ ਉਸੇ ਹਾਂਡੀ ਵਿਚ ਰਿੰਨ੍ਹਕੇ ਖਿੱਚੜੀ ਖੁਆਈ। ਜੋ ਧੁਰਾਂ ਦੇ ਰੱਜੇ ਪ੍ਰੀਤਮ ਨੇ ਬੜੇ ਸੁਆਦ ਨਾਲ ਛਕੀ ਤੇ ਪਿਆਰ ਵਾਲੀ ਪ੍ਰੋਤੀ ਮਾਈ ਨੂੰ ਮੁਕਤੀ ਦਾ ਦਾਨ ਦਿੱਤਾ। ਅਗਲੇ ਦਿਲ ਸਾਹਿਬਜ਼ਾਦੇ ਜੀ ਅਗੇ ਤੁਰਨ ਨੂੰ ਤਿਆਰ ਹੋਏ। ਪਟਣੇ ਤੋਂ ਨਾਲ ਆਈ ਸੰਗਤ ਨੂੰ ਮੁੜ ਕੇ ਪਿਆਰ ਕਰਦੇ, ਅਸੀਸਾਂ ਤੇ ਵਰ ਦਾਨ ਦੇਂਦੇ ਰਹੇ। ਸਾਰੇ ਸਿੱਖ ਹੱਥ ਬੰਨ੍ਹੀ ਖੜੇ ਨੈਣਾਂ ਤੋਂ ਛਮ ਛਮ ਮੀਂਹ ਵਸਾਂਦੇ, ਸ਼ਰਧਾ ਤੇ ਪਿਆਰ ਵਿਚ ਖੜੇ ਸਨ, ਜਦ ਆਪ ਜੀ ਤੁਰ ਪਏ ਐਉਂ ਜਿਕੂੰ ਫੁਲਾਂ ਵਿਚੋਂ ਖੁਸ਼ਬੋਈ ਉਠ ਟੁਰਦੀ ਹੈ।

ਜਦ ਸਾਹਿਬਜ਼ਾਦੇ ਜੀ ਦੂਰ ਨਿਕਲ ਗਏ ਤੇ ਸਾਥ ਸਣੇ ਓਹਲੇ ਹੋ ਗਏ ਤਾਂ ਸੰਗਤ ਪਟਣੇ ਨੂੰ ਮੁੜ ਪਈ, ਧੰਨ ਧੰਨ ਆਖਦੀ ਤੇ ਵਾਹਿਗੁਰੂ ਵਾਹਿਗੁਰੂ ਜਪਦੀ। ਮਾਈ ਨੇ ਆਪਣੇ ਘਰ ਨੂੰ ਗੁਰਦੁਆਰਾ ਬਣਾ ਦਿੱਤਾ, ਜਿਸ ਨੂੰ ਹੁਣ ਤਾਂਈਂ 'ਹਾਂਡੀ ਵਾਲੀ ਸੰਗਤਿ' ਆਖਦੇ ਹਨ।

❖❖❖

## ੧੬. ਕਾਂਸ਼ੀ।

**ਦਾਨਾ** ਪੁਰ ਤੋਂ ਚੱਲ ਕੇ ਅਨੇਕ ਸ਼ਹਿਰੀ ਉਤਾਰਾ ਕਰਦੇ ਕਦੇ ਇਕ ਰਾਤ, ਕਦੇ ਦੋ ਦੋ ਤ੍ਰੈ ਤ੍ਰੈ ਰਾਤਾਂ ਰਸਤੇ ਵਿਚ ਮੁਕਾਮ ਕਰਦੇ ਸਾਰੇ ਸਾਥੀਆਂ ਸਣੇ ਸਫਰ ਕਰਦੇ ਰਹੇ। ਸਫਰ ਕਰਦੇ ਜਦ ਕਿਸੇ ਥਾਂ ਕੁਛ ਚਿਰ ਰਹਿ ਪਈਏ ਉਸਨੂੰ ਮੁਕਾਮ ਕਰਨਾ ਆਖੀਦਾ ਹੈ। ਗੁਰੂ ਮਹਾਰਾਜ ਜੀ ਦੀ ਸਿੱਖੀ ਸੇਵਕੀ ਦਾ ਪ੍ਰਚਾਰ ਤਦੋਂ ਸਾਰੇ ਦੇਸ਼ ਵਿਚ ਸੀ। ਹਰ ਜਗ੍ਹਾ ਲੋਕੀ ਦਰਸ਼ਨਾਂ ਨੂੰ ਆਉਂਦੇ ਤੇ ਸਾਹਬਿਜ਼ਾਦੇ ਜੀ ਨੂੰ ਮਿਲਕੇ ਖੁਸ਼ ਪ੍ਰਸੰਨ ਹੁੰਦੇ। ਹਰ ਥਾਂ ਦੀਵਾਨ ਸਜਦੇ, ਕਥਾ ਕੀਰਤਨ ਬੀ ਹੁੰਦੇ। ਸੰਗਤਾਂ

ਨਿਹਾਲ ਹੁੰਦੀਆਂ। ਸਾਹਿਬਜ਼ਾਦੇ ਜੀ ਦੀ ਛੋਟੀ ਉਮਰ, ਵਡੀ ਚੜ੍ਹਤ ਬੜ੍ਹਤ ਤੇ ਸੁਹਣੇ ਬਚਨ ਸੁਣ ਕੇ, ਇਸੇ ਉਮਰੇ ਬਖਸ਼ਸ਼ਾ ਕਰਦੇ, ਰੱਬ ਬਾਬਲ ਜੀ ਦੀਆਂ ਗੱਲਾਂ ਕਰਦੇ, ਸੁਣ ਸੁਣ ਕੇ ਸਿਖਾਂ ਸੇਵਕਾਂ ਦੇ ਦਿਲ ਖਿੜ ਜਾਂਦੇ।

ਇਸ ਤਰ੍ਹਾਂ ਚੱਲਕੇ 'ਕਾਂਸ਼ੀ' ਪਹੁੰਚੇ*। ਇਹ ਪੁਰਾਤਨ ਸਮਿਆਂ ਦਾ ਬੜਾ ਤੀਰਥ ਹੈ। ਗੰਗਾ, ਜੋ ਹਰਦੁਆਰ ਵਗਦੀ ਹੈ ਤੇ ਜੋ ਪਟਣੇ ਵਗਦੀ ਸੀ, ਉਹੀ ਗੰਗਾ ਕਾਂਸ਼ੀ ਦੇ ਹੇਠੋਂ ਵਗਦੀ ਲੰਘਦੀ ਹੈ। ਕਾਂਸ਼ੀ ਤੋਂ ਹੀ ਗੰਗਾ ਪਟਨੇ ਜਾਂਦੀ ਹੈ ਕਾਂਸ਼ੀ ਗੰਗਾ ਦੇ ਉਰਾਰਲੇ ਕਿਨਾਰੇ ਹੈ, ਜਿਵੇਂ ਪਟਨਾ ਹੈ।

ਕਾਂਸ਼ੀ ਵਿਚ ਅਗੇ ਹੀ ਗੁਰੂ ਕੇ ਟਿਕਾਣੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਏਥੇ ਚਰਨ ਪਾ ਗਏ ਸਨ। ਸੋ ਉਸੇ ਥਾਂ ਸਾਹਿਬਜ਼ਾਦੇ ਜੀ ਆ ਟਿਕੇ, ਓਥੇ ਜਿਥੇ ਨੌਵੇਂ ਗੁਰੂ ਜੀ ਟਿਕੇ ਸਨ, ਕੋਈ ਸੱਤ ਮਹੀਨੇ ਤੋਂ ਉਪਰ। ਉਥੇ ਆਪ ਜੀ ਦੀ 'ਤਪ ਗੁਫ਼ਾ' ਬੀ ਹੈ, ਤੇ ਜੋ ਹੁਣ ਗੁਰਦੁਆਰਾ ਹੈ। ਏਥੇ ਬਹੁਤ ਦਿਨ ਰਹੇ। ਇਸ ਨਗਰ ਦੇ ਆਲੇ ਦੁਆਲੇ ਸਿਖੀ ਸੇਵਕੀ ਬਹੁਤ ਸੀ, ਸੰਗਤਾਂ ਹੁਮ ਹੁਮਾ ਕੇ ਦਰਸ਼ਨਾਂ ਨੂੰ ਆਈਆਂ। ਸਭ ਦਰਸ਼ਨ ਕਰਕੇ ਤੇ ਬਚਨ ਸੁਣ ਕੇ ਨਿਹਾਲ ਹੋਈਆਂ। ਸਤਿਸੰਗ ਦਾ ਸਮਾਗਮ, ਕਥਾ, ਕੀਰਤਨ ਬੜੇ ਸੁਹਣੇ ਪ੍ਰਭਾਉ ਨਾਲ ਹੁੰਦਾ ਸੀ।

'ਪ੍ਰਭਾਉ' ਹੁੰਦਾ ਹੈ ਜੋ ਕੀਰਤਨ ਕਥਾ ਸੁਣਕੇ ਯਾ ਕੋਈ ਭਲਾ ਦਰਸ਼ਨ ਕਰਕੇ ਮਨ ਉਤੇ ਸੁਆਦ ਸੁਆਦ ਜਿਹਾ ਭਾਸਣ ਲਗ ਜਾਂਦਾ ਹੈ।

ਜਦੋਂ ਦੀਵਾਨ ਸਜਦਾ ਤੇ ਸਾਹਿਬਜ਼ਾਦੇ ਜੀ ਵਿਚ ਬੈਠਦੇ ਤਾਂ ਸਿਖ ਸੇਵਕ ਆਕੇ ਭੇਟਾ ਅੱਗੇ ਧਰਦੇ। ਆਪ ਆਪਣੇ ਦਸਵੰਧ, ਜੋ ਕੱਠੇ ਕਰ ਰਖੇ ਹੁੰਦੇ ਸਨ, ਲਿਆ ਕੇ ਚਰਨਾਂ ਵਿਚ ਰਖ ਦੇਂਦੇ। ਭੇਟਾ ਹੁੰਦੀ ਹੈ ਉਹ ਜੋ ਸੰਤਾਂ ਯਾ ਗੁਰੂ ਜੀ ਨੂੰ ਅਦਬ ਨਾਲ ਦੇਈਦਾ ਹੈ। ਦਸਵੰਧ ਹੁੰਦਾ ਹੈ

---

*ਇਉਂ ਭੀ ਲਿਖਿਆ ਮਿਲਦਾ ਹੈ ਕਿ ਕਾਸ਼ੀ ਮੁਕਾਮ ਕਰਨ ਤੋਂ ਪਹਿਲੇ ੩ ਦਿਨ ਮੁਕਾਮ ਛੋਟੇ ਮਿਰਜ਼ਾ ਪੁਰ ਪਿਆ, ਜੋ ਥਾਉਂ ਕਿ ਕਾਸ਼ੀ ਤੋਂ ਤ੍ਰੈ ਕੁ ਕੋਹ ਗੰਗਾ ਤੋਂ ਪਾਰ ਹੈ, ਇਹ ਬੀ ਖਯਾਲ ਹੈ ਕਿ ਕਾਸ਼ੀ ਤੋਂ ਏਥੇ ਸੈਰ ਕਰਨ ਗਏ ਸਨ। ਏਥੇ ਗੁਰੂ ਕਾ ਬਾਗ਼ ਹੈ।

ਆਪਣੀ ਖੱਟੀ ਦਾ ਦਸਵਾਂ ਹਿੱਸਾ ਅਰਥਾਤ ਦਸ ਰੁਪੈ ਪਿੱਛੇ ਇਕ ਰੁਪਯਾ ਗੁਰੂ ਜੀ ਨੂੰ ਭੇਟਾ ਕਰਨੀ।

(ਦਾਤੇ ਦੀ ਖੁਸ਼ੀ ਵਿਚ ਖੁਸ਼ੀ)

ਭਾਈ ਗੁਰਦਾਸ, ਜੋ ਪਹਿਲੇ ਗੁਰੂ ਸਾਹਿਬਾਂ ਦੇ ਵੇਲੇ ਬੜੇ ਗੁਰ ਸਿੱਖ ਹੋਏ ਹਨ, ਏਸ ਦੇਸ਼ ਵਿਚ ਸਿਖੀ ਦਾ ਪ੍ਰਚਾਰ ਕਰਨ ਆਏ ਸਨ। ਓਹ ਤਦੋਂ ਇਸ ਨਗਰ ਦੇ ਲਾਗੇ ਸੰਗਤ ਕਾਇਮ ਕਰ ਗਏ ਸਨ। ਜਿਸ ਦਾ ਮੁਖੀਆ ਯਾ ਆਗੂ ਅਜ ਕਲ ਭਾਈ ਗੁਰਬਖਸ਼ ਸੀ। ਉਹ ਆਪਣੇ ਪਾਸੇ ਦੇ ਸਿਖ ਨਾਲ ਲੈ ਕੇ ਤੇ ਸੁਹਣੀਆਂ ਭੇਟਾਂ ਲੈ ਕੇ ਆ ਗਿਆ। ਸਾਰੇ ਭੇਟਾ ਅੱਗੇ ਰਖ ਕੇ ਮੱਥਾ ਟੇਕ ਕੇ ਗੁਰੂ ਕੀਆਂ ਖੁਸ਼ੀਆਂ ਲੈ ਕੇ ਜਦ ਬੈਠ ਗਏ ਤਾਂ ਦੀਵਾਨ ਵਿਚ ਕੁਛ ਗਰੀਬ ਤੇ ਲੋੜਵੰਦ ਆ ਗਏ। ਉਹਨਾਂ ਵੱਲ ਤੱਕ ਕੇ ਬਾਲਾ ਪ੍ਰੀਤਮ ਦਾ ਸਦਾ ਖਿੜਿਆ ਚਿਹਰਾ ਕੁਛ ਉਦਾਸ ਜਿਹਾ ਹੋ ਗਿਆ। ਪਰ ਫੇਰ ਖਿੜ ਪਏ ਤੇ ਲਾਡ ਜਿਹੇ ਵਿਚ ਉਠੇ, ਜੋ ਜੋ ਸ਼ੈ ਤੇ ਨਕਦੀ ਅਰਥਾਤ ਪੈਸੇ ਰੁੱਪਯੇ ਆਏ ਅੱਗੇ ਪਏ ਸੀ ਚੁਕੇ ਤੇ ਆਏ ਲੋੜਵੰਦਾਂ ਨੂੰ ਵੰਡ ਦਿਤੇ।

ਹੁਣ ਤੁਸੀਂ ਵੇਖੋ ਕਿ ਇਸ ਉਮਰੇ ਹੀ ਆਪ ਦੀ ਅੱਖ ਕੇਡੀ ਸਿਆਣ ਵਾਲੀ ਸੀ। ਕਿਵੇਂ ਲੋੜਵੰਦਾਂ ਨੂੰ ਪਛਾਣ ਗਏ। ਦਿਲ ਕੇਡਾ ਵਡਾ ਤੇ ਕੇਡਾ ਨਰਮ ਸੀ ਕਿ ਉਹਨਾਂ ਦੇ ਦੁਖ ਨਾਲ ਉਦਾਸ ਹੋ ਗਏ। ਬਹਾਦਰ ਕੇਡੇ ਸਨ ਕਿ ਓਸੇ ਵੇਲੇ ਉਠਕੇ ਸਾਰਾ ਕੁਛ ਚੁਕ ਕੇ ਵੰਡ ਦਿਤਾ, ਨਾ ਆਪਣਾ ਲਾਲਚ ਫੁਰਿਆ, ਨਾ ਇਹ ਸੰਗ ਆਈ ਕਿ ਲਿਆਉਣ ਵਾਲੇ ਕੀਹ ਆਖਣਗੇ ਕਿ ਅਸੀਂ ਚਾ ਨਾਲ ਲਿਆਏ ਤੇ ਇਹਨਾਂ ਵਾਸਤੇ ਲਿਆਏ, ਇਹਨਾਂ ਨੇ ਵੇਖੋ ਸਾਡੀ ਭਾਵਨਾ ਪੂਰੀ ਨਾ ਕੀਤੀ; ਆਪ ਨਾ ਰਖਿਆ ਕੁਛ ਬੀ, ਤੇ ਕੰਗਲਿਆਂ ਨੂੰ ਵੰਡ ਕਰ ਦਿਤੀ।

ਗੁਰਬਖਸ਼ ਨੂੰ ਸੰਗਤ ਨੇ ਤੇ ਗੁਰਬਖਸ਼ ਨੇ ਆਪ ਨੂੰ ਕਿਹਾ- ਸੁਹਣੇ ਮਾਲਕ ਜੀਉ ਬੜੇ ਪੇਮ ਦੀ ਭੇਟਾ ਹੈ, ਕੁਛ ਤਾਂ ਅੰਗੀਕਾਰ ਆਪ ਬੀ ਕਰੋ।

'ਅੰਗੀਕਾਰ' ਹੁੰਦਾ ਹੈ ਲੈ ਲਓ। ਜਦੋਂ ਵਡੇ ਨੂੰ ਕਹੀਦਾ ਹੈ ਲੈ ਲਓ ਤਾਂ ਆਖੀਦਾ ਹੈ 'ਜੀ ਅੰਗੀਕਾਰ ਕਰੋ'।

ਉਹ ਬੱਚੇ ਲਗਦੇ ਦਾਤਾ ਜੀ ਬੋਲੇ-ਗੁਰਬਖਸ਼ ਤੁਸੀਂ ਤੇ ਸੰਗਤ ਜੋ ਕੁਛ ਲਿਆਏ, ਮੈਨੂੰ ਲੈ ਕੇ ਖੁਸ਼ੀ ਹੋਈ, ਪਰ ਮੈਨੂੰ ਦੇਕੇ ਬਹੁਤ ਖੁਸ਼ੀ ਹੋਈ। ਜੀਕੂੰ ਮੈਂ ਤੁਹਾਡੀ ਖੁਸ਼ੀ ਵਿਚ ਲੈ ਕੇ ਖੁਸ਼ੀ ਮਨਾਈ ਤੁਸੀਂ ਮੇਰੇ ਦੇਕੇ ਖੁਸ਼ੀ ਹੋਣ ਦੀ ਖੁਸ਼ੀ ਵਿਚ ਖੁਸ਼ੀ ਮਨਾਓ।

ਇਹ ਉਤਰ ਸੁਣਕੇ ਕੀਹ ਗੁਰਬਖਸ਼ ਤੇ ਕੀਹ ਆਈ ਸੰਗਤ ਕੀਹ ਹੋਰ ਦੇਖਣ ਵਾਲੇ ਤੇ ਕੀਹ ਦਾਤਾਂ ਲੈਣ ਵਾਲੇ ਸਾਰੇ ਹੱਕੇ ਬੱਕੇ ਰਹਿ ਗਏ ਕਿ ਇਹ ਬਾਲਕ ਲਗਦੇ ਗੁਰੂ ਕੇ ਬੇਟੇ ਕਿੱਡੀ ਉੱਚੀ ਸੁੱਚੀ ਦਨਾਈ ਤੇ ਵਿਸਮਾਦੀ ਪੱਖ ਦੀ ਗੱਲ ਕਰ ਗਏ ਹਨ, ਜੋ ਦਾਨਾਈ ਵਿਚ ਬੀ ਚਾਲੀ ਸੇਰੀ ਹੈ।

ਜੋ ਗੱਲ ਪੂਰੀ ਪੂਰੀ ਠੀਕ ਹੋਵੇ ਉਸ ਨੂੰ 'ਚਾਲੀ ਸੇਰੀ' ਆਖਦੇ ਹਨ, ਕਿਉਂਕਿ ਮਣ ਚਾਲੀ ਸੇਰ ਦਾ ਹੁੰਦਾ ਹੈ। ਜੋ ਗੱਲ ਅਕਲ ਤੋਂ ਬੀ ਉਚੀ ਹੋਵੇ ਉਸ ਨੂੰ ਵਿਸਮਾਦੀ ਆਖੀਦਾ ਹੈ।

ਇਹ ਗੱਲ ਜੋ ਗੁਰੂ ਨੰਦਨ ਜੀ ਨੇ ਆਖੀ ਹਰ ਸਮੇਂ ਹਰ ਭੇਟਾ ਅਰਪਨ ਵਾਲੇ ਲਈ ਚਾਨਣਾ ਪਾਉਣ ਵਾਲੀ ਹੈ ਕਿ ਜੋ ਸ਼ੈ ਅਸਾਂ ਅਰਪ ਦਿਤੀ ਹੈ, ਅਰਥਾਤ ਭੇਟਾ ਕਰ ਦਿਤੀ ਹੈ ਤਦ ਜਿਸ ਨੂੰ ਭੇਟਾ ਕੀਤੀ ਉਸ ਦੀ ਹੋ ਗਈ। ਹੁਣ ਜੇ ਉਹ ਆਪ ਵਰਤ ਕੇ ਖੁਸ਼ ਹੁੰਦਾ ਹੈ ਤਾਂ ਚੰਗਾ ਤੇ ਜੇ ਵਰਤਾਕੇ ਅਤੇ ਦੇਕੇ ਖੁਸ਼ੀ ਮਨਾਉਂਦਾ ਹੈ ਤਾਂ ਅਸੀਂ ਉਸ ਵਿਚ ਖੁਸ਼ ਹੋ ਜਾਈਏ। ਕਿਉਂਕਿ ਖੁਸ਼ੀ ਨਾਲ ਅਸਾਂ ਭੇਟਾ ਕੀਤੀ ਸੀ, ਖੁਸ਼ੀ ਵੇਖੀ ਅਸਾਂ। ਜੇ ਵੰਡ ਕੇ ਉਹ ਲੈਣ ਵਾਲਾ ਖੁਸ਼ ਹੈ ਤਾਂ ਸਾਡੀ ਚਾਹ ਪੂਰੀ ਹੋ ਗਈ ਕਿ ਉਹ ਖੁਸ਼ ਹੋ ਗਿਆ।

(ਇਕ ਕੰਗਾਲ)

ਇਕ ਦਿਨ ਇਕ ਅਤਿ ਗਰੀਬ ਕੰਗਾਲਾ ਆ ਗਿਆ। ਉਸ ਨੂੰ ਆਪ ਜੀ ਨੇ ਬਹੁਤ ਕੁਛ ਦੇ ਕੇ ਉਸਦਾ ਦਰਿਦ੍ਰ ਦੂਰ ਕਰ ਦਿਤਾ।

❖❖❖

# ੧੭. ਪੰਡਤਾਈ।

**ਇਕ** ਦਿਨ ਦੀਵਾਨ ਵਿਚ ਇਕ ਕਾਂਸ਼ੀ ਦਾ ਕਰਮਾਕਾਰੀ, ਬੜਾ ਪੜਿਆ ਹੋਇਆ, ਪੰਡਤ ਆ ਗਿਆ; ਉਸ ਨੇ ਆਪ ਦੇ ਦਾਨ ਦੇਣ ਤੇ ਚਤੁਰਾਈ ਦੀਆਂ ਗੱਲਾਂ ਸੁਣੀਆਂ ਸਨ, ਪਰਤਾਵਾ ਲੈਣ ਆ ਗਿਆ ਕਿ ਦੇਖਾਂ ਸੱਚ ਹਨ ਕਿ ਨਹੀਂ।

ਕਰਮਾਂ-ਕਾਰੀ ਆਖਦੇ ਹਨ, ਉਸ ਆਦਮੀ ਨੂੰ ਜੋ ਸ਼ਾਸਤ੍ਰਾਂ ਵਿਚ ਲਿਖੇ ਕਰਮ ਯਾ ਕੰਮ ਕਰਦਾ ਹੈ।

ਪੰਡਿਤ ਨੇ ਪ੍ਰਸ਼ਨ ਕਰ ਦਿਤਾ ਕਿ ਹੇ ਗੁਰੂ ਨੰਦਨ ਜੀਓ! ਆਪ ਦੇ ਪਿਤਾ ਪਿਤਾਮਾ ਜੀ ਤੇ ਆਪ ਜੀ ਖੱਤ੍ਰੀ ਹੋ, ਖੱਤ੍ਰੀ ਦਾ ਧਰਮ ਦਾਨ ਯਾ ਪੂਜਾ ਲੈਣਾ ਨਹੀਂ ਹੈ, ਇਹ ਪੂਜਾ ਲੈਣੀ ਬ੍ਰਾਹਮਣ ਦਾ ਹੱਕ ਹੈ।

ਤਦ ਬਾਲਾ ਪ੍ਰੀਤਮ ਜੀ ਤਾੜੀ ਮਾਰਕੇ ਹੱਸੇ ਤੇ ਬੋਲੇ : ਓਇ ਪੰਡਿਤਾ! ਅਸੀਂ ਪੂਜਾ ਨਹੀਂ ਲੈਂਦੇ, ਅਸਾਂ ਕੋਈ ਠਾਕਰ ਦੁਆਰਾ, ਕੋਈ ਮੂਰਤੀ ਬਣਾ ਰੱਖੀ ਹੈ ਜੋ ਉਸ ਦੀ ਪੂਜਾ ਲੈਂਦੇ ਹਾਂ? ਅਸੀਂ ਅਕਾਲ ਪੁਰਖ ਦੇ ਬਾਲਕੇ ਹਾਂ, ਸ਼ਾਹਜ਼ਾਦੇ ਜਾਣ ਕੇ ਲੋਕੀਂ ਸਾਨੂੰ ਨਜ਼ਰਾਂ ਦੇਂਦੇ ਹਨ। ਅਸੀਂ ਇਨ੍ਹਾਂ ਨਜ਼ਰਾਂ, ਭੇਟਾਂ ਨਾਲ ਗ਼ਰੀਬਾਂ ਨੂੰ ਪਾਲਦੇ ਹਾਂ, ਖੂਹ, ਬਾਉਲੀਆਂ ਲੁਆਂਦੇ ਹਾਂ, ਤਲਾ ਪੁਟਵਾਉਂਦੇ ਹਾਂ, ਧਰਮਸਾਲਾਂ ਤੇ ਧਰਮ ਮੰਦਰ ਉਸਾਰਦੇ ਹਾਂ। ਕੀਰਤਨ ਕਰਨ ਵਾਲੇ ਕਥਾ ਕਰਨ ਵਾਲੇ; ਭਜਨ ਕਰਨ ਵਾਲੇ ਲੋੜਵੰਦਾਂ ਦੀ ਪਾਲਣਾ ਕਰਦੇ ਹਾਂ। ਲੰਗਰ ਚਲਦਾ ਹੈ, ਜਿਥੋਂ ਹਰ ਜ਼ਾਤ ਦਾ, ਹਰ ਮਤ ਦਾ, ਹਰ ਆਇਆ ਬੰਦਾ ਰੋਟੀ ਖਾਂਦਾ ਹੈ। ਫੇਰ ਦੇਖ, ਲੋਕ ਨਾਮ ਦੇ ਜਾਚਕ (ਮੰਗਣ ਵਾਲੇ) ਹੋਕੇ ਆਉਂਦੇ ਹਨ, ਉਨ੍ਹਾਂ ਨੂੰ ਨਾਮ ਦਾਨ ਦੇਂਦੇ ਹਾਂ, ਜੋ ਸਿਰ ਦਾਨਾਂ ਦੇ ਦਾਨ ਹੈ। ਸਭ ਤੋਂ ਵਡਾ ਦਾਨ ਏਹ ਰਬ ਦਾ ਨਾਮੁ ਹੈ। ਲੋਕਾਂ ਤੋਂ ਮਾੜੇ ਕੰਮ ਤੇ ਪਾਪ ਕਰਮ ਛੁਡਾਉਂਦੇ ਹਾਂ। ਮੌਤ ਦਾ ਡਰ ਭੈ ਦੂਰ ਕਰਦੇ ਹਾਂ। ਸੰਗਤ ਵਿਚ ਬੈਠ ਕੇ ਸੰਗਤ ਦਾ ਦੁਖ ਸੁਖ ਵੰਡਦੇ ਹਾਂ। ਇਨ੍ਹਾਂ ਦੇ ਭਲੇ ਵਿਚ ਆਪਣੇ ਮਨ ਦਾ ਬਲ ਖਰਚ ਕਰਦੇ ਹਾਂ। ਅਸੀਸਾਂ ਦੇਂਦੇ ਹਾਂ, ਪਾਪ ਇਨ੍ਹਾਂ ਦੇ

ਦਿਲਾਂ ਤੋਂ ਧੋ ਦੇਂਦੇ ਹਾਂ। ਗੱਲ ਕੀ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥਾਂ ਦੇ ਮੇਰੇ ਪਿਤਾ ਪਿਤਾਮਾ ਦਾਤ ਹੋ ਕੇ ਵਰਤਦੇ ਰਹੇ ਤੇ ਵਰਤ ਰਹੇ ਹਨ ਅਰਥਾਤ ਮੇਰੇ ਵਡੇ ਆਪ ਦਾਨ ਕਰਦੇ ਰਹੇ ਹਨ। ਮੇਰੇ ਵਡੇ ਮੁਕਤੀ ਦੀ ਨਿਰੀ ਲਾਗ ਲਾਉਂਦੇ ਹੀ ਨਹੀਂ ਰਹੇ, ਸਚਮੁਚ ਮੁਕਤ ਕਰ ਦੇਂਦੇ ਰਹੇ ਹਨ। ਜਦ ਮੋਹ, ਮਾਯਾ, ਹਉਮੈ ਤੋਂ ਛੁਟਕੇ ਜੀਵ ਈਸ਼ੂਰ ਪਰਾਯਣ ਹੁੰਦਾ ਹੈ, ਤੇ ਉਸ ਦੀ ਲੱਖਤਾ* ਵਿਚ ਆ ਜਾਂਦਾ ਹੈ ਤਾਂ ਜੀਉਂਦੇ ਜੀ ਮੁਕਤ ਹੋ ਜਾਂਦਾ ਹੈ।

ਪੰਡਿਤ ਹਰਿਆਨ ਹੋ ਗਿਆ ਕਿ ਇਸ ਉਮਰੇ ਇਸ ਬਾਲਕੇ ਨੂੰ ਪਤਾ ਹੈ ਕਿ ਮੋਹ ਮਾਯਾ ਕੀ ਹੁੰਦੀ ਹੈ ਤੇ ਹਉਮੈ ਕੀ ਹੁੰਦੀ ਹੈ, ਤੇ ਇਹ ਜਾਣਦਾ ਹੈ ਕਿ 'ਈਸ਼ੂਰ ਪਰਾਯਣ ਹੋਣਾ' ਕੀ ਹੁੰਦਾ ਏ। ਫੇਰ ਇਹ 'ਲੱਖਤਾ' ਤੇ 'ਮੁਕਤੀ' ਨੂੰ ਸਮਝਦਾ ਹੈ। ਤਦ ਉਸ ਦੇ ਮਨ ਵਿਚ ਬਾਲਾ ਪ੍ਰੀਤਮ ਜੀ ਨਾਲ ਬਹੁਤ ਪਿਆਰ ਆ ਗਿਆ।

ਇਸ ਵੇਲੇ ਬਾਲਾ ਪ੍ਰੀਤਮ ਜੀ ਤਾੜੀ ਮਾਰ ਕੇ ਹੱਸੇ ਤੇ ਬੋਲੇ: ਹੇ ਪੰਡਿਤ ਜੀ, ਰਾਮ ਕ੍ਰਿਸ਼ਨ ਅਵਤਾਰ ਸਨ, ਬ੍ਰਾਹਮਣ ਸਨ ਕਿ ਖੱਤ੍ਰੀ? ਓਹ ਖੱਤ੍ਰੀ ਸਨ ਕਿ ਨਾ? ਬ੍ਰਾਹਮਣ ਹੋਕੇ ਉਹਨਾਂ ਨੂੰ ਕਿਉਂ ਪੂਜਦੇ ਹੋ? ਫੇਰ ਹੱਸੇ: ਹੇ ਪੰਡਿਤਾ, ਜਨਕ ਖੱਤ੍ਰੀ ਸੀ ਕਿ ਬ੍ਰਾਮਹਣ ਦੱਸੋ! ਹੈਂ ਓਸ ਖੱਤ੍ਰੀ ਕੋਲ ਬ੍ਰਾਹਮਣ ਸੁਕਦੇਉ ਬ੍ਰਹਮ ਗਜਾਨ ਸਿੱਖਣ ਕਿਉਂ ਗਿਆ ਤੇ ਪੂਜਾ ਕੀਤੀ ਸਾਸੁ?

ਇਸ ਪ੍ਰਕਾਰ ਦੇ ਵਾਕ ਸੁਣ ਕੇ ਬ੍ਰਾਹਮਨ ਦੇ ਦੰਦ ਜੁੜ ਗਏ। ਆਖੇ: ਇਹ ਉਮਰਾ, ਇਹ ਗਜਾਨ, ਇਹ ਵਾਕ ਤੇ ਇਹ ਮਨ ਦਾ ਬਲ। ਇਹ ਅਵਤਾਰ ਬਿਨਾਂ ਕਿਸ ਵਿਚ ਹੋ ਸਕਦਾ ਹੈ! ਇਹ ਸਚ ਮੁਚ ਪਰਮੇਸ਼ੁਰ ਦਾ ਘੱਲਿਆ ਕੋਈ ਔਤਾਰ ਆਇਆ ਹੈ।

ਇਸ ਹੈਰਾਨੀ ਤੇ ਸ਼ਰਧਾ ਵਿਚ ਆਕੇ ਪੰਡਿਤ ਆਪਦੇ ਪੈਰਾਂ ਨੂੰ ਚੰਬੜ ਗਿਆ ਤੇ ਬੇਵਸ ਹੋ ਕੇ ਬੋਲਿਆ:

---

*ਜਿਵੇਂ ਵਗਦੀ ਹਵਾ ਗਲ੍ਹਾਂ ਨੂੰ ਲਗ ਲਗਕੇ ਮਲੂਮ ਕਰਾਉਂਦੀ ਹੈ ਕਿ ਮੈਂ ਹਵਾ ਹਾਂ, ਇਸ ਤਰ੍ਹਾਂ ਮਨ ਵਿਚ ਪ੍ਰਤੀਤ ਦੇ ਆਉਂਦਾ ਹੈ ਕਿ ਵਾਹਿਗੁਰੂ ਹੈ।

ਤ੍ਰਾਹਿਮਾਂ, ਤ੍ਰਾਹਿ ਮਾਂ, ਤ੍ਰਾਹਿ ਮਾਂ[1]।

ਮੇਰੀ ਰਖਜਾ ਕਰ, ਮੇਰੀ ਰਖਜਾ ਕਰ, ਸ਼ਰਣ ਸ਼ਰਣ ਮੈਂ ਤੇਰੀ ਸ਼ਰਣ।

ਤਦ ਬਾਲਕੇ ਨੇ ਵਡੇ ਪੰਡਿਤ ਨੂੰ ਥਾਪੜਾ ਦੇ ਕੇ ਕਿਹਾ: ਪੰਡਿਤ! ਪੂਜਾ, ਦਾਨ, ਤਪ, ਹਨ, ਜੋਗ ਦੀ ਥਾਂ ਨਾਮ ਜਪ, ਹਾਂ ਜਪ ਕਰ ਉਸ ਦੇ ਨਾਮ ਦਾ, ਦੇਖ ਸਮਾਂ ਕਲਿਜੁਗ ਦਾ ਹੈ।

ਇਸ ਪ੍ਰਕਾਰ ਦੇ ਕੌਤਕਾਂ ਨਾਲ ਕਾਂਸ਼ੀ ਵਿਚ ਬਹੁਤ ਮਸ਼ਹੂਰੀ ਹੋਈ, ਬੜੇ ਬੜੇ ਲੋਕ ਦਰਸ਼ਨ ਕਰਨ ਆਏ ਤੇ ਖੁਸ਼ ਹੋ ਹੋ ਕੇ ਗਏ।

❖❖❖

## ੧੮. ਕਾਂਸ਼ੀ ਤੋਂ ਅਗਲਾ ਸਫਰ।

(ਅਲਾਹਾਬਾਦ)

**ਕਾਂਸ਼ੀ,** ਜਿਸਦਾ ਦੂਸਰਾ ਨਾਮ ਬਨਾਰਸ ਹੈ, ਏਥੇ ਆਪ ਜੀ ਦਾ ਡੇਰਾ ਕੁਝ ਦਿਨ ਪਿਆ ਰਿਹਾ। ਪਰ ਫੇਰ ਕਾਸ਼ੀ ਤੋਂ ਬੀ ਟੁਰ ਪਏ। ਕਈ ਜਗ੍ਹਾ ਮੁਕਾਮ ਕਰਦੇ ਪ੍ਰਯਾਗ ਪਹੁੰਚੇ। ਇਸ ਥਾਂ ਤੇ ਗੰਗਾ ਜਮਨਾ ਦੋਹਾਂ ਨਦੀਆਂ ਦਾ ਮੇਲ ਹੁੰਦਾ ਹੈ ਤੇ ਲੋਕਾਂ ਦਾ ਖਿਆਲ ਹੈ ਕਿ ਤੀਸਰੀ ਨਦੀ ਸੁਰਸ੍ਵਤੀ ਬੀ ਹੇਠੋਂ ਜ਼ਮੀਨ ਦੇ ਵਿਚੋਂ ਵਿਚੋਂ ਜਾ ਕੇ ਏਥੇ ਮਿਲਦੀ ਹੈ। ਇਸ ਕਰਕੇ ਇਸ ਥਾਂ ਨੂੰ ਤ੍ਰਿਬੇਣੀ ਵੀ ਆਖਦੇ ਹਨ। ਤ੍ਰਿ+ਵੇਣੀ=ਤਿੰਨਾਂ ਨਦੀਆਂ ਦਾ ਇਕੱਠੇ ਹੋ ਕੇ ਵਗ ਪੈਣ ਦਾ ਥਾਉਂ। ਇਥੇ ਸ਼ਹਿਰ ਬੀ ਵਸਦਾ ਹੈ। ਸ਼ਹਿਰ ਨੂੰ ਪ੍ਰਯਾਗ ਸੱਦਦੇ ਸਨ, ਮੁਸਲਮਾਨੀ ਰਾਜ ਵਿਚ ਇਸ ਦਾ ਨਾਂ 'ਅਲਾਹਾਬਾਦ' ਰਖ ਦਿਤਾ ਸੀ, ਜੋ ਹੁਣ ਪ੍ਰਸਿਧ ਹੈ। ਏਥੇ ਆਸਾਮ ਜਾਂਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਟਿਕੇ ਸਨ, ਮਹੱਲਾ ਮਾਯਾ ਪੁਰ ਵਿਚ। ਇਥੇ ਹੁਣ ਗੁਰਦੁਆਰਾ ਹੈ[2]। ਕਾਂਸ਼ੀ ਤੋਂ ਸਫਰ ਕਰਦੇ

---

੧. ਇਸ ਪਦ ਤ੍ਰਾਹਿਮਾਂ ਦਾ ਅਰਥ ਹੈ-ਮੇਰੀ ਰਖਜਾ ਕਰ, ਮੈਂ ਤੇਰੀ ਸ਼ਰਨ ਹਾਂ।

੨. ਇਸ ਗੁਰਦੁਆਰੇ ਦਾ ਪ੍ਰਬੰਧ ਨਿਰਮਲੇ ਸੰਤਾਂ ਦੇ ਵਸੀਕਾਰ ਵਿਚ ਹੈ।

ਕਈ ਜਗਾ ਮੁਕਾਮ ਕਰਦੇ, ਸੰਗਤਾਂ ਨੂੰ ਦਰਸ਼ਨ ਦੇਂਦੇ, ਬਾਲਾ ਪ੍ਰੀਤਮ ਜੀ ਸਾਰੇ ਸਾਥ ਸਮੇਤ ਅਲਾਹਾਬਾਦ ਏਸ ਮਕਾਨ ਵਿਚ ਆ ਠਹਿਰੇ।

ਏਥੇ ਗੁਰਸਿਖੀ ਕਾਫੀ ਸੀ। ਸੰਗਤਾਂ ਗੁਰੂ ਨੰਦਨ ਆਏ ਸੁਣ ਕੇ ਬਹੁਤ ਆਈਆਂ, ਦੋ ਵੇਲੇ ਦੀਵਾਨ ਲਗੇ, ਸਾਹਿਬਜ਼ਾਦੇ ਜੀ ਵਿਚ ਦਰਸ਼ਨ ਦੇਣ; ਭੇਟਾ ਕਬੂਲਣ ਤੇ ਸਫਲ ਕਰਨ। ਕਦੇ ਕਦੇ ਸੁਹਣੇ ਵਾਕ ਬੀ ਕਰਨ। ਲਿਖਿਆ ਹੈ ਕਿ ਏਥੇ ਇਕ ਪੁਤਰ ਵਿਹੂਣੇ ਸੇਠ ਨੂੰ ਆਪ ਨੇ ਅਸੀਸ ਦਿਤੀ ਕਿ ਤੇਰੇ ਘਰ ਪੁਤਰ ਆਏਗਾ, ਸੋ ਠੀਕ ਹੋਇਆ। ਜਦੋਂ ਇਸ ਦੇ ਪੁਤਰ ਹੋਇਆ, ਇਸ ਨੇ ਇਸ ਗੁਰਦੁਆਰੇ ਨਾਲ ਇਕ ਬਾਗ਼ ਤੇ ਕੁਛ ਰਸਤਾਂ ਲੰਗਰ ਵਾਸਤੇ ਲਾ ਦਿਤੀਆਂ, ਜੋ ਲਿਖਜਾ ਹੈ ਕਿ ਹੁਣ ਤੀਕ ਹੈਨ।

❖❖❖

## ੧੯. ਅਯੁੱਧਜਾ!

**ਕੁਛ** ਦਿਨ ਪ੍ਰਯਾਗ ਰਹਿਕੇ ਨਦੀ ਸੰਗਮ (ਜਿਥੇ ਨਦੀਆਂ ਦੋਵੇਂ ਮਿਲ ਜਾਂਦੀਆਂ ਹਨ) ਤੇ ਹੋਰ ਥਾਂਵਾਂ ਦਾ ਸੈਲ ਕਰਕੇ ਅਯੁੱਧਜਾ ਨੂੰ ਟੁਰ ਪਏ। ਅਯੁੱਧਜਾ ਅਵਧ ਦੇਸ਼ ਦੀ ਰਾਜਧਾਨੀ ਹੈ। ਏਥੇ ਸ੍ਰੀ ਰਾਮ ਚੰਦ੍ਰ ਜੀ ਦਾ ਜਨਮ ਹੋਇਆ ਸੀ। ਇਹ ਪੁਰਾਣਾ ਨਗਰ ਹੈ। ਸੂਰਜ ਬੰਸੀ ਰਾਜਿਆਂ ਦੀ ਰਾਜਧਾਨੀ ਸੀ। ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਬੀ ਗਏ ਸਨ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਬੀ ਗਏ ਸਨ, ਜਿਨ੍ਹਾਂ ਦਾ ਗੁਰਦੁਆਰਾ ਏਥੇ ਹੈ ਜੋ ਸਰਯੂ ਨਦੀ ਦੇ ਕਿਨਾਰੇ ਹੈ।

ਹੁਣ ਸ੍ਰੀ ਬਾਲਾ ਪ੍ਰੀਤਮ ਜੀ ਗੁਰਸਿਖਾਂ ਨੂੰ ਥਾਂ ਥਾਂ ਦਰਸ਼ਨਾਂ ਨਾਲ ਨਿਹਾਲ ਕਰਦੇ ਏਥੇ ਅੱਪੜੇ। 'ਵਸ਼ਿਸ਼ਟ ਕੁੰਡ' ਪਾਸ ਡੇਰਾ ਕੀਤਾ, ਜਿਥੇ ਹੁਣ ਗੁਰਦੁਆਰਾ ਹੈ। ਏਥੇ ਕੁਛ ਦਿਨ ਠਹਿਰ ਕੇ ਫਿਰੇ ਟੁਰੇ ਤੇ ਆਈ ਸੰਗਤ ਨੂੰ ਨਿਹਾਲ ਕੀਤਾ।

ਤਵਾ: ਖਾ: ਵਿਚ ਲਿਖਿਆ ਹੈ ਕਿ ਏਥੇ ਇਕ ਥਾਂ ਗੁਰੂ ਨੰਦਨ ਬੈਠੇ ਸਨ ਤਾਂ ਬੰਦਰ ਆ ਗਏ ਤੇ ਮੱਥਾ ਟੇਕ ਟੇਕ ਕੇ ਦੁਆਲੇ ਬੈਠ

ਗਏ। ਕਿਸੇ ਕਿਸੇ ਬੰਦਰ ਨੇ ਕੋਈ ਫਲ ਬੀ ਅੱਗੇ ਲਿਆ ਰਖੇ, ਇਹ ਦੇਖਕੇ ਓਥੋਂ ਦੇ ਰਾਮ ਉਪਾਸ਼ਕਾਂ ਨੇ ਆਖਿਆ ਇਹ ਤਾਂ ਬਾਲਕੇ ਨਹੀਂ, ਇਹ ਤਾਂ ਸ੍ਰੀ ਰਾਮਚੰਦਰ ਜੀ ਹੀ ਆਪ ਆ ਗਏ ਹਨ।

❖❖❖

## ੨੦. ਗੁਰੂ ਨਾਨਕ ਮਤਾ-ਪੀਲੀ ਭੀਤ।

**ਹੁਣ** ਏਥੋਂ ਬੀ ਟੁਰੇ, ਕਈ ਥਾਂ ਮੁਕਾਮ ਕਰਦੇ ਨਾਨਕ ਮਤੇ ਪਹੁੰਚੇ। ਏਸ ਥਾਂ ਦਾ ਨਾਂ ਪਹਿਲਾਂ ਗੋਰਖ ਮਤਾ ਸੀ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਤੇ ਜਿੱਤ ਪਾ ਕੇ ਏਸ ਥਾਂ ਕੁਛ ਚਿਰ ਡੇਰਾ ਲਾਇਆ ਤਦ ਤੋਂ ਨਾਮ ਨਾਨਕ ਮਤਾ ਹੈ।

ਸਿੱਧ ਆਖਦੇ ਹਨ ਜੋਗੀਆਂ ਦੇ ਵਡੇ ਨੂੰ। ਇਹਨਾਂ ਨੇ ਗੁਰੂ ਜੀ ਨਾਲ ਵਿਚਾਰ ਤੇ ਸ਼ਾਸਤ੍ਰਾਂ ਦੇ ਝਗੜੇ ਕੀਤੇ ਸਨ ਤੇ ਹਾਰੇ ਸਨ।

ਫੇਰ ਜੋਗੀਆਂ ਨੇ ਏਥੋਂ ਦੇ ਗੁਰੂ ਕੇ ਸੇਵਕ ਅਲਮਸਤ ਤੇ ਕੁਛ ਧੱਕਾ ਕੀਤਾ ਤਾਂ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਏਥੇ ਪਹੁੰਚੇ ਤੇ ਮਹੰਤ ਨੂੰ ਮਾਲਕ ਬਣਾਇਆ ਸੀ। ਏਥੇ ਹੁਣ ਗੁਰ-ਨੰਦਨ ਜੀ ਆ ਟਿਕੇ, ਦੋ ਤ੍ਰੈ ਦਿਨ ਰਹਿਕੇ ਅਗੇ ਟੁਰ ਪਏ। ਮਹੰਤ ਤੇ ਗੁਰਸਿਖਾਂ ਨੂੰ ਨਿਹਾਲ ਕੀਤਾ। ਏਥੋਂ ਟੁਰਕੇ ਪੀਲੀ ਭੀਤ ਆਏ। ਏਥੇ ਇਕ ਵਡਾ ਪ੍ਰਤਾਪੀ ਆਦਮੀ ਗੁਰੂ ਕਾ ਸਿਖ ਸੀ, ਇਸ ਦਾ ਨਾਮ ਸੀ ਰਾਜਾ ਸ਼ਮਸ਼ੇਰ ਬਹਾਦਰ। ਇਹ ਛੇਵੇਂ ਗੁਰੂ ਜੀ ਦੇ ਸਿਖ ਰਾਜਾ ਬਾਜ਼ ਬਹਾਦਰ ਦਾ ਪੁਤ੍ਰ ਸੀ। ਇਸ ਨੇ ਪੰਜ ਦਿਨ ਬੜੇ ਆਦਰ ਨਾਲ ਆਪ ਜੀ ਨੂੰ ਪਾਸ ਰਖਿਆ ਤੇ ਬੜੇ ਆਦਰ ਤੇ ਪਿਆਰ ਨਾਲ ਵਿਦਿਆ ਕੀਤਾ।

❖❖❖

## ੨੧. ਦੇਵ ਨਗਰ, ਲਖਨਊ-ਬਠੂਰ, ਮਥਰਾ।

**ਏਥੋਂ** ਟੁਰ ਕੇ ਦੇਵ ਨਗਰ[੧] ਆਏ, ਜਿਥੇ ਛੇਵੇਂ ਗੁਰੂ ਜੀ ਦੇ ਸਿਖ ਬਿਧੀ ਚੰਦ ਦੀ ਸਮਾਧ ਹੈ। ਏਥੋਂ ਬਿਧੀ ਚੰਦ ਦੇ ਚੇਲੇ ਸੁੰਦਰ ਸ਼ਾਹ ਦੇ ਸੇਵਕਾਂ ਨੂੰ ਨਿਹਾਲ ਕਰਦੇ ਲਖਨਊ ਅੱਪੜ ਪਏ। ਏਥੇ ਉਦਾਸੀ ਸੰਤਾਂ ਨੇ ਆਪਣੇ ਪਾਸ ਉਤਾਰਿਆ ਤੇ ਬਹੁਤ ਸਨਮਾਨ ਕੀਤਾ। ਗੁਰੂ ਨੰਦਨ ਜੀ ਟੁਰਨ ਵੇਲੇ ਇਕ ਕ੍ਰਿਪਾਨ ਆਪਣੀ ਨਿਸ਼ਾਨੀ ਉਹਨਾਂ ਨੂੰ ਦੇ ਆਏ[੨]।

ਏਥੋਂ ਟੁਰ ਕੇ ਗੰਗਾ ਕਿਨਾਰੇ 'ਬਠੂਰ' ਵਸਤੀ ਆ ਠਹਿਰੇ। ਏਥੇ ਇਕ ਦੋ ਦਿਨ ਠਹਿਰੇ, ਤਪੱਸੀਆਂ ਨੂੰ ਉਤਮ ਉਪਦੇਸ਼ ਦਿੱਤਾ। ਫ਼ੇਰ ਮਥਰਾ ਹੁੰਦੇ ਹੋਏ ਅੱਗੇ ਟੁਰ ਪਏ ਤੇ ਕਈ ਥਾਂ ਠਹਿਰਦੇ ਛੇਕੜ ਹਰਿਦੁਆਰ ਪਹੁੰਚੇ ਤੇ ਕਨਖਲ ਵਾਲੇ ਤੀਸਰੀ ਪਾਤਸ਼ਾਹ ਦੇ ਗੁਰਦੁਆਰੇ ਠਹਿਰੇ। ਏਥੋਂ ਫੇਰ ਹੇਠ ਨੂੰ ਹੋ ਟੁਰੇ ਤੇ ਬੂੜੀਏ ਤੋਂ ਹੁੰਦੇ, ਦਾਮਲੇ ਤੋਂ ਲੰਘਦੇ, ਅੰਬਾਲੇ ਦੇ ਨੇੜੇ ਪਿੰਡ ਲਖਨੌਰ ਪਹੁੰਚੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਏਥੇ ਕੁਛ ਦਿਨ ਠਹਿਰਨੇ ਲਈ ਹੁਕਮ ਪੁੱਜਾ ਹੋਇਆ ਸੀ। ਸੋ ਏਥੇ ਕੁਛ ਮਹੀਨੇ ਦਾ ਮਾਕਾਮ ਪਿਆ।

❖❖❖

## ੨੨. ਲਖਨੌਰ।

**ਏਥੇ** ਭਾਈ ਜੇਠੇ ਤੇ ਝੰਡੇ ਮਸੰਦ ਨੇ ਰਹਿਣ ਦਾ ਪ੍ਰਬੰਧ ਕੀਤਾ ਹੋਯਾ ਸੀ। ਆਲੇ ਦੁਆਲੇ ਦੇ ਗਿਰਾਵਾਂ ਵਿਚ ਦੇ ਗੁਰਸਿਖਾਂ ਵਿਚ ਇਹ

---

੧. ਇਸ ਨੂੰ ਦੇਵ ਗਾਂਵ ਬੀ ਆਖਦੇ ਹਨ, ਵਸੋਂ ਦੋ ਕੁ ਹਜ਼ਾਰ ਦੀ ਹੈ। ਇਥੇ ਚਾਰ ਚੁਫੇਰੇ ਦੇ ਲੋਕੀ ਬਾਬਾ ਬਿਧੀ ਚੰਦ ਦੀ ਸਮਾਧ ਦਾ ਬੜਾ ਅਦਬ ਕਰਦੇ ਹਨ। ਜ਼ਿਲਾ ਫ਼ੈਜ਼ਾਬਾਦ ਹੈ। ਪੋਹ ਸੁਦੀ ਚੌਦਸ਼ ਨੂੰ ਏਥੇ ਮੇਲਾ ਬੜਾ ਲਗਦਾ ਹੈ। ਸਟੇਸ਼ਨ ਹਦਲੀ ਤੋਂ ਦੇਵਗਾਂਵ ੧੪ ਕੁ ਮੀਲ ਹੈ।

੨. ਤਵਾ: ਖਾ: ਵਿਚ ਲਿਖਿਆ ਹੈ ਕਿ ਭਗਤ ਭਗਵਾਨ ਦੇ ਡੇਰੇ ਇਹ ਕ੍ਰਿਪਾਨ ਪੂਜਾ ਵਿਚ ਹੁਣ ਤਾਂਈਂ ਰਖੀ ਹੋਈ ਹੈ।

ਸੋ ਪਹੁੰਚੀ ਕਿ ਸਾਹਿਬਜ਼ਾਦੇ ਜੀ ਲਖਨੌਰ ਟਿਕੇ ਹਨ ਤਾਂ ਚੁਫੇਰਿਓਂ ਦਰਸ਼ਨਾਂ ਤੇ ਸੇਵਾ ਲਈ ਆਉਣ ਲੱਗ ਪਏ। ਦਰਸ਼ਨ ਕਰਕੇ ਸਾਰੇ ਬੜੇ ਨਿਹਾਲ ਹੋਣ ਤੇ ਪ੍ਰਤੀਤ ਕਰ ਲੈਣ ਕਿ ਇਹ ਗੁਰੂ ਨੰਦਨ ਜੀ ਆਪਣੇ ਬਾਬੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਵਾਂਡੂ ਬੜੇ ਸੂਰਬੀਰ ਤੇ ਤੇਜ ਵਾਲੇ ਹੋਣਗੇ। ਸੂਰਬੀਰ ਬਹਾਦਰ ਨੂੰ ਆਖਦੇ ਹਨ। ਆਪ ਜੀ ਹੁਣ ਘੋੜੇ ਦੀ ਸਵਾਰੀ ਬੀ ਕਰਦੇ ਸਨ। ਏਥੇ ਦੇ ਬਾਲਕਾਂ ਨੂੰ ਇਕੱਠੇ ਕਰਕੇ ਪਟਨੇ ਵਾਡੂ ਤੀਰ ਚਲਾਉਂਦੇ ਤੇ ਕਵੈਦਾਂ ਕਰਦੇ ਕਰਾਉਂਦੇ ਸਨ। ਖਿਦੋ ਪੱਟੀ ਦੀ ਖੇਲ ਬਹੁਤ ਮਚਾਉਂਦੇ ਸਨ। ਦੋ ਧੜੇ ਹੋਕੇ ਆਮੋ ਸਾਮ੍ਹਣੇ ਖੇਡਣ, ਜਿੱਤਣ ਹਾਰਨ ਦੀ ਬਾਜੀ ਲਾ ਲਾ ਖੇਡਣ, ਜਿਸ ਤਰ੍ਹਾਂ ਖੇਲ ਕੁੱਦ ਦੌੜ ਭੱਜ ਦੀ ਰੌਣਕ ਲੱਗੀ ਰਹੇ। ਸੁਹਣੀ ਪੁਸ਼ਾਕੀ ਪਾਕੇ ਦਸਤਾਰ ਸਜੀ ਹੋਈ ਵਿਚ ਪਟਨੇ ਵਾਲੀ ਕਲਗੀ ਝੂੰਮਦੀ, ਐਸੇ ਸੁਹਣੇ ਲਗਦੇ ਸਨ ਕਿ ਸਭ ਕਿਸੇ ਦਾ ਦਿਲ ਮੋਹਿਆ ਜਾਂਦਾ ਸੀ। ਮਾਤਾ ਜੀ ਜਤਨ ਕਰਦੇ ਕਿ ਘਰ ਬੈਠਣ ਤੇ ਬਾਹਰ ਬਹੁਤੀ ਪ੍ਰਸਿੱਧੀ ਨਾ ਲੈਣ, ਪਰ ਆਪ ਜੀ ਖੇਲ ਕੁੱਦ ਵਿਚ ਰਹਿੰਦੇ ਸਨ। ਇਸ ਪਿੰਡ ਵਿਚ ਇਕ ਬਾਉਲੀ ਸੀ ਜੋ ਗੁਰੂ ਕੇ ਟਿਕਾਣੇ ਦੇ ਪਾਸ ਵਾਰ ਸੀ, ਪਰ ਪਾਣੀ ਖਾਰਾ ਸੀ। ਪਿੰਡ ਵਾਸੀਆਂ ਨੇ ਸ੍ਰੀ ਮਾਤਾ ਜੀ ਪਾਸ ਮਿੱਠੇ ਜਲ ਦੇ ਖੂਹ ਲਈ ਬੇਨਤੀ ਕੀਤੀ। ਤਦ ਖੂਹ ਦੇ ਖਰਚ ਵਾਸਤੇ ਮਾਯਾ ਮਾਤਾ ਜੀ ਨੇ ਦਿੱਤੀ ਤੇ ਥਾ ਬੀ ਦੱਸੀ ਤਦ ਖੂਹ ਨਿਕਲ ਆਇਆ ਤੇ ਪਾਣੀ ਮਿੱਠਾ ਨਿਕਲਿਆ। ਤਵਾ: ਖਾ: ਵਿਚ ਲਿਖਿਆ ਹੈ ਕਿ ਖੂਹ ਓਥੇ ਗੁਪਤ ਹੋ ਰਿਹਾ ਸੀ, ਪਰ ਕਿਸੇ ਨੂੰ ਪਤਾ ਨਾ ਸੀ, ਮਾਤਾ ਜੀ ਨੇ ਪਤਾ ਦੇਕੇ ਪੁਟਵਾਇਆ। ਇਹ ਖੂਹ ਹੁਣ ਤੱਕ ਹੈ ਪਰ ਹੁਣ ਸੇਵਾ ਦਾ ਮੁਥਾਜ ਹੈ। ਬਾਵਲੀ ਬੀ ਗੁਰਦੁਆਰੇ ਦੇ ਪਾਸ ਹੈ ਪਰ ਸੇਵਾ ਦੀ ਲੋੜਵੰਦ ਹੈ। ਗੁਰਦੁਆਰਾ ਸੁਹਣੀ ਹੰਗੀ ਉਚਾਈ ਉਤੇ ਬੁਰਜ ਵਾਡੂ ਹੈ ਤੇ ਸੁਬਕ ਜਿਹਾ ਬਹੁਤ ਸੋਹਣਾ ਲਗਦਾ ਹੈ। ਲਖਨੌਰ ਅੰਬਾਲੇ ਛਾਵਨੀ ਤੋਂ ਤ੍ਰੈ ਕੁ ਕੋਹ ਪੱਛੋਂ ਨੂੰ ਹੈ।

❖❖❖

# ੨੩. ਸ਼ਾਹ ਭੀਖ।

**ਏਥੇ** ਕੁਛ ਚਿਰ ਰਹਿਣੇ ਕਰਕੇ ਜਦ ਦੂਰ ਦੂਰ ਪਤਾ ਲਗ ਗਿਆ ਤਾਂ ਆਪ ਦੇ ਦਰਸ਼ਨਾਂ ਨੂੰ ਸ਼ਾਹ ਭੀਖ ਆਇਆ। ਸ਼ਾਹ ਭੀਖ ਕੌਣ? ਜੋ ਸਾਹਿਬਜ਼ਾਦੇ ਜੀ ਦੇ ਅਵਤਾਰ ਸਮੇਂ ਪਟਨੇ ਗਿਆ ਸੀ ਤੇ ਆਪ ਜੀ ਅੱਗੇ ਕੁੱਜੀਆਂ ਰੱਖਕੇ ਪਰਤਾਵਾ ਲਿਆ ਸੀ ਕਿ ਆਪ ਜੀ ਹਿੰਦੂ ਨੂੰ ਰਖਣਗੇ ਕਿ ਮੁਸਲਮਾਨ ਨੂੰ। ਉਹ ਹੁਣ ਫੇਰ ਦਰਸ਼ਨਾਂ ਨੂੰ ਆਇਆ। ਅਜ ਕਲ ਉਹ ਠਸਕੇ[1] ਪਿੰਡ ਰਹਿੰਦਾ ਹੁੰਦਾ ਸੀ। ਇਸ ਨੂੰ ਇਹ ਪਿੰਡ ਕਿਸੇ ਨੇ ਦਾਨ ਕਰਕੇ ਦਿਤਾ ਹੋਇਆ ਸੀ।

ਇਹ ਆਪਣੇ ਭਜਨ ਬੰਦਗੀ ਵਿਚ ਵੇਖਦਾ ਸੀ ਕਿ ਮੁਗਲ ਪਾਤਸ਼ਾਹ ਤੇ ਸੂਬੇ ਜ਼ੁਲਮ ਕਰ ਰਹੇ ਹਨ ਤੇ ਰਾਜ ਨੇ ਨਹੀਂ ਰਹਿਣਾ। ਇਸ ਨੇ ਗੁਰੂ ਜੀ ਨੂੰ ਬੀ ਸਿਆਣ ਲਿਆ ਸੀ ਕਿ ਇਹ ਇਸ ਰਾਜ ਦੀ ਨੀਂਹ ਵਿਚ ਕਹੀ ਧਰ ਦੇਣਗੇ। ਕਹੀ ਇਕ ਲੋਹੇ ਦਾ ਹਥਜਾਰ ਹੈ, ਜਿਸ ਨਾਲ ਜ਼ਿਮੀਂ ਪੁੱਟ ਸੁਟੀਦੀ ਹੈ। ਅਰਥ ਇਹ ਕਿ ਮੁਗਲਾਂ ਦਾ ਰਾਜ ਨਾਸ਼ ਕਰਨਗੇ। ਸੋ ਇਹ ਸ਼ਾਹ ਭੀਖ ਆਪਣੇ ਚੇਲਿਆਂ ਦੇ ਗਿਰਾਈਂ ਫਿਰਦਾ, ਖਬਰ ਸੁਣਕੇ ਲਖਨੌਰ ਆ ਗਿਆ। ਇਸ ਦੇ ਨਾਲ ਇਕ ਹੋਰ ਪੀਰ ਬੀ ਸੀ, ਉਸ ਦਾ ਨਾਮ ਮੀਰ ਦੀਨ ਲਿਖਿਆ ਹੈ।

ਜਦੋਂ ਸ਼ਾਹ ਭੀਖ ਲਖਨੌਰ ਆਇਆ ਤਾਂ ਗੁਰੂ ਨੰਦਨ ਜੀ ਹੋਰ ਬਾਲਕਾਂ ਨਾਲ ਖਿੱਦੋ ਪੱਟੀ ਦਾ ਖੇਲ ਮਚਾ ਰਹੇ ਸਨ। ਸ਼ਾਹ ਭੀਖ ਸਾਥੀਆਂ ਤੋਂ ਅੱਡ ਹੋ ਕੇ ਓਥੇ ਆ ਗਿਆ ਤੇ ਸਾਹਿਬਜ਼ਾਦੇ ਦੇ ਪਾਸ ਆਕੇ ਹੱਥ ਜੋੜ ਕੇ ਖੜੋ ਗਿਆ। ਫੇਰ ਮੱਥਾ ਟੇਕਿਓਸੁ ਤੇ ਬੋਲਿਆ, ਮੇਰੇ ਧੰਨ ਭਾਗ! ਧੰਨ ਹੋ, ਧੰਨ ਹੋ! ਫੇਰ ਅੱਗੇ ਵਧਕੇ ਗੋਦੀ ਵਿਚ ਚਾ ਲਏ! ਆਪ ਜੀ ਦੇਖ ਦੇਖ ਕੇ ਮੁਸਕ੍ਰਾ ਰਹੇ ਸਨ, ਜਿਵੇਂ ਪਹਿਲੀ ਵੇਰ ਮੁਸਕ੍ਰਾ ਰਹੇ ਸਨ। ਬਾਲਕ ਤੱਕਣ ਲਗ ਗਏ ਕਿ ਕੌਣ ਆ ਗਿਆ ਹੈ ਜੋ ਸਾਡੇ ਮੀਰੀ[2] ਨੂੰ ਚੁੱਕ ਕੇ ਲੈ

---

੧. ਠਸਕਾ ਕਰਨਾਲ ਦੇ ਜ਼ਿਲੇ ਵਿਚ ਹੈ।

੨. ਬੱਚਿਆਂ ਦੀਆਂ ਖੇਲਾਂ ਵਿਚ ਜੋ ਜਿੱਤਾਂ ਜਿੱਤ ਕੇ ਆਗੂ ਹੋ ਜਾਵੇ ਉਸਨੂੰ 'ਮੀਰੀ' ਆਖਦੇ ਹਨ।

ਚੱਲਿਆ ਹੈ, ਪਰ ਪੀਰ ਨੇ ਕਿਹਾ ਬੱਚਿਓ ਫਿਕਰ ਨਾ ਕਰੋ ਹੁਣੇ ਆਪ ਜੀ ਤੁਸਾਂ ਕੋਲ ਆ ਜਾਣਗੇ।

ਕੁਛ ਪਰੇ ਜਾ ਕੇ ਕੁਛ ਗਲਾਂ ਕਰਦਾ ਰਿਹਾ। ਜਿਸ ਦੇ ਅੰਤ ਵਿਚ ਬੋਲਿਆ ਕਿ ਤੁਰਕ ਰਾਜ ਜਦ ਨਹੀਂ ਰਹੇਗਾ ਤਾਂ ਮੇਰਾ ਟੁਕੜਾ ਨਾ ਬੰਦ ਹੋ ਜਾਏ।

ਐਉਂ ਲਿਖਿਆ ਹੈ :-

ਮੈਂ ਰਾਵਰ ਕੇ ਚਰਨ ਨਿਹੋਰੋਂ॥
ਅਚਲ ਰਹੈ ਜਗ ਟੁਕੜਾ ਮੋਰਾ॥
ਜਬ ਹੁਇ ਗੁਰੂ ਪੰਥ ਕਾ ਜੋਰਾ॥

ਤਬ ਬਾਲਾ ਪ੍ਰੀਤਮ ਜੀ ਬੋਲੇ :-

ਚਿਰੰਕਾਲਿ ਰਹਿ ਦੇਗ ਤੁਮਾਰੀ॥

ਇਸ ਦਾ ਅਰਥ ਹੈ ਕਿ ਪੀਰ ਨੇ ਕਿਹਾ ਕਿ ਮੈਂ ਤੁਸਾਂ ਜੀ ਦੇ ਚਰਨਾਂ ਵਿਚ ਬੇਨਤੀ ਰਕਦਾ ਹਾਂ ਕਿ ਮੇਰਾ ਟੁਕੜਾ ਜਗਤ ਵਿਚ ਸਦਾ ਚਲਦਾ ਰਹੇ, ਜਦੋਂ ਕਿ ਆਪ ਦਾ ਪੰਥ ਜ਼ੋਰਾਂ ਵਿਚ ਹੋ ਜਾਵੇ ਓਦੋਂ ਬੀ। ਗੁਰੂ ਜੀ ਨੇ ਉਤਰ ਦਿੱਤਾ : 'ਤੇਰੀ ਦੇਗ ਢੇਰ ਚਿਰ ਚਲਦੀ ਰਹੂ। ਮਤਲਬ ਇਹ ਕਿ ਪੀਰ ਨੇ ਮੰਗ ਕੀਤੀ ਸੀ ਕਿ ਮੇਰਾ ਡੇਰਾ ਬਣਿਆ ਰਹੇ ਤੇ ਗੁਰੂ ਜੀ ਨੇ ਕਿਹਾ : ਚਿਰ ਤਕ ਰਹੇਗਾ। ਸੋ ਹੁਣ ਤਕ ਉਹ ਡੇਰਾ ਹੈ।

ਪੀਰ ਮੀਰ ਦੀਨ ਦੂਰ ਖੜੋਤਾ ਸ਼ਾਹ ਭੀਖ ਨੂੰ ਸਭ ਕੁਛ ਕਰਦਿਆਂ ਦੇਖਦਾ ਰਿਹਾ। ਜਦੋਂ ਸ਼ਾਹ ਭੀਖ ਬਾਲਾ ਪ੍ਰੀਤਮ ਜੀ ਨੂੰ ਬਾਲਕਾਂ ਵਿਚ ਛੱਡਕੇ ਤੇ ਮੱਥਾ ਟੇਕ ਕੇ ਗਿਆ ਤਾਂ ਮੀਰ ਦੀਨ ਨੇ ਪੁੱਛਿਆ : ਪੀਰ ਜੀ! ਤੁਸਾਂ ਮੁਸਲਮਾਨ ਹੋਕੇ ਹਿੰਦੂ ਬੱਚੇ ਨੂੰ ਸਜਦਾ ਕਿਉਂ ਕੀਤਾ? ਸਜਦਾ ਆਖਦੇ ਹਨ ਮੱਥਾ ਟੇਕਣ ਨੂੰ। ਸ਼ਾਹ ਭੀਖ ਨੇ ਕਿਹਾ, ਇਹ ਇਨਸਾਨ ਬੱਚਾ ਨਹੀਂ; ਇਹ ਖੁਦਾ ਦਾ ਬੱਚਾ ਹੈ, ਬੜੇ ਤੇਜ ਵਾਲਾ ਹੋਵੇਗਾ, ਇਹ ਜ਼ੁਲਮ ਦੂਰ ਕਰੇਗਾ, ਤਦੋਂ ਪਤਾ ਨਹੀਂ ਕੀ ਹੋਵੇਗਾ। ਮੈਂ ਆਪਣਾ ਡੇਰਾ ਤੇ ਟੁਕੜਾ ਬਖਸ਼ਾਉਣ ਆਇਆ ਸਾਂ ਸੋ ਬਖਸ਼ਵਾ ਲਿਆ

ਹੈ। ਮੀਰਦੀਨ ਨੇ ਆਖਿਆ-ਏਸ ਦਾ ਮਤਲਬ ਕੀ ਹੋਇਆ? ਤਾਂ ਪੀਰ ਨੇ ਕਿਹਾ ਕਿ ਮੇਰਾ ਡੇਰਾ ਵਸਦਾ ਰਹੇਗਾ ਤੇ ਮੇਰਾ ਲੰਗਰ ਚਲਦਾ ਰਹੇਗਾ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਸ ਦਾ ਪਿੰਡ ਸਾਡੇ ਨੇੜੇ ਹੀ ਹੈ, ਤੇ ਓਥੇ ਸ਼ਾਹ ਭੀਖ ਦਾ ਡੇਰਾ ਸਲਾਮਤ ਚਲਦਾ ਹੈ, ਸਿਖ ਸਰਦਾਰ ਚੁਫੇਰੇ ਵਸਦੇ ਹਨ।

ਏਸੇ ਤਰ੍ਹਾਂ ਫਿਰਦੇ ਤੁਰਦੇ ਘੋੜੇ ਚੜ੍ਹੇ ਭੁਸਥਲੀ ਦੇ ਥੇਹ ਤੇ ਗਏ ਤਾਂ ਓਥੇ ਰਾਜਪੂਤ ਸਰਦਾਰ ਸ਼ਾਹ ਭੀਖ ਦੇ ਚੇਲੇ ਆਏ ਹੋਏ ਸਨ। ਉਨ੍ਹਾਂ ਨੇ ਪੰਜ ਤੀਰ ਸਾਹਿਬਜ਼ਾਦੇ ਦੇ ਅੱਗੇ ਲਿਆ ਰਖੇ ਤੇ ਮੱਥਾ ਟੇਕਿਆ। ਏਸੇ ਤਰ੍ਹਾਂ ਆਲੇ ਦੁਆਲੇ ਦੇ ਪਿੰਡਾਂ ਵਿਚ ਆਪ ਜੀ ਕਈ ਵੇਰ ਆਪਣੇ ਮਸਾਹਿਬਾਂ ਯਾ ਲੜਕਿਆਂ ਨਾਲ ਘੋੜੇ ਚੜ੍ਹੇ ਫੇਰਾ ਮਾਰ ਆਉਂਦੇ।

❖❖❖

## ੨੪. ਪੀਰ ਆਰਫ਼ਦੀਨ।

**ਆਰਫ਼** ਦੀਨ ਨਾਮੇ ਇਕ ਹੋਰ ਪੀਰ ਦੀ ਕਥਾ ਖਾ: ਤਵਾ: ਵਿਚ ਲਿਖੀ ਹੈ ਕਿ ਇਕ ਦਿਨ ਗੁਰੂ ਨੰਦਨ ਜੀ ਬਾਲਕਾਂ ਵਿਚ ਲਖਨੌਰ ਦੀ ਜੂਹ ਵਿਚ ਖੇਲ ਰਹੇ ਸਨ ਕਿ ਇਹ ਪੀਰ ਜੀ ਕਿਸੇ ਪਿੰਡ ਕਿਸੇ ਕੰਮ ਜਾਂਦੇ ਲਖਨੌਰ ਦੀਆਂ ਜ਼ਮੀਨਾਂ ਵਿਚੋਂ ਲੰਘੇ ਤਾਂ ਬੱਚਿਆਂ ਨੂੰ ਖੇਲਦੇ ਵੇਖਕੇ ਖਲੋ ਗਏ ਤਾਂ ਨਜ਼ਰ ਬਾਲਾ ਪ੍ਰੀਤਮ ਜੀ ਤੇ ਜਾ ਪਈ। ਹੱਕੇ ਬੱਕੇ ਹੋਕੇ ਖੜੋ ਗਏ ਤੇ ਫੇਰ ਸਿਰ ਨਿਵਾਇਆ। ਫੇਰ ਪਾਲਕੀ ਖੜੀ ਕਰਾਕੇ ਸਾਹਿਬਜ਼ਾਦੇ ਜੀ ਦੇ ਪਾਸ ਜਾ ਖੜੋਤੇ, ਫੇਰ ਮੱਥਾ ਟੇਕਿਆ। ਫੇਰ ਪਰੇ ਲਿਜਾਕੇ ਕੁਛ ਗੱਲਾਂ ਕੀਤੀਆਂ: ਫੇਰ ਮੱਥਾ ਟੇਕ ਕੇ ਪਾਲਕੀ ਵਿਚ ਆ ਬੈਠੇ ਤੇ ਪਾਲਕੀ ਟੁਰ ਪਈ। ਟਿਕਾਣੇ ਜਾ ਕੇ ਮੁਰੀਦਾਂ (ਚੇਲਿਆਂ) ਨੇ ਪੁੱਛਿਆ : ਪੀਰ ਜੀ ਅਚਰਜ ਹੈ ਕਿ ਤੁਸਾਂ ਅੱਜ ਹਿੰਦੂ ਬਾਲਕੇ ਨੂੰ ਮੱਥਾ ਟੇਕਿਆ ਹੈ। ਤਦ ਪੀਰ ਨੇ ਕਿਹਾ : ਤੁਸਾਂ ਨੂੰ ਗੈਬ ਦੇ ਆਲਮ ਦਾ ਪਤਾ ਨਹੀਂ। 'ਗੈਬ ਦਾ ਆਲਮ' ਆਖਦੇ ਹਨ 'ਨਾ ਦਿਸਣ ਵਾਲੇ ਸੰਸਾਰ' ਨੂੰ,

ਜਿਸ ਨੂੰ 'ਗੁਪਤ ਸੰਸਾਰ' ਬੀ ਆਖਦੇ ਹਨ। ਸੱਚੇ ਸੰਤ ਲੋਕ ਜਦ ਸਮਾਧੀ ਵਿਚ ਹੁੰਦੇ ਹਨ ਤਾਂ ਓਥੋਂ ਦੀ ਗੱਲ ਬਾਤ ਜਾਣ ਲੈਂਦੇ ਹਨ। ਸੋ ਪੀਰ ਨੇ ਕਿਹਾ : ਭਾਈ! ਇਹ ਬਾਲ ਨਹੀਂ, ਇਹ ਰੱਬ ਦਾ ਪਿਆਰਾ ਹੈ। ਜਦੋਂ ਮੈਂ ਸਮਾਧੀ ਵਿਚ ਹੁੰਦਾ ਹਾਂ ਤਾਂ ਏਸ ਨੂੰ ਮੈਂ ਵੇਖਿਆ ਹੈ ਕਿ ਸਾਰੇ ਪੀਰ ਫਕੀਰ ਰੱਬ ਜੀ ਦੀ ਦਰਗਾਹ ਦੇ ਦਰਵਾਜ਼ੇ ਤੋਂ ਬਾਹਰ ਸਿਰ ਝੁਕਾਈ ਖੜੋਤੇ ਹੁੰਦੇ ਹਨ, ਇਹ ਅੰਦਰ ਜਾਂਦਾ ਹੈ, ਇਹਦੀ ਪਹੁੰਚ ਧੁਰ ਰੱਬ ਜੀ ਦੇ ਪਾਸ ਹੈ। ਮੈਂ ਅੱਜ ਬਾਲਕ ਰੂਪ ਵਿਚ ਦੇਖਕੇ ਹਿਰਾਨਿਆਂ ਗਿਆ ਸਾਂ। ਇਸ ਕਰਕੇ ਪਾਸ ਜਾਕੇ ਗੱਲਾਂ ਕਰਕੇ ਦਿਲ ਦੀ ਪਕਿਆਈ ਕੀਤੀ ਹੈ ਕਿ ਓਹੋ ਹਨ ਯਾ ਕੋਈ ਹੋਰ। ਸੋ ਤਸੱਲੀ ਕਰ ਆਇਆ ਹਾਂ ਕਿ ਓਹੋ ਹਨ। ਮੈਂ, ਭਾਈ! ਤਾਂ ਸਿਰ ਨੀਵਾ ਕੀਤਾ ਸੀ ਏਸ ਦੇ ਅੱਗੇ। ਤੁਸੀਂ ਸਮਝ ਨਹੀਂ ਸਕਦੇ। ਰੱਬ ਨੂਰ ਹੈ, ਇਹ ਉਸ ਦਾ ਪਜਾਰਾ ਬੀ ਨੂਰੀ ਹੈ, ਇਹ ਦੁਨੀਆਂ ਵਿਚ ਪਾਪ ਦੂਰ ਕਰਨ ਆਇਆ ਹੈ। ਇਹ ਕਹਿਕੇ ਪੀਰ ਨੇ ਫੇਰ ਸਿਰ ਨਿਵਾਇਆ ਤੇ ਸਾਰੇ ਮੁਰੀਦਾਂ ਬੀ ਸਿਰ ਝੁਕਾ ਦਿਤਾ ਤੇ ਆਖਿਆ-ਭਲਾ ਹੋਵੀ।

❖❖❖

## ੨੫. ਕੀਰਤ ਪੁਰ।

**ਉਂਦ** ਤਾਂ ਅਨੋਖੇ ਬਾਲਕ ਜੀ ਹਰ ਵੇਲੇ ਖੇਲਾਂ ਵਿਚ ਰੁੱਝੇ ਟੱਪਦੇ ਦੌੜਦੇ ਸਨ, ਪਰ ਦੋ ਵੇਲੇ ਦੀਵਾਨ ਵਿਚ ਆ ਜਾਂਦੇ ਸਨ ਅਤੇ ਕੀਰਤਨ ਸੁਣਨ ਬੈਠਦੇ ਜ਼ਰੂਰ ਸਨ। ਉਸ ਵੇਲੇ ਐਉਂ ਹੁੰਦੇ ਸਨ ਜਿਵੇਂ ਜੋਗੀਆਂ ਦੇ ਰਾਜੇ ਰਾਜਜੋਗ ਜੀ ਸਮਾਧੀ ਵਿਚ ਹੁੰਦੇ ਹਨ। ਅਰਥਾਤ ਅੰਦਰੋਂ ਆਪਣੇ ਮਨ ਦਾ ਧਜਾਨ ਰੱਬ ਜੀ ਵਿਚ ਜੋੜਕੇ ਬੈਠੇ ਹੁੰਦੇ ਹਨ ਤੇ ਚਿਹਰੇ ਤੇ ਰਾਜਿਆਂ ਵਾਲਾ ਤੇਜ ਹੁੰਦਾ ਹੈ। ਪਿਤਾ ਜੀ ਦੇ ਮਿਲਣ ਦੀ ਚਾਹਨਾ ਬੜੀ ਜ਼ੋਰਾਂ ਦੀ ਅੰਦਰ ਹੁੰਦੀ ਸੀ। ਕਦੇ ਕਦੇ ਆਪਣੇ ਬਾਪੂ ਜੀ ਦੇ ਮਿਲਣ ਦੀ ਚਾਹਨਾ ਦੱਸੀਦੇ ਤਾਂ ਪਤਾ ਲਗਦਾ ਕਿ ਕਿੰਨਾ ਡੂੰਘਾ ਪਿਆਰ ਉਨ੍ਹਾਂ ਨਾਲ ਹੈ। ਓਧਰ ਇਨ੍ਹਾਂ ਦੇ ਦਿਲ ਦੀ ਖਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਆਨੰਦਪੁਰ ਬੈਠੇ ਹੀ

ਸਮਝਦੇ ਸਨ। ਸੋ ਗੁਰੂ ਜੀ ਨੇ ਓਥੋਂ ਆਪਣੇ ਚੰਗੇ ਆਦਮੀ ਘੱਲਕੇ ਸਾਹਿਬਜ਼ਾਦੇ ਜੀ ਨੂੰ ਬੁਲਾ ਭੇਜਿਆ। ਹੁਣ ਤਿਆਰੀ ਹੋ ਗਈ ਲਖਨੌਰ ਤੋਂ ਚੱਲਣੇ ਦੀ। ਲਖਨੌਰ ਭਾਵੇਂ ਪਿੰਡ ਸੀ, ਪਰ ਕਈ ਮਹੀਨੇ ਰਹਿਣ ਕਰਕੇ ਓਥੇ ਚੰਗਾ ਪਰਚਾਵਾ ਹੋ ਗਿਆ ਸੀ। ਪਿੰਡ ਵਿਚ ਬਹੁਤ ਸਾਰੇ ਸਿੱਖ ਹੈ ਸਨ, ਸਤਿਸੰਗ ਰੋਜ਼ ਹੁੰਦਾ ਸੀ। ਸ਼ਾਹਿਬਜ਼ਾਦੇ ਦੇ ਦਰਸ਼ਨ ਤੇ ਕੌਤਕ ਸਭ ਨੂੰ ਮੋਹ ਲੈਂਦੇ ਸਨ। ਜਦ ਟੁਰਨ ਲਗੇ ਤਾਂ ਲਾਗਲੇ ਪਿੰਡਾਂ ਦੀ ਤੇ ਲਖਨੌਰ ਦੀ ਸੰਗਤ ਇਕੱਠੀ ਹੋ ਗਈ। ਸਾਰੇ ਬੜੇ ਪਿਆਰ ਨਾਲ ਵਿਛੁੜ ਵਿਛੁੜ ਮਿਲੇ। ਸੋ ਏਥੇ ਬੀ ਪਟਨੇ ਵਾਂਙ ਤੁਰ ਪਏ ਤੇ ਸੰਗਤਾਂ ਨੂੰ ਅਸੀਸਾਂ ਦੇ ਦੇ ਕੇ ਵਿਦਿਆ ਹੋਏ।

ਓਥੋਂ ਟੁਰਕੇ ਰਾਣੋ ਮਾਜਰੇ, ਨੰਦਪੁਰ ਕਲੌੜ, ਰੋਪੜ ਆਦਿ ਕਈ ਥਾਈਂ ਅਟਕਦੇ ਮੁਕਾਮ ਕਰਦੇ ਕੀਰਤਪੁਰ ਪਹੁੰਚ ਪਏ। ਏਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਭਰਾਵਾਂ ਦੇ ਪਰਿਵਾਰ ਵਸਦੇ ਸਨ। ਸਾਰੇ ਸਾਹਿਬਜ਼ਾਦੇ ਜੀ ਨੂੰ ਮਿਲਕੇ ਬੜੇ ਪ੍ਰਸੰਨ ਹੋਏ। ਰਾਤ ਓਥੇ ਰਹੇ; ਕੀਰਤਪੁਰ ਦੇ ਸਾਰੇ ਗੁਰਦੁਆਰੇ ਵੇਖੇ। ਦੋਵੇਂ ਮਾਤਾ ਜੀ ਆਪਣੇ ਸਾਕਾਂ ਨੂੰ ਮਿਲੇ। ਸਭ ਨੂੰ ਪੂਰਬ ਦੀਆਂ ਸੁਗਾਤਾਂ ਦਿਤੀਆਂ।

❖❖❖

## ੨੯. ਆਨੰਦਪੁਰ ਪ੍ਰਵੇਸ਼।

**ਅਗਲੇ** ਦਿਨ ਸ੍ਰੀ ਆਨੰਦਪੁਰ ਨੂੰ ਟੁਰ ਪਏ। ਆਨੰਦਪੁਰ ਤੋਂ ਕਿਤਨੇ ਹੀ ਸਿਖ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘੱਲੇ ਹੋਏ ਲੈਣ ਵਾਸਤੇ ਕੀਰਤਪੁਰ ਆਏ ਸਨ। ਜਦੋਂ ਨੂੰ ਕਿ ਇਹ ਸਾਰੇ ਆਨੰਦਪੁਰ ਦੇ ਲਾਗੇ ਪਹੁੰਚੇ ਤਾਂ ਅੱਗੋਂ ਸੰਗਤ ਆਨੰਦਪੁਰ ਦੀ ਲੈਣ ਆਈ। ਆਮ੍ਹੋਂ ਸਾਹਮਣੇ ਸ਼ਬਦ ਪੜ੍ਹਦੇ ਮਿਲੇ, ਜਿਵੇਂ ਅਜ ਕਲ ਵਿਆਹ ਵਾਲੇ ਘਰ ਧੀ ਵਾਲੇ ਤੇ ਪੁਤ੍ਰ ਵਾਲੇ ਸ਼ਬਦ ਪੜ੍ਹਦੇ ਮਿਲਣੀ ਵੇਲੇ ਮਿਲਦੇ ਹਨ। ਜਦੋਂ ਨਗਰ ਵਿਚ ਵੜੇ, ਫੁੱਲਾਂ ਦੀ ਵਰਖਾ ਚੁਫੇਰਿਓਂ ਹੋ ਰਹੀ ਸੀ। ਜਦੋਂ ਘਰ ਪਹੁੰਚੇ ਤਾਂ ਅਗੇ ਚੰਗੇ ਚੰਗੇ ਸਿਖ ਖੜੇ ਸਨ। ਜਦੋਂ ਸਾਹਿਬਜ਼ਾਦੇ ਜੀ ਨੇ ਦਰਵਾਜ਼ੇ

ਵਿਚ ਕਦਮ ਰਖੇ ਤਾਂ ਪਿਆਰ ਭਰੇ ਕੂਲੇ ਕੂਲੇ ਦਿਲ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਦਰੋਂ ਆ ਰਹੇ ਸਨ। ਭੱਜਕੇ ਸਾਹਿਬਜ਼ਾਦੇ ਜੀ ਨੇ ਚਰਨਾਂ ਤੇ ਸੀਸ ਧਰ ਦਿੱਤਾ। ਗੁਰੂ ਜੀ ਨੇ ਚਾਕੇ ਛਾਤੀ ਨਾਲ ਲਾ ਲਿਆ। ਇਨੇ ਨੂੰ ਮਾਤਾ ਨਾਨਕੀ ਜੀ ਪਹੁੰਚ ਪਏ, ਗੁਰੂ ਤੇਗ ਬਹਾਦਰ ਜੀ ਨੇ ਆਪਣੀ ਮਾਤਾ ਨੂੰ ਸੀਸ ਨਿਵਾਇਆ, ਪਰ ਮਾਤਾ ਜੀ ਨੇ ਸੀਸ ਛੇਤੀ ਨਾਲ ਚਾਕੇ ਛਾਤੀ ਨਾਲ ਲਾ ਲਿਆ।

ਰੱਬ ਦੇ ਪਿਆਰਿਆਂ ਦੇ 'ਸਿਰ' ਨੂੰ 'ਸੀਸ' ਆਖੀਦਾ ਹੈ।

ਫੇਰ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਸਿੰਘਾਸਣ ਤੇ ਜਾ ਬੈਠੇ ਅਤੇ ਸਾਹਿਬਜ਼ਾਦੇ ਜੀ ਨੂੰ ਝੋਲੀ ਵੀ ਲੈ ਲਿਆ। ਹੁਣ ਸੰਗਤ ਚੁਫੇਰੇ ਜੁੜਕੇ ਬੈਠ ਗਈ। ਕੀਰਤਨ ਮਿੱਠਾ ਮਿੱਠਾ ਛਿੜ ਪਿਆ। ਦੇਖੋ:

ਦੀਵਾਨ ਸਜ ਰਿਹਾ ਹੈ, ਮਿੱਠੀ ਧੁਨਿ* ਸ਼ਬਦ ਦੀ ਉਠ ਰਹੀ ਹੈ, ਸਿੰਘਾਸਨ ਤੇ ਗੁਰੂ ਸਾਹਿਬ ਬੈਠੇ ਹਨ। ਛਾਤੀ ਨਾਲ ਲਗੇ ਬਾਲਾ ਪ੍ਰੀਤਮ ਜੀ ਚੰਬੜੇ ਬੈਠੇ ਹਨ, ਦੇਖੋ ਕੈਸੀ ਸੁਹਣੀ ਮੂਰਤਿ ਬਜ ਰਹੀ ਹੈ।

ਪਿਤਾ ਹਮਾਰੇ ਪ੍ਰਗਟੇ ਮਾਝ॥
ਪਿਤਾ ਪੂਤ ਰਲਿ ਕੀਨੀ ਸਾਂਝ॥(ਭੈਰਉ ਮ: ੫-੨੨)

❖❖❖

## ੨੭. ਆਨੰਦਪੁਰ ਦਾ ਵਸੇਬਾ-ਲਾਡ।

**ਇਸ** ਤਰ੍ਹਾਂ ਸਾਹਿਬਜ਼ਾਦੇ ਜੀ, ਜਿਨ੍ਹਾਂ ਨੂੰ ਪਟਨੇ ਦੇ ਪ੍ਰੇਮੀ 'ਬਾਲਾ ਪ੍ਰੀਤਮ ਜੀ' ਆਖਿਆ ਕਰਦੇ ਸਨ, ਆਨੰਦਪੁਰ ਆਪਣੇ ਪਿਤਾ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਪਾਸ ਆ ਗਏ ਸਨ। ਪਿਤਾ ਜੀ ਆਪਣੇ ਅਨੋਖੇ ਪੁਤ੍ਰ ਨੂੰ ਬਹੁਤ ਪਿਆਰ ਕਰਦੇ ਸਨ। ਇਕ ਤਾਂ ਏਸ ਕਰਕੇ ਕਿ ਪੁਤ੍ਰ ਸਨ; ਦੂਜੇ ਏਸ ਕਰਕੇ ਕਿ ਆਪਜੀ ਜਾਣਦੇ ਸਨ ਕਿ ਸਾਡੇ ਮਗਰੋਂ ਸ੍ਰੀ ਗੁਰੂ ਗਾਦੀ ਤੇ ਇਹੋ ਸਾਹਿਬਜ਼ਾਦੇ ਜੀ ਬੈਠਣਗੇ।

ਸੋ ਹਰ ਤਰ੍ਹਾਂ ਨਾਲ ਪਿਤਾ ਗੁਰੂ ਜੀ ਪਿਆਰ ਤੇ ਲਾਡ ਕਰਦੇ ਸਨ। ਸ੍ਰੀ ਗੁਜਰੀ ਮਾਤਾ ਜੀ ਤੇ ਦਾਦੀ ਜੀ ਸ੍ਰੀ ਨਾਨਕੀ ਜੀ ਬੜੇ ਲਾਡ ਲਡਿਆਉਂਦੇ ਸਨ, ਪਰ ਫੇਰ ਬੀ ਆਪ ਲਈ ਦਾਈਆਂ ਰੱਖ ਦਿੱਤੀਆਂ ਸਨ। ਦਾਈਆਂ ਰਾਤ ਨੂੰ ਆਪ ਦੀ ਸੁਹਣੀ ਵਿਛਾਈ

*ਸੁਰ, ਆਵਾਜ਼ ਗਾਉਣ ਦੀ।

ਕਰਦੀਆਂ ਸਨ, ਰਾਤ ਦੇ ਕਪੜੇ ਪੁਆਉਂਦੀਆਂ ਸਨ, ਹੁਨਾਲ ਹੋਵੇ ਤੇ ਹਵਾ ਨਾ ਝੁੱਲੇ ਤਾਂ ਪੱਖਾ ਝੱਲਦੀਆਂ ਸਨ। ਸਿਆਲ ਹੋਵੇ ਤਾਂ ਕਮਰੇ ਨੂੰ ਨਿੱਘਿਆਂ ਰਖਦੀਆਂ ਸਨ। ਇਕ ਤੋਂ ਵਧੀਕ ਇਸ ਕਰਕੇ ਸਨ ਕਿ ਵਾਰੋ ਵਾਰੀ ਕੰਮ ਕਰਦੀਆਂ ਸਨ, ਸੌਣ ਵੇਲੇ ਸੌਣ ਦੀਆਂ ਲੋਰੀਆਂ ਤੇ ਜਾਗਣ ਵੇਲੇ ਜਾਗ ਲੋਰੀਆਂ ਗਾਉਂਦੀਆਂ ਸਨ।

ਦਿਨ ਨੂੰ ਲੋੜ ਹੁੰਦੀ ਸੀ ਸਾਹਿਬਜ਼ਾਦੇ ਜੀ ਨੂੰ ਬਾਹਰ ਸੈਲ ਕਰਨ ਲੈ ਜਾਣ ਦੀ, ਹੋਰਨਾਂ ਬਾਲਾਂ ਨਾਲ ਖੇਡਾਂ ਵਿਚ ਰੁੱਝਣ ਦੀ ਫੇਰ ਵੇਲੇ ਸਿਰ ਪ੍ਰਸ਼ਾਦ ਛਕਣ ਵੇਲੇ ਘਰ ਲੈ ਆਉਣ ਦੀ*। ਜੋ ਦਾਸ ਇਹ ਸੇਵਾ ਕਰਦੇ ਸਨ ਉਨ੍ਹਾਂ ਨੂੰ 'ਦਾਏ' ਆਖਦੇ ਸਨ। ਦਾਇਆ ਦਾ ਕੰਮ ਇਹ ਬੀ ਹੁੰਦਾ ਸੀ ਕਿ 'ਬਾਲਾ ਪ੍ਰੀਤਮ' ਜੀ ਨੂੰ ਦੋਨੋਂ ਵੇਲੇ ਠੀਕ ਵਕਤ ਸਿਰ ਦੀਵਾਨ ਵਿਚ ਲੈ ਆਇਆ ਕਰਨ। ਉਂਞ ਤਾਂ ਸਾਹਿਬਜ਼ਾਦੇ ਜੀ ਦੀਵਾਨ ਵਿਚ ਹਾਜ਼ਰ ਹੋਣ ਲਈ ਆਪ ਬੜੇ ਤਿਆਰ ਰਹਿੰਦੇ ਸਨ, ਪਰ ਏਹ ਦਾਏ ਵੇਲੇ ਸਿਰ ਯਾਦ ਕਰਾ ਦਿਆ ਕਰਦੇ ਸਨ। ਏਹ ਦਾਏ ਸੇਵਾ ਬੀ ਕਰਦੇ ਸਨ ਤੇ ਸਾਹਿਬਜ਼ਾਦੇ ਜੀ ਨੂੰ ਦੱਸੇ ਬਿਨਾਂ ਉਨ੍ਹਾਂ ਦੀ ਰਾਖੀ ਬੀ ਕਰਦੇ ਸਨ। ਦੱਸੇ ਬਿਨਾਂ ਇਸ ਕਰਕੇ ਕਿ ਬਾਲਪਨੇ ਵਿਚ ਹੀ ਸਾਹਿਬਜ਼ਾਦੇ ਜੀ ਨਿਰਭਉ ਸਨ। ਨਿਰਭਉ ਆਖਦੇ ਹਨ ਨਿਧੜਕ ਨੂੰ, ਜੋ ਡਰੇ ਨਾ। ਤੁਸੀਂ ਜਪੁਜੀ ਸਾਹਿਬ ਦਾ ਪਾਠ ਸੁਣਦੇ ਹੋ ਨਾ; ਤੇ ਕੰਠ ਬੀ ਕਰ ਰਹੇ ਹੋ, ਵੇਖੋ ਉਸ ਦੇ ਛੇਕੜਲੇ ਸ਼ਲੋਕ ਵਿਚ ਆਉਂਦਾ ਹੈ 'ਦੁਇ ਦਾਈ ਦਾਇਆ'। ਦਾਈ ਆਖਦੇ ਹਨ ਤ੍ਰੀਮਤ ਸੇਵਾ ਕਰਨ ਵਾਲੀ, ਖਿਡਾਵੀ ਨੂੰ। ਦਾਇਆ ਆਖਦੇ ਹਨ ਦਿਨ ਦੇ ਖਿਡਾਵੇ ਨੂੰ। ਜਪੁਜੀ ਵਿਚ ਗੁਰੂ ਜੀ ਨੇ ਜੀਵਾਂ ਨੂੰ ਬਾਲ ਦੱਸਿਆ ਹੈ, ਦਿਨ ਨੂੰ ਦਾਇਆ (ਖਿਡਾਵਾ) ਤੇ ਰਾਤ ਨੂੰ ਦਾਈ (ਖਿਡਾਵੀ) ਦੱਸਿਆ ਹੈ।

*ਪ੍ਰਸ਼ਾਦ ਛਕਣਾ ਆਖੀਦਾ ਹੈ ਰੋਟੀ ਖਾਣ ਨੂੰ। ਕਿਉਂ? ਇਸ਼ ਕਰਕੇ ਕਿ ਹਰ ਇਕ ਸਿਖ ਸਮਝਦਾ ਹੈ ਕਿ ਰੋਟੀ ਰੱਬ ਜੀ ਦੀ ਮਿਹਰ ਨਾਲ ਮਿਲਦੀ ਹੈ। 'ਪ੍ਰਸ਼ਾਦਿ' ਨਾਮ ਹੈ 'ਕਿਰਪਾ' ਦਾ।

'ਦਾਈਆਂ ਤੇ ਦਾਏ' ਸਾਹਿਬਜ਼ਾਦੇ ਦੀ ਸੇਵਾ ਤੇ ਲਾਡ ਪਿਆਰ ਲਈ ਕੰਮ ਕਰਦੇ ਸਨ। ਇਨ੍ਹਾਂ ਦੋਹਾਂ ਨੂੰ 'ਦਾਈਅਨ' ਯਾ 'ਦਈਅਨ' ਆਖਦੇ ਸਨ। ਸਾਹਿਬਜ਼ਾਦੇ ਜੀ ਨੇ ਵਡੇ ਹੋ ਕੇ ਆਪਣੇ ਹਾਲ ਆਪ ਲਿਖੇ ਹਨ। ਓਸ ਵਿਚ ਆਪ ਜੀ ਲਿਖਦੇ ਹਨ :-

ਮਦ੍ਰ ਦੇਸ ਹਮ ਕੋ ਲੇ ਆਏ॥
ਭਾਂਤਿ ਭਾਂਤਿ ਦਾਈਅਨ ਦੁਲਰਾਏ॥

ਇਹ ਕਿਹੜੀ ਬੋਲੀ ਹੈ? ਸਾਡੀ ਪੰਜਾਬੀ ਬੋਲੀ ਤਾਂ ਨਹੀਂ। ਇਹ ਬੋਲੀ ਹੈ ਪਟਨੇ ਦੀ, ਜਿਥੇ ਸਾਹਿਬਜ਼ਾਦੇ ਜੀ ਬਾਲ ਵਰੇਸ ਵਿਚ ਰਹੇ ਹਨ। ਇਸ ਦਾ ਅਰਥ ਹੈ ਕਿ ਮੈਨੂੰ ਮੇਰੇ ਪਿਆਰ ਕਰਨ ਵਾਲੇ ਪੰਜਾਬ ਵਿਚ ਲੈ ਆਏ। ਓਥੇ ਦਾਈਆਂ ਤੇ ਦਾਏ, ਅਰਥਾਤ ਕਈ ਤਰ੍ਹਾਂ ਦੇ ਖਿਡਾਵੇ ਤੇ ਖਿਡਾਵੀਆਂ ਮੈਨੂੰ ਲਾਡ ਲਡਿਆਉਂਦੇ ਸਨ।

❖❖❖

## ੨੮. ਆਨੰਦਪੁਰ ਵਸੇਬਾ-ਰੱਛਾ।

**ਜਦੋਂ** ਗੁਰੂ ਥਾਪੇ ਗਏ ਤਦੋਂ ਵਡੇ ਹੋ ਕੇ ਆਪ ਜੀ ਨੇ ਆਪਣੇ ਜੋ ਹਾਲ ਲਿਖੇ ਹਨ ਓਨ੍ਹਾਂ ਵਿਚ ਆਪ ਨੇ ਲਿਖਿਆ ਹੈ :-

ਕੀਨੀ ਅਨਿਕ ਭਾਂਤਿ ਕੀ ਰਛਾ॥

ਏਸ ਦੇ ਅਰਥ ਇਹ ਹਨ ਕਿ ਸਾਡੇ ਸਰੀਰ ਦੀ ਰਾਖੀ ਕਈ ਭਾਂਤ ਨਾਲ ਕੀਤੀ। ਇਕ ਤਾਂ ਦਾਈ ਦਾਏ ਸਹਿ ਸੁਭਾ ਰਾਖੀ ਕਰਦੇ ਸਨ, ਇਨ੍ਹਾਂ ਤੋਂ ਛੁਟ ਹੋਰ ਖਾਸ ਰਾਖੇ ਬੀ ਸਨ। ਜਿਵੇਂ ਕਿ 'ਬਾਲਾ ਪ੍ਰੀਤਮ' ਜੀ ਨੂੰ ਸਤਲੁਜ ਨਦੀ ਵਿਚ ਖੇਲਾਂ ਕਰਨੇ ਦਾ ਸ਼ੌਕ ਸੀ; ਉਥੇ ਬੇੜੀਆਂ ਤੇ ਮਲਾਹ ਸਨ ਜੋ ਜਲ ਕ੍ਰੀੜਾ ਅਰਥਾਤ ਜਲ ਵਿਚ ਯਾ ਕਿਨਾਰੇ ਦੀਆਂ ਖੇਡਾਂ ਵਿਚ ਰਾਖੇ ਹੁੰਦੇ ਸਨ। ਜਿਵੇਂ ਕਿ ਜਲ ਵਿਚ ਨ੍ਹਾਉਣਾ, ਤਾਰੀਆਂ ਲਾਉਣੀਆਂ, ਬੇੜੀ ਨੂੰ ਖੇਉਣਾ। ਖੇਉਣਾ ਕਹਿੰਦੇ ਹਨ ਚੱਪੇ ਲੈ ਕੇ ਬੇੜੀ ਨੂੰ ਪਾਣੀ ਵਿਚ ਤੋਰਨਾ ਤਾਰਨਾ। ਇਸ ਤਰ੍ਹਾਂ ਬਾਹਰ ਫਿਰਨ, ਸੈਲ ਕਰਨ, ਘੋੜੇ ਚੜ੍ਹਕੇ ਸੈਲ ਕਰਨ ਆਦਿ ਵੇਲੇ ਏਹ ਰਾਖੇ ਰਾਖੀ

ਕਰਦੇ ਸਨ; ਪਰ ਰਾਖੇ ਰੱਖੇ ਹੋਏ ਪਿਤਾ ਮਾਤਾ ਜੀ ਨੇ ਸਨ। ਇਸ ਕਰਕੇ ਤੁਕ ਜੋ ਉਪਰ ਆਈ ਹੈ :- 'ਕੀਨੀ ਅਨਿਕ ਭਾਂਤਿ ਕੀ ਰਛਾ', ਉਸ ਦੇ ਅਰਥ ਇਹੋ ਹਨ ਕਿ 'ਮੇਰੇ ਪਿਤਾ ਜੀ ਨੇ ਕਈ ਤਰ੍ਹਾਂ ਨਾਲ ਮੇਰੀ ਰੱਛਾ ਕੀਤੀ। ਜਿਵੇਂ ਦੁਲਰਾਇਆ ਤਾਂ ਮਾਪਿਆਂ ਨੇ ਪਰ ਨਾਲ ਦੁਲਾਰਨ-ਸੇਵਾ ਤੇ ਲਾਏ ਸਨ, ਦਾਈਆਂ ਤੇ ਦਾਏ: ਤਿਵੇਂ ਰੱਛਾ ਤਾਂ ਕੀਤੀ ਮਾਪਿਆਂ ਨੇ, ਪਰ ਰੱਛਾ ਕਰਨ ਤੇ ਲਾਏ ਸਨ ਰਾਖੇ। ਉਂਵ ਪਿਤਾ ਗੁਰੂ ਜੀ ਗੁਰੂ ਸਨ, ਉਨ੍ਹਾਂ ਦਾ ਤਾਂ ਪਿਆਰ ਹੀ ਸਭ ਤੋਂ ਵੱਡਾ ਰਾਖਾ ਸੀ।

ਇਨ੍ਹਾਂ ਦਾਈ ਦਾਇਆਂ ਕਿ ਖਿਡਾਵੀਆਂ ਤੇ ਖਿਡਾਵਿਆਂ ਦਾ ਸਰਦਾਰ ਇਕ ਗੁਰੂ ਕਾ ਪੱਕਾ ਸਿੱਖ ਸੀ। ਉਸ ਦਾ ਨਾਉਂ ਉਨ੍ਹਾਂ ਦਿਨਾਂ ਵਿਚ ਚੌਪਤ ਰਾਇ ਯਾ ਚੰਪਤ ਰਾਇ ਜੀ ਲਿਖਿਆ ਹੈ। ਇਹ ਚੌਪਤ ਰਾਇ; ਜਦੋਂ ਸ੍ਰੀ ਬਾਲਾ ਪ੍ਰੀਤਮ ਜੀ ਗੁਰੂ ਹੋ ਗਏ ਤੇ ਅੰਮ੍ਰਿਤ ਦੀ ਮਰਿਯਾਦਾ ਤੋਰੀ; ਤਾਂ ਅੰਮ੍ਰਿਤ ਛੱਕਕੇ ਸਿੰਘ ਸਜ ਗਿਆ। ਫੇਰ ਇਸ ਦਾ ਨਾਉਂ ਹੋ ਗਿਆ ਭਾਈ ਚੌਪਾ ਸਿੰਘ। ਇਹ ਚੰਪਤ ਰਾਇ ਆਪਣੇ ਮਾਪਿਆਂ ਦੀ ਸੁਖਣਾ ਦਾ ਪੁਤ੍ਰ ਸੀ*। ਸੁਖਣਾ ਕੀਹ ਹੁੰਦੀ ਹੈ? ਇਸ ਦੇ ਮਾਪਿਆਂ ਨੇ ਅਰਦਾਸ ਕੀਤੀ ਸੀ ਸੱਤਵੇਂ ਗੁਰੂ ਸਾਹਿਬ ਗੁਰੂ ਹਰਿ ਰਾਇ ਜੀ ਦਾ ਧਿਆਨ ਧਰਕੇ ਕਿ ਜੇ ਸਾਡੇ ਘਰ ਉਲਾਦ ਹੋ ਪਵੇ ਤਾਂ ਅਸੀਂ ਇਕ ਬੱਚਾ ਆਪ ਦੀ ਭੇਟਾ ਕਰਾਂਗੇ। ਸੋ ਜਦ ਉਹਨਾਂ ਦੇ ਘਰ ਉਲਾਦ ਹੋਈ ਤਾਂ ਇਕ ਬੱਚਾ ਗੁਰੂ ਹਰਿ ਰਾਇ ਸਾਹਿਬ ਦੇ ਚਰਨਾਂ ਵਿਚ ਭੇਟਾ ਕਰ ਗਏ। ਗੁਰੂ ਹਰਿ ਰਾਇ ਜੀ ਇਸ ਨੂੰ ਸਦਾ ਖਿੜਿਆ ਤੇ ਖੁਸ਼ ਵੇਖ ਕੇ 'ਚੌਪਾ ਚੌਪਾ' ਕਰਕੇ ਵਾਜਾਂ ਮਾਰਦੇ ਸਨ। ਫੇਰ ਇਸ ਨੂੰ ਚੰਪਤ ਰਾਇ ਨਾਮ ਦਿੱਤਾ। ਇਹ ਸਤਵੀਂ, ਅਠਵੀਂ, ਨੌਵੀਂ ਪਾਤਸ਼ਾਹੀ ਜੀ ਦੀ ਸੇਵਾ ਕਰਦਾ ਗੁਰੂ ਦਾ ਸਿਖ ਤੇ ਚੰਗਾ ਗੁਰਮਤਿ ਦਾ ਪ੍ਰਬੀਨ ਸਿਖ ਤਿਆਰ ਹੋ ਗਿਆ। ਨੌਵੇਂ ਸਤਿਗੁਰਾਂ ਨੇ ਸਾਹਿਬਜ਼ਾਦੇ ਤੇ ਖਿਡਾਵਿਆਂ ਦਾ ਵਡਕਾ ਏਸ ਨੂੰ ਥਾਪਿਆ। ਦਸਮੇਂ ਪਾਤਸ਼ਾਹ ਦੇ ਸਮੇਂ ਇਹ ਅੰਮ੍ਰਿਤ

---

*ਬੰਸਾ: ਨਾ:।

ਛਕ ਕੇ ਚੌਪਾ ਸਿੰਘ ਬਣ ਗਿਆ। ਅੰਮ੍ਰਿਤ ਦੀ ਰਹਿਤ ਦਾ ਇਕ ਰਹਿਤਨਾਮਾ ਇਸ ਚੌਪਾ ਸਿੰਘ ਨੇ ਤਿਆਰ ਕੀਤਾ, ਜਿਸ ਦਾ ਅਸਲ ਨਹੀਂ ਮਿਲਦਾ। ਪਰ ਕੁਛ ਥੋੜਾ ਬਦਲਿਆ ਰੂਪ ਮਿਲਦਾ ਹੈ।

❖❖❖

## ੨੯. ਸਿੱਛਾ।

**ਸਾਹਿਬਜ਼ਾਦੇ** ਸ੍ਰੀ ਗੋਬਿੰਦ ਸਿੰਘ ਜੀ ਗੁਰਤਾ ਗਾਦੀ ਵਾਸਤੇ ਹੀ ਤਾਂ ਆਏ ਸੇ, ਪਰ ਅਜੇ ਗੁਰੂ ਨਹੀਂ ਸੇ ਥਾਪੇ ਗਏ। ਉਹਨਾਂ ਵਿਚ ਵਿਦਜਾ ਅਗੰਮ ਦੀ ਸੀ। ਜਾਣੋ ਉਹਨਾਂ ਨੂੰ ਬਿਨਾਂ ਪੜ੍ਹੇ ਵਿਦਜਾ ਦੇ ਗਜਾਨ ਆਪਣੇ ਆਪ ਆਉਂਦੇ ਸਨ, ਪਰ ਫੇਰ ਬੀ ਪਿਤਾ ਗੁਰੂ ਜੀ ਸਾਰੀ ਤਰ੍ਹਾਂ ਦੀ ਸੁਹਣੀ ਮਤਿ, ਜਿਸ ਨੂੰ ਸਿਖਿਆ ਆਖੀਦਾ ਹੈ, ਦੇਣੀ ਚਾਹੁੰਦੇ ਸਨ, ਜਿਵੇਂ ਕਿ ਗੁਰਮੁਖੀ ਅੱਖਰ ਪੜ੍ਹਨੇ, ਅੱਖਰ ਪੜ੍ਹ ਲੈਣ ਤਾਂ ਗੁਰੂ ਬਾਣੀ ਦਾ ਪਾਠ ਕਰ ਲੈਣ। ਫੇਰ ਸ਼ਸਤ੍ਰ ਵਿਦਜਾ, ਘੋੜੇ ਚੜ੍ਹਨਾ, ਤੀਰ ਚਲਾਉਣੇ, ਗੱਤਕੇ ਖੇਡਕੇ ਤਲਵਾਰ ਚਲਾਉਣ ਦੀ ਜਾਚ ਸਿੱਖਣੀ। ਬੰਦੂਕ ਵਿਚ ਗੋਲੀ ਭਰ ਕੇ ਨਿਸ਼ਾਨਾ ਬੰਨ੍ਹਣਾ ਤੇ ਫੇਰ ਤੋੜਾ ਲਾ ਕੇ ਚਲਾ ਦੇਣਾ। ਸਾਰੀਆਂ ਗੱਲਾਂ ਸਿਖਾਉਣ ਦੇ ਉਸਤਾਦ ਰਖ ਦਿੱਤੇ ਸਨ। ਇਹ ਗੱਲ ਬੀ ਗੁਰੂ ਜੀ ਨੇ ਵਡੇ ਹੋ ਕੇ ਇਸ ਤੁਕ ਵਿਚ ਆਪ ਲਿਖੀ ਹੈ :-

ਦੀਨੀ ਭਾਂਤਿ ਭਾਂਤਿ ਕੀ ਸਿੱਛਾ॥

ਕਿ ਸੋਹਣੇ ਬਾਬਲ ਨੇ ਮੈਨੂੰ ਤਰ੍ਹਾਂ ਤਰ੍ਹਾਂ ਦੀ ਸਿਖਜਾ ਦਿੱਤੀ। ਅਸਲ ਸਿੱਛਾ ਤਾਂ ਗੁਰਜਾਈ ਦੀ ਸੀ, ਜਿਸ ਨੂੰ ਆਤਮ ਵਿਦਜਾ ਤੇ ਜੀਅ-ਦਾਨ ਦੀ ਵਿਦਜਾ ਆਖੀਦਾ ਹੈ, ਉਹ ਤਾਂ ਪਿਤਾ ਗੁਰੂ ਜੀ ਨੇ ਆਪ ਦਿੱਤੀ। ਪਰ ਹੋਰ ਵਿਦਜਾ ਦੇ ਉਸਤਾਦ ਰਖ ਦਿੱਤੇ। ਜਿਵੇਂ ਕਿ ਖੋਜ ਕਰੀਏ ਤਾਂ ਇਹ ਗਲ ਲਿਖੀ ਲੱਭ ਪੈਂਦੀ ਹੈ ਕਿ ਜਿਸ ਤੋਂ ਆਪ ਜੀ ਗੁਰਮੁਖੀ ਪੜ੍ਹੇ ਉਸ ਦਾ ਨਾਉਂ ਹਰਜਸ ਰਾਇ ਸੀ। ਇਹ ਮੁਨਸ਼ੀ ਬੀ ਸੀ ਤੇ ਫਾਰਸੀ ਤੇ ਗੁਰਮੁਖੀ ਵਿਦਜਾ ਬੀ ਚੰਗੀ ਜਾਣਦਾ ਸੀ। ਇਹ ਮਤੀਦਾਸ ਦਾ ਭਤੀਜਾ ਸੀ। ਮਤੀ ਦਾਸ ਬੜਾ ਪੱਕਾ ਸਿਖ ਸੀ, ਜੋ ਗੁਰੂ

ਤੇਗ ਬਹਾਦਰ ਜੀ ਦੇ ਨਾਲ ਹੀ ਦਿੱਲੀ ਵਿਚ ਸ਼ਹੀਦ ਹੋਇਆ ਸੀ। ਜਿਸ ਨੂੰ ਤੁਰਕਾਂ ਨੇ ਜੀਉਂਦੇ ਜੀ ਆਰੇ ਨਾਲ ਚੀਰਿਆ ਸੀ।

ਸੋ ਹਰਿਜਸ* ਨੇ ਆਪ ਨੂੰ ਗੁਰਮੁਖੀ, ਗੁਰਬਾਣੀ ਗੁਰ ਸਾਖੀਆਂ ਸਭੋ ਕੁਛ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਆਪ ਜੀ ਬਹੁਤ ਛੇਤੀ ਇਉਂ ਸਿਖ ਗਏ ਜਿਵੇਂ ਕਿ ਅੱਗੇ ਹੀ ਜਾਣਦੇ ਸਨ। ਮਸਾ ਛੇ ਮਹੀਨੇ ਇਸ ਪੜ੍ਹਨ ਤੇ ਲਗੇ। ਫੇਰ ਹਰਿਜਸ ਤੋਂ ਹੀ ਫਾਰਸੀ ਪੜਨੀ ਸ਼ੁਰੂ ਕੀਤੀ। ਪਰ ਮਗਰੋਂ ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਕ ਫ਼ਾਰਸੀ ਦੇ ਵਿਦਵਾਨ ਮੁਨਸ਼ੀ ਪੀਰ ਮੁਹੰਮਦ ਕਾਜ਼ੀ ਨੂੰ ਲਾਇਆ ਸੀ। ਇਸ ਉਸਤਾਦ ਤੋਂ ਫਾਰਸੀ ਵਿਦਜਾ ਬੜੇ ਥੋੜੇ ਚਿਰ ਵਿਚ ਆਪ ਨੇ ਪੜ੍ਹ ਲਈ। ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ :-

"ਭਾਵੇਂ ਇਨ੍ਹਾਂ ਦੇ ਨਾਲ ਪਰਚਣ ਲਈ ਹੋਰ ਭੀ ਕਈ ਬਾਲਕ ਜਮਾਤੀ ਕਰ ਦਿੱਤੇ ਸੇ, ਪਰ ਇਨ੍ਹਾਂ ਦੀ ਬੁਧਿ ਨੂੰ ਕੋਈ ਨਾ ਅੱਪੜਿਆ! ਥੋੜੇ ਹੀ ਦਿਨਾਂ ਵਿਚ ਗੁਰੂ ਜੀ ਕਈ ਕਿਤਾਬਾਂ ਪੜ੍ਹਕੇ ਓਨ੍ਹਾਂ ਦੇ ਮਾਅਨੇ ਜੋ ਕਾਜ਼ੀ ਨੂੰ ਭੀ ਨਹੀਂ ਆਉਂਦੇ ਸੇ, ਕਰਨ ਲਗ ਪਏ, ਜਿਸ ਤੋਂ ਉਸ ਨੇ ਏਨ੍ਹਾਂ ਨੂੰ ਵਲੀ ਅੱਲਾ ਸਮਝਕੇ ਸੱਤ ਸਲਾਮਾਂ ਕੀਤੀਆਂ। ਫੇਰ ਜੇ ਕਦੇ ਗੁਰੂ ਜੀ ਕਾਜ਼ੀ ਤੋਂ ਕੁਛ ਪੁੱਛਣ ਤਾਂ ਓਹ ਬੜੇ ਅਦਬ ਨਾਲ ਦੱਸ ਦੇਵੇ, ਨਹੀਂ ਤਾਂ ਇਨ੍ਹਾਂ ਦੇ ਚਰਨਾਂ ਵਿਚ ਧਿਆਨ ਧਰ ਰੱਖੇ। ਏਸੇ ਕਰਕੇ ਉਸ ਦਾ ਲੋਕ ਪ੍ਰਲੋਕ ਸੁਧਰ ਗਿਆ।"

(ਤ੍ਵਾ: ਖਾ: ਸਫਾ ੬੫੪, ੬੫੫)

'ਵਲੀ ਅੱਲਾ' ਕੀ ਹੁੰਦਾ ਹੈ? ਮੁਸਲਮਾਨ ਲੋਕ ਫਾਰਸੀ ਬੋਲੀ ਵਿਚ 'ਵਲੀ ਅੱਲਾ' ਰੱਬ ਦੇ ਡਾਢੇ ਪਿਆਰ ਨੂੰ ਆਖਦੇ ਹਨ, ਜੋ ਰੱਬ ਜੀ ਦੇ ਪਾਸ ਪਾਸ ਰਹਿੰਦਾ ਹੋਵੇ, ਐਨਾ ਕਿ ਰਬ ਜੀ ਦਾ ਦੋਸਤ ਯਾ ਪਿਆਰਾ ਮੰਨ ਲਿਆ ਜਾਵੇ।

---

*ਬੰ: ਨਾ:। ਪਰ ਤਵਾ: ਖਾ: ਵਿਚ ਗੁਰਮੁਖੀ ਅੱਖਰਾਂ ਦੇ ਸਿਖਾਉਣ ਵਾਲੇ ਦਾ ਨਾਉਂ 'ਸਾਹਿਬ ਚੰਦ ਗ੍ਰੰਥੀ' ਦਿਤਾ ਹੈ।

ਜਿਵੇਂ ਅਸੀਂ ਬੱਚਿਆਂ ਨੂੰ ਮਦਰੱਸੇ ਯਾ ਸਕੂਲੇ ਘੱਲਦੇ ਹਾਂ ਜੋ ਵਿਦਜਾ ਪਾ ਲੈਣ, ਤਿਵੇਂ ਸਕੂਲਾਂ ਤੋਂ ਪਹਿਲਾਂ ਪਾਠਸ਼ਾਲਾ ਤੇ ਮਦਰੱਸੇ ਹੁੰਦੇ ਸਨ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੁਹਣੇ ਪੁਤ੍ਰ ਨੂੰ ਬੀ ਇਕ ਤਰ੍ਹਾਂ ਦਾ ਮਦਰੱਸਾ ਯਾ ਸਕੂਲ ਬਣਾ ਦਿਤਾ ਸੀ। ਜੀਕੂੰ ਪੜ੍ਹਾਉਣ ਵਾਲੇ ਗੁਰੂ ਜੀ ਨੇ ਆਪ ਰਖ ਦਿਤੇ ਸਨ, ਤਿਵੇਂ ਪੜ੍ਹਨ ਵਾਲੇ ਬੀ ਹੋਰ ਕਿੰਨੇ ਹੀ ਸਾਹਿਬਜ਼ਾਦੇ ਜੀ ਦੇ ਨਾਲ ਬੈਠ ਕੇ ਪੜ੍ਹਨ ਲਈ ਲਾ ਦਿੱਤੇ ਸਨ। ਉਨ੍ਹਾਂ ਕੱਠੇ ਨਾਲ ਰਲ ਕੇ ਪੜ੍ਹਨ ਵਲਿਆਂ ਕਾਕਿਆਂ ਦੇ ਨਾਉਂ ਪਤੇ ਐਉਂ ਲਿਖੇ ਮਿਲਦੇ ਹਨ[੧] :-

ਸ਼ਾਮ ਦਾਸ, ਗੁਲਾਬ ਰਾਇ, ਇਹ ਦੁਇ ਗੁਰੂ ਤੇਗ ਬਹਾਦਰ ਜੀ ਦੇ ਭ੍ਰਾਤਾ ਸ੍ਰੀ ਸੂਰਜ ਮਲ ਦੇ ਪੋਤ੍ਰੇ ਸਨ।

ਗੁਰੂ ਤੇਗ ਬਹਾਦਰ ਜੀ ਦੀ ਭੈਣ ਬੀਬੀ ਵੀਰੋ ਦੇ ਪੁਤ੍ਰ ਮੋਹਰੀ ਚੰਦ, ਸੰਗੋ! ਗੁਰਬਖਸ਼ ਦਾ ਪੁਤ੍ਰ ਗੁਰਸ਼ਰਨ, ਨੰਦ ਚੰਦ, ਸੰਘਾ। ਇਨ੍ਹਾਂ ਤੋਂ ਛੁਟ ਮਨੀ ਸਿੰਘ, ਤਾਰਾ, ਆਲਮ[੨], ਕੀਰਤੀਆ ਆਦਿਕ ਹੋਰ ਕਈ ਕਾਕੇ ਸਨ। ਸੋ ਆਪ ਦੀ ਵਿਦਜਾ ਪਾਉਣ ਦੇ ਨਾਲ ਮਾਨੋ ਇਕ ਸਕੂਲ ਬਣ ਗਿਆ ਸੀ। ਹੋਰ ਬਾਲਕੇ ਤਾਂ ਪੜ੍ਹਕੇ ਸਬਕ ਘੋਖ ਘੋਖ ਕੇ ਯਾਦ ਕਰਦੇ, ਪਰ ਸਾਹਿਬਜ਼ਾਦੇ ਜੀ ਇਕ ਵੇਰੀ ਸੁਣਕੇ ਮੁੜਕੇ ਕਦੀ ਨਾ ਭੁੱਲਦੇ। ਨਾ ਮਿਹਨਤ ਕਰਦੇ ਨਾ ਘੋਖਦੇ ਜਿਵੇਂ ਕਿ ਪਹਿਲੋਂ ਹੀ ਜਾਣਦੇ ਸੀ।

❖❖❖

## ੩੦. ਹੋਣਹਾਰ ਬਿਰਵਾ।

**ਲੋਕੀ** ਆਖਦੇ ਹਨ-'ਹੋਣਹਾਰ ਬਿਰਵਾਨ ਕੇ ਹੋਤ ਚੀਕਨੇ ਪਾਤ।' ਇਸ ਦਾ ਅਰਥ ਇਹ ਹੈ ਕਿ ਜਿਨ੍ਹਾਂ ਬੂਟਿਆਂ ਨੂੰ ਚੰਗੇ ਫਲ ਲਗਣੇ ਹੋਣ ਉਹਨਾਂ ਦੇ ਪੱਤ੍ਰ ਬੜੇ ਚੀਕਣੇ ਹੁੰਦੇ ਹਨ : ਕੂਲੇ ਤੇ ਥਿੰਧੇ ਥਿੰਧੇ ਹੁੰਦੇ ਹਨ। ਕਈ ਆਖਦੇ ਹਨ ਇਸ ਦਾ ਇਹ ਅਰਥ ਹੈ ਕਿ ਮਿੱਠੇ ਬੇਰਾਂ

---

੧. ਤਵਾ: ਖਾ: ਸਫਾ ੯੫੪।

੨. ਇਹ ਓਹੋ ਆਲਮ ਸਿੰਘ ਹੈ ਕਿ ਜਿਸ ਬਾਬਤ ਇਕ ਮੌਕਿਆ ਤੇ ਦਸਮੇ ਗੁਰੂ ਜੀ ਲਿਖਦੇ ਹਨ 'ਆਨ ਆਲਮੇ ਹਮਹਿ ਜਗਾਇਓ।'

ਵਾਲੀਆਂ ਬੇਰੀਆਂ ਦੇ ਪੱਤ੍ਰ ਉਗਦਿਆਂ ਹੀ ਥਿੰਧੇ ਥਿੰਧੇ ਹੁੰਦੇ ਹਨ। ਇਹ ਗਲ ਉਸ ਵੇਲੇ ਆਖਦੇ ਹਨ ਜਿਸ ਵੇਲੇ ਕਿਸੇ ਬਾਲ ਵਿਚ ਛੋਟੇ ਹੁੰਦਿਆਂ ਹੀ ਚੰਗਿਆਈਆਂ ਤੇ ਸੁਹਣੇ ਗੁਣ ਦਿੱਸਣ ਲਗ ਪੈਣ। ਪਰ ਇਹ ਤਾਂ ਦੁਨੀਆਂ ਦੇ ਚੰਗਿਆਈਆਂ ਵਾਲਿਆਂ ਲਈ ਬੋਲ ਲਈਦਾ ਹੈ, ਬਾਲਾ ਪ੍ਰੀਤਮ ਜੀ ਤਾਂ ਸਨ ਹੀ ਧੁਰੋਂ ਗੁਰੂ ਬਣਕੇ ਜਗਤ ਨੂੰ ਤਾਰਨ ਲਈ ਆਏ ਹੋਏ। ਉਹਨਾਂ ਦੇ ਰਬੀ ਗੁਣ ਵੇਖ ਵੇਖ ਕੇ ਸਿਖ ਸੰਗਤਾਂ ਹਰਯਾਨ ਹੋ ਹੋ ਜਾਂਦੀਆਂ ਸਨ ਤੇ ਆਪ ਦੇ ਏਹ ਗੁਣ ਸਾਰੀਆਂ ਸੰਗਤਾਂ ਵਿਚ ਪਹੁੰਚ ਪਏ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਖ ਪੂਰਬ ਵਲ ਤਾਂ ਆਸਾਮ ਦੇਸ਼ ਤਕ ਹੈਸਨ, ਪੱਛੋਂ ਵਲ ਪਿਸ਼ਾਵਰ ਤੋਂ ਪਰੇ ਕਾਬਲ ਤੇ ਖਰਾਸਾਨ ਤਕ ਬੀ ਮਿਲਦੇ ਸਨ। ਉੱਤਰ ਵਲ ਤਿੱਬਤ ਦੀਆਂ ਹੱਦਾਂ ਤੱਕ ਤੇ ਦੱਖਣ ਵਿਚ ਸੰਗਲਾਦੀਪ ਤਕ ਲਭਦੇ ਸਨ। ਜਦ ਦੂਰ ਦੂਰ ਸਾਰੇ ਦੇਸ਼ਾਂ ਦਿਆਂ ਸਿਖਾਂ ਵਿਚ ਖਬਰਾਂ ਪਹੁੰਚੀਆਂ ਕਿ ਸਾਹਿਬਜ਼ਾਦੇ ਜੀ ਹੁਣ ਆਨੰਦਪੁਰ ਵਿਚ ਆ ਗਏ ਹਨ ਅਤੇ ਸਿਖ ਦੇਖ ਦੇਖ ਨਿਹਾਲ ਹੋ ਰਹੇ ਹਨ, ਤਦ ਦੂਰ ਦੂਰ ਤੋਂ ਸਿਖ ਦਰਸ਼ਨਾਂ ਲਈ ਆਉਣ ਲਗ ਪਏ। ਜੋ ਆਵੇ ਸੋ ਵੱਧ ਤੋਂ ਵੱਧ ਚੜ੍ਹਕੇ ਸੁਗਾਤਾਂ ਤੇ ਭੇਟਾਂ ਲਿਆਵੇ। ਐਥੋਂ ਤਾਈਂ ਕਿ ਇਕ ਸਿਖ ਚੌਧਰੀ ਨੇ ਆਪਣਾ ਬੱਚਾ ਬੀ ਸਾਹਿਬਜ਼ਾਦੇ ਨਾਲ ਖੇਡਣ ਤੇ ਸੇਵਾ ਕਰਨ ਲਈ ਅਰਪ ਦਿੱਤਾ। ਇਹ ਸੁਹਣਾ ਪਿਛੋਂ ਮਨੀ ਸਿੰਘ ਨਾਮ ਨਾਲ ਪ੍ਰਸਿੱਧ ਹੋਇਆ, ਜੋ ਬੜਾ ਗਜਾਨੀ ਤੇ ਸਿੱਖੀ ਦਾ ਆਗੂ ਸੀ। ਸੰਮਤ ੧੭੯੪ ਬਿ: ਵਿਚ ਇਹ ਲਾਹੌਰ ਸ਼ਹੀਦ ਹੋਇਆ ਸੀ, ਪਰ ਇਸ ਨੇ ਧਰਮ ਨਹੀਂ ਸੀ ਹਾਰਿਆ। ਤੁਰਕਾਂ ਨੇ ਏਸ ਨੂੰ ਆਖਿਆ ਕਿ ਤੂੰ ਧਰਮ ਛਡ ਦੇਹ, ਮੁਸਲਮਾਨ ਹੋ ਜਾ, ਨਹੀਂ ਤਾਂ ਤੇਰਾ ਬੰਦ ਬੰਦ ਕਟ ਦਿਆਂਗੇ। ਪਰ ਏਸ ਨੇ ਉਹਨਾਂ ਦੀ ਇਕ ਨਾ ਮੰਨੀ ਤੇ ਬੰਦ ਬੰਦ ਟੁਕਵਾਕੇ ਸ਼ਹੀਦ ਹੋ ਗਿਆ।

ਏਸ ਤਰ੍ਹਾਂ ਅਗੇ ਲਿਖੇ ਸੰਗਤਾਂ ਦੇ ਆਗੂ ਸਿਖ ਆਪਣੇ ਆਪਣੇ ਪਾਸਿਆਂ ਦਿਆਂ ਸਿਖਾਂ ਨੂੰ ਨਾਲ ਲੈ ਕੇ ਆਨੰਦਪੁਰ ਆਏ ਤੇ ਦਰਸ਼ਨ

ਕਰਕੇ ਨਿਹਾਲ ਹੋਏ ਤੇ ਸਾਰੇ ਏਹ ਸੋਚਾਂ ਸੋਚਦੇ ਗਏ ਕਿ ਇਹ ਸਾਹਿਬਜ਼ਾਦਾ ਆਪਣੇ ਦਾਦੇ ਵਾਂਗੂ ਬੜਾ ਬਲਵਾਨ ਜੋਧਾ ਬੀ ਹੋਵੇਗਾ। ਜੋ ਗੁਰਿਆਈ ਬੀ ਪੂਰੀ ਪੂਰੀ ਕਰੇਗਾ ਤੇ ਪਰਜਾ ਦੀ ਗੁਲਾਮੀ ਦੇ ਬੰਧਨ ਬੀ ਕਟੇਗਾ। ਇਹ ਆਪਣੇ ਦਾਦਾ ਗੁਰੂ ਵਾਂਗੂ ਫੌਜਾਂ ਦਾ ਸਰਦਾਰ ਹੋਵੇਗਾ। ਓਹ ਕਹਿੰਦੇ ਏਹ ਵਾਕ ਸਨ ਕਿ ਗੁਰੂ ਹੋ ਕੇ ਮੀਰੀ ਪੀਰੀ ਦੁਇ ਕੰਮ ਕਰੇਗਾ। ਨਾਲ ਹੀ ਆਏ ਲੋਕੀ ਦੇਖਦੇ ਸਨ ਕਿ ਦੀਵਾਨਾਂ ਵਿਚ ਤਾਂ ਸਾਹਿਬਜ਼ਾਦੇ ਜੀ ਐਉਂ ਬੈਠਦੇ ਹਨ ਜਿਵੇਂ ਕੋਈ ਜੋਗੀ ਹੁੰਦਾ ਹੈ। ਉਹ ਜੋਗੀ ਕਿੰਗਾਂ, ਵਜਾਉਣ ਵਾਲਾ ਨਾ, ਪਰ ਉਹ ਜੋ ਆਪਣੇ ਰੱਬ ਜੀ ਦੇ ਧਜਾਨ ਵਿਚ ਜੁੜਕੇ ਬੈਠ ਜਾਵੇ ਤੇ ਮਨ ਰੱਬ ਜੀ ਵਲ ਲਾਈ ਰਖੇ। ਫੇਰ ਓਹ ਦੇਖਦੇ ਸਨ ਕਿ ਆਪ ਸੁੰਨ ਮੁੰਨ ਨਹੀਂ ਹੋ ਜਾਂਦੇ। ਖੇਲਦੇ ਹਨ, ਦੌੜਦੇ, ਤਰਦੇ ਹਨ, ਨਦੀ ਵਿਚ ਖੇਲਾਂ ਕਰਦੇ ਹਨ, ਨਾਉਕ ਚਲਾਉਂਦੇ ਹਨ, ਕਬੱਡੀਆਂ ਸੌਚੀਆਂ ਹੁਣੇ ਹੀ ਖੇਡਦੇ ਹਨ, ਗੱਤਕੇਬਾਜ਼ੀ ਕਰਦੇ ਹਨ। ਕਿਸੇ ਵੇਲੇ ਆਪਣੇ ਨਾਲ ਖੇਡਣ ਵਾਲਿਆਂ ਦੇ ਦੋ ਹਿੱਸੇ ਵੰਡਕੇ ਫੌਜੀਆਂ ਵਾਂਗੂ ਲੜਾਈਆਂ ਬੀ ਲੜਦੇ ਹਨ।

ਸੋ ਛੋਟੀ ਉਮਰਾ ਵਿਚ ਹੀ ਹਰ ਗੱਲ ਤੇ ਹਰ ਵਿੱਦਜਾ ਵਿਚ ਸਾਹਿਬਜ਼ਾਦੇ ਐਉਂ ਪੂਰੇ ਹੋ ਗਏ ਜਿਵੇਂ ਸਮੁੰਦਰ ਅਗੇ ਹੀ ਭਰਿਆ ਹੋਇਆ ਹੁੰਦਾ ਹੈ, ਹੋਰ ਨਦੀਆਂ ਓਸ ਵਿਚ ਪੈਂਦੀਆਂ ਰਹਿੰਦੀਆਂ ਹਨ, ਪਰ ਓਹ ਉਹਨਾਂ ਦੇ ਪੈਣ ਨਾਲ ਉਛਲ ਨਹੀਂ ਪੈਂਦਾ, ਸਦਾ ਪੂਰਾ ਤੇ ਪੂਰਨ ਰਹਿਣ ਵਾਲਾ ਸਦਾ ਭਰਪੂਰ ਰਹਿੰਦਾ ਹੈ।

❖❖❖

## ੩੧. ਵਿਆਹ।

**ਅੰਤਰਜਾਮੀ** ਕਿਸ ਨੂੰ ਆਖੀਦਾ ਹੈ? ਜੋ ਅੰਦਰ ਬੈਠਾ ਹੋਵੇ ਉਹ ਅੰਤਰਜਾਮੀ ਹੈ। ਅੰਤਰ ਆਖਦੇ ਹਨ ਅੰਦਰ ਨੂੰ। ਅੰਦਰ ਆਖਦੇ ਹਨ ਦਿਲ ਨੂੰ ਜੋ ਸਾਡੇ ਸਰੀਰ ਦੇ ਅੰਦਰ ਹੈ। ਉਸ ਵਿਚ ਜੋ ਸਦਾ ਬੈਠਾ ਹੁੰਦਾ ਹੋਵੇ ਉਹ ਹੁੰਦਾ ਹੈ ਅੰਤਰਜਾਮੀ। ਜੋ ਕਿਸੇ ਅੰਦਰ ਬੈਠਾ ਹੋਵੇ ਉਹ

ਅੰਦਰ ਵਿਚ ਪਈ ਹਰ ਗਲ ਨੂੰ ਵੇਖਦਾ ਹੈ ਸੋ ਉਹ ਅੰਦਰ ਹੀ ਹਰ ਗੱਲ ਨੂੰ ਜਾਣਦਾ ਹੈ। ਇਸ ਕਰਕੇ ਜੋ ਅੰਦਰ ਦੀਆਂ ਜਾਣ ਲਵੇ ਉਹ ਬੀ ਕਹੀਦਾ ਹੈ ਅੰਤਰਜਾਮੀ। ਰੱਬ ਜੀ, ਜਿਸ ਨੂੰ ਅਸੀਂ ਵਾਹਿਗੁਰੂ ਆਖਦੇ ਹਾਂ, ਉਹ ਸਾਰਿਆਂ ਦਿਲਾਂ ਵਿਚ ਵਸਦਾ ਹੈ, ਇਸ ਕਰਕੇ ਉਹ ਸਭ ਕਿਸੇ ਦੇ ਦਿਲ ਦੀਆਂ ਜਾਣਦਾ ਹੈ। ਏਸੇ ਤਰ੍ਹਾਂ ਗੁਰੂ; ਜੋ ਸਭ ਤੋਂ ਵਡਾ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਆਖੀਦਾ ਹੈ; ਦਿਲਾਂ ਦੀਆਂ ਜਾਣਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਵਰਗਾ ਇਕ ਗੁਰੂ ਬਣਾ ਲਿਆ ਸੀ; ਉਨ੍ਹਾਂ ਦਾ ਨਾਉਂ ਸੀ, ਸ੍ਰੀ ਗੁਰੂ ਅੰਗਦ ਦੇਵ ਜੀ। ਏਸੇ ਤਰ੍ਹਾਂ ਤੁਸੀਂ ਜਾਣਦੇ ਹੀ ਹੋ ਕਿ ਸਾਡੇ ਗੁਰੂ ਜੀ ਦਸ ਹੋਏ ਹਨ। ਨੌਵੇਂ ਗੁਰੂ ਤੇਗ ਬਹਾਦਰ ਜੀ ਸਨ। ਸੋ ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਦੇਵ ਹੀ ਸਨ। ਓਹ ਰੱਬ ਜੀ ਨੂੰ ਐਨਾ ਪਿਆਰ ਕਰਦੇ ਸਨ ਕਿ ਓਸ ਵਿਚ ਘੁਲੇ ਮਿਲੇ ਰਹਿੰਦੇ ਸਨ। ਏਸ ਕਰਕੇ ਰੱਬ ਜੀ ਵਾਂਙੂ ਓਹ ਬੀ ਦਿਲਾਂ ਦੀਆਂ ਜਾਣਦੇ ਸਨ। ਉਹਨਾਂ ਦੇ ਮਨ ਉਤੇ ਹੋਣ ਵਾਲੀਆਂ ਗੱਲਾਂ ਆਪਣਾ ਅਸਰ ਪਾ ਦੇਂਦੀਆਂ ਸਨ। ਓਹ ਦੇਖਦੇ ਸਨ ਕਿ ਸਾਡਾ ਸਰੀਰ ਹੁਣ ਦੁਨੀਆਂ ਤੋਂ ਛੇਤੀ ਚਲੇ ਜਾਣਾ ਹੈ, ਇਸੇ ਕਰਕੇ ਆਪਣੇ ਰੱਬੀ ਬਾਲਕੇ ਨੂੰ ਗੁਰਿਆਈ ਦੇ ਲੈਕ ਹਰ ਤਰ੍ਹਾਂ ਕਰ ਦਿੱਤਾ। ਹੁਣ ਉਨ੍ਹਾਂ ਦੀ ਵਿਚਾਰ ਇਹ ਸੀ ਕਿ ਸੁਹਣੇ ਕਾਕੇ ਜੀ ਦਾ ਵਿਆਹ ਬੀ ਕਰ ਦੇਈਏ*। ਵਿਸਾਖੀ ਵਾਲੇ ਦਿਨ ਗੁਰੂ ਕੇ ਦੁਆਰੇ ਦੂਰ ਦੂਰ ਦੇਸਾਂ ਦੀਆਂ ਸੰਗਤਾਂ ਆਉਂਦੀਆਂ ਸਨ। ਮੇਲੇ ਵਾਂਗੂ ਮੇਲਾ ਲਗ ਜਾਂਦਾ ਸੀ। ਇਕ ਵੇਰ ਵਿਸਾਖੀ ਤੇ ਬਹੁਤ ਸਿਖ ਦਰਸ਼ਨ ਕਰਨ ਆਏ ਤਾਂ ਉਹਨਾਂ ਵਿਚ ਇਕ ਬੜਾ ਗੁਰਮੁਖ ਸਿਖ ਆਇਆ। ਗੁਰਮੁਖ ਹੁੰਦਾ ਹੈ ਉਹ, ਜੋ ਸਿਖ ਹੋਵੇ, ਪਰ ਉਹ ਵਾਹਿਗੁਰੂ ਜੀ ਦੇ ਬਹੁਤ ਨੇੜੇ ਰਹਿੰਦਾ ਹੋਵੇ। ਰੱਬ ਜੀ ਨੂੰ ਹਾਜ਼ਰਾ ਹਜ਼ੂਰ ਲਖਦਾ ਹੋਵੇ।

---

*ਐਉਂ ਬੀ ਲਿਖਿਆ ਮਿਲਦਾ ਹੈ ਕਿ ਵਿਆਹ ਤਦੋਂ ਹੋਇਆ ਸੀ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋ ਚੁਕੇ ਸਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗਦੀ ਤੇ ਬੈਠ ਚੁਕੇ ਸਨ।

ਏਸ ਗੁਰਮੁਖ ਦਾ ਨਾਉਂ ਸੀ 'ਹਰਿਜਸ' ਇਹ ਖੱਤ੍ਰੀ ਸੀ ਤੇ ਇਸ ਦੀ ਗੋਤ ਸੀ ਭਿਖੀ। ਇਹ ਲਾਹੌਰ ਦਾ ਰਹਿਣੇ ਵਾਲਾ ਸੀ। ਇਸ ਗੁਰਮੁਖ ਸਿਖ ਦੇ ਘਰ ਇਕ ਧੀ ਸੀ; ਜੋ ਬੜੀ ਚੰਗੇ ਸੁਭਾ ਵਾਲੀ ਬੀਬੀ ਸੀ। ਗੁਰਬਾਣੀ ਦਾ ਪਾਠ ਪ੍ਰੇਮ ਨਾਲ ਕਰਦੀ ਸੀ ਤੇ ਸਭ ਦਾ ਭਲਾ ਕਰਨ ਦੇ ਸੁਭਾਉ ਵਾਲੀ ਸੀ। ਬਚਪਨ ਵਿਚ ਹੀ ਅੱਖਾਂ ਮੀਟ ਕੇ ਵਾਹਿਗੁਰੂ ਜੀ ਦੇ ਧਯਾਨ ਵਿਚ ਮਨ ਜੋੜ ਕੇ ਬੈਠਦੀ ਤੇ ਉਸਦਾ ਨਾਮ ਜਪਦੀ ਹੁੰਦੀ ਸੀ। ਇਸ ਬੀਬੀ ਨਾਲ ਸਾਹਿਬਜ਼ਾਦੇ ਜੀ ਦੀ ਕੁੜਮਾਈ ਕਰ ਦਿੱਤੀ। ਹਰਿਜਸ ਨੇ ਬੇਨਤੀ ਕੀਤੀ ਕਿ ਆਪ ਜੰਞ ਬਣਾ ਕੇ ਲਾਹੌਰ ਆਓ ਤੇ ਓਥੇ ਵਿਆਹ ਹੋਵੇ। ਗੁਰੂ ਜੀ ਨੇ ਕਿਹਾ: ਤੁਸੀਂ ਸਭ ਸਮਿਆਨ ਵਿਆਹ ਦਾ ਤੇ ਆਪਣੇ ਸਾਥ ਲੈ ਕੇ ਏਥੇ ਆ ਜਾਵੋ, ਅਸੀਂ ਏਥੇ ਲਾਹੌਰ ਵਸਾ ਦਿਆਂਗੇ। ਸੋ ਹਰਿਜਸ ਆਗਿਆ ਮੰਨਕੇ ਲਾਹੌਰ ਚਲਾ ਗਿਆ। ਗੁਰੂ ਜੀ ਨੇ ਆਨੰਦਪੁਰ ਤੋਂ ਸੱਤ ਕੁ ਕੋਹ ਉਪਰ ਨੂੰ ਇਕ ਨਵਾਂ ਸ਼ਹਿਰ ਬਣਾ ਦਿੱਤਾ। ਬਜਾਰ ਪੈ ਗਏ ਤੇ ਨਵੀਂ ਵਸੋਂ ਗੁਰਸਿਖਾਂ ਦੀ ਹੋ ਗਈ। ਹਰਿਜਸ ਲਾਹੌਰ ਜਾ ਕੇ ਆਪਣੇ ਸਾਕ ਸੈਨ ਤੇ ਵਿਆਹ ਦਾ ਸਾਮਾਨ ਲੈ ਕੇ ਆਨੰਦਪੁਰ ਆ ਗਿਆ। ਗੁਰੂ ਜੀ ਨੇ ਆਨੰਦਪੁਰ ਤੋਂ ਉਤਰ ਵਲ ਨਵੇਂ ਵਸਾਏ ਲਾਹੌਰ ਵਿਚ ਹਰਿਜਸ ਨੂੰ ਟਿਕਾਣਾ ਦਿੱਤਾ ਤੇ ਸੁਖਾਂ ਨਾਲ ਵਿਆਹ ਹੋ ਗਿਆ। ਸੁਭਾਗ ਬੀਬੀ ਦਾ ਨਾਉ 'ਅਜੀਤ ਜੀ' ਰਖਿਆ ਗਿਆ। ਪਰ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਨੂੰ ਪਿਆਰ ਨਾਲ 'ਜੀਤੋ ਜੀ' ਪੁਕਾਰਿਆ ਕਰਦੇ ਸਨ : ਸੋ ਪ੍ਰਸਿੱਧ ਨਾਮ ਉਹਨਾਂ ਦਾ 'ਸ੍ਰੀ ਜੀਤੋ ਜੀ' ਹੀ ਹੋ ਗਿਆ*।

ਏਸ ਨਵੇਂ ਵਸੇ ਥਾਂ ਇਕ ਸੋਮਾ ਪਾਣੀ ਦਾ ਜਾਰੀ ਹੈ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਰਛਾ ਮਾਰਕੇ ਜ਼ਿਮੀਂ ਵਿਚੋਂ; ਕੱਢਿਆ ਸੀ। ਇਸ ਟਿਕਾਣੇ ਨੂੰ ਹੁਣ ਤਾਈਂ 'ਗੁਰੂ ਕਾ ਲਾਹੌਰ' ਆਖਦੇ ਹਨ।

---

*ਵਿਵਾਹ ਤਾਂ ਗਰਮੀ ਦੀ ਰੁੱਤੇ ਹੋਇਆ ਸੀ, ਪਰ ਏਥੇ ਮੇਲਾ ਹਰ ਸਾਲ ਬਸੰਤ ਨੂੰ ਲਗਦਾ ਹੈ।

# ੩੨. ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤ।

**ਵਿਆਹ** ਤਾਂ ਸੁਖਾਂ ਨਾਲ ਹੋ ਗਿਆ। ਆਨੰਦਪੁਰ ਵਿਚ ਬਹੁਤ ਰੌਣਕ ਰਹੀ ਤੇ ਸੰਗਤਾਂ ਆਉਂਦੀਆਂ ਰਹੀਆਂ। ਤਦੋਂ ਦੇਸ਼ ਵਿਚ ਰਾਜ ਔਰੰਗਜ਼ੇਬ ਨਾਮੇ ਮੁਗਲ ਪਾਤਸ਼ਾਹ ਦਾ ਸੀ। ਉਹ ਬੜਾ ਜ਼ਾਲਮ ਤੇ ਬੇਤਰਸ ਸੀ। ਉਹ ਲੋਕਾਂ ਨੂੰ ਮੱਲੋ ਮੱਲੀ ਮੁਸਲਮਾਨ ਬਣਾਉਂਦਾ ਸੀ, ਹਿੰਦੂਆਂ ਦੇ ਮੰਦਰ ਢਾਹ ਕੇ ਮਸੀਤਾਂ ਬਣਾ ਦੇਂਦਾ ਸੀ। ਏਸ ਤਰ੍ਹਾਂ ਪਰਜਾ ਬੜੀ ਦੁਖੀ ਸੀ। ਕੋਈ ਉਠ ਕੇ ਉਸਦਾ ਬੁਥਾੜ ਨਹੀਂ ਸੀ ਭੰਨਦਾ। ਕਸ਼ਮੀਰ ਵਿਚ ਜਦ ਹਿੰਦੂਆਂ ਨੂੰ ਜ਼ੋਰੋ ਜ਼ੋਰੀ ਮੁਸਲਮਾਨ ਕਰਨ ਲਗੇ ਤਾਂ ਲੋਕਾਂ ਨੇ ਹਾਕਮ ਨੂੰ ਕਿਹਾ ਕਿ ਅਸੀਂ ਆਪਣੇ ਗੁਰੂ ਸਾਹਿਬ ਤੋਂ ਪੁੱਛ ਆਵੀਏ, ਜੇ ਓਸ ਕਿਹਾ ਤਾਂ ਆ ਕੇ ਮੁਸਲਮਾਨ ਹੋ ਜਾਵਾਂਗੇ। ਓਹ ਲੋਕ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਏ ਤੇ ਆਪਣੇ ਦੁੱਖਾਂ ਦੀ ਸਾਰੀ ਵਿਥਿਆ ਆਖ ਸੁਣਾਈ। ਗੁਰੂ ਜੀ ਨੇ ਵਿਚਾਰਿਆ ਕਿ ਜੇ ਅਸੀਂ ਆਗਿਆ ਦੇਈਏ ਤਾਂ ਧਰਮ ਵਿਰੁੱਧ ਗੱਲ ਹੋ ਗਈ, ਲੋਕ ਧਰਮ ਤਿਆਗ ਦੇਣਗੇ। ਜੇ ਆਗਿਆ ਨਹੀਂ ਦੇਂਦੇ ਤਾਂ ਇਹ ਲੋਕ ਮਾਰੇ ਜਾਣਗੇ ਤੇ ਇਹ ਮਰਨਗੇ ਕਾਯਰ ਹੋ ਕੇ, ਯਾ ਸਰੀਰ ਨੂੰ ਪਿਆਰ ਬਹੁਤ ਕਰਨ ਗੇ ਤੇ ਧਰਮ ਛੋੜ ਦੇਣਗੇ। ਐਸਾ ਕੰਮ ਕਰੀਏ ਕਿ ਸਾਰੀ ਪਰਜਾ ਵਿਚ ਜਾਨ ਭਰ ਜਾਵੇ। ਸਾਰੇ ਮਰਨ ਲਈ ਖੁਸ਼ੀ ਨਾਲ ਤਿਆਰ ਹੋ ਜਾਣ। ਸਾਰੀ ਪਰਜਾ ਇਹ ਗੱਲ ਸਿੱਖ ਜਾਵੇ ਕਿ ਧਰਮ ਨਹੀਂ ਦੇਣਾ ਤੇ ਸਰੀਰ ਦੇ ਦੇਣਾ ਹੈ। ਜਦ ਖੁਸ਼ੀ ਖੁਸ਼ੀ ਲੋਕ ਜਾਨਾਂ ਤੇ ਖੇਡਣ ਲੱਗ ਜਾਣਗੇ ਤਦ ਸਭਨਾਂ ਵਿਚ ਮਨ ਦੀ ਤਾਕਤ ਭਰ ਜਾਵੇਗੀ ਤੇ ਸਰੀਰ ਬੀ ਤਕੜੇ ਹੋ ਜਾਣਗੇ ਤੇ ਪਾਤਸ਼ਾਹ ਤੇ ਜ਼ਾਲਮ ਹਾਕਮਾਂ ਨੂੰ ਬੀ ਇਕ ਧੱਕਾ ਵਜੇਗਾ। ਸੋ ਆਪ ਨੇ ਕਿਹਾ ਕਿ ਜਾਓ ਤੁਸੀਂ ਆਪਣੇ ਹਾਕਮਾਂ ਨੂੰ ਕਹਿ ਦਿਓ ਕਿ ਹਾਕਮ ਜੀ ਤੁਸੀਂ ਪਹਿਲਾਂ ਸਾਡੇ ਗੁਰੂ ਜੀ ਨੂੰ ਆਪਣਾ ਦੀਨ ਮਨਾ ਲਓ ਫੇਰ ਅਸੀਂ ਮੰਨ ਲਵਾਂਗੇ, ਨਹੀਂ ਤਾਂ ਨਹੀਂ। ਸੋ ਹਾਕਮ ਨੇ ਪਾਤਸ਼ਾਹ

ਨੂੰ ਲਿਖਿਆ। ਪਾਤਸ਼ਾਹ ਨੇ ਗੁਰੂ ਜੀ ਨੂੰ ਪਕੜ ਮੰਗਵਾਇਆ ਤੇ ਦਿੱਲੀ ਵਿਚ ਤਰ੍ਹਾਂ ਤਰ੍ਹਾਂ ਦੇ ਦੁਖ ਦਿੱਤੇ। ਜਿੰਨਾ ਜ਼ੋਰ ਸੀ ਪਾਤਸ਼ਾਹ ਦਾ, ਲਾ ਥੱਕਾ, ਗੁਰੂ ਜੀ ਨੇ ਧਰਮ ਹਾਰਨਾ ਨਾ ਮੰਨਿਆ, ਸੋ ਉਸ ਨੇ ਬੜੀ ਪੱਥਰ ਦਿਲੀ ਨਾਲ ਗੁਰੂ ਜੀ ਨੂੰ ਦਿੱਲੀ ਵਿਚ ਕਤਲ ਕਰਵਾ ਦਿੱਤਾ*। ਗੁਰੂ ਜੀ ਦਾ ਧਰਮ ਹੇਤ ਸੀਸ ਦੇਣ ਦਾ ਸਾਕਾ ਦਿੱਲੀ ਵਿਚ ਹੋਇਆ। ਸਾਕਾ ਆਖੀਦਾ ਹੈ ਉਸ ਭਾਰੀ ਗਲ ਨੂੰ ਜਿਸ ਵਿਚ ਧਰਮ ਹੇਤ ਸਭ ਕੁਛ ਵਾਰ ਕੇ ਜਾਨ ਬੀ ਦੇਈਦੀ ਹੈ।

ਦਿੱਲੀ ਵਿਚ ਹੋਰ ਲੋਕ ਤਾਂ ਡਰ ਗਏ, ਪਰ ਇਕ ਭਾਈ ਜੈਤਾ ਤੇ ਇਕ ਭਾਈ ਊਦਾ ਆਏ ਹੋਏ ਸਨ, ਓਹ ਗੁਰੂ ਜੀ ਦਾ ਸੀਸ ਲੈਕੇ ਆਨੰਦਪੁਰ ਸਾਹਿਬ ਪਹੁੰਚ ਪਏ। ਉਥੇ ਗੁਰੂ ਜੀ ਦੇ ਸੀਸ ਦਾ ਸਸਕਾਰ ਬੜੇ ਅਦਬ, ਸ਼ੋਕ ਤੇ ਪਿਆਰ ਭਰੇ ਅਥਰੂ ਵਗਦਿਆਂ ਕੀਤਾ ਗਿਆ।

ਬਾਲਾ ਪ੍ਰੀਤਮ ਜੀ ਲਈ ਪਿਤਾ ਦਾ ਵਿਛੋੜਾ ਬੜੀ ਭਾਰੀ ਸੱਟ ਸੀ, ਸਾਰੇ ਪਰਵਾਰ ਲਈ ਡਾਢਾ ਦੁਖ ਸੀ। ਪਰ ਬਾਲਾ ਪ੍ਰੀਤਮ ਜੀ ਵੈਰਾਗ ਵਿਚ ਹੁੰਦੇ ਹੋਏ ਬੜੇਸ ਗਜਾਨ ਵਾਲੇ ਪੂਰੇ ਅਵਤਾਰ ਸਨ; ਪਰਵਾਰ ਨੂੰ ਧੀਰਜ ਦੇਂਦੇ ਤੇ ਸਹਾਰਾ ਦੇ ਦੇ ਕੇ ਵਾਹਿਗੁਰੂ ਜੀ ਦਾ ਧਿਆਨ ਦੁਆਉਂਦੇ ਰਹੇ।

ਆਪ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਸੀਸ ਧਰਮ ਖਾਤਰ ਦਿੱਤਾ ਹੈ, ਹੁਣ ਸਾਰੀ ਪਰਜਾ ਵਿਚ ਜਾਨ ਭਰ ਜਾਏਗੀ। ਉਹਨਾਂ ਦਾ ਨਮੂਨਾ ਵੇਖਕੇ ਲੋਕੀ ਧਰਮ ਨਹੀਂ ਹਾਰਨਗੇ ਤੇ ਜਾਨਾਂ ਦੇਣਗੇ। ਬੇਗੁਨਾਹਾਂ ਦੀਆਂ ਧਰਮ ਹੇਤ ਜਾਨਾਂ ਲੈ ਲੈ ਕੇ ਜ਼ਾਲਮ ਔਰੰਗਜ਼ੇਬ ਆਪ ਕਿਸੇ ਦਿਨ ਥੱਕ ਜਾਏਗਾ ਤੇ ਲੋਕੀ ਤਕੜੇ ਹੋ ਜਾਣਗੇ।

*ਕਈ ਲੇਖਕ ਸਾਹਿਬਜ਼ਾਦੇ ਜੀ ਦਾ ਆਨੰਦਪੁਰ ਪਹੁੰਚਣਾ ਗੁਰੂ ਤੇਗ ਬਹਾਦਰ ਜੀ ਦੇ ਦਿਲੀ ਨੂੰ ਚਲੇ ਜਾਣ ਤੋਂ ਮਗਰੋਂ ਲਿਖਦੇ ਹਨ। ਪਰ ਇਹ ਗਲ ਠੀਕ ਨਹੀਂ, ਕਿਉਂਕਿ ਦਸਮੇਂ ਗੁਰੂ ਜੀ ਆਪ ਦਸਦੇ ਹਨ ਕਿ ਸਾਨੂੰ ਆਨੰਦਪੁਰ ਬੁਲਾ ਲਿਆ, ਲਾਡ ਕੀਤੇ, ਸਿਛਾ ਦਿਤੀ ਤੇ ਤਰ੍ਹਾਂ ਤਰ੍ਹਾਂ ਰਛਾ ਕੀਤੀ ਤੇ ਜਦੋਂ ਅਸੀਂ ਸਿਆਣੀ ਉਮਰੇ ਆਏ ਤਾਂ ਪਿਤਾ ਜੀ ਵਾਹਿਗੁਰੂ ਜੀ ਦੇ ਦੇਸ਼ ਚਲੇ ਗਏ।

ਸਚੀ ਮੁਚੀ ਉਸ ਵੇਲੇ ਜੋ ਗੁਰੂ ਤੇਗ ਬਹਾਦਰ ਜੀ ਨੇ ਕੀਤਾ ਹੈ, ਬੜਾ ਭਾਰੀ ਸਾਕਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜੋ ਵਾਕ ਉਸ ਸਾਕੇ ਬਾਬਤ ਉਚਾਰੇ ਸੋ ਲਿਖੇ ਹੋਏ ਸਾਡੇ ਪਾਸ ਹੈਨ, ਓਹ ਏਹ ਹੈਨ:-"ਹਰੀ ਕ੍ਰਿਸ਼ਨ ਤਿਨ ਕੇ ਸੁਤ ਭਏ।

ਤਿਨ ਤੇ ਤੇਗ ਬਹਾਦਰ ਭਏ॥੧੨॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸ ਦੀਆ ਪਰ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥"

ਇਹ ਇਕ ਤਰ੍ਹਾਂ ਦੀ ਹਿੰਦੀ ਬੋਲੀ ਹੈ। ਇਹਨਾਂ ਤੁਕਾਂ ਦਾ ਅਰਥ ਹੈ ਕਿ ਸ੍ਰੀ ਗੁਰੂ ਹਰਿਰਾਇ ਜੀ ਦੇ ਪੁਤ੍ਰ ਸ੍ਰੀ ਹਰੀ ਕ੍ਰਿਸ਼ਨ ਜੀ ਹੋਏ (ਜੋ ਅੱਠਵੇਂ ਗੁਰੂ ਜੀ ਸਨ)। ਉਹਨਾਂ ਦੇ ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰੂ ਹੋਏ। ਉਹਨਾਂ ਨੇ ਹਿੰਦੂਆਂ ਦੀ ਰਖਯਾ ਕੀਤੀ। ਹਿੰਦੂਆਂ ਦਾ ਧਰਮ, ਜਿਸਦਾ ਚਿੰਨ੍ਹ ਤਿਲਕ ਤੇ ਜੰਞੂ ਹੈ, ਬਚਾ ਦਿੱਤਾ। ਕਿਸ ਤਰ੍ਹਾਂ ਬਚਾਇਆ? ਕਲਜੁਗ ਵਿਚ ਇਕ ਭਾਰੀ ਸਾਕਾ ਕਰਕੇ। ਅਰਥ ਇਹ ਕਿ ਧਰਮ ਦੀ ਖਾਤਰ ਆਪਣੀ ਜਾਨ ਦੇ ਦਿੱਤੀ, ਪਰ ਸਿਰਰ ਨਾ ਦਿੱਤਾ। ਇਹ ਸਾਕਾ ਕੀਤਾ ਕਿ ਸੀਸ ਦੇ ਦਿੱਤਾ, ਪਰ ਆਪਣਾ ਸਿਰਰ ਨਾ ਦਿੱਤਾ। ਸਿਰਰ ਨਾਉਂ ਹੈ 'ਸੱਚ ਉਤੇ ਹਠ ਧਾਰੀ ਹੋਣ ਦਾ'। ਜਿਸ ਗੱਲ ਨੂੰ ਸੱਚ ਸਮਝ ਲੈਣਾ ਉਸ ਤੋਂ ਹਿੱਲਣਾ ਨਾ, ਚਾਹੇ ਜਾਨ ਦੇਣੀ ਪਵੇ। ਆਪਣਾ ਹਠ ਜੋ ਸੱਚ ਉੱਤੇ ਧਾਰਿਆ ਹੈ, ਓਹ ਕਦੇ ਨਾ ਹਾਰਨਾ। ਡਾਢੇ ਪੱਕੇ ਹਠ ਦਾ ਨਾਮ 'ਸਿਰਰ' ਹੈ। ਹਾਂ ਉਹ ਪੱਕਾ ਹਠ ਸੱਚ ਦੀ ਖਾਤਰ ਹੋਵੇ ਤੇ ਜਾਨ ਦੀ ਪਰਵਾਹ ਨਾ ਕਰੇ, ਉਹ ਹੈ ਸਿਰਰ*।

---

*ਕਈ ਦਾਨੇ ਸਿਰਰ ਦਾ ਅਰਥ ਭੇਤ ਕਰਦੇ ਹਨ ਕਿ ਭੇਤ ਨਾ ਦਿਤਾ ਕਰਾਮਾਤ ਦਿਖਾਲਣੇ ਦਾ।

ਇਹ ਗੱਲ ਤਾਂ ਆਖੀ ਹੈ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ। ਪਰ ਇਕ ਕਵਿ ਹੋਇਆ ਹੈ, ਉਸ ਦਾ ਨਾਉਂ ਚਾਂਦ ਦੱਸੀਦਾ ਹੈ, ਓਸਨੇ ਬੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਕੇ ਉਤੇ ਗੁਰੂ ਸਾਹਿਬ ਦੇ ਉਚਾਰੇ ਵਾਕ ਆਪਣੇ ਛੰਦ ਵਿਚ ਦੱਸੇ ਹਨ। ਛੰਦ ਤਾਂ ਕਵੀ ਦਾ ਹੈ, ਉਸ ਵਿਚ ਦੋ ਵਾਕ ਹਨ ਉਹ ਖੁਦ ਗੁਰੂ ਜੀ ਦੇ ਉਚਾਰੇ ਹੋਏ ਹਨ, ਉਹ ਇਹ ਹੈ : -

(ਬੋਲਣਾ ਗੁਰੂ ਤੇਗ ਬਹਾਦਰ ਜੀ ਕਾ ਜ਼ੁਬਾਨੀ ਭੱਟ ਕੀ)

ਚਿਤ ਚਰਨ ਕਵਲ ਕਾ ਆਸਰਾ
ਚਿਤ ਚਰਨ ਕਵਲ ਸੰਗ ਜੋੜੀਏ।
ਮਨ ਲੋਚੇ ਬੁਰਿਆਈਆਂ
ਗੁਰਬਸਦੀ ਇਹੁ ਮਨ ਹੋੜੀਏ।
ਬਾਂਹਿ ਜਿਨ੍ਹਾਂ ਦੀ ਪਕੜੀਏ
ਸਿਰ ਦੀਜੈ ਬਾਂਹ ਨ ਛੋੜੀਏ।
ਗੁਰ ਤੇਗ ਬਹਾਦਰ ਬੋਲਿਆ
ਧਰ ਪਈਏ ਧਰਮ ਨ ਛੋੜੀਏ।

ਇਹ ਸਾਡੀ ਬੋਲੀ ਪੰਜਾਬੀ ਹੈ। ਇਸ ਛੰਦ ਦਾ ਅਰਥ ਇਹ ਹੈ :-

ਸੀਸ ਦੇਣ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੋ ਵਾਕ ਲੋਕਾਂ ਨੂੰ ਉਪਦੇਸ਼ ਦੇ ਕੇ ਆਖੇ ਓਹ ਏਹ ਹਨ:-ਆਪਣੇ ਮਨ ਨੂੰ ਵਾਹਿਗੁਰੂ ਨਾਲ ਜੋੜੀ ਰਖੀਏ ਤੇ ਆਪਣੇ ਮਨ ਵਿਚ ਓਸੇ ਦਾ ਆਸਰਾ ਧਾਰੀ ਰਖੀਏ। ਜੇ ਮਨ ਰੱਬ ਜੀ ਵਿਚ ਨਾ ਜੁੜੇ ਤੇ ਬੁਰਿਆਈਆਂ ਵਲ ਜਾਵੇ ਤਾਂ ਗੁਰੂ ਦੇ ਦਿੱਤੇ ਉਪਦੇਸ਼ ਦੀ ਵਿਚਾਰ ਕਰਕੇ ਤੇ ਉਸ ਦੇ ਦੱਸੇ ਨਾਮ ਨੂੰ ਸਿਮਰਕੇ ਮਨ ਨੂੰ ਬਦੀਆਂ ਵਲੋਂ ਰੋਕੀਏ। ਇਸ ਤਰ੍ਹਾਂ ਧਰਮ ਵਿਚ ਉਚੇ ਤੇ ਪ੍ਰਪੱਕ ਹੋਕੇ ਐਸੇ ਦਾਤਾ ਬਣੀਏ ਕਿ ਜਿਨ੍ਹਾਂ ਦੀ ਬਾਂਹ ਫੜੀਏ ਉਨ੍ਹਾਂ ਨਾਲ ਇਥੋਂ ਤਾਂਈਂ ਨਿਬਾਹੀਏ ਕਿ ਸਿਰ ਦੇ ਦੇਈਏ ਪਰ ਬਾਂਹ ਨਾ ਛਡੀਏ। ਹਾਂ ਸਿਰ ਕਟਵਾਕੇ ਧਰਤੀ ਤੇ ਢੈ ਪਈਏ ਪਰ ਧਰਮ ਨੂੰ ਕਦੇ ਹਥੋਂ ਨਾ ਦੇਈਏ।

❖❖❖

# ੩੩. ਗੁਰਿਆਈ ਦਾ ਸਮਿਆਨ।

**ਐਉਂ** ਜਦ ਗੁਰੂ ਤੇਗ ਬਹਾਦਰ ਜੀ ਸਾਕਾ ਵਰਤਾ ਗਏ ਤਦ ਕੀ ਗੁਰਿਆਈ ਦੀ ਗੱਦੀ ਖਾਲੀ ਹੋ ਗਈ? ਨਹੀਂ, ਗੱਦੀ ਖਾਲੀ ਨਹੀਂ ਹੋਈ। ਆਪ ਜੀ ਆਪਣੇ ਸਾਕੇ ਵਰਤਣ ਤੋਂ ਪਹਿਲੇ ਇਸ ਦਾ ਉਪਰਾਲਾ ਕਰ ਗਏ ਸਨ। ਜਦੋਂ ਆਪ ਜੀ ਦਿੱਲੀ ਵਿਚ ਜ਼ਾਲਮ ਪਾਤਸ਼ਾਹ ਦੀ ਕੈਦ ਵਿਚ ਸਨ ਤਦ ਆਪ ਜੀ ਨਾਲ ਕੁਛ ਪਿਆਰੇ ਸਿਖ ਬੀ ਸਨ, ਜਿਨ੍ਹਾਂ ਨੂੰ ਭੀ ਤਸੀਹੇ ਮਿਲਦੇ ਰਹੇ। ਭਾਈ ਮਤੀ ਦਾਸ ਜੀ ਆਰੇ ਨਾਲ ਚੀਰੇ ਗਏ ਸਨ। ਭਾਈ ਦਿਆਲੇ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ ਸੀ ਪਰ ਗੁਰੂ ਤੇਗ ਬਹਾਦਰ ਜੀ ਨੇ ਜਦ ਡਿੱਠਾ ਕਿ ਹੁਣ ਪਾਤਸ਼ਾਹੀ ਕਹਿਰ ਸਾਡੇ ਤੇ ਵਰਤਣ ਵਾਲਾ ਹੈ ਤਦ ਇਕ ਸਿਖ ਨੂੰ ਆਪਣੇ ਪਾਸੋਂ ਵਿਦਾ ਕੀਤਾ। ਇਸ ਦਾ ਨਾਉਂ ਸੀ ਭਾਈ ਗੁਰਦਿਤਾ। ਇਹ ਸੀ ਬਾਬੇ ਬੁੱਢੇ ਦੀ ਉਲਾਦ ਵਿਚੋਂ। ਇਸ ਦੇ ਹਥੀਂ ਆਪ ਨੇ ਪੰਜ ਪੈਸੇ ਤੇ ਨਰੇਲ* ਗੁਰਿਆਈ ਥਾਪਣ ਦਾ ਚਿੰਨ੍ਹ ਘੱਲ ਦਿਤੇ, ਆਪਣੀ ਮਨ ਦੀ ਸ਼ਕਤੀ ਨਾਲ ਗੁਰਿਆਈ ਦੀ ਜੋਤਿ ਸਾਹਿਬਜ਼ਾਦੇ ਜੀ ਨੂੰ ਧਜਾਨ ਵਿਚ ਭੇਜ ਦਿਤੀ ਤੇ ਸ੍ਰੀ ਗੋਬਿੰਦ ਸਿੰਘ ਜੀ ਨੂੰ ਗੁਰੂ ਥਾਪ ਦਿੱਤਾ। ਜਿਸ ਭਾਈ ਗੁਰਦਿੱਤੇ ਦੇ ਹਥ ਸਾਮਾਨ ਘੱਲੇ ਸਨ ਉਸ ਨੂੰ ਰਬ ਦੀ ਕੁਦਰਤ ਨਾਲ ਕੈਦ ਕਰਨ ਵਾਲਿਆਂ ਨੇ ਆਪੇ ਹੀ ਛਡ ਦਿੱਤਾ ਸੀ।

ਭਾਈ ਗੁਰਦਿੱਤਾ ਗੁਰਿਆਈ ਦਾ ਸਾਮਾਨ ਲੈ ਕੇ ਬਾਹਰ ਆਇਆ ਤਾਂ ਦਿੱਲੀ ਦੇ ਮਜਨੂੰ ਦੇ ਟਿੱਲੇ ਕੋਲੋਂ ਨਦੀ ਪਾਰ ਹੋ ਗਿਆ। ਓਥੇ ਗਿਆ ਜਿਥੇ ਕਦੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਟਿਕੇ ਰਹੇ ਸਨ। ਏਥੇ ਉਸ ਸਮੇਂ ਦਾ ਕੱਚਾ ਜੇਹਾ ਨਿਸ਼ਾਨ ਇਕ ਕੱਚਾ ਕੋਠਾ ਸੀ। ਏਥੇ ਆ ਕੇ ਭਾਈ ਗੁਰਦਿੱਤਾ ਜੀ ਨੇ ਜਪੁਜੀ ਦਾ ਪਾਠ ਕੀਤਾ, ਅਰਦਾਸਾ ਸੋਧਿਆ ਤੇ ਸਤਿਗੁਰੂ ਦਾ ਧਜਾਨ

---

*ਤਵਾ: ਖਾ: ਸਫਾ ੯੦੯।

ਧਾਰਕੇ ਲੇਟ ਗਏ। ਲੇਟਣ ਤੋਂ ਪਹਿਲੇ ਆਪ ਨੇ ਇਕ ਸਿਖ, ਜੋ ਆਪ ਦਾ ਪ੍ਰੇਮੀ ਸੀ, ਉਸ ਨੂੰ ਗੁਰ ਗਾਦੀ ਦਾ ਸਮਿਆਨ ਦੇ ਕੇ ਕਿਹਾ ਕਿ ਇਹ ਮੇਰੇ ਭਿਰਾਉ ਭਾਈ ਹਰਿਦਿੱਤ ਨੂੰ ਚੱਕ ਰਾਮਦਾਸ ਜਾਕੇ ਦੇਵੀਂ। ਅਤੇ ਇਹ ਬੀ ਆਖਿਆ ਕਿ ਮੇਰਾ ਅੰਤ ਵੇਲਾ ਆ ਗਿਆ ਹੈ, ਮੇਰਾ ਸਰੀਰ ਹੁਣੇ ਛੁਟ ਜਾਣਾ ਹੈ; ਤੂੰ ਮੇਰਾ ਸਸਕਾਰ ਕਰਕੇ ਏਥੋਂ ਜਾਵੀਂ। ਸੋ ਇਹ ਆਖ ਕੇ ਭਾਈ ਗੁਰਦਿੱਤਾ ਜੀ ਲੇਟ ਗਏ ਤੇ ਪੂਰੇ ਹੋ ਗਏ। ਉਸ ਸਿੱਖ ਨੇ ਉਸੇ ਜੰਗਲ ਵਿਚੋਂ ਲਕੜਾਂ ਕੱਠੀਆਂ ਕਰਕੇ ਭਾਈ ਗੁਰਦਿੱਤਾ ਜੀ ਦਾ ਸਸਕਾਰ ਕੀਤਾ ਤੇ ਅਗਲੇ ਦਿਨ ਉਸ ਦੀ ਬਭੂਤ[੧] ਜਮਨਾ ਵਿਚ ਪਾਕੇ ਪੰਜਾਬ ਨੂੰ ਚਲਾ ਗਿਆ ਤੇ ਚਕ ਰਾਮਦਾਸ ਪੁਜ ਕੇ ਭਾਈ ਹਰਦਿੱਤੇ ਨੂੰ ਗੁਰਿਆਈ ਦਾ ਸਮਾਨ ਜਾ ਦਿੱਤਾ। ਨਾਲੇ ਸੁਨੇਹਾ ਪੁਚਾ ਦਿੱਤਾ ਤੇ ਇਹ ਬੀ ਦੱਸ ਦਿੱਤਾ ਕਿ ਗੁਰੂ ਜੀ ਤਾਂ ਸ਼ਹੀਦ ਹੋ ਗਏ ਹਨ ਤੇ ਭਾਈ ਗੁਰਦਿੱਤਾ ਜੀ ਕੈਦੋਂ ਛੁਟਕੇ ਆ ਗਏ ਸਨ ਪਰ ਬਾਹਰ ਆ ਕੇ ਸਰੀਰ ਛੋੜ ਗਏ ਹਨ ਤੇ ਮੈਂ ਉਨ੍ਹਾਂ ਦਾ ਸਸਕਾਰ[੨] ਬੀ ਕਰ ਆਇਆ ਹਾਂ।

❖❖❖

## ੩੪ ਦਸਤਾਰ ਬੰਦੀ।

**ਸ੍ਰੀ** ਗੁਰੂ ਤੇਗ ਬਹਾਦਰ ਜੀ ਦਾ ਸਾਕਾ ਮੱਘਰ ਸੁਦੀ ਪੰਚਮੀ ੧੯੩੨ ਬਿ: ਵਿਚ ਵਰਤਿਆ। ਉਸ ਵੇਲੇ ਜਦੋਂ ਤਲਵਾਰ ਨਾਲ ਜਲਾਦ ਨੇ ਸੀਸ ਧੜ ਤੋਂ ਜੁਦਾ ਕੀਤਾ ਸੀ ਤਾਂ ਜੋ ਸਿਖ ਭਾਈ ਜੈਤਾ ਤੇ ਊਦਾ ਮੁਸਲਮਾਨੀ ਵੇਸ ਵਿਚ ਪਾਸ ਖੜੇ ਸਨ। ਗੁਰੂ ਜੀ ਦੇ ਕਤਲ ਕੀਤੇ ਜਾਣ ਵੇਲੇ ਵੇਖਣ ਵਾਲਿਆਂ ਦੀ ਬੜੀ ਭੀੜ ਭਾੜ ਸੀ ਤੇ ਸੀਸ ਕਟੀਂਦੇ ਸਾਰ ਸਾਰੇ ਖੜਬੜ ਮਚ ਗਈ ਤੇ ਭੀੜ ਟੁੱਟ ਪਈ। ਉਸ ਵੇਲੇ ਕਾਲੀ ਹਨੇਰੀ ਝੁੱਲੀ ਸੀ ਤੇ ਭੁਚਾਲ ਬੀ ਆਇਆ ਸੀ। ਉਸ ਵੇਲੇ ਜੈਤੇ ਤੇ ਊਦੇ ਨੇ ਛੇਤੀ ਨਾਲ ਗੁਰੂ ਜੀ ਦਾ

---

੧. ਬਭੂਤ ਆਖਦੇ ਹਨ ਸੁਆਹ ਨੂੰ।

੨. ਸਸਕਾਰ ਆਖਦੇ ਹਨ ਮਰ ਗਏ ਸਰੀਰ ਨੂੰ ਅਗਨੀ ਵਿਚ ਸਾੜ ਦੇਣ ਨੂੰ, ਜੋ ਸੁਹਣੀ ਦੇਹ ਰੁਲੇ ਨਾ।

ਸੀਸ ਚਾ ਲਿਆ। ਉਸ ਹਨੇਰੇ ਤੇ ਭੀੜ ਭਾੜ ਦੇ ਰੌਲੇ ਵਿਚ ਕਿਸੇ ਨੂੰ ਪਤਾ ਨਾ ਲਗਾ। ਦੋਵੇਂ ਸੀਸ ਨੂੰ ਛਿਪਾ ਕੇ, ਕਪੜਿਆਂ ਵਿਚ ਵਲੇਟ ਕੇ ਖਿਸਕ ਗਏ ਤੇ ਆਨੰਦਪੁਰ ਦੇ ਰਾਹੇ ਪੈ ਗਏ। ਇਨ੍ਹਾਂ ਨੇ ਬੜੀ ਖ਼ਬਰਦਾਰੀ ਨਾਲ ਸੀਸ ਆਨੰਦਪੁਰ ਪੁਚਾ ਦਿਤਾ, ਜੈਸਾ ਕਿ ਪਿਛੇ ਬੀ ਦੱਸ ਆਏ ਹਾਂ ਕਿ ਆਨੰਦਪੁਰ ਵਿਚ ਬੜਾ ਸ਼ੋਕ ਹੋਇਆ। ਪਰਵਾਰ ਵਿਚ, ਸਿਖਾਂ ਵਿਚ, ਸਭ ਵਿਚ ਬੜਾ ਦੁੱਖ ਤੇ ਉਦਾਸੀਆਂ ਸਨ। ਗੁਰੂ ਤੇਗ ਬਹਾਦਰ ਜੀ ਦੇ ਬ੍ਰਿਧ ਮਾਤਾ ਜੀ ਤੇ ਉਹਨਾਂ ਦੀ ਸੁਪਤਨੀ ਜੀ ਬੜੇ ਦੁਖੀ ਹੁੰਦੇ ਸਨ। ਸਾਹਿਬਜ਼ਾਦੇ ਜੀ ਬੀ ਕੂਲੇ ਦਿਲ ਨਾਲ ਪਿਤਾ ਗੁਰੂ ਜੀ ਨੂੰ ਯਾਦ ਕਰ ਕਰ ਪੰਘਰਦੇ ਸਨ, ਪਰ ਰੱਬੀ ਰੰਗ ਦੇਖਦੇ, ਭਾਣੇ ਵਿਚ ਸਭ ਕੁਛ ਜਰ ਜਾਂਦੇ ਸਨ, ਸਗੋਂ ਦਾਦੀ ਜੀ ਤੇ ਮਾਤਾ ਜੀ ਤੇ ਸਾਰੇ ਪਰਵਾਰ ਨੂੰ ਧੀਰਜ ਦੇਂਦੇ ਸਨ। ਗਜਾਨ ਮਈ ਉਪਦੇਸ਼ ਐਸੇ ਕਰਦੇ ਸਨ ਕਿ ਦਿਲਾਂ ਨੂੰ ਠੰਢਾਂ ਪਾਂ ਦੇਂਦੇ।

ਦਿੱਲੀ ਤੋਂ ਖਬਰ ਆ ਚੁਕੀ ਸੀ ਕਿ ਲੁਬਾਣੇ ਸਿਖ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਉਥੇ ਹੀ ਕਰ ਦਿੱਤਾ ਹੈ। ਉਹ ਐਉਂ ਕਿ ਉਹ ਪਵਿਤ੍ਰ ਧੜ ਨੂੰ, ਜੋ ਕਤਲ ਕੀਤੇ ਜਾਣ ਵਾਲੀ ਥਾਂਵੇਂ ਪਿਆ ਸੀ, ਸੰਧਜਾ ਪਈ ਤੇ ਤੁਰਕਾਨੀ ਪਹਿਰੇ ਵਿਚੋਂ ਲੈ ਗਿਆ ਸੀ। ਉਹ ਕਈ ਗਡੇ ਲੈ ਕੇ ਉਥੋਂ ਦੀ ਲੰਘਿਆ ਸੀ ਤੇ ਅੱਖ ਬਚਾ ਕੇ ਧੜ ਚਾਕੇ ਇਕ ਗਡੇ ਵਿਚ ਰਖਕੇ ਲੁਕਾ ਕੇ ਲੈ ਗਿਆ, ਤੇ ਗੱਡਿਆਂ ਦੀ ਲਾਰ ਵਿਚ ਪਤਾ ਨਾ ਲਗਾ। ਆਪਣੇ ਪਿੰਡ ਰਕਾਬ ਗੰਜ ਜਾਕੇ ਉਸਨੇ ਤੇ ਹੋਰ ਪਿੰਡ ਦੇ ਸਿਖਾਂ ਨੇ ਪਵਿਤਰ ਧੜ ਨੂੰ ਇਕ ਚਿਖਾ ਬਣਾ ਕੇ ਅੱਗ ਲਾ ਦਿੱਤੀ ਤੇ ਨਾਲ ਹੀ ਆਪਣੀਆਂ ਕੁੱਲੀਆਂ ਨੂੰ, ਜੋ ਆਲੇ ਦੁਆਲੇ ਸਨ, ਘਾਸ ਫੂਸ ਦੀਆਂ ਛੱਤਾਂ ਵਾਲੀਆਂ ਸਨ, ਅੱਗ ਲਾ ਦਿੱਤੀ। ਦੂਰੋਂ ਐਉਂ ਜਾਪੇ ਕਿ ਪਿੰਡ ਨੂੰ ਅੱਗ ਲਗ ਗਈ ਹੈ। ਜਦ ਦੋ ਦਿਨਾਂ ਵਿਚ ਸਸਕਾਰ ਹੋ ਚੁਕਾ ਤਾਂ ਉਹਨਾਂ ਨੇ ਸਾਰੀ ਬਭੂਤ ਗਾਗਰਾਂ ਵਿਚ ਪਾਕੇ ਦੱਬ ਦਿੱਤੀ ਤੇ ਨਿਸ਼ਾਨੀ ਰੱਖ ਲਈ। ਏਥੇ ਹੁਣ ਸੁੰਦਰ ਗੁਰਦੁਆਰਾ ਹੈ ਜਿਸ ਨੂੰ

'ਰਕਾਬ ਗੰਜ' ਗੁਰਦੁਆਰਾ ਆਖਦੇ ਹਨ। ਚਾਂਦਨੀ ਚੌਕ ਵਿਚ, ਜਿਥੇ ਗੁਰੂ ਜੀ ਸ਼ਹੀਦ ਹੋਏ ਸਨ, ਓਥੇ ਬੜਾ ਆਲੀਸ਼ਾਨ ਗੁਰਦੁਆਰਾ ਹੈ, ਉਸ ਨੂੰ 'ਸੀਸ ਗੰਜ' ਗੁਰਦੁਆਰਾ ਆਖਦੇ ਹਨ।

ਸੋ ਸਾਹਿਬਜ਼ਾਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਿਲ ਜੋ ਪਿਆਰੇ ਪਿਤਾ ਦੇ ਸਾਕੇ ਕਰਕੇ ਵਿਛੋੜੇ ਵਿਚ ਸੀ; ਪਰ ਇਸ ਗਲ ਕਰਕੇ ਕੁਛ ਸੁਖ ਵਿਚ ਸੀ ਕਿ ਪਿਤਾ ਜੀ ਦਾ ਪਵਿਤ੍ਰ ਸੀਸ ਤੇ ਧੜ ਦੁਇ ਪਿਆਰ ਨਾਲ ਸਸਕਾਰੇ ਗਏ ਹਨ ਤੇ ਜ਼ਾਲਮ ਤੁਰਕਾਂ ਨੂੰ ਬੇਅਦਬੀ ਕਰਨ ਦਾ ਸਮਾਂ ਨਹੀਂ ਲੱਧਾ।

ਕੁਝ ਦਿਨਾਂ ਮਗਰੋਂ ਆਨੰਦਪੁਰ ਵਿਚ ਦੇਸ਼ ਚਾਲ ਮੂਜਬ ਸਾਹਿਬਜ਼ਾਦੇ ਜੀ ਦੀ ਦਸਤਾਰ ਬੰਦੀ ਹੋਈ। ਜਦੋਂ ਕਦੇ ਕਿਸੇ ਦਾ ਮਾਤਾ ਯਾ ਪਿਤਾ ਗੁਜ਼ਰ ਜਾਏ ਤਾਂ ਦਸਮੇਂ ਤੇਰ੍ਹਵੇਂ ਯਾ ਸਤਾਰਵੇਂ ਦਿਨ ਬਿਰਾਦਰੀ ਇਕੱਠੀ ਹੁੰਦੀ ਹੈ ਤੇ ਪੁਤਰ ਨੂੰ ਪੱਗ ਬਨ੍ਹਾਉਂਦੀ ਹੈ। ਇਸ ਨੂੰ ਦਸਤਾਰ ਬੰਦੀ ਆਖਦੇ ਹਨ। ਸ੍ਰੀ ਗੁਰੂ ਕੇ ਘਰ ਤਾਂ ਐਸ ਤਰ੍ਹਾਂ ਹੋਇਆ ਕਿ ਗੁਰੂ ਸਾਹਿਬ ਜੀ ਦੇ ਸਾਕੇ ਦੀ ਸੁੱਧ ਹੁੰਦੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਰਖੇ ਗਏ ਜੋ ਦਸਤਾਰ ਬੰਦੀ ਵਾਲੇ ਦਿਨ ਤਕ ਹੁੰਦੇ ਰਹੇ। ਉਸ ਦਿਨ ਪਹਿਲੇ ਭੋਗ ਪਾਇਆ, ਫੇਰ ਅਰਦਾਸਾ ਹੋ ਕੇ ਦਸਤਾਰ ਬਨ੍ਹਾਈ ਗਈ। ਇਹ ਸਮਝ ਲੈਣਾ ਕਿ ਇਹ ਗੱਦੀ ਮਿਲਣ ਦੀ ਗਲ ਨਹੀਂ ਸੀ ਪਰ ਦਸਤਾਰ ਬੰਦੀ ਸੀ। ਜਿਸ ਦਾ ਅਰਥ ਇਹ ਹੋਇਆ ਕਿ ਪਿਤਾ ਜੀ ਦੀ ਥਾਂ ਪਰਵਾਰ ਦੇ ਵਡਕੇ ਹੁਣ ਆਪ ਸਾਹਿਬਜ਼ਾਦੇ ਜੀ ਹਨ। ਏਹ ਤਾਂ ਸਭ ਨੂੰ ਪਤਾ ਸੀ ਕਿ ਗੱਦੀ ਤੇ ਆਪ ਨੇ ਹੀ ਬੈਠਣਾ ਹੈ ਪਰ ਉਹਦਾ ਦਿਨ ਅਜੇ ਥਾਪਿਆ ਨਹੀਂ ਸੀ ਗਿਆ। ਸਾਹਿਬਜ਼ਾਦੇ ਹੁਣ ਸਾਰਾ ਕੰਮ ਸੰਭਾਲਦੇ ਸਨ। ਨਾਮ ਜਪਦੇ, ਸਮਾਧੀ ਵਿਚ ਅੰਮ੍ਰਿਤ ਵੇਲੇ ਬੈਠਦੇ ਸਨ। ਆਈਆਂ ਸੰਗਤਾਂ ਵਿਚ ਬੈਠ ਕੇ ਉਪਦੇਸ਼ ਵੀ ਕਰਦੇ। ਪਿਤਾ ਗੁਰੂ ਦੇ ਸਾਕੇ ਨੂੰ ਸੁਹਣੀ ਤਰ੍ਹਾਂ ਸੁਣਾਕੇ ਦੁਖੇ ਦਿਲਾਂ ਨੂੰ ਸਹਾਰੇ ਦੇਂਦੇ। ਸ੍ਰੀ ਕ੍ਰਿਪਾਲ ਚੰਦ ਜੀ, ਜੋ ਸਾਹਿਬਜ਼ਾਦੇ ਜੀ ਦੇ ਮਾਮਾ ਜੀ ਸਨ, ਹੋਰ ਸਾਰਾ ਪ੍ਰਬੰਧ ਘਰ ਦਾ ਤੇ ਸੰਗਤਾਂ ਦਾ ਕਰਦੇ ਸਨ।

ਇਸ ਤਰਾਂ ਸਿਆਲ ਬੀਤਿਆ, ਰੁਤ ਫਿਰੀ। ਹੁਣ ਮਾਮਾ ਜੀ, ਮਾਤਾ ਜੀ ਤੇ ਸਾਰੇ ਗੁਰਮੁਖਾਂ ਨੇ ਗੱਦੀ ਦੇਣ ਦੀ ਤਿਆਰੀ ਕੀਤੀ ਤੇ ਬਸੰਤ ਦੀ ਪੰਚਮੀ, ਦਾ ਦਿਨ ਥਾਪਿਆ ਗਿਆ*। ਸਾਰੇ ਖਬਰਾਂ ਘੱਲੀਆਂ ਤੇ ਗੱਦੀ ਦੇਣ ਦੀ ਤਿਆਰੀ ਕੀਤੀ।

❖❖❖

# ੩੫. ਗੱਦੀ।

**ਆਨੰਦਪੁਰ** ਵਿਚ ਹੁਣ ਸ਼ੋਕ ਨਵਿਰਤੀ ਹੋ ਰਹੀ ਹੈ ਤੇ ਗੱਦੀ ਦੇਣ ਦੇ ਫਿਕਰ ਹੋ ਰਹੇ ਹਨ। ਜਿਸ ਮੋਹ ਲੈਣ ਵਾਲੇ ਸੁਹਣੇ ਨੂੰ ਆਨੰਦਪੁਰ ਵਿਚ 'ਸਾਹਿਬਜ਼ਾਦਾ' ਜੀ ਸੱਦਦੇ ਸਨ ਤੇ ਪਟਨੇ ਵਿਚ ਜਿਸ ਨੂੰ 'ਬਾਲਾ ਪ੍ਰੀਤਮ' ਆਖਦੇ ਸਨ ਤੇ ਬਚਪਨ ਵਿਚ ਹੀ ਦਸਤਾਰੇ ਕਲਗੀ ਸਜਾਕੇ ਦੇਖ ਦੇਖ ਖੁਸ਼ ਹੁੰਦੇ ਸਨ ਹੁਣ ਗੁਰਗਾਦੀ ਤੇ ਬੈਠਣ ਲਗੇ ਹਨ। ਤਿਆਰੀਆਂ ਹੋ ਗਈਆਂ। ਦਿਨ ਆ ਗਿਆ। ਇਕ ਦਮਦਮੇ ਉਤੇ ਇਕ ਸ਼ਮਿਆਨਾ ਲਾਇਆ ਗਿਆ। ਦਮਦਮਾ ਥੜੇ ਵਰਗੇ ਉਚੇ ਥਾਂ ਨੂੰ ਆਖਦੇ ਹਨ। ਸ਼ਮਿਆਨਾ ਤੰਬੂ ਵਰਗੇ, ਪਰ ਚੁਫੇਰਿਓਂ ਖੁਲ੍ਹੇ ਤੇ ਸੁਹਣੇ ਲਕੜੀ ਦੇ ਥੰਮਿਆਂ ਜਾਂ ਵਾਸਾਂ ਤੇ ਖੜੀ ਕੀਤੀ ਜਾਣ ਵਾਲੀ ਚਾਂਦਨੀ ਨੂੰ ਆਖਦੇ ਹਨ। ਹੇਠਾਂ ਹਜ਼ਾਰਾ ਸੰਗਤਾਂ ਦੇ ਬੈਠਣ ਲਈ ਵਿਛਾਈ ਕੀਤੀ ਗਈ। ਇਕ ਤਖਤ ਡਾਹਿਆ ਗਿਆ, ਉਸ ਉਤੇ ਸਿੰਘਾਸਣ ਤੇ ਗੱਦੀ ਵਿਛਾਈ ਗਈ, ਜਿਸ ਪਰ ਗੁਰੂ ਤੇਗ ਬਹਾਦਰ ਜੀ ਬੈਠਿਆ ਕਰਦੇ ਸਨ। ਉਪਰ ਇਕ ਹੋਰ ਛੋਟੀ ਚਾਂਦਨੀ ਤਾਣੀ ਗਈ, ਜਿਸ ਵਿਚ ਇਕ ਛੱਬਾ ਕਿ ਛਤਰ ਲਟਕਦਾ ਸੀ।

ਜਿਸ ਦਿਨ ਗੱਦੀ ਤੇ ਬੈਠਣਾ ਸੀ ਸਵੇਰੇ ਹੀ ਇਸ਼ਨਾਨ ਕਰਕੇ ਤੇ ਸੁਹਣੇ ਬਸਤਰ ਪਹਿਨਕੇ ਆਪ ਜੀ ਤਿਆਰ ਹੋ ਗਏ। ਗਲੇ ਵਿਚ ਮੋਤੀ ਮਾਲਾ ਸੀ, ਸੁਹਣੀ ਦਸਤਾਰ ਸਜ ਰਹੀ ਸੀ। ਲੱਕ ਨਾਲ ਸੁਹਣੀ ਕ੍ਰਿਪਾਨ ਸੀ। ਸ੍ਰੀ ਦਾਦੀ ਜੀ ਤੇ ਮਾਤਾ ਜੀ ਨੂੰ ਸੀਸ ਨਿਵਾਕੇ ਆਪ

*ਤਵਾਰੀਖ ਖਾ: ਬੰਸਾ: ਨਾਮੇ ਵਿਚ ਗਦੀ ਦਾ ਦਿਨ ਵਿਸਾਖੀ ਦਾ ਪੁਰਬ ਦਸਿਆ ਹੈ।

ਬਾਹਰ ਆਏ ਤੇ ਘੋੜੇ ਤੇ ਸਵਾਰ ਹੋ ਗਏ। ਅਗੇ ਸੰਗਤਾਂ ਦੀਵਾਨ ਲਗਣ ਵਾਲੀ ਥਾਂ ਤਕ ਦੁਵੱਲੀ ਖੜੀਆ ਸਨ। ਸ਼ਹਿਰ ਦੇ ਲੋਕੀਂ ਗਲੀਆਂ ਬਜ਼ਾਰਾਂ ਵਿਚ ਖੜੇ ਸਨ। ਕੋਠਿਆਂ ਤੋਂ ਫੂਲ ਬਰਖਾ ਦੀ ਤਿਆਰੀ ਸੀ। ਆਪ ਹੌਲੇ ਹੌਲੇ ਟੁਰ ਪਏ, ਜੈਸਾ ਕਿ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਸਨੇ ਸਨੇ ਤਬ ਕੀਨਿ ਪਯਾਨਾ।
ਗਰੀਅਨ ਮਹਿ ਠਾਢੇ ਨਰ ਆਨਾ।
ਮਨੋ ਚਕੋਰ ਚੰਦ ਕੋ ਜੋਵੈਂ।
ਰਿਦੈ ਅਨੰਦ ਨੰਮ੍ਰਿ ਸਿਰ ਹੋਵੈਂ॥੩੪॥
ਸਭਿ ਦਿਸ਼ਿ ਦੇਖਤ ਜਾਤਿ ਕ੍ਰਿਪਾਲਾ।
ਹੋਇ ਨਿਹਾਲ ਸ਼੍ਰਧਾਲੂ ਬਿਸਾਲਾ।
ਭਈ ਭੀਰ ਬਹੁ ਮਾਨਵ ਕੇਰੀ।
ਚਲਹਿਂ ਪਿਛਾਰੀ ਮੰਗਲ ਹੇਰੀ॥੩੫॥

ਅਰਥਾਤ-ਸ੍ਰੀ ਸਾਹਿਬਜ਼ਾਦੇ ਜੀ ਹੌਲੇ ਹੌਲੇ ਘੋੜੇ ਨੂੰ ਤੋਰਨ ਲਗ ਪਏ। ਗਲੀਆਂ ਵਿਚ ਮਰਦ ਤੀਮੀਆਂ ਖੜੇ ਦਰਸ਼ਨ ਕਰ ਰਹੇ ਸਨ, ਮਾਨੋਂ ਚਕੋਰ ਚੰਦ ਨੂੰ ਵੇਖ ਰਹੇ ਹਨ; ਜਿਨ੍ਹਾਂ ਦੇ ਦਿਲ ਵਿਚ ਚਾਉ ਹੈ ਤੇ ਸਿਰ ਝੁਕਾ ਰਹੇ ਹਨ। ਸਾਹਿਬਜ਼ਾਦੇ ਜੀ ਸਭਨਾਂ ਵਲ ਮੇਹਰ ਭਰੀ ਨਜ਼ਰ ਨਾਲ ਵੇਖਦੇ ਜਾਂਦੇ ਹਨ। ਸ਼ਰਧਾ ਵਾਲੇ ਤੇ ਪਿਆਰ ਵਾਲੇ ਸਿਖ ਨਿਹਾਲ ਹੋ ਰਹੇ ਹਨ। (ਜਦ ਘੋੜਾ ਅਗੇ ਲੰਘ ਜਾਂਦਾ ਹੈ ਤਾਂ) ਦੇਖਣ ਵਾਲੇ ਮਗਰ ਹੋ ਟੁਰਦੇ ਹਨ; ਐਉਂ ਪਿਛੇ ਪਿਛੇ ਬਹੁਤ ਭੀੜ ਹੋ ਗਈ (ਜੋ) ਮਗਰ ਮਗਰ ਮੰਗਲਾਚਾਰ ਦੇਖਦੀ ਟੁਰੀ ਜਾਂਦੀ ਸੀ।

ਇਸ ਤਰ੍ਹਾਂ ਦੀਵਾਨ ਵਾਲੇ ਥਾਂ ਪਹੁੰਚੇ, ਅਗੋਂ ਮਾਮਾ ਜੀ ਨੇ ਭਾਈ ਬੁੱਢੇ ਦੀ ਉਲਾਦ ਦੇ ਭਾਈ ਰਾਮ ਕੌਰ ਜੀ, ਜੋ ਬਾਬੇ ਬੁੱਢੇ ਦੀ ਗੱਦੀ ਤੇ ਸਨ ਅਤੇ ਜੋ ਆਪਣੇ ਚਾਚੇ ਹਰਦਿੱਤਾ ਜੀ ਦੀ ਰਹਿਬਰੀ ਵਿਚ ਆਏ ਹੋਏ ਸਨ* ਅਤੇ ਬੇਦੀ, ਤ੍ਰੇਹਣ, ਭੱਲੇ, ਸੋਢੀ, ਸਭ ਗੁਰੂ ਅੰਸ਼ਾਂ ਦੇ

*ਰਾਮ ਕੌਰ ਜੀ ਦੀ ਉਮਰ ਬਹੁਤ ਛੋਟੀ ਸੀ ਇਸ ਕਰਕੇ ਸਾਰਾ ਕਾਰਜ ਕਰਨ ਲਈ ਇਨ੍ਹਾਂ ਦੇ ਚਾਚੇ ਭਾਈ ਹਰਦਿੱਤਾ ਜੀ ਨਾਲ ਆਏ ਹੋਏ ਸਨ।

ਸਿਰਕਰਦੇ ਤੇ ਹੋਰ ਵਡਕੇ ਲੈਣ ਆਏ ਖੜੇ ਸਨ, 'ਜੀ ਆਇਆਂ ਨੂੰ' ਕਰਕੇ ਤਖਤ ਪਰ ਲੈ ਗਏ। ਤਖਤ ਦੇ ਉਪਰ ਸਜ ਰਹੀ ਗੱਦੀ ਅੱਗੇ ਆਪ ਜੀ ਨੇ ਅੱਖਾਂ ਮੀਟ ਕੇ ਨਵਾਂ ਪਾਤਸ਼ਾਹੀਆਂ ਦੇ ਦਰਸ਼ਣ ਕਰਕੇ ਸੀਸ ਝੁਕਾਇਆ। ਉਧਰੋਂ ਸੰਗਤ ਵਿਚੋਂ ਇਕ ਮਿੱਠੀ ਮਿੱਠੀ ਆਵਾਜ਼ ਆਈ- 'ਗੁਰ ਗਾਦੀ ਪਰ ਬਿਰਾਜੀਏ ਦਾਤਾ ਜੀਓ!'

ਇਹ ਸੁਣਕੇ ਆਪ ਸਿੰਘਾਸਣ ਪਰ ਵਿਛੀ ਗੱਦੀ ਤੇ ਬਿਰਾਜ ਗਏ। ਵਡੇ ਪੁਰਖਾਂ ਦੇ ਬੈਠਣ ਨੂੰ ਬਿਰਾਜਣਾ ਆਖੀਦਾ ਹੈ।

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਸਭਹਿਨ ਕੀ ਆਇਸੁ ਕੋ ਪਾਇ॥
ਭਏ ਅਰੂਢਨਿ ਗੁਰੂ ਮਨਾਇ॥੩੮॥
ਗੁਰੁਤਾ ਸਯੰਦਨ ਪਰ ਆਰੋਹੇ॥
ਦਿਪਯੋ ਪ੍ਰਤਾਪ ਦਜੋਸਪਤਿ ਸੋਹੇ॥
ਗਨ ਸੰਗਤਿ ਪੰਕਜ ਬਿਗਸੰਤੇ॥
ਵਿਚ ਮਕਰੰਦ ਅਨੰਦ ਬਧੰਤੇ॥੩੯॥

ਅਰਥਾਤ-ਸਾਰਿਆਂ ਦੀ ਆਗਿਆ ਪਾ ਕੇ ਆਪ ਜੀ ਗੁਰੂ ਸਾਹਿਬਾਂ ਨੂੰ ਮਨਾ ਕੇ (ਧਯਾਨ ਧਰ ਕੇ ਮੱਥਾ ਟੇਕ ਕੇ) ਗੁਰਜਾਈ ਦੇ ਸਿੰਘਾਸਨ ਤੇ ਚੜ੍ਹ ਗੱਦੀ ਤੇ ਬੈਠੇ। ਐਉਂ ਸੁਹਣੇ ਲਗੇ ਜਿਵੇਂ ਸੂਰਜ ਸ਼ੋਭਦਾ ਹੈ। ਸਾਰੀ ਸੰਗਤ, ਸਿਖ ਦੇਖ ਕੇ ਖਿੜ ਗਏ ਜਿਵੇਂ ਕਵਲ ਫੁੱਲ ਸੂਰਜ ਨੂੰ ਵੇਖ ਕੇ ਖਿੜ ਜਾਂਦਾ ਹੈ, ਤੇ ਦਿਲਾਂ ਵਿਚ ਐਉਂ ਆਨੰਦ ਵਧ ਰਹੇ ਸਨ ਜਿਵੇਂ ਕੰਵਲਾਂ ਵਿਚ ਮਕਰੰਦ ਰਸ ਮੌਲਦਾ ਹੈ।

ਹੁਣ ਰਾਗੀ ਸਿੰਘਾਂ ਨੇ ਸ਼ਬਦ ਗਾਉਂ ਕੇ ਟਿੱਕੇ ਦੀ ਵਾਰ ਉਚਾਰੀ। ਟਿੱਕੇ ਦੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਗੁਰਤਾ ਦੀ ਗਾਦੀ ਦਾ ਤਿਅਕ ਬਾਬਾ ਬੁੱਢਾ ਜੀ ਕਰਦੇ ਸਨ। ਛੇ ਪਾਤਸ਼ਾਹੀਆਂ ਤਕ ਓਹ ਆਪ

ਕਰਦੇ ਰਹੇ। ਫੇਰ ਉਹਨਾਂ ਦੀ ਵੰਸ਼ ਦਾ, ਜੋ ਬਾਬੇ ਦੀ ਗੱਦੀ ਤੇ ਹੋਵੇ, ਸੋ ਕਰਦਾ ਹੁੰਦਾ ਸੀ। ਹੁਣ ਗੱਦੀ ਤੇ ਸਾਹਿਬ ਰਾਮ ਕੌਰ ਸਨ, ਜੋ ਬਾਲਕੇ ਸਨ, ਇਸ ਕਰਕੇ ਉਨ੍ਹਾਂ ਦਾ ਚਾਚਾ ਭਾਈ ਹਰਦਿੱਤਾ ਉਨ੍ਹਾਂ ਦੇ ਨਾਲ ਆਇਆ ਸੀ ਤੇ ਪੰਜ ਪੈਸੇ ਨਰੇਲ ਨਾਲ ਗੁਰਤਾ ਦੀ ਵਸਤੂ, ਜੋ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਭਾਈ ਗੁਰਦਿਤੇ ਨੂੰ ਦਿੱਤੀ ਸੀ, ਲੈ ਆਯਾ ਸੀ। ਇਹ ਪਿਛੇ ਦੱਸ ਆਏ ਹਾਂ ਕਿ ਭਾਈ ਗੁਰਦਿਤਾ ਦਿੱਲੀ ਵਿਚ ਹੀ ਕੈਦਖਾਨੇ ਤੋਂ ਨਿਕਲਕੇ ਸਰੀਰ ਛੋੜ ਗਿਆ ਸੀ ਪਰ ਸਰੀਰ ਛਡਣ ਤੋਂ ਪਹਿਲੋਂ ਓਹ ਗੁਰ-ਗਦੀ ਦੀਆਂ ਵਸਤਾਂ ਭਾਈ ਹਰਦਿਤੇ ਨੂੰ ਰਮਦਾਸ ਘੱਲ ਗਿਆ ਸੀ। ਸੋ ਭਾਈ ਹਰਦਿਤਾ ਸਭ ਕੁਛ ਲੈ ਕੇ ਰਾਮਦਾਸ ਤੋਂ ਆਇਆ ਹੋਇਆ ਸੀ ਤੇ ਨਾਲ ਭਾਈ ਬੁੱਢੇ ਦੀ ਗੱਦੀ ਵਾਲੇ ਬਾਲਕੇ ਰਾਮ ਕੌਰ ਜੀ ਨੂੰ ਲਿਆਇਆ ਹੋਇਆ ਸੀ, ਹੁਣ ਭਾਈ ਹਰਦਿਤਾ ਜੀ ਨੇ ਅਰਦਾਸਾ ਸੋਧਿਆ ਤੇ ਫੇਰ ਰਾਮ ਕੌਰ ਜੀ ਦੇ ਹਥੀਂ ਸ੍ਰੀ ਕਲਗੀਆਂ ਵਾਲੇ ਦੇ ਮੱਥੇ ਤੇ ਤਿਲਕ ਕਰਾ ਦਿਤਾ ਤੇ ਸਤਿਗੁਰ ਜੀ ਦੇ ਦਿਤੇ ਪੰਜ ਪੈਸੇ ਤੇ ਨਰੇਲ ਰਾਮ ਕੌਰ ਜੀ ਤੋਂ ਅਗੇ ਧਰਵਾ ਕੇ ਦੋਹਾਂ ਨੇ ਮੱਥਾ ਟੇਕਿਆ। ਫੇਰ ਸੰਗਤ ਵਲ ਮੂੰਹ ਕਰਕੇ ਭਾਈ ਹਰਦਿਤਾ ਜੀ ਨੇ ਆਖਿਆ :-

ਸਚਾ ਪਾਤਸ਼ਾਹ, ਦਸਵਾਂ ਗੁਰੂ, ਹਾਜ਼ਰਾ ਹਜ਼ੂਰ, ਜ਼ਾਹਰਾ ਜ਼ਹੂਰ ਜਗ ਮਗ ਜੋਤਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਹੁਣ ਸੰਗਤ ਸਾਰੀ ਵਿਚ ਜੈਕਾਰੇ ਗੱਜੇ ਤੇ ਬਾਹਰ ਸ਼ਾਦਿਆਨੇ ਵਜੇ :

ਇਸ ਤੋਂ ਉਪਰੰਤ ਭਾਈ ਬੁੱਢੇ ਤੇ ਸਾਰੇ ਗੁਰੂ ਅੰਸ਼ਾਂ, ਮੰਜੀਆਂ ਤੇ ਮਸਨਦਾਂ ਵਾਲੇ ਮਸੰਦਾਂ ਨੇ ਨਜ਼ਰਾਂ ਪੇਸ਼ ਕਰਕੇ ਇਹ ਦੱਸਣਾ ਸੀ ਕਿ ਅਸੀਂ ਸਾਰੇ ਪਿਛਲੇ ਸਤਿਗੁਰੂ ਵਾਂਗੂ ਆਪ ਦੇ ਸੇਵਾਦਾਰ, ਆਗਜਾ ਪਾਲਕ, ਦਾਸ ਹਾਂ। ਸੋ ਪਹਿਲਾਂ ਭਾਈ ਬੁੱਢੇ ਕਿਆ ਵਲੋਂ ਇਕ ਹੀਰਿਆਂ ਜੜਤ ਵਾਲੀ ਜਿਗਾ ਤੇ ਕਲਗੀ ਪੇਸ਼ ਹੋਈ, ਜੋ ਹਰਦਿਤਾ ਜੀ ਨੇ ਸੀਸ ਤੇ ਸਜਾ ਦਿੱਤੀ। ਇਕ ਦੁਸ਼ਾਲਾ, ਇਕ ਮੋਤੀ ਮਾਲਾ, ਇਕ ਕ੍ਰਿਪਾਨ, ਇਕ

ਘੋੜਾ ਤੇ ਇਕ ਬਾਜ਼ ਬੀ ਭੇਟਾ ਵਿਚ ਦਿੱਤਾ ਅਤੇ ਪੰਜ ਮੋਹਰਾਂ ਮੱਥਾ ਟੇਕੀਆਂ*। ਇਸ ਤੋਂ ਮਗਰੋਂ ਗੁਰੂ ਅੰਸ਼ਾਂ ਦੇ ਵਡਕਿਆਂ, ਮੰਜੀਆਂ ਵਾਲਿਆਂ ਤੇ ਮਸੰਦਾਂ ਦੀਆਂ ਭੇਟਾਂ ਪੇਸ਼ ਹੋਈਆਂ। ਮਗਰੋਂ ਹੋਰ ਵਡਕਿਆਂ, ਸ਼ਹਿਰਾਂ ਦੇ ਚੌਧਰੀਆਂ ਤੇ ਸੰਗਤਾਂ ਤੇ ਸਿੱਖਾਂ ਦੀਆਂ। ਮੇੜਵਾ ਹਰੇਕ ਦੀ ਅਰਦਾਸ ਕਰਦਾ ਜਾਂਦਾ ਸੀ।

ਇਸ ਤੋਂ ਪਿਛੋਂ ਸਤਿਗੁਰੂ ਜੀ ਵਲੋਂ ਗੁਰੂ ਘਰ ਦੇ ਨਿਵਾਜੇ ਰਾਮ ਕੌਰ ਜੀ ਨੂੰ, ਹਰਦਿੱਤਾ ਜੀ ਨੂੰ, ਫੇਰ ਸਾਰੇ ਗੁਰੂ ਅੰਸ਼ਾਂ ਤੇ ਮਸੰਦਾਂ, ਮੰਜੀਆਂ ਵਾਲਿਆਂ ਤੇ ਹੋਰ ਵਡਕਿਆਂ ਨੂੰ ਸਿਰੋਪਾਉ ਮਿਲੇ। ਫੇਰ ਕੜਾਹ ਪ੍ਰਸ਼ਾਦਿ ਵਰਤਿਆ। ਲਿਖਿਆ ਮਿਲਦਾ ਹੈ ਕਿ ਹਜ਼ਾਰ ਰੁਪੈ ਦਾ ਕੜਾਹ ਪ੍ਰਸ਼ਾਦ ਇਸ ਵੇਲੇ ਵਰਤਿਆ। ਤਵਾ: ਖਾ: ਵਾਲੇ ਸੱਜਣ ਲਿਖਦੇ ਹਨ ਕਿ ਪੰਜ ਹਜ਼ਾਰ ਦਾ ਕੜਾਹ ਪ੍ਰਸ਼ਾਦਿ ਵਰਤਿਆ। ਇਸ ਤੋਂ ਸਮਝ ਆ ਜਾਂਦੀ ਹੈ ਕਿ ਕਿੰਨੀ ਭਾਰੀ ਸੰਗਤ ਕੱਠੀ ਹੋਈ ਹੋਈ ਹੋਣੀ ਹੈ।

❖❖❖

## ੩੯. ਸਿਖਾਂ ਨੂੰ ਸਿੰਘ ਬਨਾਉਣ ਦੀ ਸੈਨਤ।

**ਹੁਣ** ਆਨੰਦਪੁਰ ਵਿਚ ਰੌਣਕ ਵਧਣ ਲਗੀ। ਦੂਰ ਦੂਰ ਤੋਂ ਰੋਜ਼ ਨਵੀਆਂ ਸੰਗਤਾਂ ਆਉਣ। ਜਿੱਥੇ ਜਿੱਥੇ 'ਗੱਦੀ' ਦੀ ਖ਼ਬਰ ਪਹੁੰਚੇ, ਸਿਖ ਸੇਵਕ, ਸੰਗਤਾਂ ਦਰਸ਼ਨ ਕਰਨ ਨੂੰ ਦੂਰੋਂ ਦੂਰੋਂ ਆਉਂਦੇ। ਸਤਿਗੁਰ ਜੀ ਦੇ ਦੁਆਲੇ ਦਿਨੋਂ ਦਿਨ ਰੌਣਕ ਵਧ ਰਹੀ ਸੀ। ਜੋ ਸੰਗਤਾਂ ਨਿਤਪ੍ਰਤੀ ਆਉਂਦੀਆਂ ਸਨ ਉਨ੍ਹਾਂ ਵਿਚ ਦਿੱਲੀ ਤੋਂ ਲੁਬਾਣਿਆਂ ਜਾਂ ਵਣਜਾਰਿਆਂ ਦੀ ਇਕ ਸੰਗਤ ਆਈ। ਇਨ੍ਹਾਂ ਵਿਚ ਭਾਈ ਲੱਖੀ ਵਣਜਾਰਾ ਵੀ ਸੀ। ਜਦੋਂ ਦੀਵਾਨ ਵਿਚ ਸ੍ਰੀ ਆਸਾ ਦੀ ਵਾਰ ਦਾ ਭੋਗ ਪੈ ਗਿਆ, ਸੰਗਤਾਂ ਵਲੋਂ ਭੇਟਾਂ ਪੇਸ਼ ਹੋ ਚੁਕੀਆਂ ਤਾਂ ਗੁਰੂ ਜੀ ਨੇ ਲੱਖੀ ਨੂੰ ਪੁੱਛਿਆ, "ਸਿੱਖਾ! ਤੂੰ ਕਿਵੇਂ! ਸਤਿਗੁਰ ਪਿਤਾ ਜੀ ਦੀ ਦੇਹਿ ਸੰਭਾਲੀ ਤੇ ਸਸਕਾਰ

*ਤਵਾ: ਖਾ:। ਪਰ ਜੀਵਨ ਬਾਬਾ ਬੁੱਢਾ ਵਿਚ ਲਿਖਿਆ ਹੈ ਪੰਜ ਘੋੜੇ, ਇਕ ਬਾਜ਼, ਇਕ ਪੁਸ਼ਾਕਾ ਤੇ ਪੰਜ ਸੌ ਮੋਹਰ ਭੇਟਾ ਦਿੱਤੀ।

ਕੀਤਾ?" ਤਦ ਲੱਖੀ ਨੇ ਸਾਰਾ ਹਾਲ ਕਹਿ ਸੁਣਾਇਆ। ਕੀਕੁਣ ਉਸ ਨੂੰ ਦਾਉ ਮਿਲਿਆ, ਕੀਕੁਣ ਉਹ ਆਪਣੇ ਗੱਡਿਆਂ ਦਾ ਵਹੀਰ ਲਈ ਆ ਰਿਹਾ ਸੀ, ਤੇ ਕੀਕੁਣ ਹਨੇਰੀ ਗਰਦ ਤੇ ਉਸਦੇ ਆਪਣੇ ਗੱਡਿਆਂ ਤੋਂ ਕਲੀ ਦਾ ਗੁਬਾਰ ਉਡਦਾ ਸੀ, ਜਦੋਂ ਉਹ ਚਾਂਦਨੀ ਚੌਕ ਵੱਲੋਂ ਦੀ ਲੰਘੇ, ਤੇ ਪਵਿਤ੍ਰ ਸਰੀਰ ਨੂੰ ਰਕਾਬ ਗੰਜ ਲੈ ਗਏ ਤੇ ਜਾ ਆਪਣੇ ਛਪਰਾਂ ਵਿਚ ਚਿਤਾ ਬਣਾ ਕੇ ਅੱਗ ਲਾ ਪਵਿੱਤ੍ਰ ਦੇਹੀ ਦਾ ਸਸਕਾਰ ਕੀਤਾ। ਇਸ ਹਾਲ ਨੂੰ, ਜੋ ਅਗੇ ਸਭ ਸੁਣ ਚੁਕੇ ਸੇ, ਪਰ ਹੁਣ ਮੁੜ ਸੇਵਾ ਕਰਨ ਵਾਲੇ ਦੇ ਮੂੰਹੋਂ ਸੁਣ ਕੇ ਸਾਰੇ ਅੱਥਰੂ ਕੇਰ ਰਹੇ ਸੇ ਕਿ ਸ੍ਰੀ ਗੁਰੂ ਜੀ ਨੇ ਪੁੱਛਿਆ, "ਲੱਖੀ! ਦਿੱਲੀ ਵਿਚ ਕਈ ਸਿਖ ਸਨ, ਕੋਈ ਹੋਰ ਨਾ ਨਿਤਰਿਆ"? ਲੱਖੀ ਨੇ ਕਿਹਾ : "ਮਹਾਰਾਜ! ਦਿੱਲੀ ਵਿਚ ਨਿੱਤ ਨਵੇਂ ਉਪੱਦ੍ਰਵ ਹੁੰਦੇ ਰਹਿੰਦੇ ਹਨ, ਪਰਜਾ ਸਹਿਮੀ ਰਹਿੰਦੀ ਹੈ, ਪਾਤਸ਼ਾਹ ਦਾ ਤ੍ਰਾਸ ਬੜਾ ਹੈ, ਸਿਖ ਥੋੜੇ ਹਨ ਤੇ ਗਰੀਬ ਹਨ, ਡਰ ਬਿਠਾਉਣ ਲਈ ਕਈ ਸਿਖਾਂ ਨੂੰ ਤਸੀਹੇ ਪਹੁੰਚੇ ਬੀ ਹਨ, ਇਸ ਕਰਕੇ ਕੋਈ ਹੌਸਲਾ ਕਰਕੇ ਨਹੀਂ ਸੀ ਨਿੱਤਰਦਾ ਤੇ ਮੈਂ ਬੀ ਪਾਤਸ਼ਾਹ! ਆਪਦੀ ਸਹਾਇਤਾ ਨਾਲ ਸੇਵਾ ਕਰ ਗੁਜ਼ਰਿਆ। ਸਿਖ ਦੁਖੀ ਸਾਰੇ ਸਨ, ਪਰ ਭੈ ਵਿਚ ਡੋਲ ਗਏ ਸਨ।" ਤਦ ਸਤਿਗੁਰੂ ਜੀ ਨੇ ਜੋ ਬਚਨ ਬੋਲੇ, ਕਵੀ ਸੰਤੋਖ ਸਿੰਘ ਜੀ ਨੇ ਐਉਂ ਦੱਸੇ ਹਨ :-

ਇਸ ਬਿਧਿ ਕੋ ਅਬ ਪੰਥ ਬਨਾਵੌਂ॥
ਸਕਲ ਜਗਤ ਮਹਿ ਬਹੁ ਬਿਦਤਾਵੌਂ॥੮॥
ਲਾਖੋਂ ਜਗ ਕੇ ਨਰ ਇਕ ਥਾਇ॥
ਤਿਨ ਮਹਿ ਮਿਲੈ ਏਕ ਸਿਖ ਜਾਇ॥
ਸਭ ਮਹਿ ਪ੍ਰਿਥਕ ਪਛਾਨਜੋਂ ਪਰੈ॥
ਰਲੈ ਨ ਕਜੋਂਹੂੰ ਕੈਸਿਹੁ ਕਰੈ॥੯॥
ਜਥਾ ਬਗਨ ਮਹਿ ਹੰਸ ਨ ਛਪੈ॥
ਗ੍ਰਿਝਨ ਬਿਖੈ ਮੋਰ ਜਿਮ ਦਿਪੈ॥
ਜਿਉਂ ਖਰ ਗਨ ਮਹਿ ਬਲੀ ਤੁਰੰਗ॥
ਜਥਾ ਮ੍ਰਿਗਨ ਮਹਿ ਕੇਹਰਿ ਅੰਗ॥੧੦॥

(ਰੁ: ੧ ਅੰਸੁ ੭)

ਇਸ ਦਾ ਅਰਥ ਇਹ ਹੈ ਕਿ ਸਤਿਗੁਰੂ ਜੀ ਨੇ ਕਿਹਾ ਕਿ ਮੈਂ ਹੁਣ ਐਸਾ ਪੰਥ ਬਨਾਵਾਂਗਾ ਜੋ ਸਾਰੇ ਜਗ ਵਿਚ ਪ੍ਰਗਟ ਹੋਵੇ। ਜਗ ਦੇ ਲੱਖਾਂ ਆਦਮੀ ਕਿਤੇ ਕੱਠੇ ਹੋਣ ਤੇ ਉਨ੍ਹਾਂ ਵਿਚ ਇਕ ਸਿਖ ਬੀ ਜਾ ਮਿਲੇ ਤਾਂ ਸਾਰਿਆਂ ਵਿਚੋਂ ਐਉਂ ਵੱਖਰਾ ਪਛਾਣਿਆ ਜਾਵੇ, ਜਿਵੇਂ ਬਗਲਿਆਂ ਵਿਚੋਂ ਹੰਸ, ਗਿਰਝਾਂ ਵਿਚੋਂ ਮੋਰ, ਖੋਤਿਆਂ ਵਿਚੋਂ ਬਲੀ ਘੋੜਾ ਤੇ ਹਰਨਾਂ ਵਿਚੋਂ ਸ਼ੇਰ।

ਇਹ ਅਚਾਨਕ ਨਿਕਲੇ ਵਾਕ ਸੁਣ ਕੇ ਸੰਗਤ ਅਚਰਜ ਰਹਿ ਗਈ। ਫੇਰ ਸਿਖ ਨੇ ਦੱਸਿਆ ਕਿ ਮੈਂ ਤ੍ਰਾਮੇ ਦੀਆਂ ਗਾਗਰਾਂ ਵਿਚ ਵਿਭੂਤੀ ਪਾ ਕੇ ਓਥੇ ਹੀ ਦਬ ਆਇਆ ਹਾਂ। ਸਤਿਗੁਰ ਨੇ ਕਿਹਾ-ਓਥੇ ਹਾਲੇ ਥੜਾ ਬਣਾ ਦਿਓ ਤੇ ਨਿਸ਼ਾਨ ਕਾਇਮ ਕਰ ਦਿਓ, ਸਾਡਾ ਸਿੱਖ ਕਦੇ ਇਕ ਆਵੇਗਾ ਜੋ ਮੰਦਰ ਬਣਾ ਦੇਵੇਗਾ।

ਇਸ ਅਵਸਥਾ ਵਿਚ ਹੀ ਸਤਿਗੁਰੂ ਜੀ ਨੂੰ ਘੋੜੇ ਦੀ ਅਸਵਾਰੀ ਤੇ ਧਨੁਖ ਬਾਣਾਂ ਦਾ ਸ਼ੌਕ ਸੀ। ਨਿੱਕੇ ਤੀਰ, ਨਿੱਕੇ ਕਮਾਨ, ਕਮਾਨਾਂ ਤੇ ਗੁਲੇਲਾਂ ਦੀਆਂ ਖੇਡਾਂ ਪਟਣੇ ਤੋਂ ਅਭਿਆਸ ਕਰਦੇ ਆਏ ਸੇ। ਘੋੜੇ ਤੇ ਚੜ੍ਹਨਾ ਭੀ ਪਿਤਾ ਜੀ ਦੇ ਵੇਲੇ ਸਿੱਖ ਚੁਕੇ ਸੇ। ਹੁਣ ਕੁਦਰਤ ਦਾ ਰੰਗ ਦੇਖੋ : ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਵਿਚ ਅਡੋਲ ਤੇ ਅਚੱਲ ਬੈਠਦੇ, ਕਈ ਵੇਰ ਕੀਰਤਨ ਦੇ ਪ੍ਰਭਾਵ ਵਿਚ ਨੈਣ ਵੀ ਭਰ ਆਉਂਦੇ, ਭੋਗ ਪਏ ਤੇ ਸੰਗਤਾਂ ਨਾਲ ਗਲ ਬਾਤ ਸੁਹਣੀ ਕਰਦੇ, ਅਰਦਾਸਾਂ ਸੁਣਕੇ ਮਿਹਰਾਂ ਭੀਕਰਦੇ ਫੇਰ ਉਠ ਕੇ ਘਰ ਜਾ ਪ੍ਰਸ਼ਾਦ ਛਕਿ ਦੁਪਹਿਰੇ ਧਨੁਖ ਬਾਣ ਦੇ ਰੰਗ ਵੇਖਦੇ, ਲਾਹੌਰ ਤੋਂ ਆਪਣੇ ਮੇਲ ਦੇ ਖਾਸ ਤੀਰ ਮੰਗਵਾਉਂਦੇ। ਬੀਬੀ ਵੀਰੋ ਦੇ ਬੇਟੇ ਸੂਰਜ ਮਲ ਦੇ ਪੋਤਰੇ, ਹੋਰ ਹਮਜੋਲੀ ਤੇ ਵਡੇ ਸਾਕ ਸੰਬੰਧੀ, ਜੋ ਜੋ ਤੀਰੰਦਾਜ਼ੀ, ਘੋੜ ਸਵਾਰੀ ਤੇ ਬੰਦੂਕ ਚਲਾਉਣ ਵਿਚ ਸਿਆਣੇ ਸਨ, ਪਾਸ ਰੱਖ ਲਏ। ਦੁਪਹਿਰੇ ਇਨ੍ਹਾਂ ਦੇ ਅਭਿਆਸ ਵੇਖਦੇ, ਆਪ ਤੀਰ ਚਲਾਉਂਦੇ,

ਦੂਰ ਦੂਰ ਨਿਸ਼ਾਨੇ ਫੁੰਡਦੇ, ਉਹਨਾਂ ਤੋਂ ਬੰਦੂਕਾਂ ਚਲਵਾਕੇ ਨਿਸ਼ਾਨੇ ਗੋਲੀ ਵੱਜਦੀ ਤੱਕ ਕੇ ਖੁਸ਼ ਹੁੰਦੇ। ਲੌਢੇ ਪਹਿਰ ਆਪ ਸ਼ਿਕਾਰ ਜਾਂਦੇ, ਸ਼ਿਕਾਰ ਵੇਖਦੇ, ਘੋੜ ਦੌੜਾਂ ਕਰਵਾਉਂਦੇ, ਸਭ ਤਰ੍ਹਾਂ ਦੇ ਹਥਿਆਰ ਤੱਕ ਕੇ ਖੁਸ਼ ਹੁੰਦੇ। ਸਿਖ ਭੀ ਸੁਹਣੇ ਸੁਹਣੇ ਹਥਿਆਰ ਭੇਟਾ ਲਿਆਉਂਦੇ। ਸੰਧਿਆ ਹੋਈ ਤੇ ਸੋਦਰ ਰਹਿਰਾਸ ਦੇ ਦੀਵਾਨ ਵਿਚ ਜ਼ਰੂਰ ਪਹੁੰਚਦੇ ਅਰ ਪਾਠ ਬੜੇ ਅਡੋਲ ਹੋ ਕੇ ਸੁਣਦੇ। ਕਦੇ ਕਦੇ ਭੋਗ ਪਏ ਤੇ ਅਚਰਜ ਗੱਲਾਂ ਵੀ ਕਰਦੇ। ਕਦੇ ਹਸਦੇ, ਖੇਲਦੇ, ਖਿੜਦੇ ਖਿੜਦੇ ਹਥ ਨਾ ਆਉਂਦੇ, ਪਰ ਕਦੇ ਐਸੇ ਵਿਰਾਗ ਵਿਚ ਆ ਕੇ ਕੋਈ ਸ਼ਬਦ ਗਾ ਉਠਦੇ ਕਿ ਸਾਰੇ ਜਗਤ ਉਤੇ ਉਪਰਾਮਤਾ ਛਾ ਜਾਂਦੀ।

❖❖❖

# ੩੭. ਬਖ਼ਸ਼ਿਸ਼।

**ਅਗਲੇ** ਦਿਨ ਜਦ ਆਸਾ ਦੀ ਵਾਰ ਦਾ ਭੋਗ ਪੈ ਚੁਕਾ, ਕੜਾਹ ਪ੍ਰਸ਼ਾਦ ਵਰਤੀਜ ਚੁਕਾ ਤਾਂ ਗੁਰੂ ਜੀ ਅੱਖਾਂ ਮੀਟੇ ਹੋਏ ਬੈਠੇ ਸਨ। ਅੱਜ ਨਵੀਂ ਸੰਗਤ ਕੋਈ ਨਹੀਂ ਸੀ ਆਈ ਹੋਈ, ਅਗਲੀਆਂ ਸੰਗਤਾਂ ਨਾਲ ਹੀ ਦੀਵਾਨ ਗਹਗਟ ਭਰ ਰਿਹਾ ਸੀ। ਅਚਾਨਕ ਸਤਿਗੁਰ ਜੀ ਨੇ ਨੈਣ ਖੁਹਲੇ ਤੇ ਬੋਲੇ: ਦੁਲਚਾ[੧] ਕਿੱਥੇ ਹੈ?

ਦੁਲਚਾ ਹੱਥ ਜੋੜਕੇ ਆ ਖਲੋਤਾ। ਆਪ ਨੇ ਆਖਿਆ : ਭਾਈ! ਤੂੰ ਮੇਰੇ ਜੋਗਾ ਕੀਹ ਲਿਆਇਆ ਹੈਂ?

ਦੁਲਚਾ-ਪਾਤਸ਼ਾਹ! ਜੋ ਕੁਛ ਲਿਆਇਆ ਸਾਂ ਉਸ ਦਿਨ ਆਪ ਦੇ ਚਰਨਾਂ ਵਿਚ ਅਰਪ[੨] ਦਿੱਤਾ ਸੀ।

ਸਤਿਗੁਰੂ-ਤੂੰ ਆਪ ਕੀਹ ਆਂਦਾ ਹੈ?

ਦੁਲਚਾ-ਜੋ ਤਿਲ ਫੁਲ ਸਰਿਆ ਅਰਪ ਦਿੱਤਾ ਸੀ।

ਸਤਿਗੁਰ-ਕਿਸੇ ਪਿਆਰੇ, ਪਿਆਰਾਂ ਵਾਲੇ ਦੀ ਦਿੱਤੀ ਕੋਈ ਅਮਾਨ?

---

੧. ਦੁਲਚਾ ਮੁਲਤਾਨ ਦਾ ਮਸੰਦ ਸੀ ਤੇ ਗੁਰਿਆਈ ਮਿਲਣ ਦੇ ਸਮੇਂ ਆਇਆ ਹੋਇਆ ਸੀ।

੨. ਅਰਪਨਾ-ਭੇਟਾ ਕਰ ਦੇਣਾ।

ਦੂਲਚਾ-ਸਭ ਆਪ ਜੋਗ ਅਰਪ ਦਿੱਤੀ ਸੀ।

ਸਤਿਗੁਰ-ਕੋਈ ਭੁੱਲੀ ਭਟਕੀ ਰਹਿ ਗਈ ਹੋਵੇ, ਚੇਤੇ ਕਰ ਲੈ, ਦੇਖ ਮੇਰੇ ਹੱਥ ਬੁੱਟੇ ਹਨ।

ਦੂਲਚਾ-ਮੈਂ ਤਾਂ ਸਭ ਕੁਛ ਦੇ ਚੁਕਾ ਹਾਂ। ਆਪ ਚੋਜ ਕਰਦੇ ਹੋ, ਬਾਲ ਅਵਸਥਾ ਦਾ ਚੋਜ ਮੇਰੇ ਨਾਲ? ਆਪ ਦਾ ਬਾਲਕਪਣੇ ਦਾ ਚੋਜ, ਮੇਰੀ ਇੱਜ਼ਤ.....।

ਸਤਿਗੁਰ-ਹਾਂ ਦੂਲਚਿਆ! ਤੇਰੀ ਇੱਜ਼ਤ ਤੇ ਮੇਰਾ ਚੋਜ। ਚੋਜ ਵੇਖ ਉਸ ਸੂਰੇ ਗੁਰੂ ਤੇਗ ਬਹਾਦਰ ਦਾ। ਇਹ ਕਹਿੰਦੇ ਹੀ ਉਛਲੇ ਤੇ ਉਸ ਦੀ ਪੱਗ ਲਾਹ ਸੁਟੀ।

ਸਿੱਖ ਸੇਵਕ ਦੂਲਚੇ ਦੇ ਇਸ ਨਾਮੁਨਾਸਬ ਦਲੇਰੀ ਵਾਲੇ ਉੱਤਰ ਤੋਂ ਚੌਕੰਨੇ ਹੋਏ ਹੀ ਸਨ ਕਿ ਸਤਿਗੁਰ ਦਾ ਇਹ ਕੌਤਕ ਵਰਤ ਗਿਆ। ਪੱਗ ਲੱਥੀ ਤਾਂ ਵਿਚੋਂ ਸਤਿਗੁਰ ਦੇ ਮੇਚੇ ਦੇ ਛੋਟੇ ਜੇਹੇ ਬਣੇ ਜੜਾਊ ਕੜਿਆਂ ਦੀ ਜੋੜੀ ਢੱਠੀ। ਇਹ ਇਕ ਸਿਖ ਨੇ ਚੁਕ ਕੇ ਆਪ ਦੇ ਅਗੇ ਧਰੇ, ਜਿਥੇ ਕਿ ਗੱਦੀ ਤੇ ਸ਼ਾਂਤਿ ਚਿਤ ਚੜ੍ਹਦੇ ਚੰਨ ਦੀ ਮੁਸਕ੍ਰਾਹਟ ਨਾਲ ਜਾ ਬੈਠੇ ਸੇ। ਦੂਲਚੇ ਨੇ ਉਹ ਲੱਥੀ ਪੱਗ ਚਾਈ ਤੇ ਚਰਨਾਂ ਤੇ ਜਾ ਧਰੀ ਤੇ ਮੱਥਾ ਟੇਕ ਕੇ ਕਿਹਾ : ਮੈਂ ਭੁੱਲਾ ਹਾਂ, ਬਖਸ਼ ਲੈ, ਮੈਂ ਕਿਸੇ ਮਾਨ ਤੇ ਮਦ ਵਿਚ ਲਹਿ ਗਿਆ ਸਾਂ। ਮੈਂ ਜਾਤਾ ਸੀ ਕਿ ਮੈਂ ਮਾਇਆ ਕੱਠੀ ਕਰਕੇ ਦੇਂਦਾ ਹਾਂ, ਮੈਂ ਚੰਗਾ ਤੇ ਉਚਾ ਹਾਂ। ਮੈਂ ਜਾਤਾ ਸੀ ਤੁਸੀਂ ਉਮਰਾ ਕਰਕੇ ਛੋਟੇ ਹੋ। ਮੈਨੂੰ ਕੱਲ ਇਕ ਸਿਖ ਨੇ, ਮੱਤ ਦਿੱਤੀ ਸੀ ਕਿ ਤੂੰ ਸੰਭਲ, ਠੂਹਕਰ ਖਾਏਂਗਾ, ਪਰ ਮੈਂ ਨ ਸਮਝਿਆ, ਅੱਜ ਠੂਹਕਰ ਖਾਧੀ। ਮੈਂ ਮਾਇਆਧਾਰੀ ਅੰਨ੍ਹਾ ਬੋਲਾ ਹਾਂ, ਪਰ ਹੇ ਦਿਆਲ ਮੂਰਤੀ! ਹੇ ਪਰਤੱਖ ਗੁਰੂ ਨਾਨਕ! ਮੈਨੂੰ ਬਖਸ਼ ਲੈ।

ਇਸ ਵੇਲੇ ਭਾਈ ਹਰਦਿੱਤੇ ਜੀ ਦਾ ਕੋਮਲ ਮਨ ਦ੍ਰਵ ਗਿਆ, ਹੱਥ ਜੋੜ ਖੜੋਤਾ : 'ਪਾਤਸ਼ਾਹ! ਬਖਸ਼ੋ। ਦੂਲਚੇ ਨੇ ਪਾਪ ਕੀਤਾ ਹੈ ਜੋ ਸਿਖ ਦੀ ਭੇਟਾ ਲਿਆ ਕੇ ਆਪ ਨੂੰ ਨਹੀਂ ਦਿੱਤੀ। ਇਸ ਨੂੰ ਬਖਸ਼ੋ'।

ਸ੍ਰੀ ਗੁਰੂ ਜੀ ਬੋਲੇ-ਗੁਰੂ ਨਾਨਕ ਦਾ ਘਰ ਸਦਾ ਬਖਸ਼ੰਦ ਹੈ। ਇਸ ਦਰ ਮਾਇਆ ਦੀ ਭੁੱਖ ਨਹੀਂ, ਸਭ ਲੁਟਾ ਦਿਓ ਤੇ ਭਾਂਡੇ ਮੂਧੇ ਮਾਰ ਦਿਓ। ਗੁਰ ਨਾਨਕ ਦੀ ਟੇਕ ਵਾਹਿਗੁਰੂ ਹੈ, ਪਰ ਪ੍ਰੇਮੀਆਂ ਦੇ ਪ੍ਰੇਮ ਤੱਕੋ! ਆਖੋ ਭਾਈ ਹਰਦਿੱਤਾ ਜੀ! ਦੂਲਚੇ ਨੂੰ ਆਖੋ ਬਖਸ਼ਿਆ, ਪਰ ਉਹ ਦਰਦ ਭਰੀ ਕਥਾ ਸੁਣਾ ਦੇਵੇ, ਉਹ ਪੁਕਾਰ ਸੁਣਾ ਦੇਵੇ, ਜੋ ਮੈਂ ਹੁਣੇ ਸੁਣੀ ਹੈ,-ਕੜਿਆਂ ਦੇ ਦੇਣ ਵਾਲੇ ਦੀ ਕਥਾ!

ਤਦ ਦੂਲਚੇ ਨੇ ਉਠਕੇ ਭਾਈ ਰੂਪੇ ਦੀ, ਮੁਲਤਾਨ ਦੇ ਉਸ ਧਨੀ ਸੇਠ ਦੀ, ਜੋ ਚੋਰਾਂ ਵਾਂਗੂ ਬੱਧਾ ਗਿਆ ਸੀ, ਕਥਾ ਸੁਣਾਈ, ਜਿਸ ਨੇ ਕਿ ਦੂਲਚੇ ਦੇ ਹੱਥ ਕੜੇ ਤੇ ਹੋਰ ਭੇਟਾ ਘੱਲੀਆਂ ਸਨ।

ਰੂਪੇ ਦੀ ਕਥਾ ਇਹ ਸੀ:-

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਕ ਸਿਖ ਸੀ, ਜੋ ਬੜਾ ਸ਼ਾਹੂਕਾਰ ਸੀ। ਲੋਕ ਉਸ ਨੂੰ 'ਧਨੀ ਸੇਠ' ਕਹਿੰਦੇ ਸਨ, ਨਾਉਂ ਸੀ ਰੂਪਾ, ਰਹਿੰਦਾ ਸੀ ਮੁਲਤਾਨ। ਸੱਚਾ ਤੇ ਨੇਕ। ਸਭ ਕਿਸੇ ਦਾ ਭਲਾ ਕਰਨ ਵਾਲਾ ਸਤਿਸੰਗ ਲਾਉਂਦਾ ਸੀ। ਇਸੇ ਕਰਕੇ ਕਾਜ਼ੀ ਤੇ ਸ਼ਹਿਰ ਦਾ ਕੁਤਵਾਲ ਇਸ ਨਾਲ ਵੈਰ ਕਰਦੇ ਸਨ। ਇਕ ਹੋਰ ਸੀ ਰੂਪਾ, ਓਹ ਧਾੜਵੀ ਸੀ। ਰੂਪੇ ਧਾੜਵੀ ਨੇ ਧਾੜਾ ਮਾਰਿਆ। ਕੁਤਵਾਲ ਨੂੰ ਪਤਾ ਲਗਾ। ਉਸ ਨੇ ਧਨੀ ਸੇਠ ਰੂਪੇ ਨੂੰ ਫੜ ਲਿਆ ਕਿ ਇਸ ਨੇ ਧਾੜਾ ਮਾਰਿਆ ਹੈ। ਸੋ ਬੇਗੁਨਾਹ ਰੂਪਾ ਫਾਥਾ ਗਿਆ। ਕਾਜ਼ੀ ਬੀ ਉਸਨੂੰ ਦੋਸ਼ੀ ਆਖੇ। ਪਰ ਹਾਕਮ ਨੂੰ ਪਤਾ ਲਗ ਗਿਆ ਕਿ ਰੂਪਾ ਸਿੱਖ ਹੈ ਅਤੇ ਸਿਖ ਝੂਠ ਨਹੀਂ ਬੋਲਦੇ। ਰੂਪਾ ਕਹਿੰਦਾ ਹੈ : ਮੈਂ ਬੇਕਸੂਰ ਹਾਂ, ਇਹ ਸੱਚਾ ਹੋਣਾ ਹੈ। ਪਰ ਕੁਟਵਾਲ ਨੇ ਝੂਠੇ ਉਗਾਹ ਤੇ ਸਬੂਤ ਪੱਕੇ ਬਣਾਏ ਹੋਏ ਸਨ। ਹਾਕਮ ਜਿੱਚ ਵਿਚ ਸੀ ਕਿ ਕੀਹ ਕਰੇ, ਰੂਪੇ ਨੂੰ ਆਪਣੇ ਸੱਚ ਦਾ ਭਰੋਸਾ ਸੀ ਤੇ ਗੁਰੂ ਚਰਨਾਂ ਵਿਚ ਅਰਦਾਸੇ ਕਰਦਾ ਸੀ। ਜਿਸ ਦਿਨ ਹਾਕਮ ਨੇ ਸਜ਼ਾ ਦੇਣੀ ਸੀ ਉਸ ਦਿਨ ਦੂਜੇ ਨਗਰ ਦੇ ਕੁਤਵਾਲ ਦੀ ਚਿੱਠੀ

ਆ ਗਈ ਕਿ ਧਾੜਵੀ ਰੂਪਾ ਮੈਂ ਫੜ ਲਿਆ ਹੈ ਤੇ ਓਹ ਕਹਿੰਦਾ ਹੈ ਕਿ 'ਧਨੀ ਸੇਠ ਰੂਪਾ' ਬੇਗੁਨਾਹ ਹੈ, ਤੇ ਉਹ ਧਾੜਾ ਮੈਂ ਮਾਰਿਆ ਹੈ। ਸੋ ਆਪ ਨੇ ਧਨੀ ਸੇਠ ਨੂੰ ਸਜ਼ਾ ਨਾ ਦੇਣੀ, ਮੈਂ ਛੇਤੀ ਹੀ ਸਾਰਾ ਮਾਲ ਤੇ ਦੋਸ਼ੀਆ ਨੂੰ ਲੈ ਕੇ ਆ ਰਿਹਾ ਹਾਂ। ਐਉਂ ਹਾਕਮ ਕੋਲ ਵੇਲੇ ਸਿਰ ਖ਼ਬਰ ਪਹੁੰਚ ਗਈ ਤੇ ਧਨੀ ਸੇਠ ਰੂਪੇ ਦੀ ਪੈਜ ਰਹੀ ਤੇ ਉਹ ਬਰੀ ਹੋ ਗਿਆ, ਅਰਥਾਤ ਛੁਟ ਗਿਆ। ਉਸ ਨੇ ਦੂਲਚੇ ਹੱਥ ਦਸਮੇਂ ਪਾਤਸ਼ਾਹ ਨੂੰ ਕੜੇ, ਮੋਤੀ ਤੇ ਹੋਰ ਸੁਗਾਤਾਂ ਘੱਲੀਆਂ ਸਨ, ਆਪ ਨਹੀਂ ਸੀ ਕਿਸੇ ਕਾਰਨ ਆ ਸਕਿਆ। ਦੂਲਚੇ ਨੇ ਵਿਚੋਂ ਕੁਛ ਚੀਜ਼ਾਂ ਲੁਕਾ ਲਈਆਂ ਸਨ ਇਹ ਜਾਣਕੇ ਕਿ ਗੁਰੂ ਬੱਚਾ ਹੈ, ਇਸਨੂੰ ਕੀਹ ਪਤਾ ਹੈ, ਪਰ ਦੂਲਚੇ ਦੀ ਪੱਗ ਲਾਹਕੇ ਉਸ ਦੇ ਪਾਪ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਕਰ ਦਿੱਤਾ। ਤਦ ਦੂਲਚੇ ਨੂੰ ਭਰੋਸਾ ਬੱਝ ਗਿਆ ਕਿ ਇਹ ਪੂਰਾ ਗੁਰੂ ਹੈ। ਸੰਗਤਾਂ ਵਿਚ ਵੀ ਬੜਾ ਭਰੋਸਾ ਤੇ ਸਿਦਕ ਵਧ ਗਿਆ ਕਿ ਗੁਰੂ ਅੰਤਰਜਾਮੀ ਹੈ। ਫੇਰ ਦੇਖੋ ਗੁਰੂ ਜੀ ਨੇ ਦੂਲਚੇ ਨੂੰ ਦੰਡ ਸਜ਼ਾ ਕੋਈ ਨਹੀਂ ਦਿੱਤੀ, ਉਸ ਨੂੰ ਬਖਸ਼ ਦਿੱਤਾ। ਇਹ ਹੈ ਪੂਰੇ ਗੁਰੂ ਦੀ ਵਡਿਆਈ। ਸਭ ਆਖੋ ਧੰਨ ਸੱਚਾ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ, ਸਰਬਤ ਦਾ ਭਲਾ ਕਰਨ ਵਾਲਾ, ਸਭ ਨੂੰ ਤਾਰਨ ਵਾਲਾ।

❖❖❖

## ੩੮. ਆਨੰਦਪੁਰ ਦੇ ਮੰਗਲ।

**ਪਿੱਛੇ** ਲਿਖ ਆਏ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਛੋਟੀ ਉਮਰਾ ਵਿਚ ਹੀ ਬੜਾ ਸ਼ੌਕ ਸੀ ਕਿ ਤੀਰ ਚਲਾਉਂਦੇ ਸਨ, ਨਿਸ਼ਾਨੇ ਫੁੰਡਦੇ ਸਨ, ਹੋਰ ਸਾਥੀ ਇਕੱਠੇ ਕਰਕੇ ਕਵੈਦਾਂ ਕਰਾਉਂਦੇ ਸਨ*। ਤਲਵਾਰ ਚਲਾਉਣ ਲਈ, ਗੱਤਕੇ ਬਾਜ਼ੀ ਦੀ ਕਵਾਇਦ ਤੇ ਬੰਦੂਕ ਚਲਾਉਣ ਲਈ ਦੂਸਰੀ ਤਰ੍ਹਾਂ ਦੀ ਕਵਾਇਦ ਬੀ ਕਰਵਾਂਉਂਦੇ ਸਨ।

---

*ਕਰਹਿ ਕਵਾਇਦ ਤੁਪਕ ਕ੍ਰਿਪਾਨ। (ਸੂ: ਪ੍ਰ:)

ਹੌਲੀ ਹੌਲੀ ਆਪ ਜੀ ਦੇ ਪਾਸ ਆਪਣੇ ਸਾਕ ਤੇ ਵਡੇ ਸਤਿਗੁਰਾਂ ਦੇ ਵੇਲੇ ਦੇ ਪੁਰਾਣੇ ਸੇਵਕ ਕੱਠੇ ਹੁੰਦੇ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਬਾਬਾ ਜੀ ਸਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਜੋ ਸਾਡੇ ਛੇਵੇਂ ਗੁਰੂ ਸਨ, ਉਨ੍ਹਾਂ ਦੀ ਇਕ ਬੀਬੀ ਸੀ, ਜਿਸ ਦਾ ਨਾਉਂ ਸੀ-ਬੀਬੀ ਵੀਰੋ ਜੀ। ਇਸ ਬੀਬੀ ਦੇ ਪੰਜ ਪੁੱਤ੍ਰ ਸਨ[1], ਸੁਹਣੇ ਸਜੀਲੇ ਤੇ ਤਕੜੇ। ਇਹ ਪੰਜੇ ਬੜੇ ਗੁਣਾਂ ਵਾਲੇ ਤੇ ਬਹਾਦਰ ਸਨ। ਪੰਜੇ ਤਾਂ ਜਦੋਂ ਆਪ ਦੀ ਦਸਤਾਰ-ਬੰਦੀ ਹੋਈ ਸੀ ਓਦੋਂ ਦੇ ਹੀ ਆਨੰਦਪੁਰ ਵਿਖੇ ਸਾਹਿਬ ਜੀ ਪਾਸ ਆ ਰਹੇ ਸਨ। ਇਹ ਪੰਜ ਆਗੂ ਜੋਧੇ ਬਧੇ ਤੇ ਸ਼ਸਤ੍ਰ ਦੀ ਵਿਦਯਾ ਵਿਚ ਬਹੁਤ ਪ੍ਰਬੀਨ ਹੋ ਗਏ। ਪ੍ਰਬੀਨ ਆਖਦੇ ਹਨ ਲਾਇਕ ਨੂੰ, ਜੋ ਕਿਸੇ ਵਿਦਯਾ ਵਿਚ ਕਿ ਹੁਨਰ ਵਿਚ ਬਹੁਤ ਹੀ ਸਿਆਣਾ ਹੋ ਜਾਏ।

ਸ੍ਰੀ ਗੁਰੂ ਹਰਗੋਬਿੰਦ ਜੀ ਦਾ ਇਕ ਪੁੱਤ੍ਰ ਸੀ : ਸੂਰਜ ਮਲ। ਇਸ ਦਾ ਇਕ ਪੁਤ੍ਰ ਸੀ ਦੀਪ ਚੰਦ। ਦੀਪ ਚੰਦ ਦੇ ਦੋ ਪੁੱਤ੍ਰ ਸਨ : ਗੁਲਾਬ ਰਾਇ ਤੇ ਸ਼ਯਾਮ ਚੰਦ[2]। ਇਹ ਦੋਵੇਂ ਬੀ ਕੀਰਤਪੁਰ ਤੋਂ ਆਨੰਦਪੁਰ ਆ ਰਹੇ। ਕਦੇ ਕਦੇ ਕੀਰਤਪੁਰ ਜਾਂਦੇ, ਪਰ ਬਹੁਤ ਚਿਰ ਗੁਰੂ ਜੀ ਪਾਸ ਆਨੰਦਪੁਰ ਹੀ ਰਹਿ ਪਏ ਸਨ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੋਧੇ ਯਾ ਉਨ੍ਹਾਂ ਜੋਧਿਆਂ ਦੇ ਬੇਟੇ ਜੋ ਜੋ ਸ਼ਰਨ ਆਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਾਸ ਰਖ ਲਏ।

ਉਵ ਡੇਰੇ ਦਾ ਸਾਰਾ ਪ੍ਰਬੰਧ[3] ਮਾਮਾ ਕ੍ਰਿਪਾਲ ਚੰਦ ਜੀ ਕਰਦੇ ਸੇ। ਮਾਮਾ ਜੀ ਇਕ ਤਾਂ ਬੜੇ ਸੂਰਮੇ ਸੇ ਤੇ ਜੁੱਧ ਵਿਦਯਾ ਦੇ ਜਾਣੂ ਸੇ, ਦੂਜੇ ਬੜੇ ਦਾਨੇ ਤੇ ਅਕਲਾਂ ਵਾਲੇ ਸੇ। ਗੁਰੂ ਜੀ ਦੀ ਰੁਚੀ ਜੋ ਸ਼ਸਤ੍ਰ ਵਿਦਯਾ ਵੱਲ ਸੀ, ਇਸ ਨੂੰ ਮਾਮਾ ਜੀ ਹਰ ਤਰ੍ਹਾਂ ਵਧਾਉਂਦੇ ਸੇ। ਅਸੀਂ ਦੱਸ ਆਏ ਹਾਂ ਕਿ ਸੂਰਮੇ ਜੋ ਜੋ ਸ਼ਰਨ ਆਏ ਮਾਮਾ ਜੀ ਨੇ ਰੱਖ ਲਏ

---

੧. ਪੰਜਾਂ ਦੇ ਨਾਮ ਇਹ ਹਨ:-ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮਲ, ਗੰਗਾ ਰਾਮ ਤੇ ਮਾਹਰੀ ਚੰਦ।

੨. ਸਿਆਮ ਦਾਸ; ਗੁਲਾਬ ਦਾਸ, ਸੂ: ਪ੍ਰ: ਨੇ ਸੂਰਜ ਮਲ ਦੇ ਪੁਤ ਲਿਖੇ ਹਨ। ਤਵਾ: ਖਾ: ਨੌ ਪੋਤ੍ਰੇ ਲਿਖੇ ਹਨ।

੩. ਬੰਦੋਬਸਤ।

ਤੇ ਗੁਰੂ ਜੀ ਦੀ ਸੇਵਾ ਵਿਚ ਲਾਏ। ਛੇਵੇਂ ਗੁਰਾਂ ਦੇ ਸਮੇਂ ਦੇ ਸੂਰਮੇ ਜੋ ਆਏ ਸਭ ਰਖ ਲਏ, ਉਨ੍ਹਾਂ ਦੇ ਰੁਜ਼ੀਨੇ* ਬੀ ਲਾ ਦਿਤੇ। ਸੋ ਹੌਲੇ ਹੌਲੇ ਇਕ ਫੌਜ ਦੀ ਸ਼ਕਲ ਬਣਦੀ ਗਈ। ਸਾਰੇ ਕਵੈਦਾਂ ਕਰਨ ਤੇ ਸ਼ਸਤ੍ਰ ਚਲਾਉਣ। ਸ਼ਸਤ੍ਰ ਕਹੀਦਾ ਹੈ ਹਥਿਆਰ ਨੂੰ, ਜੀਕੂੰ ਤੀਰ, ਤਲਵਾਰ, ਬੰਦੂਕ, ਤੋਪ: ਸਭ ਸ਼ਸਤ੍ਰ ਕਹੀਦੇ ਹਨ। ਸੋ ਸੂਰਮੇ ਤੇ ਸ਼ਸਤ੍ਰ ਕੱਠੇ ਹੁੰਦੇ ਗਏ ਤੇ ਸੂਰਮਿਆਂ ਦੇ ਕਰਤਬ ਆਪ ਗੁਰੂ ਜੀ ਵੇਖਦੇ. ਆਪ ਵਿਚ ਹੋ ਕੇ ਸਾਰੇ ਕੰਮ ਕਰਦੇ, ਹੁਕਮ ਦੇਂਦੇ। ਕਈ ਵੇਰ ਦੋ ਦਲ ਬਣਾਕੇ ਦੋਹਾਂ ਦੀਆਂ ਝੂਠੀਆਂ ਲੜਾਈਆਂ ਵੇਖ ਵੇਖ ਖੁਸ਼ ਹੁੰਦੇ। ਇਸ ਤਰ੍ਹਾਂ ਆਨੰਦਪੁਰ ਵਿਚ ਅੰਮ੍ਰਿਤ ਵੇਲੇ ਤੇ ਸੰਝਾਂ ਵੇਲੇ ਵਾਹਿਗੁਰੂ ਜੀ ਦੇ ਕੀਰਤਨ ਹੁੰਦੇ, ਭਜਨ ਦੇ ਦੀਵਾਨ ਲੱਗ ਜਾਂਦੇ। ਲੌਢੇ ਪਹਿਰ ਸੂਰਮਿਆਂ ਦੀਆਂ ਕਵਾਇਦਾਂ ਹੁੰਦੀਆਂ ਤੇ ਸ਼ਸਤ੍ਰਾਂ ਦੇ ਕਰਤਬਾਂ ਦੀ ਰੌਣਕ ਲੱਗ ਜਾਂਦੀ। ਸਾਡੇ ਸ਼ਿਰੋਮਣਿ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

> ਜਥਾ ਪਿਤਾਮੇ ਸੈਨ ਬਨਾਈ। ਤਥਾ ਸੁਭਟ ਰਾਖੈ ਸਮੁਦਾਈ। ਤਿਮ ਹੀ ਸਕਲ ਸਮਾਜ ਬਨਾਯੋ। ਦਿਨ ਪ੍ਰਤਿ ਪੁਰਿ ਆਨੰਦ ਬਿਰਧਾਯੋ॥੪੦॥ ਸ਼ਸਤ੍ਰਨ ਕੋ ਦੀਰਘ ਅਭਿਆਸਾ। ਕਰਹਿਂ ਕਰਾਵਹਿਂ ਪਿਖਹਿਂ ਤਮਾਸ਼ਾ। ਹਯਨ ਅਰੂਢਹਿਂ ਵਹਿਰ ਸਿਧਾਵੈਂ। ਨਾਨਾ ਰੀਤਿ ਫੰਧਾਇ ਪਲਾਵਹਿਂ॥੪੧॥ ਪਾਨ ਕਮਾਨ ਤਾਨ ਕਰਿ ਬਾਨਾ। ਅਰਹਿਂ ਦਿਖਾਵਹਿਂ ਹਤਹਿਂ ਨਿਸ਼ਾਨਾ। ਤੋਮਰ ਤੁਪਕ ਸੁ ਤੇਗ ਤਮਾਚਾ। ਕਰਹਿਂ ਪ੍ਰੇਮ ਧਾਰਹਿਂ ਗੁਰ ਸਾਚਾ॥੪੨

ਅਰਥ-ਜਿਵੇਂ ਦਾਦਾ ਗੁਰੂ ਜੀ ਨੇ ਫੌਜ ਬਣਾਈ ਸੀ, ਤਿਵੇਂ ਹੀ ਆਪਨੇ ਬੀ ਬਹੁਤ ਸਾਰੇ ਸੂਰਮੇ ਰਖ ਲਏ। ਉਸੀ ਤਰ੍ਹਾਂ ਸਾਰਾ (ਫੌਜੀ) ਠਾਠ ਬਣਾ ਲਿਆ। ਆਨੰਦਪੁਰ ਸ਼ਹਿਰ ਇਉਂ ਰੋਜ਼ ਰੋਜ਼ ਵਡਾ ਹੁੰਦਾ ਗਿਆ। ਸੋ ਗੁਰੂ ਜੀ ਹਥਿਆਰ ਚਲਾਉਣ ਦੀ ਬੜੀ ਵਰਜਸ਼ ਕਰਦੇ ਤੇ

---

*ਰੁਜ਼ੀਨਾ-ਗੁਜ਼ਾਰਾ, ਤਨਖਾਹ, ਤਲਬ।

ਕਰਾਉਂਦੇ ਰਹੇ ਤੇ ਤਮਾਸ਼ੇ ਦੇਖਦੇ ਰਹੇ। ਘੋੜਿਆਂ ਤੇ ਚੜ੍ਹਦੇ ਤੇ ਬਾਹਰ ਦੂਰ ਨਿਕਲ ਜਾਂਦੇ, ਅਨੇਕਾਂ ਢੰਗਾਂ ਨਾਲ ਬਾਣ ਸੇਧਦੇ, ਨਿਸ਼ਾਨੇ ਦੱਸ ਕੇ ਚਲਾਉਂਦੇ ਤੇ ਫੁੰਡਦੇ। ਬੰਦੂਕਾਂ ਤਲਵਾਰਾਂ, ਕੁਹਾੜੇ; ਤਮੰਚੇ ਪ੍ਰੇਮ ਕਰਕੇ ਧਾਰਨ ਕਰਦੇ।

❖❖❖

## ੩੯. ਗੁਲਾਬ ਰਾਇ।

**ਇਕ** ਦਿਨ ਸਤਲੁਜ ਨਦੀ ਵਿਚ ਸਾਰੇ ਨ੍ਹਾਉਣ ਲੱਗੇ। ਇਸ ਵੇਲੇ ਗੁਰੂ ਜੀ ਨੇ ਦੋ ਦਲਾਂ ਵਿਚ ਸਾਰਿਆਂ ਸਾਥੀਆਂ ਦੀ ਵੰਡ ਕਰ ਲਈ। ਇਕ ਦੇ ਆਪ ਆਗੂ ਬਣੇ ਤੇ ਦੂਏ ਦੇ ਗੁਲਾਬ ਰਾਇ ਨੂੰ ਬਣਾਇਆ। ਨਦੀ ਵਿਚ ਹੀ ਖੇਲ ਮੱਚੀ। ਇਸ ਨੂੰ ਜਲ-ਕ੍ਰੀੜਾ ਆਖਦੇ ਹਨ। ਫੌਜੀ ਕਰਤਬਾਂ ਨਾਲ ਪਾਣੀ ਵਿਚ ਪਾਣੀ ਨਾਲ ਹੀ ਜੁੱਧ ਮੱਚ ਪਿਆ। ਕਿੰਨਾ ਚਿਰ ਖੇਲ ਹੋ ਕੇ ਗੁਲਾਬ ਰਾਇ ਦਾ ਦਲ ਭਾਂਜ ਖਾ ਗਿਆ। ਭਾਂਜ ਖਾਣੀ ਆਖਦੇ ਹਨ ਹਾਰ ਜਾਣ ਨੂੰ। ਹਾਰ ਖਾਕੇ ਗੁਲਾਬ ਰਾਇ ਨਦੀ ਛੱਡਕੇ ਭੱਜ ਪਿਆ। ਬਾਹਰ ਆ ਕੇ ਹਾਰ ਦੀ ਕਾਹਲ ਵਿਚ ਛੇਤੀ ਕੀਤੀਓਸੁ ਤਾਂ ਆਪਣੀ ਪੱਗ ਦੀ ਥਾਂ ਗੁਰੂ ਜੀ ਦੀ ਪੱਗ ਆਪਣੀ ਸਮਝ ਕੇ ਸਿਰ ਲਪੇਟਦਾ ਦੌੜਕੇ ਅਮਨ ਵਾਲੀ ਮੰਨੀ ਥਾਂ ਤੇ ਜਾ ਖੜੋਤਾ! ਇੰਨੇ ਨੂੰ ਬਿਜਈ ਦਲ ਬੀ ਬਾਹਰ ਆ ਗਏ, ਅਰਥਾਤ ਗੁਰੂ ਜੀ, ਜਿਨ੍ਹਾਂ ਨੇ ਜਲ-ਕ੍ਰੀੜਾ ਜਿੱਤੀ ਸੀ, ਬਾਹਰ ਆ ਗਏ। ਤਦਂ ਗੁਲਾਬ ਰਾਇ ਨੂੰ ਸਿਆਮ ਦਾਸ ਨੇ ਦੱਸਿਆ: ਭਰਾਵਾ! ਤੈਥੋਂ ਤਾਂ ਬੇਅਦਬੀ ਹੋ ਗਈ ਹੈ, ਤੂੰ ਆਪਣੀ ਪੱਗ ਦੀ ਥਾਂ ਗੁਰੂ ਜੀ ਦੀ ਦਸਤਾਰ ਸਿਰ ਲਪੇਟ ਲਈ ਹੈ। ਗੁਲਾਬ ਰਾਇ ਨੇ ਛੇਤੀ ਨਾਲ ਲਾਹਕੇ ਦਸਤਾਰ ਲਿਆ ਗੁਰੂ ਜੀ ਦੇ ਅੱਗੇ ਕੀਤੀ ਤਾਂ ਸਾਹਿਬ ਹੱਸ ਪਏ ਤੇ ਆਖਣ ਲੱਗੇ:-ਗੁਲਾਬ ਰਾਇ ਰਹਿਣ ਦੇਹ ਅਗੁਵਾਨੀ ਤੇਰੇ ਤੇ ਬੀ ਆਵੇਗੀ, ਪਰ ਰਹੇਗੀ ਨਾ ਜਿਵੇਂ ਇਹ ਪੱਗ ਸਿਰ ਨੂੰ ਛੋਹਕੇ ਉਤਰ ਆਈ ਹੈ, ਛੇਤੀ ਹਟ ਜਾਵੇਗੀ*।

---

*ਇਹ ਗਲ ਸੱਚੀ ਹੋਈ ਸੀ। ਸਾਖੀ; ਅੱਗੇ ਆਪਣੇ ਟਿਕਾਣੇ ਸਿਰ ਆਵੇਗੀ।

## ੪੦. ਮਿਰਤਕ ਕਉ ਜੀਵਾਲਨਹਾਰ।

**ਇਕ** ਦਿਨ ਸ੍ਰੀ ਗੁਰੂ ਜੀ ਟੁਰੇ ਜਾ ਰਹੇ ਸਨ ਕਿ ਇਕ ਘਰ ਦੇ ਥੜੇ ਤੋਂ ਰੋਣ ਦੀ ਆਵਾਜ਼ ਆਈ। ਰੋਣ ਸੁਣਕੇ ਕੂਲੇ ਕੂਲੇ ਦਿਲ ਵਾਲੇ ਗੁਰੂ ਜੀ ਥੜੇ ਦੇ ਪਾਸ ਜਾ ਖਲੋਤੇ ਤੇ ਬੋਲੇ: ਮਾਈ ਕਿਉਂ ਰੋਂਦੀ ਪਈ ਏਂ? ਉਹ ਬੋਲੀ: ਵੇਖੋ ਜੀ ਆਹ ਮੇਰਾ ਪੁਤ ਪਿਆ ਏ, ਚੰਗਾ ਭਲਾ ਲੇਟ ਗਿਆ ਏ, ਨਾ ਕੂੰਦਾਂ ਏ ਨਾ ਸਾਹਿੰਦਾ ਏ, ਮਰ ਗਿਆ ਏ, ਗੁਰੂ ਜੀ ਗਹੁ ਕਰ ਤੱਕੇ। ਨੈਣਾਂ ਤੋਂ ਕੋਈ ਮੇਹਰ ਦੀ ਤੱਕਣੀ ਪਈ। ਆਖਣ ਲੱਗੇ : ਦੇਖ ਮਾਈ! ਸਾਹ ਤਾਂ ਆਉਂਦਾ ਪਿਆ ਏ, ਤੱਕ ਹੱਛੂ ਤਰ੍ਹਾਂ, ਵੇਖ ਅੱਖ ਝਮਕਦਾ ਏ। ਦੇਖ ਖਾਂ ਇਹ ਤਾਂ ਜੀਉਂਦਾ ਪਿਆ ਏ। ਸੱਚੀ ਮੁਚੀ ਮਾਈ ਨੇ ਤੇ ਸਾਰੇ ਸਾਥੀਆਂ ਨੇ ਤੱਕਿਆ ਤਾਂ ਬਾਲ ਅੱਖਾਂ ਝਮਕ ਰਿਹਾ, ਸਾਹ ਲੈ ਰਿਹਾ ਤੇ ਜੀਉਂਦਾ ਜਾਗਦਾ ਸੀ।

ਸਾਰੇ ਦੇਖਣ ਹਾਰ ਹਰਿਆਨ ਹੋ ਗਏ। ਸਿਦਕ ਭਰੋਸੇ ਵਾਲੇ ਸਿਖਾਂ ਨੇ ਜਾਤਾ ਕਿ ਇਹ ਗੁਰੂ ਤਾਂ ਉਹੋ ਜੋਤਿ ਹੈ ਜੋ ਤੀਸਰੇ ਗੁਰੂ ਅਮਰਦਾਸ ਵਿਚ ਸੀ, ਉਹੋ ਦਇਆ, ਤੇ ਨਰਮੀ ਹੈ ਜੋ ਉਨ੍ਹਾਂ ਦੇ ਹਿਰਦੇ ਵਿਚ ਸੀ।

❖❖❖

## ੪੧. ਸ਼ਾਮਿਯਾਨਾ।

**ਕਾਬਲ** ਵਲੋਂ ਇਕ ਸ਼ਾਮਿਯਾਨਾ ਬਣਕੇ ਦਿਲੀ ਦੇ ਪਾਤਸ਼ਾਹ ਲਈ ਆਇਆ। ਇਹ ਬੜਾ ਸੁਹਣਾ ਸੀ। ਦਿੱਲੀ ਵਿਚ ਇਸ ਦੀ ਮਸ਼ਹੂਰੀ ਹੋ ਗਈ। ਦਿੱਲੀ ਦੇ ਸਿਖਾਂ ਨੇ ਬੀ ਸੁਣਿਆਂ ਤੇ ਕਦੇ ਇਹ ਕਿਲ੍ਹੇ ਵਿਚ ਪਾਤਸ਼ਾਹ ਲਈ ਤਣਿਆ ਹੋਇਆ ਵੇਖਿਆ ਬੀ। ਗੁਰੂ ਕੇ ਸਿਖਾਂ ਵਿਚ ਚਾਉ ਆਇਆ ਕਿ ਐਸਾ ਤਾਂ ਸਾਡੇ ਸਤਿਗੁਰੂ ਜੀ ਦੇ ਦਰਬਾਰ ਲਈ ਚਾਹੀਦਾ ਹੈ, ਸੋ ਸਿਖਾਂ ਨੇ ਸਲਾਹ ਕਰਕੇ ਕਾਬਲ ਦੇ ਸਿਖਾਂ ਨੂੰ ਚਿਠੀ ਲਿਖੀ।

ਉਧਰ ਕਾਬਲ ਦੀ ਸੰਗਤ ਵਿਚ ਇਕ ਸਿਖ ਸੀ ਜੋ ਬੜਾ ਗੁਰੂ ਕੇ ਪਿਆਰ ਵਾਲਾ ਸੀ। ਉਹ ਧਨੀ ਬੀ ਬੜਾ ਸੀ। ਧਨੀ ਕਹਿੰਦੇ ਹਨ

ਧਨ ਵਾਲੇ ਨੂੰ, ਜਿਸ ਪਾਸ ਦੌਲਤ ਬਹੁਤ ਹੋਵੇ। ਇਹ ਕਦੇ ਆਨੰਦਪੁਰ ਦਰਸ਼ਨ ਕਰਨ ਅਇਆ ਸੀ ਤੇ ਕਦੇ ਅਰਦਾਸ ਕਰ ਗਿਆ ਸੀ ਕਿ ਮੇਰੇ ਘਰ ਪੁਤ੍ਰ ਹੋਵੇ। ਇਸ ਦਾ ਨਾਉਂ ਦੁਨੀ ਚੰਦ ਸੀ। ਦੁਨੀ ਚੰਦ ਨੇ ਦਿਆਲ ਦਾਸ ਮਸੰਦ ਨਾਲ ਸਲਾਹ ਕੀਤੀ ਕਿ ਮੈਂ ਆਪਣੇ ਗੁਰੂ ਜੀ ਦੇ ਸ਼ੁਕਰਾਨੇ ਵਿਚ ਕੀਹ ਭੇਟਾ ਤਿਆਰ ਕਰਾਵਾਂ। ਉਸਨੇ ਸਲਾਹ ਦਿੱਤੀ ਕਿਹ ਸ਼ਾਮਿਯਾਨਾ ਸੁਹਣਾ ਜਿਹਾ ਤਜਾਰ ਕਰਵਾ। ਉਧਰੋਂ ਦਿੱਲੀ ਦੀ ਸੰਗਤ ਦੀ ਅਰਦਾਸ ਆਈ ਕਿ ਅਤਿ ਸੁਹਣਾ ਸ਼ਾਮਿਯਾਨਾ ਸਤਿਗੁਰ ਵਾਸਤੇ ਤਿਆਰ ਕਰਵਾ ਘੱਲੋ। ਸੋ ਦੁਨੀ ਚੰਦ ਨੇ ਇਹ ਸ਼ੈ ਬਹੁਤ ਸੁਹਣੀ ਤਜਾਰ ਕਰਵਾਉਣੀ ਸ਼ੁਰੂ ਕੀਤੀ। ਜਦੋਂ ਇਹ ਸ਼ੈ ਬਣ ਰਹੀ ਕਾਬਲ ਦੇ ਸਿਖਾਂ ਨੇ ਸੁਣੀ ਤਦ ਸਭ ਨੂੰ ਚਾਉ ਭਰ ਆਇਆ ਕੋਈ ਕੁਛ ਤੇ ਕੋਈ ਕੁਛ ਲੈ ਆਵੇ ਕਿ ਦੁਨੀ ਚੰਦਾ! ਗੁਰੂ ਸਭ ਦਾ ਸਾਂਝਾ ਹੈ, ਆਹ ਸ਼ੈ ਸਾਡੀ ਵਲੋਂ ਡੇਰੇ ਵਿਚ ਲਾ ਦੇਹ। ਕੋਈ ਕਹੇ ਆਹ ਸੁਹਣੀ ਝਾਲਰ ਮੇਰੀ ਵਲੋਂ ਵਿਚ ਲੁਆ ਦੇਹ। ਇਸ ਸ਼ਾਮਿਯਾਨੇ ਪਰ ਦੁਨੀ ਚੰਦ ਦਾ ਕੋਈ ਦੋ ਲਖ ਤੋਂ ਵਧੀਕ ਖਰਚ ਹੋਇਆ ਖਿਆਲ ਕਰੀਦਾ ਹੈ, ਪਰ ਹੋਰ ਸਿਖਾਂ ਵਲੋਂ ਜੋ ਜੋ ਸਾਮਾਨ ਵਿਚ ਲਾਏ ਗਏ ਵਖਰੇ ਸਨ। ਇਸ ਤਰ੍ਹਾਂ ਕਰਕੇ ਇਸ ਸ਼ਾਮਿਯਾਨੇ* ਦੀ ਲਾਖਤ ਕੋਈ ਢਾਈ ਲੱਖ ਰੁਪੱਯਾ ਹੋ ਗਈ ਸੀ।

ਕਾਬਲ ਤੋਂ ਗੁਰਸਿਖਾਂ ਦੀ ਸੰਗਤ ਦਰਸ਼ਨਾਂ ਨੂੰ ਆਈ। ਇਹ ਸ਼ਾਮਿਯਾਨਾ ਨਾਲ ਲਿਆਈ। ਇਸ ਦੇ ਨਾਲ ਕਨਾਤਾਂ ਬੀ ਜ਼ਰੀਦੋਜ਼ ਆਈਆਂ। ਜਦੋਂ ਇਹ ਸ਼ਾਮਿਯਾਨਾ ਤੇ ਕਨਾਤਾਂ ਤਣੀਆਂ ਤੇ ਵਿਚਕਾਰ ਈਰਾਨੀ ਕਾਲੀਨ ਵਿਛੇ ਜੋ ਸੰਗਤਿ ਨਾਲ ਲਿਆਈ ਸੀ, ਤਦ ਐਸੀ ਸ਼ੋਭਾ ਬਣੀ ਕਿ ਝਾਲ ਝੱਲੀ ਨਾ ਜਾਵੇ। ਵਿਚਕਾਹੇ ਸਤਿਗੁਰੂ ਜੀ ਦਾ ਤਖਤ

---

*ਇਹ ਸ਼ਾਮਿਯਾਨਾ ਸੀ ਕਿ ਤੰਬੂ ਸੀ? ਇਹ ਵੱਖ ਵੱਖ ਖਿਆਲ ਹਨ ਪਰ ਜਾਪਦਾ ਹੈ ਕਿ ਸ਼ਾਮਿਯਾਨਾ ਸੀ, ਕਿਉਂਕਿ ਜਦ ਏਹ ਆਨੰਦਪੁਰ ਵਿਚ ਲਗਾ ਤਾਂ ਸੰਗਤਾਂ ਦੇ ਦੀਵਾਨ ਇਸ ਹੇਠ ਸਜੇ। ਇੰਨੇ ਵਡੇ ਦੀਵਾਨ ਸ਼ਾਮਿਆਨੇ ਹੇਠ ਹੀ ਸਜ ਸਕਦੇ ਹਨ।

ਲਗਾਇਆ ਗਿਆ ਤੇ ਸਚੇ ਪਾਤਸ਼ਾਹ ਜੀ ਆ ਕੇ ਬਿਰਾਜੇ, ਤਦ ਸੰਗਤਾਂ ਦੀ ਭੀੜ ਦੁਆਲੇ ਅਦਬ ਤੇ ਪਿਆਰ ਨਾਲ ਬੈਠੀ, ਦਰਸ਼ਨ ਕਰ ਕਰ ਕੇ ਸੁਆਦਾਂ ਵਿਚ ਭਰ ਭਰ ਜਾਂਦੀ ਸੀ। ਅੱਖਾਂ ਵੇਖ ਵੇਖ ਰਜਦੀਆਂ ਨਹੀਂ ਸਨ।

ਅਜ ਦਾ ਦੀਵਾਨ ਵਿਸਾਖੀ ਦਾ ਦੀਵਾਨ ਸੀ, ਜੋ ਗੁਰੂ ਘਰ ਵਿਚ ਇਕ ਮਹਾਨ ਵੱਡਾ ਦੀਵਾਨ ਹੁੰਦਾ ਸੀ। ਤਵਾ: ਖਾਲਸਾ ਨੇ ਇਸ ਦੀਵਾਨ ਦਾ ਸੰਮਤ ੧੭੩੬ ਬਿਕ੍ਰਮੀ ਵਿਸਾਖ ਦੀ ਪਹਿਲੀ ਲਿਖੀ ਹੈ, ਇਸ ਸ਼ਾਮਿਯਾਨੇ ਦੀ ਮਹਿਮਾ ਵਿਚ ਲਿਖਿਆ ਹੈ ਕਿ ਇਹ ਦਿੱਲੀ ਦੇ ਪਾਤਸ਼ਾਹ ਦੇ ਸ਼ਾਮਿਯਾਨੇ ਤੋਂ ਵਧੀਕ ਸੁਹਣਾ ਸੀ। ਤਵਾਰੀਖ ਖਾਲਸਾ ਦੇ ਲੇਖਕ ਗੁਰੂ ਪ੍ਰੇਮੀ ਭਾਈ ਗਜਾਨ ਸਿੰਘ ਗਜਾਨੀ ਲਿਖਦੇ ਹਨ ਕਿ ਇਸ ਲਈ ਵਧੀਕ ਸੁਹਣਾ ਸੀ ਕਿ ਉਹ ਹੁਕਮ ਦਾ ਤੇ ਇਹ ਪ੍ਰੇਮ ਦਾ ਬਣਿਆ ਹੋਇਆ ਸੀ। ਬਾਕੀ ਹੋਰ ਗਲੀਚੇ, ਸਾਇਬਾਨ, ਕਨਾਤਾਂ, ਚਿਕਾਂ, ਮਖਮਲੀ ਪੜਦੇ, ਮਸਨੰਦਾਂ ਕਾਰਚੋਬੀ, ਰੰਗਾ ਜਮਨੀ ਚੋਬਾਂ, ਇਤਜਾਦਿਕ ਸਭ ਸਾਮਾਨ ਚੜ੍ਹਦੇ ਤੋਂ ਚੜ੍ਹਦੇ ਪ੍ਰੇਮੀ ਸਿਖਾਂ ਨੇ ਬਣਾਕੇ ਅਰਪਨ ਕੀਤਾ ਸੀ। ਦੂਜੇ ਦਿਨ ਗੁਰੂ ਸਾਹਿਬ ਨੇ ਓਸੇ ਡੇਰੇ ਵਿਚ ਦੀਵਾਨ ਲਾਇਆ, ਸ਼ਬਦ ਕੀਰਤਨ ਹੋਇਆ। ਕਾਰੀਗਰਾਂ ਤੇ ਫ਼ਰਾਸ਼ਾਂ ਨੂੰ ਇਨਾਮ ਦਿੱਤੇ। ਗੁਰੂ ਕਿਆਂ ਪਾਸ ਜੋ ਦੇਸ਼ ਦੇਸ਼ਾਂਤ੍ਰਾਂ ਤੋਂ ਅਮੀਰ, ਗਰੀਬ, ਫਕੀਰ, ਗੁਣੀ ਲੋਕ ਤੇ ਅਨੇਕ ਪਰਬਤੀ ਰਾਜੇ ਮੇਲੇ ਵੈਸਾਖੀ ਪੁਰ ਆਏ ਹੋਏ ਸੇ ਦੇਖ ਕੇ ਸਭ ਹੱਕੇ ਬੱਕੇ ਰਹਿ ਗਏ, ਕਿਉਂਕਿ ਓਸ ਵਿਚ ਅਨੋਖੀ ਕਾਰੀਗਰੀ ਦਾ ਕੰਮ ਕੀਤਾ ਹੋਯਾ ਸੀ। ਬੇਅੰਤ ਪ੍ਰਕਾਰ ਦੇ ਫਲ, ਫੂਲ, ਵੇਲ ਬੂਟੇ, ਬ੍ਰਿਛ, ਮੋਰ; ਚਕੋਰ; ਆਦਿਕ ਪੰਛੀ ਤੇ ਹਾਥੀ ਘੋੜੇ, ਸ਼ੇਰ ਸ਼ਿਕਾਰ-ਗਾਹ, ਚੋਪੜ, ਸ਼ਤਰੰਜ, ਸੂਰਜ, ਚੰਦ, ਤਾਰੇ ਅਜਿਹੇ ਬਣਾ ਰਖੇ ਸੇ ਜਾਣੋ ਸੱਭੋ ਕੁਝ ਸਚਮੁਚ ਦਾ ਹੈ। ਚੰਗੇ ਚੰਗੇ ਸਜਾਣੇ ਪੁਰਸ਼ਾਂ ਦੀ ਗਰਦਨ ਦੇਖਦਿਆਂ ਉਤਾਂਹ ਹੀ ਰਹਿ ਜਾਂਦੀ ਸੀ। ਗੁਰੂ ਜੀ ਨੇ ਖੁਸ਼ ਹੋ ਕੇ ਕਾਬਲੀ, ਕਾਗਾਨੀ, ਕੰਧਾਰੀ ਸਿਖਾਂ

ਨੂੰ ਧਰਮ, ਅਰਥ, ਕਾਮ, ਮੋਖ[1] ਚਾਰੇ ਪਦਾਰਥ ਬਖਸ਼ੇ। ਓਹ ਗੁਰੂ ਕੇ ਘਰੋਂ ਬਾਂਛਿਤ[2] ਫਲ ਤੇ ਸਿਰੋਪਾਉ ਲੈ ਕੇ ਗੁਰੂ ਕਾ ਸੁਜਸ[3] ਕਰਦੇ ਆਪੋ ਆਪਣੇ ਘਰਾਂ ਨੂੰ ਗਏ।

❖❖❖

# ੪੨. ਵਿਆਹ।

**ਪਿਛੇ** ਸਾਖੀ ੩੧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਦੀ ਸਾਖੀ ਲਿਖ ਆਏ ਹਾਂ। ਸਾਖੀਆਂ ਤੇ ਗੁਰੂ ਕੇ ਹਾਲ ਲਿਖਣ ਵਾਲਿਆਂ ਵਿਚ ਮਤ ਭੇਦ ਹੈ। ਤਵਾ: ਖਾਲਸਾ ਵਾਲੇ ਲਿਖਦੇ ਹਨ ਕਿ ਵਿਵਾਹ ਗੁਰੂ ਨੌਵੇਂ ਪਾਤਸ਼ਾਹ ਦੇ ਸਮੇਂ ਹੋਇਆ ਤੇ ਆਪ ਗੁਰੂ ਜੀ ਨੇ ਕੀਤਾ, ਪਰ ਸੂਰਜ ਪ੍ਰਕਾਸ਼ ਦੇ ਕਰਤਾ ਜੀ ਲਿਖਦੇ ਹਨ ਕਿ ਗੱਦੀ ਬਿਰਜਾਣ ਤੋਂ ਦੋ ਤ੍ਰੈ ਕਿ ਚਾਰ ਸਾਲ ਮਗਰੋਂ ਵਿਵਾਹ ਹੋਇਆ। ਬਾਕੀ ਸਾਖੀ ਕਿ ਵਿਵਾਹ ਲਈ ਗੁਰੂ ਕਾ ਲਾਹੌਰ ਰਚਿਆ ਗਿਆ, ਤੇ ਕਾਕੀ ਹਰਜਸ ਖਤ੍ਰੀ ਲਾਹੌਰ ਨਿਵਾਸੀ ਦੀ ਸਪੁਤ੍ਰੀ ਸੀ, ਜੋ ਗੁਰੂ ਕੇ ਲਾਹੌਰ ਆ ਰਹੇ ਤੇ ਕਾਜ ਓਥੇ ਹੋਇਆ, ਸਾਰਾ ਕੁਝ ਇਕੋ ਜਿਹਾ ਹੈ। ਚਸ਼ਮੇ ਦੀ ਸ੍ਰੋਤ ਚੱਲਨੀ ਬੀ ਦਸਵੇ ਗੁਰੂ ਜੀ ਦੇ ਬਰਛੇ ਤੋਂ ਦੋਹਾਂ ਵਿਚ ਮੰਨੀ ਜਾਂਦੀ ਹੈ। ਉਸ ਥਾਂ ਦਰਬਾਰ ਬੀ ਹੈ ਤੇ ਮੇਲਾ ਬੀ ਬਸੰਤ ਪੰਚਮੀ ਨੂੰ ਲਗਦਾ ਹੈ। ਕੇਵਲ ਸਮੇਂ ਦੀ ਖੋਜ ਨਿਰਣੇ ਯੋਗ ਹੈ, ਅਰਥਾਤ ਲੱਭਣ ਵਾਲੀ ਹੈ।

ਇਸ ਸੁਭਾਗ ਬੀਬੀ ਦਾ ਨਾਉਂ 'ਅਜੀਤ ਕੁਇਰ' ਜੀ ਰਖਿਆ ਗਿਆ ਸੀ। ਜਿਸਨੂੰ ਸਾਹਿਬ ਹਿਤ ਨਾਲ 'ਜੀਤੋ ਜੀ' ਕਰਕੇ ਬੁਲਾਇਆ ਕਰਦੇ ਸਨ। ਸੰਗਤ ਵਿਚ ਨਾਉਂ 'ਮਾਤਾ ਜੀਤੋ ਜੀ' ਪ੍ਰਸਿੱਧ ਹੋ ਗਿਆ। ਇਹ ਮਾਤਾ ਜੀ ਬੜੇ ਭਜਨੀਕ ਤੇ ਨਾਮ ਦੇ ਪ੍ਰੇਮੀ ਹੋਏ ਹਨ। ਇਹ ਬੀ ਸੁਣਦੇ ਰਹੇ ਹਾਂ ਕਿ ਮਾਤਾ ਜੀ ਜੋਗ ਦੇ ਅਭਜਾਸੀ ਬੀ ਸਨ।

---

੧. ਧਰਮ-ਨੇਕੀਆਂ, ਭਲਿਆਈਆਂ ਕਰਨੀਆਂ, ਸੱਚੇ ਸੁੱਚੇ ਰਹਿਣਾ, ਇਹ ਧਰਮ ਹੈ। ਅਰਥ-ਆਪਣੇ ਸਰੀਰ ਲਈ ਕਮਾਈ ਕਰਨੀ, ਸਰੀਰ ਦੇ ਠੀਕ ਸੁਖ ਲੋੜਨੇ, ਇਹ ਅਰਥ ਹੈ। ਕਾਮ-ਮਨ ਦੀਆਂ ਚਾਹੀਆਂ ਗੱਲਾਂ। ਮੋਖ-ਮੁਕਤੀ।

੨. ਚਾਹੇ ਹੋਏ।

੩. ਸੁਜਸ-ਗੁਣਾਂ ਦਾ ਕਥਨ ਕਰਨਾ। ਗੁਣ ਗਾਉਣੇ।

# ੪੩. ਚੋਰ ਤਾੜਨਾ।

**ਗੁਰੂ** ਕੇ ਲਾਹੌਰ ਤੋਂ ਵਿਵਾਹ ਕਰਕੇ ਗੁਰੂ ਜੀ ਆਨੰਦਪੁਰ ਆ ਗਏ। ਉਸੀ ਪ੍ਰਕਾਰ ਦੀਵਾਨ ਸਜੇ ਜਿਵੇਂ ਪਹਿਲੋਂ ਸਜਦੇ ਸਨ, ਇਕ ਦਿਨ ਸਤਿਗੁਰੂ ਜੀ ਅੰਮ੍ਰਿਤ ਵੇਲੇ ਦੀਵਾਨ ਵਿਚ ਬਿਰਾਜ ਰਹੇ ਸਨ ਤੇ ਆਸਾ ਦੀ ਵਾਰ ਦਾ ਭੋਗ ਪੈ ਚੁਕਾ ਸੀ। ਬਾਹਰੋਂ ਆਏ ਸਿਖ ਤੇ ਸੰਗਤਾਂ ਵਾਰੋ ਵਾਰੀ ਆ ਆ ਕੇ ਮਿਲ ਮਿਲ ਭੇਟਾ ਅੱਗੇ ਧਰ ਰਹੀਆਂ ਤੇ ਵਾਰਤਾਲਾਪ ਕਰ ਰਹੀਆਂ ਸਨ ਕਿ ਇਕ ਬਣੀਆ ਦੁਹਾਈ ਦੇਂਦਾ ਆ ਗਿਆ:-ਸਾਹਿਬ ਜੀ ਮੈਂ ਲੁਟਿਆ ਗਿਆ। ਸਾਹਿਬਾਂ ਨੇ ਧੀਰਜ ਦੇ ਕੇ ਕਿਹਾ : ਆਪਣਾ ਦੁੱਖ ਦੱਸ, ਕੀਹ ਹੋਇਆ ਹੈ? ਤਦ ਉਸ ਨੇ ਦੱਸਿਆ ਕਿ ਮੈਂ ਇਸ ਸਮੇਂ ਏਥੇ ਆ ਕੇ ਕੁਛ ਵਪਾਰ ਕੀਤਾ, ਕੁਛ ਨਫਾ ਹੋਇਆ, ਸੱਤ ਸੌ ਰੁਪੱਯਾ ਥੈਲੀ ਪਾਇਆ, ਉਹ ਥੈਲੀ ਰਾਤੀਂ ਕੋਈ ਚੋਰ ਲੈ ਗਿਆ ਹੈ। ਮੇਰੇ ਪਾਸ ਹੁਣ ਕੁਛ ਨਹੀਂ, ਕੰਗਾਲ ਹੋ ਗਿਆ ਹਾਂ।

ਸ੍ਰੀ ਸਤਿਗੁਰੂ ਜੀ ਨੇ ਨੈਣ ਬੰਦ ਕਰ ਲਏ, ਫਿਰ ਖੁਹਲੇ ਤੇ ਬੋਲੇ: ਸੁਣ ਭਾਈ! ਰੋ ਨਾ, ਤੇਰਾ ਧਨ ਮਿਲ ਜਾਵੇਗਾ। ਫੇਰ ਤੱਕੇ ਆਪਨੇ ਸੂਰਮਿਆਂ ਵਲ, ਕਿਹਾ ਕਿ ਤੁਸੀਂ ਦਸ ਜਣੇਂ ਜਾਓ, ਸ਼ਹਿਰ ਦੇ ਫਲਾਣੇਂ ਟਿਕਾਣੇ ਇਸ ਤਰ੍ਹਾਂ ਦਾ ਇਕ ਘਰ ਹੈ, ਉਸ ਵਿਚ ਜਾ ਵੜੋ, ਦੱਖਣ ਦਿਸ਼ਾ ਦੇ ਦਲਾਨ ਵਿਚ ਇਕ ਤਾਕੀ ਹੈ, ਉਸ ਦੀ ਜੰਦ੍ਰੀ ਤੋੜ ਦਿਓ। ਓਥੇ ਤੁਹਾਨੂੰ ਏਸ ਦੁਖਜਾਰੇ ਦੀ ਥੈਲੀ ਜਿਉਂ ਕੀ ਤਿਉਂ ਪਈ ਮਿਲ ਜਾਏਗੀ। ਉਹ ਲੈ ਆਓ ਤੇ ਚੋਰ ਨੂੰ, ਜੋ ਘਰ ਵਿਚ ਹੀ ਹੈ, ਬੀ ਮੁਸ਼ਕਾਂ ਬੰਨ੍ਹ ਕੇ ਨਾਲ ਲੈ ਆਓ। ਸਿਪਾਹੀ ਜੁਆਨ ਰਵਾਂ ਰਵੀਂ ਚਲੇ ਗਏ। ਥੈਲੀ ਤਾਕੀ ਭਨਕੇ ਕੱਢ ਲਈ ਤੇ ਚੋਰ ਨੂੰ ਫੜਕੇ ਸਭਾ ਵਿਚ ਲੈ ਆਏ। ਸਤਿਗੁਰ ਨੇ ਥੈਲੀ ਬਣੀਏ ਨੂੰ ਦਿਵਾਕੇ ਉਸ ਦੇ ਕਾਲਜੇ ਠੰਢ ਪਾਈ। ਫੇਰ ਫੜੇ ਹੋਏ ਚੋਰ

ਨੂੰ ਕਿਹਾ-ਦੇਖ ਭਾਈ! ਤੂੰ ਚੋਰੀ ਕੀਤੀ, ਇਹ ਪਾਪ ਹੈ। ਫਿਰ ਤੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਨਗਰੀ ਵਿਚ ਚੋਰੀ ਕੀਤੀ, ਇਹ ਹੋਰ ਵਡਾ ਪਾਪ ਹੈ। ਤੂੰ ਵਿਵਾਹ ਦੇ ਮੰਗਲ ਸਮੇਂ ਇਕ ਗ੍ਰੀਬ ਵਣਜਾਰੇ ਦਾ ਦਿਲ ਤਪਾਇਆ ਤੇ ਉਸ ਨੂੰ ਕੰਗਾਲ ਕੀਤਾ, ਇਹ ਹੋਰ ਵਡਾ ਪਾਪਾ ਕੀਤਾ। ਤੂੰ ਬੜੇ ਦੰਡ ਦੇ ਲਾਇਕ ਹੈਂ, ਪਰ ਅਸੀਂ ਤੈਨੂੰ ਤੇਰਾ ਅਪ੍ਰਾਧ ਮਾਫ ਕਰਦੇ ਹਾਂ, ਫੇਰ ਇਹ ਕੰਮ ਨਹੀਂ ਕਰਨਾ। ਚੋਰੀ ਛੋੜ ਦੇਹ ਤੇ ਧਰਮ ਕਿਰਤ ਕਰਿਆ ਕਰ। ਨੇਮ ਕਰ ਕਿ ਅਜ ਤੋਂ ਚੋਰੀ ਛੋੜੀ। ਚੋਰ ਨੇ ਮੱਥੇ ਟੇਕੇ, ਮਾਫੀਆਂ ਮੰਗੀਆਂ ਤੇ ਨੇਮ ਕੀਤਾ ਫੇਰ ਨਾ ਇਹ ਮਾੜਾ ਕੰਮ ਕਰਸਾਂ। ਚੋਰ ਸਚ ਮੁਚ ਅੱਗੋਂ ਨੂੰ ਭਲਾ ਹੋ ਗਿਆ। ਸੋ ਚੋਰ ਤੇ ਜਿਸ ਦੀ ਚੋਰੀ ਹੋਈ ਸੀ ਦੋਵੇਂ ਗੁਰੂ ਜੀ ਦੇ ਨਿਆਂ ਨਾਲ ਸੁਖੀ ਹੋ ਕੇ ਗਏ। ਸੰਗਤਾਂ ਵਿਚ ਸ੍ਰੀ ਗੁਰੂ ਜੀ ਦੀ ਆਤਮ ਸ਼ਕਤੀ ਧਰਮ ਨਿਆਂ ਦੀ ਬਹੁਤ ਸਲਾਹੁਤ ਹੋਈ।

ਆਤਮ ਸ਼ਕਤੀ ਆਖਦੇ ਹਨ ਆਤਮਾ ਦੀ ਸ਼ਕਤੀ ਨੂੰ ਜਿਵੇਂ ਕੋਈ ਪਹਿਲਵਾਨ ਕੁਸ਼ਤੀ ਕਰਕੇ ਜਿੱਤੇ ਤੇ ਕਹੀਦਾ ਹੈ ਕਿ ਇਸ ਦਾ ਸਰੀਰ ਬੜਾ ਤਕੜਾ ਹੈ। ਉਸ ਨੂੰ ਪੜ੍ਹੇ ਹੋਏ ਆਖਣਗੇ ਕਿ ਇਸ ਦੀ 'ਸਰੀਰਕ ਸ਼ਕਤੀ' ਬੜੀ ਹੈ। ਸਰੀਰ ਦੇ ਅੰਦਰ ਵਸਦਾ ਹੈ ਆਤਮਾ ਜੋ ਸਾਡੀ ਜਿੰਦ ਦੀ ਜਿੰਦ ਹੈ, ਜਿਸ ਦਾ ਉਹ ਆਤਮਾ ਬਲ ਵਾਲਾ ਹੋਵੇ, ਪਰਮੇਸ਼ਰ ਨਾਲ ਪਿਆਰ ਕਰੇ, ਉਹ ਨੂੰ ਕਈ ਗੱਲਾਂ ਦੀ ਸੋਝੀ ਆਪੇ ਆ ਜਾਵੇ ਤਾਂ ਉਸ ਨੂੰ ਕਹੀਦਾ ਹੈ-ਇਸ ਦੀ 'ਆਤਮ ਸ਼ਕਤੀ' ਬਹੁਤੀ ਹੈ।

❖❖❖

## ੪੪ ਰਤਨ ਰਾਇ।

**ਇਨ੍ਹਾਂ** ਹੀ ਸੁਹਣੇ ਦਿਨਾਂ ਵਿਚ ਆਸਾਮ ਦੇਸ਼ ਦੇ ਰਾਜਿਆਂ ਵਿਚੋਂ ਇਕ ਰਾਜਾ, ਜੋ ਅਜੇ ਛੋਟੀ ਉਮਰ ਦਾ ਸੀ, ਸ੍ਰੀ ਗੁਰੂ ਜੀ ਦੇ ਦਰਸ਼ਨ ਕਰਨ ਆਨੰਦਪੁਰ ਆਇਆ। ਨਾਲ ਉਸ ਦੀ ਰਾਣੀ, ਮਾਤਾ ਤੇ ਕੁਛ ਸੂਰਮੇ ਤੇ ਹੋਰ ਰਾਜਸੀ ਸਾਮਾਨ ਸਨ।

ਆਸਾਮ ਦੇਸ਼ ਹੈ ਪੂਰਬ ਵੱਲ, ਲਖਨਊ, ਅਲਾਹਾਬਾਦ ਪਟਨੇ ਤੋਂ ਬੀ ਪਰੇ, ਬੰਗਾਲ ਤੇ ਕਲਕੱਤੇ ਤੋਂ ਬੀ ਪਰੇ, ਪੂਰਬ ਦੇ ਪਾਸੇ।

ਏਸ ਦੇਸ਼ ਕਦੇ ਸ੍ਰੀ ਗੁਰੂ ਨਾਨਕ ਦੇਵ ਜੀ ਗਏ ਸਨ ਤੇ ਗੁਰ ਸਿਖੀ ਦਾ ਪ੍ਰਚਾਰ ਕੀਤਾ ਸੀ। ਉਹਨਾਂ ਦੇ ਜਾਣ ਦੇ ਨਿਸ਼ਾਨ ਇਸ ਦੇਸ਼ ਵਿਚ ਕਈ ਥਾਂ ਹਨ। ਜਨਮਸਾਖੀ ਵਿਚ ਇਸ ਨੂੰ 'ਆਸਾ ਦੇਸ਼' ਲਿਖਿਆ ਹੈ। ਤਦ ਤੋਂ ਇਸ ਦੇਸ਼ ਵਿਚ ਸਿਖੀ ਫੈਲੀ ਸੀ ਤੇ ਗੁਰੂ ਕੇ ਘੱਲੇ ਗੁਰਸਿਖ ਸੰਗਤਾਂ ਵਿਚ ਪ੍ਰਚਾਰ ਕਰਦੇ ਰਹੇ ਸਨ।

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਆਪ ਏਸ ਦੇਸ਼ ਗਏ ਸਨ। ਆਪ ਦੇ ਓਥੇ ਹੁੰਦਿਆਂ ਇਕ ਰਾਜਾ ਰਾਮ ਰਾਇ ਗੁਰੂ ਕਾ ਇਕ ਸਿਖ ਹੋਇਆ ਹੈ। ਇਸ ਰਾਜੇ ਦਾ ਪੁਤ੍ਰ ਸੀ ਰਤਨਰਾਇ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਆਇਆ ਸੀ। ਉਸ ਦੀ ਸਾਖੀ ਐਉਂ ਹੈ ਕਿ ਇਕ ਦਿਨ ਇਹ ਰਾਜਾ, ਜਿਸ ਦਾ ਪਿਤਾ ਮਰ ਚੁਕਾ ਸੀ, ਤੇ ਇਹ ਛੋਟੀ ਉਮਰੇ ਹੀ ਗੱਦੀ ਤੇ ਬਿਠਾ ਦਿਤਾ ਗਿਆ ਸੀ, ਆਪਣੇ ਕੇਸਾਂ ਨੂੰ ਕੰਘਾ ਵਾਹ ਰਿਹਾ ਸੀ ਕਿ ਇਸ ਨੂੰ ਮੱਥੇ ਦੇ ਉਪਰਵਾਰ ਕੇਸਾਂ ਦੇ ਕੁਛ ਕੁ ਹੇਠਾਂ ਨਿਸ਼ਾਨ ਜਿਹਾ ਦਿੱਸਿਆ। ਇਸ ਨੂੰ ਸੋਚ ਪੈ ਗਈ ਕਿ ਇਹ ਨਿਸ਼ਾਨ ਸੱਟ ਦਾ ਹੈ ਕਿ ਫੋੜੇ ਆਦਿ ਦਾ, ਯਾ ਕੁਛ ਹੋਰਵੇਂ ਹੈ। ਤਾਂ ਜਾਕੇ ਆਪਣੀ ਮਾਤਾ ਨੂੰ ਪੁੱਛਣ ਲੱਗਾ ਕਿ ਅੰਮਾਂ ਇਹ ਕੀਹ ਨਿਸ਼ਾਨ ਹੈ? ਕੋਈ ਸੱਟ ਲੱਗੀ ਸੀ ਕਿ ਫੋੜਾ ਨਿਕਲਿਆ ਸੀ? ਤਾਂ ਮਾਂ ਨੇ ਕਿਹਾ: ਨਹੀਂ ਪੁਤ੍ਰ ਇਹ ਬਰਕਤ ਹੈ ਗੁਰੂ ਕੀ। ਤੇਰੇ ਪਿਤਾ ਨੇ ਆਪਣੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਗੁਰੂ ਜੀ! ਪੁਤ੍ਰ ਹੋਵੇ ਮੇਰੇ ਘਰ, ਜੋ ਰਾਜ ਸੰਭਾਲੇ ਮੇਰੇ ਮਗਰੋਂ। ਤਾਂ ਗੁਰੂ ਜੀ ਦੇ ਹੱਥ ਵਿਚ ਉਸ ਵੇਲੇ ਆਪਣੀ ਛਾਪ ਸੀ, ਉਸ ਨਾਲ ਐਵੇਂ ਖੇਲ ਰਹੇ ਸਨ। ਸੋ ਗੁਰੂ ਜੀ ਨੇ ਉਹੋ ਮੋਹਰ ਤੇਰੇ ਪਿਤਾ ਜੀ ਦੇ ਮੱਥੇ ਤੇ ਲਾਕੇ ਜ਼ਰਾ ਦਬਾ ਦਿੱਤਾ ਤੇ ਕਿਹਾ: ਰਾਜਾ! ਤੇਰੇ ਘਰ ਪੁਤ੍ਰ ਹੋਏਗਾ ਤੇ ਉਸ ਦੇ ਮੱਥੇ ਉਤੇ ਏਸ ਮੋਹਰ ਦੀ ਛਾਪ ਲਗੀ ਹੋਵੇਗੀ। ਪੁਤ੍ਰ ਗੁਰੂ ਘਰ ਦਾ ਪ੍ਰੇਮੀ ਹੋਵੇਗਾ, ਉਸ ਦੇ ਕੇਸ ਲੰਮੇ ਹੋਣਗੇ, ਉਸਨੂੰ ਕੇਸਧਾਰੀ ਰੱਖਣਾ। ਉਹ ਸੁਹਣਾ ਰਾਜ ਕਰੇਗਾ।

ਸੋ ਬੇਟਾ ਇਕ ਵਰਹਾ ਮਗਰੋਂ ਤੇਰਾ ਜਨਮ ਹੋਇਆ। ਅਸੀਂ ਸਾਰੇ ਰਾਜਾ ਸਣੇ ਹਰਿਆਨ ਹੋ ਗਏ ਜਦ ਤੇਰੇ ਮੱਥੇ ਤੇ ਇਹ ਨਿਸ਼ਾਨ ਗੁਰੂ ਕਾ ਡਿੱਠਾ ਤਾਂ। ਆਖੀਏ: ਗੁਰੂ ਕੇਡੀ ਕਲਾ ਵਾਲਾ ਹੈ ਕਿ ਜੋ ਕਹਿੰਦਾ ਹੈ ਸੋ ਹੋ ਜਾਂਦਾ ਹੈ। ਰਤਨ ਰਾਇ ਨੂੰ ਸੁਣਕੇ ਬੜਾ ਚਾਉ ਉਠਿਆ ਕਿ ਮੈਂ ਓਸ ਗੁਰੂ ਦੇ ਦਰਸ਼ਨ ਕਰਾਂ ਜਿਸ ਵਿਚ ਐਡੀ ਕਲਾ ਹੈ ਤੇ ਓਸੇ ਨੂੰ ਗੁਰੂ ਧਾਰਨ ਕਰਾਂ ਆਪਣਾ। ਮਾਂ ਨੂੰ ਪੁੱਛਣ ਲੱਗਾ-ਅੰਮਾਂ ਮੈਨੂੰ ਦੱਸੋ ਉਹ ਗੁਰੂ ਕਿਥੇ ਹੈ ਜੋ ਮੈਂ ਬੀ ਦਰਸ਼ਨ ਕਰਾਂ। ਤਾਂ ਮਾਂ ਰੋ ਪਈ ਤੇ ਆਖਣ ਲਗੀ-ਬੇਟਾ! ਓਹ ਗੁਰੂ ਜੀ ਤਾਂ ਆਪਣੇ ਵਾਹਿਗੁਰੂ ਦੇ ਦੇਸ਼ ਚਲੇ ਗਏ, ਹੁਣ ਇਨ੍ਹਾਂ ਸਾਡੀਆਂ ਅੱਖਾਂ ਨਾਲ ਦਿੱਸਣ ਵਾਲੇ ਰੂਪ ਵਿਚ ਨਹੀਂ ਹਨ। ਇਹ ਸੁਣਕੇ ਰਾਜਾ ਉਦਾਸ ਹੋ ਗਿਆ, ਤਾਂ ਮਾਂ ਬੋਲੀ: ਪਰ ਬੇਟਾ ਉਨ੍ਹਾਂ ਦੀ ਗੱਦੀ ਉਤੇ ਉਨ੍ਹਾਂ ਦਾ ਬੇਟਾ ਹੈ, ਜੋ ਸੱਚ ਮੁਚ ਉਨ੍ਹਾਂ ਦਾ ਹੀ ਰੂਪ ਹੈਨ, ਉਹੋ ਕਲਾ ਉਨ੍ਹਾਂ ਵਿਚ ਹੈ, ਉਹੋ ਰੂਪ ਹੈ, ਉਹੋ ਸੁਭਾਵ ਹੈ; ਉਹੋ ਉਪਕਾਰ ਤੇ ਪਿਆਰ ਹੈ।

ਰਾਜਾ-ਦੱਸੋ ਮਾਂ ਜੀ ਓਹ ਕਿੱਥੇ ਹਨ?

ਤਾਂ ਮਾਂ ਬੋਲੀ-ਪੁਤ! ਓਹ ਪੰਜਾਬ ਦੇਸ਼ ਰਹਿੰਦੇ ਹਨ, ਨਗਰੀ ਦਾ ਨਾਂ ਆਨੰਦਪੁਰ ਹੈ, ਪਰ ਏਥੋਂ ਬੜੀ ਦੂਰ ਹੈ। ਰਾਜੇ ਕਿਹਾ: ਮਾਂ ਮੈਂ ਜ਼ਰੂਰ ਦਰਸ਼ਨ ਕਰਨੇ ਹਨ, ਚਾਹੇ ਕਿੰਨੀ ਦੂਰੀ ਤੇ ਹੋਣ, ਮੈਂ ਜਾਣਾ ਹੈ ਜ਼ਰੂਰ, ਤੁਸੀਂ ਬੀ ਚੱਲੋ।

ਗੱਲ ਕੀਹ ਓਸ ਦਿਨ ਤੋਂ ਰਾਜੇ ਨੇ ਤਿਆਰੀ ਸ਼ੁਰੂ ਕਰ ਦਿੱਤੀ ਤੇ ਚੰਗੀਆਂ ਸੁਗਾਤਾਂ ਨਾਲ ਲੈ ਕੇ, ਕੁਛ ਸਿਪਾਹੀ ਲੈਕੇ, ਟੁਰ ਹੀ ਪਿਆ। ਰਾਜ ਦਾ ਕੰਮ ਮੰਤ੍ਰੀਆਂ* ਨੂੰ ਸੌਂਪ ਆਯਾ।

ਰਾਜੇ ਦੇ ਦਿਲ ਵਿਚ ਗੁਰੂ ਜੀ ਨਾਲ ਐਸਾ ਪਿਆਰ ਜਾਗ ਪਿਆ ਸੀ ਕਿ ਸਫਰ ਕਰਦਾ ਚਾਹੁੰਦਾ ਸੀ ਕਿ ਕਦੋਂ ਪੈਂਡਾ ਮੁੱਕੇ

---

*ਮੰਤਰੀ ਆਖਦੇ ਹਨ ਵਜ਼ੀਰਾਂ ਨੂੰ, ਜੋ ਰਾਜਾ ਦੇ ਹੁਕਮ ਵਿਚ ਰਾਜ ਦੇ ਕੰਮ ਕਾਜ ਕਰਦੇ ਹਨ।

ਤੇ ਮੈਂ ਆਪਣੇ ਸੁਹਣੇ ਸਤਿਗੁਰੂ ਦੇ ਦਰਸ਼ਨ ਕਰਾਂ। ਰਸਤੇ ਵਿਚ ਕੋਈ ਗੁਰਸਿਖ ਮਿਲੇ ਤਾਂ ਉਸ ਨਾਲ ਗੁਰੂ ਕੀਆਂ ਗੱਲਾਂ ਕਰ ਸੁਣ ਕੇ ਖੁਸ਼ ਹੋਵੇ। ਇਸ ਤਰ੍ਹਾਂ ਚਲਦਿਆਂ ਸਹਜੇ ਸਹਜੇ ਪੈਂਡਾ ਮੁੱਕ ਗਿਆ ਤੇ ਆਨੰਦਪੁਰ ਆ ਗਿਆ।

ਸਤਿਗੁਰ ਜੀ ਨੂੰ ਖ਼ਬਰ ਪਹੁੰਚੀ ਕਿ ਆਸਾਮ ਤੋਂ ਟੁਰਕੇ ਰਾਜਾ ਆ ਗਿਆ ਹੈ, ਸੋ ਗੁਰੂ ਜੀ ਨੇ ਆਪਣੇ ਦਾਸਾਂ ਨੂੰ ਅਗੁਵਾਨੀ ਕਰਕੇ ਸੁਹਣੇ ਥਾਂ ਰਾਜਾ ਦਾ ਡੇਰਾ ਕਰਵਾਉਣ ਦਾ ਹੁਕਮ ਦਿਤਾ। ਨਾਲ ਰਾਜਾ, ਰਾਣੀ, ਮਾਤਾ ਰਾਣੀ, ਮੁਸਾਹਿਬਾਂ, ਸਿਪਾਹੀਆਂ, ਘੋੜਿਆਂ, ਨੌਕਰਾਂ ਸਭ ਦੇ ਸੁਖ ਦਾ ਬੰਦੋਬਸਤ ਕਰ ਦੇਣ ਦੀ ਆਗਿਆ ਬੀ ਦਿੱਤੀ ਤੇ ਰਾਜਾ ਆਪਣੇ ਸਾਥ ਸਣੇ ਸੁਹਣੇ ਥਾਂ ਆਰਾਮ ਨਾਲ ਟਿਕ ਗਿਆ।

ਉਹ ਰਾਤ ਰਾਜੇ ਨੇ ਮਸਾਂ ਬਿਤਾਈ। ਅਗਲੇ ਦਿਨ ਸ੍ਰੀ ਗੁਰੂ ਜੀ ਦੀ ਆਗਿਆ ਪਾ ਕੇ ਤੀਸਰੇ ਪਹਿਰ ਗੁਰੂ ਕੇ ਦਰਬਾਰ ਵਿਚ ਹਾਜ਼ਰ ਹੋਇਆ। ਰਾਜਾ ਆਪਣੇ ਡੇਰੇ ਤੋਂ ਗੁਰੂ ਦਰਬਾਰ ਤਕ ਨੰਗੇ ਪੈਰੀਂ ਟੁਰ ਕੇ ਗਿਆ, ਨਾਲ ਉਸ ਦੇ ਸਾਥੀ ਬੀ ਫੇਰ ਨੰਗੇ ਪੈਰੀਂ ਟੁਰੇ। ਦਰਵਾਜ਼ੇ ਤੇ ਮੱਥਾ ਟੇਕਿਆ; ਅੰਦਰ ਵੜਿਆ। ਸਾਰੇ ਸਾਥੀ, ਮਗਰੇ ਮਗਰ ਆ ਰਹੇ ਸਨ। ਗੁਰੂ ਕੇ ਦਰਸ਼ਨ ਕਰਦੇ ਸਾਰ ਉਨ੍ਹਾਂ ਦੇ ਸੁਹਣੇ ਰੂਪ ਦੀ ਐਸੀ ਖਿੱਚ ਪਈ ਕਿ ਦੌੜਕੇ ਚਰਨਾਂ ਨੂੰ ਜਾ ਚੰਬੜਿਆ, ਐਸਾ ਕਿ ਸਿਰ ਚੁੱਕ ਹੀ ਨਾ ਹੋਵੇ। ਸ੍ਰੀ ਗੁਰੂ ਜੀ ਨੇ ਪਿਆਰ ਦਿਤਾ, ਪਿੱਠ ਤੇ ਪਿਆਰ ਨਾਲ ਹੱਥ ਫੇਰਿਆ, ਅਸੀਸਾਂ ਦਿਤੀਆਂ: "ਨਾਮ ਚਿਤ ਆਵੇ, ਗੁਰੂ ਅੰਗ ਸੰਗ"। ਫੇਰ ਸ੍ਰੀ ਗੁਰੂ ਜੀ ਨੇ ਆਗਿਆ ਕੀਤੀ "ਰਾਜਨ! ਸਿਰ ਚਾਓ, ਪਰਮੇਸ਼ੁਰ ਤੁਸਾਂ ਦਾ ਲੋਕ ਪ੍ਰਲੋਕ ਭਲਾ ਕਰੇ"। ਰਾਜਾ ਨੇ ਹੁਕਮ ਮੰਨ ਕੇ ਸਿਰ ਚਾਇਆ, ਪਰ ਸੁਆਦ ਜੋ ਆਇਆ ਝੱਲਿਆ ਨਹੀਂ ਜਾਂਦਾ। ਮੁੜ ਮੁੜ ਚਿਹਰੇ ਵਲ ਤੱਕਦਾ ਤੇ ਮੁੜ ਮੁੜ ਸਿਰ ਚਰਨਾਂ ਵਲ ਝੁਕਦਾ ਸੀ।

ਕੁਛ ਚਿਰ ਮਗਰੋਂ ਸ੍ਰੀ ਗੁਰੂ ਜੀ ਨੇ ਗਲ ਬਾਤ ਛੇੜੀ, ਰਾਜੇ ਦੀ ਸੁਖ ਸਾਂਦ ਪੁੱਛੀ ਤੇ ਪਜਾਰ ਦੇ ਵਾਕ ਕਹੇ। ਫੇਰ ਰਾਜੇ ਦੇ ਨਾਲ ਜੋ ਮੰਤ੍ਰੀ

(ਵਜ਼ੀਰ) ਆਇਆ ਸੀ ਉਸ ਨੇ ਸ੍ਰੀ ਗੁਰੂ ਜੀ ਨੂੰ ਸਾਰੀ ਕਥਾ ਸੁਣਾਈ ਕਿ ਕਿਵੇਂ ਸ੍ਰੀ 'ਗੁਰੂ ਤੇਗ ਬਹਾਦਰ ਜੀ' ਆਸਾਮ ਦੇਸ਼ ਗਏ ਤੇ ਰਾਜਾ 'ਰਾਮਰਾਇ' ਤੇ ਤ੍ਰੁਠੇ, ਸਿੱਖੀ ਬਖਸ਼ੀ ਤੇ ਅਸੀਸ ਦਿੱਤੀ ਕਿ ਤੇਰੇ ਘਰ ਪੁਤ੍ਰ ਹੋਸੀ, ਤਾਂ ਇਹੋ ਰਾਜਾ ਜੀ ਹੋਏ।

ਫੇਰ ਜੋ ਭੇਟਾ ਆਂਦੀਆਂ ਸਨ ਸੋ ਪੇਸ਼ ਹੋਈਆਂ। ਉਹਨਾਂ ਬਾਬਤ ਕੁਛ ਵਾਕ ਮੰਤ੍ਰੀ ਨੇ ਕਹੇ। ਫੇਰ ਸਲਾਹ ਠਹਿਰੀ ਕਿ ਕਲ ਸਾਰੀਆਂ ਸੁਗਾਤਾਂ, ਜੋ ਆਂਦੀਆਂ ਹਨ, ਗੁਰੂ ਕੇ ਅੱਗੇ ਇਕ ਇਕ ਪੇਸ਼ ਕਰਕੇ ਉਨ੍ਹਾਂ ਦੇ ਵੇਰਵੇ ਦੱਸੇ ਜਾਣ।

ਅਗਲੇ ਦਿਨ ਫੇਰ ਸਤਿਗੁਰੂ ਜੀ ਦਾ ਦੀਵਾਨ ਸਜਿਆ, ਰਾਜਾ ਤੇ ਉਸ ਦਾ ਮੰਤ੍ਰੀ ਤੇ ਹੋਰ ਮੁਸਾਹਿਬ ਤੇ ਸਿਪਾਹੀ ਆਦਿ ਹਾਜ਼ਰ ਹੋਏ। ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਸਾਰੇ ਬੈਠ ਗਏ।

ਰਾਜੇ ਦੇ ਤੁਹਫੇ* ਹੁਣ ਮੰਗਵਾਏ ਗਏ, ਇਕ ਇਕ ਕਰਕੇ ਸਭ ਚੀਜ਼ ਖੁਹਲੀ ਗਈ, ਤੇ ਉਸ ਦੀ ਸਾਰੀ ਗੱਲ ਬਾਤ ਸਮਝਾਈ ਗਈ ਜਿਵੇ ਪੰਜ-ਕਲਾ ਸ਼ਸਤ੍ਰ ਜਦ ਖੁਹਲਿਆ ਤਾਂ ਰਾਜੇ ਨੇ ਉਸ ਦੇ ਪੰਜੇ ਰੂਪ ਬਦਲਕੇ ਦਿਖਾਏ।

ਚੋਕੀਂ ਦੀ ਕਲਾ ਦਬਾ ਕੇ ਚਉਪੜ ਨਿਕਲਦਾ ਤੇ ਪੁਤਲੀਆਂ ਖੇਡਨ ਬੈਠ ਗਈਆਂ ਦਿੱਸ ਆਈਆਂ। ਹੋਰ ਕਲਾ ਦੱਬੀ ਤਾਂ ਉਹ ਬੈਠਣੇ ਦਾ ਤਖਤ ਬਣ ਗਿਆ। ਇਸ ਤਰ੍ਹਾਂ ਘੋੜਿਆਂ ਦੇ ਕਰਤਬ ਦਿਖਾਏ, ਫੇਰ ਹੋਰ ਸ਼ਸਤ੍ਰ ਤੇ ਜੰਗੀ ਸਾਮਾਨ ਦਿਖਾਏ।

ਅੰਤ ਆਥੀ ਦੇ ਦਰਸ਼ਨ ਹੋਏ, ਉਸ ਨੇ ਸੁੰਡ ਵਿਚ ਮਿਸਾਲ ਫੜਕੇ ਰੋਸ਼ਨੀ ਕਰਨ ਦਾ ਕਰਤਬ ਦੱਸਿਆ, ਫੇਰ ਹਾਥੀ ਚਲਾਏ ਹੋਏ ਤੀਰ ਚੁਣ ਚੁਣ ਕੇ ਲੈ ਆਇਆ, ਫੇਰ ਚੌਰ ਸੁੰਡ ਵਿਚ ਲੈ ਕੇ ਹਾਥੀ ਨੇ ਝੁਲਾ ਦਿਖਾਇਆ, ਸਤਿਗੁਰਾਂ ਨੇ ਇਹ ਦੇਖ ਕੇ ਹਾਥੀ ਨੂੰ ਪਿਆਰ ਦਿੱਤਾ। ਇਸ ਵੇਲੇ ਹਾਥੀ ਨੇ ਸੁੰਡ ਨਾਲ ਜੁੱਤੀ ਚੁਕ ਕੇ ਸਤਿਗੁਰਾਂ ਦੇ ਅੱਗੇ ਧਰ ਦਿੱਤੀ।

*ਤੁਹਫੇ-ਸੁਗਾਤਾਂ। ਅਨੋਖੀਆਂ ਵਸਤਾਂ।

ਇਸ ਤਰ੍ਹਾਂ ਦੇ ਕਉਤਕ ਦੇਖਕੇ ਸਤਿਗੁਰਾਂ ਨੇ ਪ੍ਰਸੰਨ ਹੋ ਹਾਥੀ ਦਾ ਨਾਮ 'ਪ੍ਰਸਾਦੀ' ਧਰਿਆ। ਹੁਕਮ ਦਿੱਤਾ ਕਿ ਇਸ ਨੂੰ 'ਗਜਸ਼ਾਲਾ[1]' ਵਿਚ ਲੈ ਜਾਓ ਤੇ ਇਕ ਮਹਾਵਤ ਇਸ ਦੀ ਸੇਵਾ ਤੇ ਲਾਇਆ ਜਾਵੇ ਜੋ ਰਾਜਾ ਜੀ ਦੇ ਮਹਾਵਤ ਤੋਂ ਇਸ ਦੀ ਖਾਸ ਸੇਵਾ ਦੀ ਜਾਚ ਸਿਖ ਲਵੇ।

ਇਸ ਪ੍ਰਕਾਰ ਕਿਤਨਾਂ ਚਿਰ ਸਭਾ ਲੱਗੀ ਰਹੀ ਤੇ ਹਾਥੀ ਦੇ ਕੌਤਕ ਹੁੰਦੇ ਰਹੇ। ਫੇਰ ਪਰਮਾਰਥ[2] ਦੀ ਗੱਲ ਬਾਤ ਚੱਲ ਪਈ, ਰਾਜੇ ਨੇ ਸਿਖ ਬਣਨ ਤੇ ਗੁਰ ਦੀਖਜਾ ਲੈਣ ਦੀ ਬੇਨਤੀ ਕੀਤੀ। ਤਦ ਸਤਿਗੁਰ ਜੀ ਨੇ ਉਸ ਨੂੰ ਨਾਮ ਦਾਨ ਦਿਤਾ। ਫੇਰ ਮੰਤ੍ਰੀ ਤੇ ਰਾਜਾ ਦੇ ਹੋਰ ਸਾਥੀਆਂ ਨੇ ਗੁਰ ਦੀਖਜਾ ਲਈ। 'ਗੁਰ ਦੀਖਜਾ' ਦਾ ਅਰਥ ਹੈ ਕਿ ਗੁਰੂ ਜੀ ਨੇ ਰਾਜਾ ਨੂੰ ਗੁਰ ਮੰਤ੍ਰ ਦਿਤਾ, ਅਰਥਾਤ ਵਾਹਿਗੁਰੂ ਦਾ ਨਾਮ ਜਪਣਾ ਸਿਖਾਇਆ।

ਗੁਰੂ ਘਰ ਵਿਚ ਗੁਰ ਮੰਤ੍ਰ ਹੈ-''ਵਾਹਿਗੁਰੂ'' ਇਹ ਨਾਮ ਹੈ ਸ੍ਰੀ ਪਰਮੇਸ਼ੁਰ ਜੀ ਦਾ। ਇਸ ਦੇ ਜਪਣ ਨਾਲ ਮਨ ਨਿਰਮਲ ਹੋ ਜਾਂਦਾ ਹੈ, ਇਸੇ ਨਾਲ ਪਰਮੇਸ਼ੁਰ ਜੀ ਨਾਲ ਅੰਦਰੋਂ ਅੰਦਰ ਪਿਆਰ ਪੈ ਜਾਂਦਾ ਹੈ। ਇਸੇ ਨੂੰ ਤਦੇ ਆਖਦੇ ਹੁੰਦੇ ਸੇ ਕਿ 'ਗੁਰ ਮੰਤ੍ਰ ਦਿਤਾ ਹੈ ਸਤਿਗੁਰ ਨੇ'। ਜਾਂ ਕਹੀਦਾ ਸੀ ਕਿ 'ਗੁਰ ਦੀਖਯਾ ਲਈ ਹੈ ਸਤਿਗੁਰਾਂ ਤੋਂ[3]।'

ਗੱਲ ਕੀਹ ਰਾਜਾ ਜਿਤਨਾ ਚਿਰ ਹੋਰ ਠਹਿਰਿਆ, ਸਤਿਗੁਰਾਂ ਤੋਂ ਵਿਦਾ ਨਹੀਂ ਸੀ ਚਾਹੁੰਦਾ, ਪਰ ਆਪਨੇ ਦੇਸ਼ ਤੇ ਰਾਜ ਦੇ ਸੰਭਾਲਣ ਲਈ ਮੰਤ੍ਰੀ ਜਾਣਾ ਚਾਹੁੰਦੇ ਸਨ। ਪਰ ਰਾਜਾ ਦਾ ਪ੍ਰੇਮ ਬਹੁਤ ਦੇਖ ਕੇ ਸ੍ਰੀ ਗੁਰੂ

---

੧. ਜਿਸ ਤਵੇਲੇ ਜਾਂ ਥਾਂ ਵਿਚ ਹਾਥੀ ਰਖੇ ਜਾਣ, ਉਸ ਨੂੰ 'ਗਜਸ਼ਾਲਾ' ਆਖਦੇ ਹਨ।

੨. ਕੀਕੂੰ ਮਨੁੱਖ ਪਾਪ ਨਾ ਕਰੇ, ਸਭ ਦਾ ਭਲਾ ਕਰੇ, ਪਰਮੇਸ਼ੁਰ ਜੀ ਨੂੰ ਪਿਆਰ ਕਰੇ ਤੇ ਪਵਿੱਤ੍ਰ ਰਹੇ, ਇਸ ਸਾਰੀ ਗੱਲ ਨੂੰ ਪਰਮਾਰਥ ਆਖਦੇ ਹਨ।

੩. ਹੁਣ ਇਸ ਦੀ ਥਾਂ ਖਾਲਸਾ ਜੀ ਵਿਚ ਅੰਮ੍ਰਿਤ ਛਕਦੇ ਹਨ, ਨਾਮ ਦਾ ਮੰਤ੍ਰ ਤੇ ਗੁਰਬਾਣੀ ਦਾ ਉਪਦੇਸ਼, ਰਹਿਤ ਦੀ ਆਗਿਆ ਤੇ ਪੰਥ ਸੇਵਾ ਲੈਂਦੇ ਹਨ। ਇਹ ਗੁਰ ਦੀਖਜਾ ਹੀ ਹੈ।

ਜੀ ਨੇ ਉਸ ਨੂੰ ਥੋੜਾ ਚਿਰ ਹੋਰ ਅਟਕਾ ਲਿਆ ਤੇ ਬਚਨ ਕੀਤਾ ਕਿ ਹੋਲੇ ਦੇ ਦੀਵਾਨ ਮਗਰੋਂ ਚਲੇ ਜਾਣਾ। ਸੋ ਸਾਰੇ ਹੋਲੇ ਤਕ ਅੰਟਕ ਗਏ।

ਰਾਜਾ ਹੁਣ ਗੁਰੂ ਜੀ ਦੇ ਦੀਵਾਨ ਵਿਚ ਆਸਾ ਦੀ ਵਾਰ ਵੇਲੇ ਰੋਜ਼ ਹਾਜ਼ਰ ਹੁੰਦਾ ਸੀ। ਸੈਰ ਸ਼ਿਕਾਰ ਵੇਲੇ ਨਾਲ ਜਾਂਦਾ ਸੀ। ਕਿਸ਼ਤੀਆਂ[੧] ਵਿਚ ਸੈਰ ਕਰਨ ਵੇਲੇ ਤੇ ਫਿਰਨ ਵੇਲੇ ਸਾਥ ਰਹਿੰਦਾ ਸੀ। ਇੰਨਾ ਪਿਆਰ ਪਿਆ ਕਿ ਜਿਕੂੰ ਵਿਛੜ ਨਹੀਂ ਸਕਦਾ।

❖❖❖

## ੪੫. ਗਗਨ ਮੱਲ।

**ਇਕ** ਦਿਨ ਦੀਵਾਨ ਸਜ ਰਿਹਾ ਸੀ। ਰਾਜਾ ਤੇ ਮੰਤ੍ਰੀ ਬੀ ਬੈਠੇ ਸਨ। ਅਜੇ ਹੋਲੇ ਮਹੱਲੇ ਦੇ ਦੀਵਾਨ ਵਿਚ ਅੱਠ ਦਸ ਦਿਨ ਰਹਿੰਦੇ ਸਨ ਕਿ ਸੰਗਤਾਂ ਬਾਹਰਲੇ ਦੇਸ਼ਾਂ ਦੀਆਂ ਪਹੁੰਚਣ ਲੱਗ ਪਈਆਂ। ਸ਼ਿਕਾਰਪੁਰ ਤੋਂ ਸੰਗਤ ਆਈ। ਇਨ੍ਹਾਂ ਵਿਚ ਗਗਨ ਮਲ ਨਾਮੇਂ ਇਕ ਗੁਰੂ ਕਾ ਸਿਖ ਸੀ, ਜੋ ਬਹੁਤ ਸ਼ਾਹੂਕਾਰ ਤੇ ਵਡਾ ਸੁਦਾਗਰ ਸੀ। ਇਸ ਨੇ ਆਪਣਾ ਦਸਵੰਧ ਭੇਟਾ ਧਰਿਆ, ਹੋਰ ਤੁਹਫ਼ੇ ਤੇ ਸੁਗਾਤਾਂ ਚਰਨਾਂ ਵਿਚ ਰਖੀਆਂ ਜੋ ਦਸ ਕੁ ਹਜ਼ਾਰ ਦੀ ਲਾਗਤ ਦੀਆਂ ਵਸਤਾਂ ਸਨ। ਰਾਜਾ ਰਤਨ ਰਾਇ ਵੇਖ ਕੇ ਦੰਗ ਰਹਿ ਗਿਆ ਕਿ ਗੁਰੂ ਜੀ ਦਾ ਪ੍ਰਤਾਪ ਕਿਤਨਾ ਵੱਡਾ ਹੈ। ਫੇਰ ਉਸ ਡਿੱਠਾ ਕਿ ਉਹ ਸਿਖ ਸ਼ਰਧਾ ਤੇ ਪ੍ਰੇਮ ਨਾਲ ਭਰਿਆ ਹੋਇਆ ਸੀ। ਬੇਨਤੀ ਕਰਨ ਲੱਗਾ ਕਿ ਹੇ ਸੱਚੇ ਪਾਤਸ਼ਾਹ ਆਪ ਦਾ ਦਿੱਤਾ ਮੇਰੇ ਪਾਸ ਬਹੁਤ ਕੁਛ ਹੈ, ਮੇਹਰ ਕਰੋ ਤੇ ਮੇਰਾ ਜਨਮ ਮਰਨ ਕੱਟ ਦਿਓ[੨]।

---

੧. ਕਿਸ਼ਤੀ ਕਿ ਨਾਉਕਾ ਬੇੜੀਂ ਦੇ ਨਾਮ ਹਨ।

੨. ਮਾੜੇ ਕਰਮਾਂ ਕਰਕੇ ਤੇ ਮਾੜੀਆਂ ਵਾਸ਼ਨਾ ਕਰਕੇ ਫੇਰ ਜਨਮ ਹੁੰਦਾ ਹੈ ਤੇ ਦੁਖ ਪਾਈਦੇ ਹਨ। ਮਨੁਖ ਚੰਗੇ ਤੋਂ ਚੰਗਾ ਹੋ ਜਾਏ ਜੋ ਨਾਮ ਜਪਣ, ਬਾਣੀ ਉਚਾਰਨ ਤੇ ਨੇਕ ਜੀਵਨ ਨਾਲ ਹੁੰਦਾ ਹੈ, ਤਾਂ ਜਨਮ ਮਰਨ ਨਹੀਂ ਹੁੰਦਾ। ਗੁਰੂ ਜੀ ਨੇ ਨਾਮ ਬਾਣੀ ਬਖਸ਼ੀ ਤੇ ਅਸ਼ੀਰਵਾਦ ਦਿੱਤੀ ਕਿ ਤੂੰ ਸਚਮੁਚ ਐਸਾ ਭਲਾ ਹੋ ਜਾਏਗਾ ਕਿ ਤੇਰਾ ਮੁੜਕੇ ਜਨਮ ਨਹੀਂ ਹੋਏਗਾ। ਐਸੇ ਉਚੇ ਲੋਕਾਂ ਨੂੰ ਗੁਰਬਾਣੀ ਵਿਚ "ਗੁਰਮੁਖ" ਲਿਖਿਆ ਹੈ।

ਸਤਿਗੁਰਾਂ ਨੇ ਪ੍ਰਸੰਨ ਹੋ ਕੇ ਉਸ ਦੇ ਸਿਰ ਤੇ ਹੱਥ ਧਰਿਆ ਤੇ ਪਿਆਰ ਦਿੱਤਾ। ਨਾਮਦਾਨ ਦਿਤਾ ਤੇ ਅਸੀਸ ਦਿੱਤੀ ਕਿ ਤੇਰਾ ਜਨਮ ਮਰਨ ਕਟ ਦਿਤਾ ਹੈ ਤੂੰ ਹੁਣ ਵਾਹਿਗੁਰੂ ਦੇ ਚਰਨਾਂ ਵਿਚ ਰਹੇਂਗਾ। ਜੀਉਂਦਿਆਂ ਨਾਮ ਦੁਆਰਾ ਰਬ ਜੀ ਨਾਲ ਲਗਾ ਰਹੇਂਗਾ, ਵਿਛੜੇਂਗਾ ਤੇ ਮਰ ਕੇ ਵਾਹਿਗੁਰੂ ਦੇ ਚਰਨਾਂ ਵਿਚ ਤੇਰਾ ਵਾਸਾ ਰਹੇਗਾ।

ਇਸ ਤਰ੍ਹਾਂ ਪੰਜਾਬ ਵਿਚੋਂ, ਪੂਰਬ ਵਲੋਂ, ਦੱਖਣ ਵਲੋਂ, ਬਿਹਾਰ ਬੰਗਾਲ ਵਲੋਂ ਸਿਖ ਆਏ। ਸੰਗਤਾਂ ਆਈਆਂ ਰਾਜਪੂਤਾਨੇ ਦੀ ਜੈਪੁਰ ਤੇ ਜੋਧ ਪੁਰ ਰਿਆਸਤ ਵਲੋਂ ਭੇਟਾ ਆਈਆਂ ਤੇ ਪੰਜ ਘੋੜੇ, ਪੰਜ ਹਜ਼ਾਰ ਰੁਪੱਯਾ ਨਕਦ, ਚਾਂਦੀ ਦੀਆਂ ਕਾਠੀਆਂ, ਤੇ ਹੋਰ ਤਲਵਾਰਾਂ, ਤੀਰ; ਬੰਦੂਕਾਂ ਆਦਿਕ ਹਥਿਆਰ ਆਏ।

ਰਾਜਾ ਰਤਨ ਰਾਇ ਨੇ ਡਿੱਠਾ ਕਿ ਇਸ ਦੀਵਾਨ ਵਿਚ ਅਨਗਿਣਤ ਧਨ ਤੇ ਸੁਗਾਤਾਂ ਆਈਆਂ ਹਨ; ਜਿਵੇਂ ਕਿਸੇ ਰਾਜਾ ਦੇ ਬੀ ਘੱਟ ਹੀ ਆਉਂਦੀਆਂ ਦੇਖੀਦੀਆਂ ਹਨ। ਫਿਰ ਉਹ ਦੇਖੇ ਕਿ ਖਰਚ ਬੀ ਅਨਗਿਣਤ ਹੀ ਹੋ ਰਿਹਾ ਹੈ। ਸਤਿਗੁਰ ਜੀ ਆਇਆ ਧਨ ਪਰਉਪਕਾਰ* ਤੇ ਲਾਉਂਦੇ ਹਨ।

ਇਕ ਦਿਨ ਸਤਿਗੁਰਾਂ ਨੇ ਰਾਜੇ ਦੀ ਹਰਿਆਨੀ ਸਮਝ ਲਈ ਤਾਂ ਉਸ ਨੂੰ ਆਖਣ ਲਗੇ-ਰਾਜਾ ਦੇਖ! ਮਾਇਆ ਇਕ ਪਾਣੀ ਵਾਂਙੂ ਹੈ, ਪਾਣੀ ਖੜਾ ਰਹੇ ਤਾਂ ਤ੍ਰੁੱਕ ਉਠਦਾ ਹੈ, ਜਿਵੇਂ ਬੰਦ ਛੱਪੜਾਂ ਦੇ ਪਾਣੀ ਕਈ ਵੇਰ ਤ੍ਰੁੱਕੇ ਹੋਏ ਵੇਖੀਦੇ ਹਨ। ਪਰ ਛੱਪੜ ਵਿਚ ਇਕ ਪਾਸਿਓਂ ਜਲ ਪੈਂਦਾ ਤੇ ਦੂਜਿਓਂ ਨਿਕਲਦਾ ਰਹੇ ਤਾਂ ਪਾਣੀ ਸਾਫ਼ ਅਤੇ ਸੁਥਰਾ ਤੇ ਸੱਜਰਾ ਸੱਜਰਾ ਰਹਿੰਦਾ ਹੈ। ਫੇਰ ਰਾਜਾ! ਸਾਡੇ ਪਾਸ ਧਨ ਸ਼ਰਧਾ ਭਗਤੀ ਤੇ ਪ੍ਰੇਮ ਦਾ ਆਉਂਦਾ ਹੈ, ਇਸ ਨੂੰ ਬੰਨ੍ਹ ਨਹੀਂ ਪਾਈਦਾ। ਲੋਕ ਭੇਟਾ ਕਰ ਜਾਂਦੇ ਹਨ

*ਦੂਸਰਿਆਂ ਦੇ ਭਲਾ ਕਰਨ ਤੇ ਉਨ੍ਹਾਂ ਦੇ ਕੰਮ ਸੁਆਰਨ ਨੂੰ 'ਪਰ-ਉਪਕਾਰ' ਆਖਦੇ ਹਨ।

ਭਲਿਆਈ ਜਾਣ ਕੇ, ਅਸੀਂ ਖਰਚ ਕਰ ਦੇਂਦੇ ਹਾਂ ਭਲੇ ਕੰਮਾਂ ਉਤੇ, ਇਸ ਤਰ੍ਹਾਂ ਆਈ ਚਲਾਈ ਰਹਿੰਦੀ ਹੈ* ਤੇ ਵਾਹਿਗੁਰੂ ਜੀ ਦੇ ਬੰਦਿਆਂ ਨੂੰ ਉਸ ਧਨ ਨਾਲ, ਪਰ ਸਾਡੇ ਹਥੀਂ ਹੋਕੇ, ਸੁਖ ਪਹੁੰਚਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਕੌਤਕ ਦੇਖਦੇ, ਉਪਦੇਸ਼ ਸੁਣਦੇ, ਨਾਮ ਜਪਦੇ ਅੰਤ ਰਾਜਾ ਰਤਨ ਰਾਇ ਉਸ ਦੀ ਬ੍ਰਿਧ ਮਾਤਾ, ਰਾਣੀ, ਮੰਤ੍ਰੀ ਤੇ ਹੋਰ ਸਾਰਾ ਡੇਰਾ ਗੁਰੂ ਕੀਆਂ ਖੁਸ਼ੀਆਂ ਲੈ ਕੇ ਵਿਦਾ ਹੋ ਗਏ।

❖❖❖

## ੪੬. ਰਣਜੀਤ ਨਗਾਰਾ।

**ਸਤਿਗੁਰੂ** ਜੀ ਦੇ ਆਪਣੀ ਭੂਆ ਦੇ ਪੁਤ੍ਰ ਤੇ ਤਾਇਆਂ ਦੇ ਪੁਤ੍ਰ ਪੋਤ੍ਰੇ ਤੇ ਦੂਰ ਨੇੜੇ ਦੇ ਸਾਕਾਂ ਦੇ ਜੁਆਨ ਗੱਭਰੂ, ਫੇਰ ਦਾਦਾ ਗੁਰੂ ਜੀ ਦੀਆਂ ਫੌਜਾਂ ਦੇ ਸੂਰਮੇਂ, ਜਾਂ ਚਹਨਾਂ ਦੇ ਬੇਟੇ ਆਦਿ ਜੋ ਜੋ ਗੁਰੂ ਜੀ ਪਾਸ ਆਏ ਸੋ ਫੇਰ ਓਥੇ ਹੀ ਰਹਿ ਪਏ। ਇਨ੍ਹਾਂ ਦੇ ਖਰਚ ਤੇ ਸੁਖ ਆਰਾਮ ਗੁਰੂ ਕੇ ਖਜਾਨਿਓਂ ਪੂਰੇ ਹੁੰਦੇ ਸੇ। ਏਹ ਗੁਰੂ ਜੀ ਨੇ ਆਪਣੀ ਫੌਜ ਵਿਚ ਸਰਦਾਰ ਥਾਪੇ ਸੇ। ਫੌਜ ਵਿਚ ਪ੍ਰੇਮੀ ਸਿਖ ਸਨ ਜੋ ਘਰ ਬਾਰ ਛਡਕੇ ਗੁਰੂ ਜੀ ਪਾਸ ਆ ਰਹੇ ਤੇ ਸਿਪਾਹੀ ਦੀ ਸੇਵਾ ਕਰਦੇ ਸਨ। ਇਨ੍ਹਾਂ ਦੇ ਖਰਚ ਬੀ ਗੁਰੂ ਕੇ ਖਜ਼ਾਨਿਓਂ ਤੇ ਲੰਗਰੋਂ ਟੁਰਦੇ ਸੇ। ਫੇਰ ਕਈ ਸੂਰਮੇ ਤਨਖਾਹਾਂ ਤੇ ਨੌਕਰ ਰਹਿ ਪਏ ਸਨ। ਇਨ੍ਹਾਂ ਦੇ ਖਰਚ ਬੀ ਗੁਰੂ ਕੇ ਖਜ਼ਾਨਿਓਂ ਹੁੰਦੇ ਸੇ। ਇਸ ਤਰ੍ਹਾਂ ਨਾਲ ਹੁਣ ਇਕ ਫੌਜ ਵਰਗੀ ਫੌਜ ਤਿਆਰ ਹੋ ਗਈ ਸੀ। ਜੋ ਹਥਜਾਰਾਂ ਦੀ ਵਰਜ਼ਿਸ਼ ਕਰਦੀ ਸੀ, ਜਿਵੇਂ ਸਾਡੇ ਵਡੇ ਕਵੀ ਜੀ ਲਿਖਦੇ ਹਨ :-

ਸ਼ਸਤ੍ਰ ਗਹੈਂ ਅਭਜਾਸ ਕਮਾਵੈਂ। ਤੀਰ ਤੁਪਕ ਤਰਵਾਰ ਚਲਾਵੈਂ।
ਸਭ ਜਾਤਿਨਿ ਕੇ ਬਨੈਂ ਸਿਪਾਹੀ। ਵਧੈ ਬੀਰ ਰਸ ਬਹੁ ਉਰ ਮਾਹੀ॥੪॥

---

*ਆਪਣੀ ਖੁਸ਼ੀ ਨਾਲ ਕਿਸੇ ਨੂੰ ਕੁਛ ਦੇਣਾ ਮਨ ਨੀਵਾਂ ਕਰ ਕੇ ਤੇ ਭਲਾ ਮਨਾਉਣਾ, ਇਸ ਨੂੰ ਭੇਟਾ ਧਰਨੀ ਆਖੀਦਾ ਹੈ ਆਈ ਚਲਾਈ ਦਾ ਅਰਥ ਹੈ ਇਕ ਪਾਸਿਓਂ ਦੌਲਤ ਆਵੇ ਤੇ ਦੂਜੇ ਪਾਸਿਓਂ ਖਰਚ ਕਰ ਦਿਤੀ ਜਾਵੇ, ਜਮ੍ਹਾਂ ਨਾ ਕੀਤੀ ਜਾਵੇ।

ਕੇਤਿਕ ਕਰੈਂ ਨੌਕਰੀ ਆਇ। ਲੇਹਿੰ ਰੁਜ਼ੀਨਾ ਧਨ ਗਨ ਪਾਇ।
ਭਈ ਫੌਜ ਗੁਰ ਸੰਗ ਹਜਾਰੈ॥ ਕਹਿ ਜੈਕਾਰਾ ਦਰਸ ਨਿਹਾਰੈਂ॥੫॥
ਬਖਸ਼ਿਸ਼ ਬਖਸ਼ਹਿ ਗੁਰ ਸਮੁਦਾਯਾ। ਅਪਨੌਂ ਜਾਨਿ ਕਰੈਂ ਬਹੁ ਦਾਯਾ।
ਤੀਖਨ ਸ਼ਸਤ੍ਰਨ ਕੋ ਗਹਿਵਾਵੈਂ। ਚਪਲ ਬਲੀ ਹਯ ਦੇਤਿ ਧਵਾਵਹਿੰ॥੬॥

ਅਰਥ-ਸ਼ਸਤ੍ਰ ਫੜਦੇ ਹਨ ਤੇ ਵਰਜ਼ਸ਼ ਕਰਦੇ ਹਨ। ਤੀਰ, ਬੰਦੂਕ ਤੇ ਤਲਵਾਰਾਂ ਚਲਾਉਂਦੇ ਹਨ। ਸਾਰੀਆਂ ਜ਼ਾਤਾਂ ਦੇ ਲੋਕਾਂ ਨੂੰ ਗੁਰੂ ਜੀ ਸਿਪਾਹੀ ਬਣਾ ਲੈਂਦੇ ਸਨ। ਉਹਨਾਂ ਦੇ ਦਿਲਾਂ ਵਿਚ ਬੀਰ ਰਸ ਬਹੁਤ ਵਧਦਾ ਸੀ। (ਇਹਨਾਂ ਸੇਵਾ ਲਈ ਆਇਆਂ ਤੋਂ ਛੁਟ) ਕਈ (ਜੁਆਨ) ਨੌਕਰੀ ਕਰਨ ਆਉਂਦੇ ਸਨ। ਇਹਨਾਂ ਨੂੰ ਤਨਖਾਹਾਂ ਮਿਲਦੀਆਂ ਸਨ ਬਹੁਤ ਰੁਪੱਯਾਂ ਦੀਆਂ, (ਇਸ ਤਰ੍ਹਾਂ) ਗੁਰੂ ਜੀ ਪਾਸ ਕਈ ਹਜ਼ਾਰ ਫੌਜ ਹੋ ਗਈ। (ਇਹ ਜਦ) ਸਾਹਮਣੇ ਹੁੰਦੇ ਤਾਂ ਜੈਕਾਰਾਂ ਗਜਾਉਂਦੇ। ਗੁਰੂ ਜੀ ਮੇਹਰਬਾਨੀ ਕਰਕੇ ਬਖਸ਼ੀਸ਼ਾਂ ਕਰਦੇ। ਸਾਰੇ ਫੌਜੀਆਂ ਨੂੰ ਆਪਣੇ ਜਾਣਕੇ ਬਹੁਤ ਦਇਆ ਕਰਦੇ। ਤ੍ਰਿਖੇ ਸ਼ਸਤ੍ਰ ਉਹਨਾਂ ਨੂੰ ਚਲਾਉਣ ਲਈ ਦੇਂਦੇ, ਤ੍ਰਿਖੇ ਘੋੜੇ ਦੁੜਾਉਣ ਲਈ ਦੇਂਦੇ।

ਹੁਣ ਗੁਰੂ ਜੀ ਨੇ ਵੀਚਾਰਿਆ ਕਿ ਇਕ ਨਗਾਰਾ ਚਾਹੀਏ ਜੋ ਇਕ ਤਾਂ ਫੌਜ ਦੀ ਸ਼ਾਨ ਹੋਵੇ, ਦੂਸਰੇ ਨਗਾਰੇ ਉਤੇ ਚੋਬਾਂ ਨਾਲ ਜੋ ਸੱਟ ਮਾਰੀਦੀ ਹੈ, ਉਹ ਹਿਸਾਬ ਨਾਲ ਹੋਵੇ। ਨਗਾਰੇ ਉਤੇ ਹਿਸਾਬ ਨਾਲ ਮਾਰੀਆਂ ਚੋਟਾਂ ਦੂਰ ਦੂਰ ਲੜਦੀਆਂ ਫੌਜਾਂ ਨੂੰ ਸੁਨੇਹੇ ਦਾ ਕੰਮ ਦੇਂਦੀਆਂ ਹਨ, ਜਿਨ੍ਹਾਂ ਨੂੰ ਵਜਾਉਣ ਵਾਲੇ ਨਗਾਰਿਆਂ ਦੀਆਂ 'ਗਤਾਂ' ਆਖਦੇ ਹਨ। ਇਹ ਗਤਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ ਤੇ ਉਹਨਾਂ ਦੇ ਜੋ ਮਤਲਬ ਮੁਕਰਰ ਕਰ ਦਿਤੇ ਜਾਣ ਅਰਥਾਤ ਮਿਥ ਲਏ ਜਾਣ ਤਾਂ ਸੁਣਨ ਵਾਲੇ ਜਿਨ੍ਹਾਂ ਨੂੰ ਪਤਾ ਹੋਵੇ, ਉਸ ਤੋਂ ਵਜਾਉਣ ਵਾਲੇ ਦਾ ਕੀਹ ਮਤਲਬ ਹੈ, ਸਮਝ ਜਾਂਦੇ ਹਨ। ਜੀਕੂੰ ਫੌਜਾਂ ਕਿਤੇ ਲੜ ਰਹੀਆਂ ਹਨ, ਇਸ ਲੜਾਈ ਵਿਚ ਇਕ ਪਾਸੇ ਦੀ ਫੌਜ ਦੀ ਜਿੱਤ ਹੋ ਗਈ ਹੈ, ਪਰ ਦੂਜੇ ਪਾਸੇ ਫੌਜ ਅਜੇ ਲੜ

ਰਹੀ ਹੈ ਤਦ ਜਿੱਤ ਵਾਲੇ ਆਪਣੇ ਧੌਂਸੇ ਤੋਂ 'ਚੰਚਲਧਮਾਰ' ਦੀ ਗਤ ਵਜਾਉਣਗੇ, ਦੂਜੇ ਪਾਸੇ ਵਾਲੇ ਸਮਝ ਜਾਣਗੇ ਕਿ ਓਧਰ ਜਿੱਤ ਹੋ ਗਈ ਹੈ, ਓਹ ਵਧੇਰੇ ਜੋਸ਼ ਨਾਲ ਹੱਲਾ ਬੋਲ ਕੇ ਫਤੇ ਪਾ ਲੈਣਗੇ। ਕੁਛ ਇਸ ਪ੍ਰਕਾਰ ਦਾ ਕੰਮ ਬੀ ਧੌਂਸੇ ਦਿਆ ਕਰਦੇ ਸਨ। ਤਵਾ: ਖਾ: ਵਿਚ ਲਿਖਿਆ ਹੈ ਕਿ ਇਹ ਨਗਾਰੇ ਬਣਾਉਣਾ ਫੌਜਾਂ ਦੀ ਸਿਖਜਾ ਤੇ ਸ਼ਾਨ ਲਈ ਨੰਦ ਚੰਦ ਨੇ ਸਲਾਹ ਦਿੱਤੀ ਸੀ, ਪਰ ਮਸੰਦਾਂ ਨੇ ਤੇ ਉਨ੍ਹਾਂ ਦੀ ਪ੍ਰਾਰਥਨਾ ਕਰਨ ਤੇ ਸ੍ਰੀ ਮਾਤਾ ਜੀ ਨੇ ਰੋਕਿਆ ਸੀ, ਪਰ ਆਪ ਜੀ ਨੇ ਬਣਵਾ ਹੀ ਲਿਆ। ਪ੍ਰਾਰਥਨਾ ਕਹੀਦਾ ਹੈ ਬੇਨਤੀ ਕਰਨ ਨੂੰ, ਜਿਸ ਨੂੰ ਫਾਰਸੀ ਵਾਲੇ 'ਅਰਜ਼ ਕਰਨੀ' ਆਖਦੇ ਹਨ।

ਗੁਰੂ ਜੀ ਜਾਣਦੇ ਸੇ ਕਿ ਰਾਜੇ ਜਦ ਆਵਾਜ਼ ਸੁਣਨਗੇ ਦਮਾਮੇ ਦੀ ਤਾਂ ਵੈਰੀ ਹੋ ਜਾਣਗੇ, ਕਿ ਹੈਂ! ਨਗਾਰੇ ਤਾਂ ਪਾਤਸ਼ਾਹਾਂ ਪਾਸ ਹੁੰਦੇ ਹਨ! ਗੁਰੂ ਜੀ ਨੇ ਨਗਾਰਾ ਬਣਾ ਲਿਆ ਹੈ, ਕੀ ਸਾਡਾ ਰਾਜ ਖੁਹਣਾ ਨੇ? ਇਉਂ ਜੇ ਰਾਜੇ ਈਰਖਾ ਵਿਚ ਆ ਗਏ ਤਾਂ ਸਾਨੂੰ ਉਹਨਾਂ ਦੇ ਰਾਜ ਵਿਚ ਰਹਿਣਾ ਕਠਨ ਹੋ ਜਾਵੇਗਾ। ਪਰ ਗੁਰੂ ਜੀ ਉੱਚੀ ਮਤਿ ਵਾਲੇ ਇਹ ਬੀ ਜਾਣਦੇ ਸਨ ਕਿ ਬਲ ਅੱਗੇ ਸਭ ਕੋਈ ਝੁਕ ਜਾਂਦਾ ਹੈ। ਹੋ ਸਕਦਾ ਹੈ ਰਾਜਾ ਉੱਚੀ ਨੀਤੀ ਵਰਤੇ ਤੇ ਸਾਡੇ ਨਾਲ ਮੇਲ ਕਰਨਾ ਆਪਣੇ ਲਾਭ ਦੀ ਗੱਲ ਸਮਝੇ। ਸੋ ਨਗਾਰਾ ਵੱਜਿਆ*। ਸਿਆਣੇ ਆਦਮੀਆਂ ਨੇ ਕਈ ਗਤਾਂ ਪਾ ਪਾ ਕੇ ਨਗਾਰੇ ਤੇ ਚੋਟਾਂ ਦਿੱਤੀਆਂ ਤਾਂ ਆਨੰਦਪੁਰ ਵਿਚ ਬੜੀ ਖੁਸ਼ੀ ਚਾਉ ਤੇ ਬੀਰ ਰਸੀ ਉਤਸ਼ਾਹ ਹੋਇਆ।

ਨੀਤੀ ਆਖਦੇ ਹਨ ਓਸ ਅਕਲ ਨੂੰ ਜੋ ਰਾਜ ਕਰਨ ਵਾਲੇ ਲੋਕ ਰਾਜੇ ਯਾ ਵਜ਼ੀਰ ਯਾ ਹੋਰ ਵਡੇ ਲੋਕ ਵਰਤਦੇ ਹਨ, ਜਿਸ ਵਿਚ ਖਤਰਿਆਂ ਤੋਂ ਬਚਣ ਦੇ ਤੇ ਆਪਣੇ ਮਨਸੂਬਿਆਂ ਵਿਚ ਸਿਰੇ ਤੇ ਪਹੁੰਚ ਪੈਣ ਦੀਆਂ ਵਿਚਾਰਾਂ ਹੁੰਦੀਆਂ ਹਨ।

---

*ਰਣਜੀਤ ਨਗਾਰਾ ਬਣਨ ਦਾ ਸੰਮਤ ਤਵਾ: ਖਾ: ਦੇ ਵਿਦਵਾਨ ਲੇਖਕ ਜੀ ਨੇ ੧੭੩੯ ਬਿ: ਲਿਖਿਆ ਹੈ।

'ਬੀਰ ਰਸੀ ਉਤਸ਼ਾਹ' ਆਖਦੇ ਹਨ ਓਸ ਚਾਉ ਨੂੰ ਜੋ ਸੂਰਮਿਆਂ ਨੂੰ ਉਠਦਾ ਹੈ ਤੇ ਬਹਾਦਰੀ ਦੀ ਉਮੰਗ ਤੇ ਖੁਸ਼ੀ ਅੰਦਰ ਭਰ ਜਾਂਦੀ ਹੈ। ਨਗਾਰਾ ਪਦ ਤਾਂ ਸਭ ਕੋਈ ਜਾਣਦਾ ਹੈ, ਪਰ ਸ੍ਰੀ ਕਵੀ ਜੀ ਨੇ ਨਗਾਰੇ ਦੇ ਕਈ ਨਾਉਂ ਦਿਤੇ ਹਨ, ਜਿਹਾ ਕੁ ਦਮਾਮਾ, ਧੌਂਸਾ, ਦੁੰਦਭਿ, ਨਗਾਰਾ। ਛੋਟੇ ਨਗਾਰੇ ਨੂੰ ਉਹਨਾਂ ਨੇ ਨੌਬਤ ਲਿਖਿਆ ਹੈ।[੧]

❖❖❖

# ੪੭. ਰਣਜੀਤ ਨਗਾਰੇ ਦਾ ਪਹਿਲਾ ਫਲ।

**ਜਦੋਂ** ਗੁਰੂ ਜੀ ਸ਼ਿਕਾਰ ਚੜ੍ਹਦੇ ਰਣਜੀਤ ਨਗਾਰਾ ਕਈ ਵੇਰ ਨਾਲ ਹੁੰਦਾ ਤੇ ਵੱਜਦਾ। ਇਕ ਵੇਰ ਦੂਰ ਨਿਕਲ ਗਏ ਤੇ ਰਾਜਾ ਭੀਮ ਚੰਦ ਬਿਲਾਸਪੁਰ ਵਾਲੇ ਦੀ ਰਾਜਧਾਨੀ ਨੇੜੇ ਆ ਗਈ। ਰਾਜਾ ਬੀ ਬਾਹਰ ਕਿਤੇ ਚੜ੍ਹਿਆ ਹੋਇਆ ਸੀ! ਨਗਾਰੇ ਦੀ ਗਰਜ ਕੰਨੀਂ ਪਈ ਤਾਂ ਘਬਰਾਇਆ ਕਿ ਕੀਹ ਕੋਈ ਗਨੀਮ[੨] ਅਚਾਨਕ ਆ ਪਹੁੰਚਾ। ਫੇਰ ਸੋਚਿਆ: ਹੋ ਨਹੀਂ ਸਕਦਾ। ਵਜ਼ੀਰ ਨੇ ਰਾਜੇ ਦੀ ਵੱਲ ਤੱਕਿਆ। ਰਾਜੇ ਨੂੰ ਕਿਹਾ: ਮਹੀਪਾਲ[੩] ! ਇਹ ਅਵਾਜ਼ ਗੁਰੂ ਗੋਬਿੰਦ ਸਿੰਘ ਦੇ ਨਗਾਰੇ ਦੀ ਹੈ ਤੇ ਨਿਸ਼ਾਨੀ ਹੈ ਕਿ ਆਪ ਸ਼ਿਕਾਰ ਨੂੰ ਚੜ੍ਹੇ ਹੋਏ ਹਨ। ਆਪ ਨੂੰ ਪਤਾ ਹੈ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਦਸਵੇਂ ਗੁਰੂ ਹਨ। ਧਰਮ ਰਖਯਕ ਕਹੀਦੇ ਹਨ। ਦੇਖੋ (ਹੌਲੇ ਜਿਹੇ ਰਾਜੇ ਦੇ ਕੰਨ ਵਿਚ) ਕਈ ਗੁਣੀ ਪੰਡਤ ਕਵੀ ਜੋ ਤੁਰਕ ਰਾਜ ਦੇ ਸਤਾਏ ਹੋਏ ਧਰਮ ਨਹੀਂ ਹਾਰੇ ਤੇ ਘਰੋਂ ਘਾਟੋਂ ਗਏ ਗੁਜ਼ਰੇ ਹੋ ਗਏ, ਇਸ ਜੁਆਨ ਗੁਰੂ ਪਾਸ ਆਏ ਆਪ ਨੇ ਉਹਨਾਂ ਨੂੰ ਆਪਣੀ ਰਾਖੀ ਵਿਚ ਲੈ ਲਿਆ ਹੈ, ਰੋਜ਼ੀਨੇ ਲਾ ਦਿਤੇ ਹਨ। (ਫੇਰ ਉੱਚੀ ਬੋਲਿਆ) ਹੇ ਰਾਜਨ! ਹਜ਼ਾਰਾਂ ਲੋਕ ਬਲਖ ਬੁਖਾਰਾ, ਬਿਹਾਰ,

---

੧. ਨੌਬਤ ਹੁਣ ਤਕ ਬੀ ਅਕਾਲ ਬੁੰਗੇ ਸਾਹਿਬ ਦੇ ਮੈਦਾਨ ਵਿਚ ਦਿਨ ਚੜ੍ਹੇ ਵੱਜਿਆ ਕਰਦੀ ਸੀ, ਨਾਲ ਨਫੀਰੀਆਂ ਵੱਜਦੀਆਂ ਹੁੰਦੀਆਂ ਸਨ। ਰਹਿਰਾਸ ਆਦਿ ਦੇ ਭੋਗ ਵੇਲੇ ਧੌਂਸਾ ਵਜਿਆ ਕਰਦਾ ਸੀ, ਜੋ ਅਜੇ ਬੀ ਵਜਦਾ ਹੈ।

੨. ਦੁਸ਼ਮਨ, ਵੈਰੀ।

੩. ਮਹੀਪਾਲ - ਜੋ ਧਰਤੀ ਦੇ ਲੋਕਾਂ ਨੂੰ ਪਾਲੇ, ਅਰਥ ਹੈ 'ਰਾਜਾ'।

ਬੰਗਾਲ, ਆਸਾਮ, ਦੱਖਣ ਸੰਗਲਾਦੀਪ ਤਕ ਤੋਂ ਆਉਂਦੇ ਤੇ ਗੁਰੂ ਮੰਨਦੇ ਹਨ। ਜੈਪੁਰ ਜੋਧਪੁਰ ਦੇ ਰਾਜ ਘਰਾਂ ਵਿਚੋਂ ਸੁਗਾਤਾਂ ਤੇ ਭੇਟਾ ਆਉਂਦੀਆਂ ਹਨ, ਹੁਣੇ ਆਸਾਮ ਦਾ ਇਕ ਰਾਜਾ ਦਰਸ਼ਨ ਕਰਕੇ ਗਿਆ ਹੈ। ਕਾਬਲ ਤੋਂ ਕਈ ਲੱਖ ਦੇ ਖਰਚ ਦਾ ਸ਼ਾਮਿਯਾਨਾ ਭੇਟਾ ਆਇਆ ਹੈ। ਇਸ ਤਰ੍ਹਾਂ ਸਾਰੇ ਭਾਰਤ ਵਰਸ਼* ਤੇ ਬਾਹਰ ਕਾਬਲ ਤੋਂ ਪਰੇ ਤੱਕ ਤੋਂ ਸੰਗਤਾਂ ਆਉਂਦੀਆਂ ਹਨ। ਇਸੇ ਗੁਰੂ ਜੀ ਦੇ ਦਾਦਾ ਗੁਰੂ ਹਰਿਗੋਬਿੰਦ ਜੀ ਨੇ, ਜਦੋਂ ਓਹ ਗੁਅਲੀਅਰ ਦੇ ਕਿਲ੍ਹੇ ਵਿਚੋਂ ਨਿਕਲੇ ਸਨ ਤਾਂ ੫੨ ਰਾਜੇ ਨਾਲ ਛੁਡਵਾਏ ਸਨ, ਉਹਨਾਂ ਵਿਚ ਆਪ ਦਾ ਦਾਦਾ ਤਾਰਾ ਚੰਦ ਬੀ ਸੀ, ਜਿਨ੍ਹਾਂ ਨੂੰ ਛੁਡਾਕੇ ਗੁਰੂ ਹਰਿਗੋਬਿੰਦ ਜੀ ਨੇ ਪਾਤਸ਼ਾਹ ਜਹਾਂਗੀਰ ਨਾਲ ਮੇਲ ਕਰਵਾਇਆ ਸੀ, ਸੋ ਅਸੀਂ ਉਹਨਾਂ ਦੇ ਰਿਣੀ ਹਾਂ।

ਰਿਣੀ ਆਖਦੇ ਹਨ ਦੇਣਹਾਰ ਨੂੰ, ਮਤਲਬ ਹੁੰਦਾ ਹੈ ਹਿਸਾਨਮੰਦ। ਐਸੇ ਧਰਮ ਦੇ ਆਗੂ ਤੇ ਫੇਰ ਸੂਰਮਿਆਂ ਦੇ ਸਰਦਾਰ ਤੇ ਸ਼ਰਣਾਗਤਾਂ ਨੂੰ ਸ਼ਰਣ ਦੇਣ ਵਾਲੇ ਵਡੇ ਤੋਂ ਵਡੇ ਗੁਰੂ ਨਾਲ ਮੇਲ ਬਣਿਆ ਰਹੇ ਤਾਂ ਭਲਾ ਹੈ ਤੇ ਸਾਡੀ ਨੀਤੀ ਬੀ ਇਹ ਹੋਵੇ ਕਿ ਓਹ ਸਾਡਾ ਮਿੱਤ੍ਰ ਬਣਿਆ ਰਹੇ, ਕਿਉਂਕਿ ਜਦ ਸਾਨੂੰ ਕੋਈ ਕਿਸੇ ਰਾਜੇ ਨਾਲ ਲੜਾਈ ਆ ਪਈ ਤਾਂ ਇਹ ਸਾਰੀ ਫੌਜੀ ਤਾਕਤ ਜੋ ਗੁਰੂ ਜੀ ਨੇ ਬਣਾਈ ਹੈ, ਸਾਡੇ ਕੰਮ ਆਵੇਗੀ। ਖਰਚ ਤਾਂ ਗੁਰੂ ਦਾ ਹੋਊ, ਪਰ ਗੁਰੂ ਦੀ ਤਾਕਤ ਨਾਲ ਸਾਡੀ ਤਾਕਤ ਵਧ ਜਾਵੇਗੀ।

ਰਾਜਾ-ਮੰਤ੍ਰੀ! ਤੁਸਾਂ ਦਾ ਵੀਚਾਰ ਠੀਕ ਹੈ। ਗੁਰੂ ਸਾਡੀ ਰੱਯਤ ਹੋਇਆ ਨਾ?

ਵਜ਼ੀਰ-ਹੈ ਤਾਂ ਸੱਚ, ਕਿਉਂਕਿ ਕਹਿਲੂਰ ਦੀ ਦੂਣ ਦਾ ਇਲਾਕਾ, ਜੋ ਹੁਣ ਆਨੰਦਪੁਰ ਵਜਦਾ ਹੈ, ਗੁਰੂ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਸਾਥੋਂ ਹੀ ਮੁੱਲ ਲੀਤਾ ਸੀ ਤੇ ਸਾਥੋਂ ਹੱਕ ਲਏ ਸਨ ਸੁਤੰਤ੍ਰ ਵਾਸ

---

*ਹਿੰਦੁਸਤਾਨ ਨੂੰ ਪੁਰਾਣੇ ਸਮੇਂ ਭਾਰਤ ਵਰਸ਼ ਆਖਦੇ ਸੇ।

ਤੇ ਸੁਤੰਤ੍ਰਤਾ ਨਾਲ ਰਹਿਣ ਬਹਿਣ ਦੇ, ਸਿਪਾਹੀ ਰਖਣ ਤੇ ਸ਼ਿਕਾਰ ਕਰਨ ਦੇ, ਬਿਨਾਂ ਕੋਈ ਕਰ ਮਾਮਲਾ ਸਾਨੂੰ ਭਰਨ ਦੇ[1]। ਰਕਮ ਜੋ ਅਸਾਂ ਮੁੱਲ ਵਿਚ ਇਕੋ ਵਾਰ ਤਕੜੀ ਲੈ ਲਈ ਸੀ। ਸੋ ਉਹ ਸਾਡੀ ਰਈਅਤ ਹਨ, ਹੋਏ ਜੁ ਸਾਡੇ ਰਾਜ ਦੀ ਹੱਦ ਦੇ ਅੰਦਰ, ਜਿਸ ਦੇ ਅਸੀਂ ਮਾਲਕ ਹਾਂ, ਪਰ ਨਹੀਂ ਬੀ ਕਿਉਂਕਿ ਇਕ ਤਾਂ ਉਹਨਾਂ ਪਾਸ ਸਾਡੇ ਦਿੱਤੇ ਹੱਕ ਹਨ ਕਈ ਖੁੱਲ੍ਹਾਂ ਦੇ, ਦੂਜੇ ਉਹ ਧਰਮ ਦੇ ਆਗੂ ਜਗਤ ਗੁਰੂ ਹੋਏ। ਓਹ ਤਾਂ ਸਭ ਤੋਂ ਵਡੇ ਹੋਏ, ਹੋਏ ਜੁ ਭਗਵਾਨ ਦਾ ਰੂਪ। ਲੋਕ ਉਹਨਾਂ ਨੂੰ ਅਵਤਾਰ ਮੰਨਦੇ ਹਨ ਭਗਵੰਤ ਦਾ, ਸ੍ਰੀ ਰਾਮ ਕ੍ਰਿਸ਼ਨ ਦਾ[2]।

ਰਾਜਾ-ਫੇਰ, ਮੰਤ੍ਰੀ! ਤੁਸਾਂ ਦੀ ਕਿਵੇਂ ਸਲਾਹ ਹੈ?

ਮੰਤ੍ਰੀ-ਅਸੀਂ ਗੁਰੂ ਜੀ ਨਾਲ ਮੇਲ ਰਖੀਏ, ਆਦਰ ਕਰੀਏ ਜੋ ਧਰਮ ਦੇ ਆਗੂਆਂ ਦਾ ਕਰੀਦਾ ਹੈ ਤੇ ਫੇਰ ਆਪਣੀ ਨੀਤੀ ਨਾਲ ਰਾਜ ਦਾ ਥੰਮ੍ਹ ਬਣਾ ਲਈਏ ਉਨ੍ਹਾਂ ਨੂੰ।

ਜਿਹਾ ਕਿ ਸ੍ਰੀ ਕਵੀ ਜੀ ਲਿਖਦੇ ਹਨ-

"ਇਕ ਤੌ ਗੁਰੂ ਪੂਜਬੇ ਥਾਨ॥ ਦੂਜੇ ਦਲ ਜੁਤਿ ਬਲੀ ਮਹਾਨ॥੪੪॥ ਕਰਹੁ ਸੰਧਿ ਬਨਿ ਹੈ ਸੁਖਦਾਇ॥ ਸਰਹਿ ਕਾਜ ਜਬਹੂੰ ਬਨ ਜਾਇ॥ ਸੁਨ ਮੰਤ੍ਰੀ ਤੇ ਮਸਲਤ ਨੀਕੀ॥ ਭੀਮ ਚੰਦ ਉਪਜੀ ਰੁਚਿ ਜੀ ਕੀ[3]"॥

---

੧. ਰਾਜਾ ਦੀਪ ਚੰਦ ਦੇ ਸਮੇਂ ਨੌਵੇਂ ਗੁਰਾਂ ਨੇ ਕਹਿਲੂਰ ਦੀ ਥਾਂ, ਜਿਥੇ ਆਨੰਦਪੁਰ ਬਣਾਇਆ, ਖ਼ਰੀਦੀ ਸੀ ਤੇ ਸਾਰੇ ਹੱਕ ਲਏ ਸਨ, ੧੭੨੯ ਬਿ: ਦੇ ਲਗ ਪਗ ਦੀਪ ਚੰਦ ਮਰ ਗਿਆ ਤੇ ਭੀਮ ਚੰਦ ਗੱਦੀ ਤੇ ਬੈਠਾ ਸੀ। ਭੀਮ ਚੰਦ ਆਪਣੇ ਸਮੇਂ ਦਾ ਮਸ਼ਹੂਰ ਤੀਰ ਅੰਦਾਜ਼ ਸੀ।

੨. ਅਧਿਕ ਤਰੀਫ ਕਰਤਿ ਨਰ ਸੁਨੇ। ਤਨ ਧਰਿ ਰਾਮ ਕ੍ਰਿਸ਼ਨ ਇਹ ਬਨੇ। (ਸੂਰਜ ਪ੍ਰਕਾਸ਼ ਸਫ਼ਾ ੪੬੦੦)

੩. ਅਰਥ ਇਹ ਹੈ ਕਿ ਇਕ ਤਾਂ ਏਹ ਗੁਰੂ ਹਨ, ਪੂਜਣ ਦੀ ਥਾਂ ਹਨ; ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਪਾਸ ਫੌਜ ਹੈ ਤੇ ਤਾਕਤ ਵਾਲੇ ਹਨ ਇਨ੍ਹਾਂ ਨਾਲ ਮੇਲ ਕਰੋ ਜੋ ਸਾਡੇ ਲਈ ਸੁਖਦਾਈ ਹੋ ਜਾਣ ਤੇ ਜਦੋਂ ਕਦੇ ਸਾਨੂੰ ਕੰਮ ਪੈ ਜਾਵੇ ਤਾਂ ਏਹ ਸਾਡੇ ਕੰਮ ਆਉਣ, ਭਾਵ ਸਾਨੂੰ ਮਦਦ ਦੇਣ। ਸੋ ਰਾਜੇ ਦੇ ਜੀ ਵਿਚ ਮੰਤ੍ਰੀ ਦੀ ਨੇਕ ਸਲਾਹ ਸੁਣ ਕੇ, ਗੁਰੂ ਜੀ ਨਾਲ ਮੇਲ ਕਰਨ ਦੀ ਚਾਹਨਾ ਪੈਦਾ ਹੋ ਗਈ।

## ੪੮. ਭੀਮਚੰਦ ਰਾਜੇ ਦਾ ਆਨੰਦਪੁਰ ਆਉਣਾ।

**ਰਾਜੇ** ਦੇ ਸਲਾਹਕਾਰਾਂ ਵਿਚ ਵਿਚਾਰ ਹੁੰਦੀ ਰਹੀ ਤੇ ਇਹੋ ਸਲਾਹ ਠਹਿਰੀ ਕਿ ਗੁਰੂ ਸਾਹਿਬ ਨਾਲ ਮੇਲ ਕਰਨਾ ਹੀ ਠੀਕ ਠੀਕ ਰਾਜਨੀਤੀ ਹੈ। ਸੋ ਉਸ ਸਲਾਹ ਮੂਜਬ ਦੋ ਇਕ ਦਿਨਾਂ ਮਗਰੋਂ ਵਜ਼ੀਰ ਨੂੰ ਆਨੰਦਪੁਰ ਘੱਲਿਆ ਗਿਆ। ਆਨੰਦਪੁਰ ਵਜ਼ੀਰ ਨੂੰ ਸਨਮਾਨ ਨਾਲ ਉਤਾਰਾ ਦਿੱਤਾ ਗਿਆ। ਅਗਲੇ ਦਿਨ ਉਸ ਦੀ ਮੁਲਾਕਾਤ ਗੁਰੂ ਸਾਹਿਬ ਨਾਲ ਹੋਈ। ਵਜ਼ੀਰ ਨੇ ਬੜੇ ਪਿਆਰ ਦੀਆਂ ਗੱਲਾਂ ਕੀਤੀਆਂ। ਆਪਣੀ ਸ਼ਰਧਾ ਜਣਾਈ ਤੇ ਫੇਰ ਬੇਨਤੀ ਕੀਤੀ ਕਿ ਸਾਡੇ ਰਾਜਾ ਜੀ ਆਪ ਦਾ ਦਰਸ਼ਨ ਕਰਨਾ ਚਾਹੁੰਦੇ ਹਨ। ਗੁਰੂ ਘਰ ਤੇ ਰਾਜ ਘਰ ਦਾ ਮੇਲ ਹੋ ਜਾਏ ਤਾਂ ਦੁਵੱਲੀ ਸੁਹਣਾ ਹੋਸੀ। ਇਸ ਵੇਲੇ ਮਾਮਾ ਜੀ ਨੇ ਕਿਹਾ: ਗੁਰੂ ਘਰ ਨਿਰਵੈਰ ਹੈ, ਜੋ ਪਿਆਰ ਨਾਲ ਆਵੇ ਪਿਆਰ ਨਾਲ ਸਨਮਾਨਿਆਂ ਜਾਏਗਾ। ਜੇ ਵੈਰ ਭਾਵ ਨਾਲ ਆਵੇ ਵੈਰ ਭਾਵ ਉਸ ਤੇ ਉਲਟੇਗਾ। ਰਾਜਾ ਜੀ ਮਿਤ੍ਰ ਹਨ, ਆਉਣਾ ਚਾਹੁੰਦੇ ਹਨ, ਖੁਸ਼ੀ ਨਾਲ ਆਉਣ, ਸ੍ਰੀ ਗੁਰੂ ਜੀ ਉਸ ਨੂੰ ਪਜਾਰ ਤੇ ਆਦਰ ਨਾਲ ਮਿਲਣਗੇ।

ਵਜ਼ੀਰ ਇਉਂ ਮੁਲਾਕਾਤ ਮੁਕਰਰ ਕਰਕੇ ਤੇ ਗੁਰ ਦਰਬਾਰੋਂ ਸਿਰੋਪਾ ਲੈ ਕੇ ਵਿਦਾ ਹੋ ਗਿਆ[੧]।

ਵਜ਼ੀਰ ਦੇ ਥਾਪੇ ਅਨੁਸਾਰ ਰਾਜਾ ਆਪਣੇ ਵਜ਼ੀਰਾਂ, ਮੁਸਾਹਿਬਾਂ ਤੇ ਕੁਛ ਸੂਰਮਿਆਂ ਸਣੇ ਆਨੰਦਪੁਰ ਆਇਆ। ਗੁਰੂ ਜੀ ਵਲੋਂ ਨੰਦ ਚੰਦ ਜੀ ਤੇ ਮਾਮਾ ਜੀ ਉਸ ਦੇ ਆਦਰ ਤੇ ਸਨਮਾਨ ਲਈ ਥਾਪੇ ਗਏ। ਸੁਹਣੇ ਥਾਂ ਉਤਾਰਾ ਦਿੱਤਾ ਗਿਆ ਤੇ ਰਾਜਾ ਅਰ ਉਸ ਦੇ ਸਾਥੀਆਂ ਦੇ ਸੁਖ ਆਰਾਮ ਤੇ ਆਦਰ ਦਾ ਸਾਰਾ ਸਾਮਾਨ ਕੀਤਾ ਗਿਆ।

ਅਗਲੇ ਦਿਨ ਦੀਵਾਨ ਲੱਗਾ ਤੇ ਮੁਲਾਕਾਤ ਹੋਈ। ਰਾਜਾ ਜੀ ਨੇ ਗੁਰੂ ਜਾਣਕੇ ਯਥਾ ਯੋਗ ਭੇਟਾ[੨] ਅਗੇ ਧਰੀ, ਫੇਰ ਰਾਜਸੀ ਗਲਾਂ ਬਾਤਾਂ

---

੧. ਮੁਲਾਕਾਤ ਨਾਮ ਹੈ ਵਡੇ ਲੋਕਾਂ ਦੇ ਆਪੋ ਵਿਚ ਮਿਲਣ ਦਾ, ਯਾ ਵਡਿਆਂ ਲੋਕਾਂ ਨੂੰ ਮਿਲਣ ਦਾ। ਸਿਰੋਪਾਉ-ਗੁਰੂ ਯਾ ਰਾਜੇ ਦੇ ਦਰਬਾਰ ਤੋਂ ਕੋਈ ਪੁਸ਼ਾਕ ਯਾ ਕਪੜਾ ਮਿਲਣਾ ਪਤਿ ਅਬਰੋ ਸਮਝੀ ਜਾਂਦੀ ਸੀ, ਉਸ ਨੂੰ ਸਿਰੋਪਾਉ ਆਖਦੇ ਹਨ।

੨. ਜੋ ਕਿ ਗੁਰੂ ਹੋਣ ਕਰਕੇ ਓਹਨਾਂ ਅਗੇ ਧਰਨੀ ਠੀਕ ਸੀ ਯਾ ਮੁਨਾਸਬ ਸੀ, ਕਿਉਂਕਿ ਗੁਰੂ ਰਾਜਾ ਤੋਂ ਵਡਾ ਹੁੰਦਾ ਹੈ 'ਯਥਾ ਯੋਗ' ਦਾ ਅਰਥ ਹੈ ਜੋ ਉਨ੍ਹਾਂ ਦੇ ਲਾਇਕ ਦੀ ਸੀ।

ਹੁੰਦੀਆਂ ਰਹੀਆਂ। ਫੇਰ ਕੁਛ ਸਾਮਾਨ ਤੇ ਸਮੇਂ ਦੀਆਂ ਗਲਾਂ ਹੋਈਆਂ। ਫੇਰ ਰਾਜਾ ਨੇ ਆਸਾਮ ਤੋਂ ਆਈਆਂ ਵਸਤਾਂ ਦੇਖਣੀਆਂ ਚਾਹੀਆਂ, ਜੋ ਗੁਰੂ ਜੀ ਦੀ ਆਗਿਆ ਵਿਚ ਦਾਸਾਂ ਨੇ ਲਿਆ ਕੇ ਦਿਖਾ ਦਿੱਤੀਆਂ। ਇਕ ਪ੍ਰਸਾਦੀ ਹਾਥੀ ਦੇਖਣਾ ਰਹਿ ਗਿਆ। ਹੁਣ ਕੁਝ ਦੇਰ ਹੋ ਰਹੀ ਸੀ। ਸੋ ਹਾਥੀ ਦਾ ਦੇਖਣਾ ਤੇ ਕਾਬਲ ਦਾ ਸ਼ਾਮਿਯਾਨਾ ਤੱਕਣਾ ਇਹ ਅਗਲੇ ਦਿਨ ਤੇ ਰਖਿਆ ਗਿਆ।

ਅਗਲੇ ਦਿਨ ਫੇਰ ਦੀਵਾਨ ਸਜਿਆ। ਕਾਬਲ ਵਾਲਾ ਸ਼ਾਮਿਯਾਨਾ ਏਸ ਦਰਬਾਰ ਲਈ ਤਾਣਿਆ ਗਿਆ। ਰਾਜਾ ਜਦ ਦਰਬਾਰ ਵਿਚ ਆਇਆ ਤੇ ਗੁਰੂ ਜੀ ਦਾ ਦਰਸ਼ਨ ਕੀਤਾ, ਦੁਆਲੇ ਸੂਰਮੇ ਖੜੇ ਦੇਖੇ ਤੇ ਉਪਰ ਸ਼ਾਮਿਯਾਨੇ ਵਲ ਨਜ਼ਰ ਮਾਰੀ ਤਾਂ ਦੰਗ ਰਹਿ ਗਿਆ। ਗੁਰੂ ਜੀ ਦੀ ਪ੍ਰਭਾ, ਅਰਥਾਤ ਸੁੰਦਰਤਾ ਜੋ ਤੇਜ ਵਾਲੀ ਸੀ; ਦੇਖ ਕੇ ਇਕ ਵਾਰ ਤਾਂ ਸਿੱਖ ਬਣਨ ਨੂੰ ਜੀ ਕਰ ਆਇਓਸੁ। ਪਰ ਫੇਰ ਆਪਣੇ ਸਾਥੀ ਰਾਜਿਆਂ ਤੇ ਲੋਕਾਂ ਵਲੋਂ ਦਿਲ ਵਿਚ ਸ਼ਰਮ ਆਈ ਤੇ ਉਹ ਉੱਤਮ ਸ਼ਰਧਾ ਦਾ ਭਾਵ ਅੰਦਰ ਠੱਪ ਹੋ ਗਿਆ। ਫੇਰ ਖਿਆਲ ਦਿਸਦੀਆਂ ਵਸਤਾਂ ਵਲ ਪੈ ਗਿਆ ਤੇ ਪੁੱਛਣ ਲਗਾ ਕਿ ਇਹ ਸ਼ਾਮਿਯਾਨਾ ਆਪ ਬਣਵਾਇਟਾ ਹੈ ਕਿ ਕਿਤੇ ਬਾਹਰ ਬਣਿਆ ਹੈ ਤਾਂ ਉਸਨੂੰ ਦੱਸਿਆ ਗਿਆ ਕਿ ਕਾਬਲ ਦੇ ਇਕ ਸਿਖ ਨੇ ਢਾਈ ਲੱਖ ਦੀ ਲਾਗਤ ਤੇ ਬੜੇ ਪ੍ਰੇਮ ਨਾਲ ਬਣਵਾ ਕੇ ਭੇਟਾ ਕੀਤਾ ਹੈ। ਫੇਰ ਪਰਸਾਦੀ ਹਾਥੀ ਆਂਦਾ ਗਿਆ ਤੇ ਉਸ ਦੇ ਸਾਰੇ ਕਰਤਬ ਦਿਖਾਏ ਗਏ। ਜਿਨ੍ਹਾਂ ਨੂੰ ਵੇਖ ਵੇਖ ਕੇ ਰਾਜਾ ਦੰਗ ਰਹਿ ਗਿਆ।

ਰਾਜਾ ਰਾਜਾ ਸੀ, ਪਦਾਰਥਾਂ ਤੇ ਦੇਸ਼ ਦਾ ਮਾਲਕ ਸੀ ਪਰ ਜਿਸ ਕੋਲ ਮਾਯਾ ਬਹੁਤੀ ਹੋਵੇ ਉਸ ਨੂੰ ਲਾਲਚ ਬੀ ਬਹੁਤ ਹੁੰਦਾ ਹੈ। ਬਹੁਤ ਮਾਇਆ ਪਾ ਪਾ ਕੇ ਹੋਰ ਹੋਰ ਲੈਣ ਦੀ ਲਾਲਸਾ ਵਧਦੀ ਹੈ। ਤਿਵੇਂ ਰਾਜਾ ਨੇ, ਜੋ ਪਹਿਲੇ ਖਿਆਲ ਗੁਰੂ ਜੀ ਦੀ ਵਡਿਆਈ ਦੇ ਫੁਰੇ ਸਨ ਤੇ ਸਿਖ ਬਣਨੇ ਦਾ ਭਾਵ ਮਨੋਂ ਲੰਘਿਆ

ਸੀ, ਢਿੱਲਾ ਪੈ ਗਿਆ ਤੇ ਲਾਲਚ ਜਾਗ ਪਿਆ ਕਿ ਗੁਰੂ ਆਖ਼ਰ ਮੇਰੀ ਪਰਜਾ ਹੈ, ਇਸ ਦਾ ਸਭ ਕੁਛ ਮੇਰਾ ਹੈ, ਮੈਂ ਜੁ ਰਾਜਾ ਹੋਇਆ। ਹੁਣ ਮੇਲ ਬੀ ਹੋ ਗਿਆ ਹੈ, ਕਿਵੇਂ ਨ ਕਿਵੇਂ ਇਹ ਪਰਸਾਦੀ ਹਾਥੀ ਤੇ ਸ਼ਾਮਿਆਨੇ ਆਦਿ ਚੀਜ਼ਾਂ ਮੈਂ ਸੁਖ ਸਬੀਲੀ ਨਾਲ ਲੈ ਲਵਾਂ। ਰਾਜਿਆਂ ਦੇ ਘਰ ਤਾਂ ਚੀਜ਼ਾਂ ਏਹ ਫਬਦੀਆਂ ਹਨ, ਗੁਰੂ ਚਾਹੋ ਰਾਜਸੀ ਠਾਠ ਵਿਚ ਰਹਿੰਦਾ ਹੈ ਪਰ ਆਖ਼ਰ ਹੈ ਤਾਂ ਸਾਧੂ ਲੋਕ, ਇਨ੍ਹਾਂ ਨੂੰ ਕੀਹ ਲੋੜ ਹੈ ਐਸੇ ਬਹਮੁੱਲੇ ਸਾਮਾਨ ਦੀ। ਇਸ ਤਰ੍ਹਾਂ ਦੀਆਂ ਗੱਲਾਂ ਕਦੇ ਸ਼ਰਧਾ ਦੀਆਂ, ਕਦੇ ਲਾਲਚ ਦੀਆਂ ਵਿਚਾਰਦਾ, ਉਤੋਂ ਗੁਰੂ ਜੀ ਅੱਗੇ ਨਿਉਂਦਾ, ਸੁਹਣੇ ਸਿਰੋਪਾਉ ਲੈਂਦਾ ਸਾਰੇ ਸਾਥੀਆਂ ਸਣੇ ਆਦਰ ਨਾਲ ਵਿਦਾ ਹੋ ਗਿਆ।

❖❖❖

# ੪੯. ਪ੍ਰਸਾਦੀ ਹਾਥੀ ਦੀ ਮੰਗ।

**ਰਾਜਾ** ਚਲਾ ਗਿਆ, ਪਰ ਪਰਸਾਦੀ ਹਾਥੀ ਲੈਣ ਦੀ ਲਾਲਸਾ ਫੁਰਦੀ ਰਹੀ। ਲਾਲਸਾ ਆਖਦੇ ਹਨ ਅੰਦਰ ਦੀ ਲੋਭ ਵਾਲੀ ਚਾਹ ਨੂੰ।

ਉਸ ਸਮੇਂ ਦੇ ਹਾਲਾਤ ਨੂੰ ਗਹੁ ਨਾਲ ਤੱਕਦਿਆਂ ਜਾਪਣ ਲੱਗ ਜਾਂਦਾ ਹੈ ਕਿ ਇਨ੍ਹੀਂ ਦਿਨੀਂ ਰਾਜੇ ਨੂੰ ਦਿੱਲੀ ਵਲੋਂ ਕੋਈ ਸੈਨਤ ਗੁਪਤ ਗੁਪਤ ਆਈ ਹੈ ਕਿ ਗੁਰੂ ਦੀ ਫੌਜੀ ਤਾਕਤ ਨਪਿਤ ਸੱਟੋ[੧]।

ਸੋ ਇਸ ਸੈਨਤ ਨਾਲ ਰਾਜਾ ਦੇ ਜੀ ਆਈ ਕਿ ਜੇ ਗੁਰੂ ਪਰਸਾਦੀ ਹਾਥੀ ਦੇ ਦੇਵੇ ਤਾਂ ਉਹ ਰੱਖ ਲਈਏ ਤੇ ਦਿੱਲੀ ਕਹਿ ਘੱਲੀਏ ਕਿ ਗੁਰੂ ਈਨ ਮੇਰੀ ਮੰਨ ਗਿਆ ਹੈ ਤੇ ਮੇਰੇ ਕਾਬੂ ਹੈ, ਫਿਕਰ ਨਾ ਕਰੋ। ਗੁਰੂ ਨੇ ਨਜ਼ਰ ਵਜੋਂ ਮੈਨੂੰ ਹਾਥੀ ਦੇ ਕੇ ਮੇਰੀ ਈਨ[੨] ਮੰਨ ਲਈ ਹੈ।

---

੧. ਅਰਥਾਤ ਗੁਰੂ ਜੀ ਨੂੰ ਕਿਸੇ ਤਰ੍ਹਾਂ ਫੌਜੀ ਸਮਿਆਨਾਂ ਤੋਂ ਖਾਲੀ ਕਰ ਦੇਵੇ।

੨. ਈਨ ਆਖਦੇ ਹਨ ਤਾਬੇਦਾਰੀ ਮੰਨ ਲੈਣ ਨੂੰ।

ਹਾਥੀ ਉਹ ਲੜ ਕੇ ਨਹੀਂ, ਪਰ ਚੁਪ ਚਾਪ ਲੈਣਾ ਚਾਹੁੰਦਾ ਸੀ। ਹੁਣ ਉਸ ਨੂੰ ਇਕ ਬਹਾਨਾ ਲੱਭਾ, ਸਿਰੀ ਨਗਰ ਦੇ ਰਾਜਾ ਫਤੇ ਚੰਦ ਦੀ ਧੀ ਨਾਲ ਉਸ ਦੇ ਪੁਤ੍ਰ ਦੀ ਕੁੜਮਾਈ ਹੋ ਗਈ ਤੇ ਕੁੜਮਾਈ ਦਾ ਸ਼ਗਨ ਬਿਲਾਸਪੁਰ ਆਉਣਾ ਸੀ ਜੋ ਫਤੇ ਚੰਦ ਦੇ ਅਲਿਕਾਰਾਂ* ਤੇ ਸਰਦਾਰਾਂ ਨੇ ਲੈ ਕੇ ਆਉਣਾ ਸੀ; ਸੋ ਰਾਜੇ ਨੇ ਸ੍ਰੀ ਗੁਰੂ ਜੀ ਨੂੰ ਸੁਨੇਹਾ ਘੱਲਿਆ ਕਿ ਜੀ ਸਾਡੇ ਬੇਟੇ ਦਾ ਸ਼ਗਨ ਆਉਣਾ ਹੈ ਫਤੇ ਸ਼ਾਹ ਵਲੋਂ ਤੇ ਅਸਾਂ ਉਸ ਆਏ ਸ਼ਗਨ ਵੇਲੇ, ਜੋ ਅਹਿਲਕਾਰ ਤੇ ਰਿਆਸਤ ਦੇ ਵਡਕੇ ਆਉਣਗੇ, ਉਹਨਾਂ ਨੂੰ ਆਪਣੀ ਸ਼ਾਨ ਦਿਖਾਉਣੀ ਹੈ, ਸੋ ਜੇਕਰ ਆਪ ਪ੍ਰਸਾਦੀ ਹਾਥੀ ਘੱਲ ਦਿਓ ਤਾਂ ਸਾਡੀ ਸ਼ਾਨ ਹੋਰ ਵਧ ਜਾਏਗੀ। ਗੁਰੂ ਸਾਹਿਬ ਜਾਣਦੇ ਸਨ ਕਿ ਇਹ ਇਕ ਚਲਾਕੀ ਹੈ, ਹਾਥੀ ਲੈ ਕੇ ਮੋੜਨਗੇ ਨਹੀਂ ਤੇ ਓਹ ਆਪਣਾ ਹੱਕ ਸਮਝਣਗੇ ਹਾਥੀ ਰੱਖ ਲੈਣਾ, ਰਾਜੇ ਜੁ ਹੋਏ। ਜੇ ਫੇਰ ਹਾਥੀ ਜ਼ਰੂਰ ਲਵੀਏ ਤਾਂ ਲੜਾਈ ਕਰਨੀ ਪਏਗੀ ਤੇ ਓਹ ਲੜਾਈ ਕੋਝੀ ਲਗੇਗੀ ਅਤੇ ਜੇ ਹੁਣ ਨਾ ਦੇਈਏ ਤਾਂ ਲੜਾਈ ਕਰਕੇ ਰਾਜਾ ਫੇਰ ਬੀ ਜਤਨ ਕਰੇਗਾ ਲੈਣ ਦਾ, ਪਰ ਹੁਣੇ ਨਹੀਂ। ਕਿਉਂਕਿ ਉਸ ਦੇ ਘਰ ਕੁੜਮ ਆ ਰਹੇ ਹਨ, ਸੋ ਜੇ ਸਮਾਂ ਵਿਚ ਪੈ ਗਿਆ ਤਾਂ ਗੱਲ ਆਪੇ ਟਲ ਜਾਏਗੀ। ਰਾਜੇ ਕੋਲੋਂ ਡਰ ਜਾਣਾ ਤੇ ਅਜੋਗ ਮੰਗ ਅੱਗੇ ਝੁਕ ਜਾਣਾ ਗੁਰੂ ਜੀ ਦੇ ਅਝੁਕ ਸੁਭਾਵ ਵਿਚ ਨਹੀਂ ਸੀ ਤੇ ਓਹ ਸਮਝਦੇ ਸਨ ਕਿ ਇਸ ਮੰਗ ਦੇ ਹੇਠਾਂ ਕੋਈ ਰਾਜਸੀ ਚਾਲ ਹੋਰ ਹੋਵੇ, ਤਾਂ ਅਚਰਜ ਨਹੀਂ।

ਦੂਜੀ ਗੱਲ ਜੋ ਧਰਮ ਪੱਖ ਦੀ ਭਰੋਸੇ ਵਾਲੇ ਧਰਮ ਸਿਖਾਂ ਨੇ ਵਿਚਾਰੀ, ਇਹ ਸੀ ਕਿ ਭੇਟਾ ਜੋ ਗੁਰੂ ਜੀ ਨੂੰ ਹੁੰਦੀਆਂ ਹਨ ਭਰੋਸੇ ਵਾਲੇ ਸਿਖ ਗੁਰੂ ਅਰਪਣ ਕਰਦੇ ਹਨ ਤੇ ਗੁਰੂ ਨੂੰ ਵਰਤਦਿਆਂ ਜਾਣਕੇ ਉਨ੍ਹਾਂ ਦੀ ਭਾਵਨੀ ਪੂਰੀ ਹੁੰਦੀ ਹੈ। ਇਹ ਹਾਥੀ ਜੇ ਰਾਜੇ ਨੂੰ ਦੇ ਦਿੱਤਾ ਤਾਂ ਇਸ ਨੂੰ ਰਾਜਾ ਵਰਤੇਗਾ, ਉਸ ਵੇਲੇ ਭੇਟਾ ਵਿਚ ਦੇਣ ਵਾਲੇ ਸਿਖਾਂ ਦੇ ਦਿਲ ਨੂੰ ਦੁਖ ਹੋਵੇਗਾ।

---

*ਅਹਿਲਕਾਰ ਕਿਸੇ ਰਾਜੇ ਜਾਂ ਸਰਕਾਰ ਦੇ ਨੌਕਰਾਂ ਤੇ ਉਹਦੇਦਾਰਾਂ ਨੂੰ ਆਖਦੇ ਹਨ।

ਸੋ ਇਹੋ ਆਖ ਕੇ ਨਾਂਹ ਕਰ ਦਿੱਤੀ ਗਈ ਤੇ ਉੱਤਰ ਇਹ ਦਿੱਤਾ ਗਿਆ ਕਿ ਪ੍ਰਸਾਦੀ ਹਾਥੀ ਤਾਂ ਭੇਟਾ ਦੀ ਸ਼ੈ ਹੈ ਜੋ ਗੁਰੂ ਗਾਦੀ ਦੀ ਹੈ, ਤੇ ਇਕ ਹੋਰ ਮਕਨਾ ਹਾਥੀ ਹੈ ਜੋ ਬੜੇ ਗੁਣਾਂ ਵਾਲਾ ਹੈ, ਉਹ ਗੁਰੂ ਜੀ ਦੀ ਆਪਣੀ ਖ੍ਰੀਦ ਹੈ, ਓਹ ਜੀ ਸਦਕੇ ਮੰਗਵਾ ਲਓ। ਲਿਖਿਆ ਹੈ ਕਿ ਪਹਿਲੀ ਵਾਰ ਹਾਥੀ ਲੈਣ ਰਾਜੇ ਦਾ ਵਜ਼ੀਰ ਆਇਆ ਸੀ ਜੋ ਨਾਂਹ ਦਾ ਉਤਰ ਲੈ ਕੇ ਗਿਆ।

❖❖❖

## ੫੦. ਕੁਟਵਾਲ ਆਇਆ।

**ਰਾਜੇ** ਨੂੰ ਜਦ ਖ਼ਬਰ ਪਹੁੰਚੀ ਕਿ ਹਾਥੀ ਨਹੀਂ ਮਿਲਦਾ ਤਾਂ ਬਹੁਤ ਗੁੱਸੇ ਵਿਚ ਆਇਆ। ਵਜ਼ੀਰ ਨੇ ਸਮਝਾਇਆ। ਰਾਜੇ ਨੇ ਇਹ ਸਮਝ ਕੇ ਕਿ ਵਜ਼ੀਰ ਬੁੱਢਾ ਤੇ ਕਮਜ਼ੋਰ ਹੈ, ਇਹ ਠੀਕ ਤਰ੍ਹਾਂ ਗੁਰੂ ਜੀ ਨੂੰ ਡਰਾ ਨਹੀਂ ਸਕਿਆ; ਤਦ ਉਸ ਨੇ ਆਪਣੇ ਕੁਟਵਾਲ ਨੂੰ, ਜੋ ਰਜਾਸਤ ਦੀ ਪੋਲੀਸ ਦਾ ਵਡਾ ਅਫਸਰ ਸੀ, ਘਲਿਆ। ਕੁਟਵਾਲ ਨੇ ਪਹਿਲੋਂ ਬੜੀ ਸਾਲਸੀ* ਤੇ ਮਿੱਠਤ ਨਾਲ ਗੱਲ ਕੀਤੀ, ਫੇਰ ਕੁਝ ਧਮਕੀ ਦਿਖਾਈ। ਗੁਰੂ ਜੀ ਨੇ ਕਿਹਾ ਕਿ ਰਾਜਾ ਦੀ ਮੰਗ ਮੰਗ ਨਹੀਂ ਉਹ ਇਕ ਢੰਗ ਹੈ ਹਾਥੀ ਲੈ ਲੈਣ ਦਾ ਤੇ ਫੇਰ ਨਾ ਦੇਣ ਦਾ। ਜੇ ਨੀਯਤ ਸਾਫ ਦੀ ਗੱਲ ਹੁੰਦੀ ਤਾਂ ਅਸੀਂ ਹੋਰ ਤਰ੍ਹਾਂ ਵੀਚਾਰ ਕਰਦੇ। ਤੂੰ ਹੀ ਹੇ ਕੁਟਵਾਲ ਕਦੇ ਸਾਲਸੀ ਦੀ ਗਲ ਕਰਦਾ ਹੈਂ ਤੇ ਕਦੇ ਧਮਕੀ ਡਰਾਵੇ ਦੀ। ਸੋ ਜੇ ਡਰ ਜਾਈਏ ਤਾਂ ਸਾਡਾ ਧਰਮ ਹੈ ਨਾ ਡਰਨਾ ਤੇ ਨਾ ਡਰਾਉਣਾ। ਮਕਨਾ ਹਾਥੀ ਜੀ ਸਦਕੇ ਲੈ ਜਾਓ, ਜੀ ਆਵੇ ਮੋੜਨਾ ਜੀ ਆਵੇ ਰਖ ਲੈਣਾ। ਰਾਜਾ ਲੜਾਈ ਕਰੇਗਾ ਤਾਂ ਪਹਿਲ ਨਹੀਂ ਕਰਨੀ, ਜੋ ਆਵੇਗੀ ਸਿਰ ਝੱਲਾਂਗੇ, ਮੇਰੇ ਸਿੱਖ ਵੰਗਾਂ ਪਾ ਕੇ ਨਹੀਂ ਬੈਠੇ ਹੋਏ ਜੋ ਡਰ ਜਾਣਗੇ।

ਕੁਟਵਾਲ ਚਲਾ ਗਿਆ ਤੇ ਰਾਜੇ ਨੂੰ ਇਹੋ ਗਲਾਂ ਭੜਕਾਂਵੀਂ ਬੋਲੀ ਵਿਚ ਜਾ ਕਹਿ ਸੁਣਾਈਆਂ।

*ਸੁਲਹ ਸਫਾਈ ਦੀ ਗੱਲ ਬਾਤ।

# ੫੧. ਰਾਜਾ ਕੇਸਰੀ ਚੰਦ।

**ਗੁਰੂ** ਜੀ ਜਾਣਦੇ ਸਨ ਕਿ ਏਥੇ ਹੀ ਬੱਸ ਨਹੀਂ, ਰਾਜੇ ਨੇ ਫੇਰ ਜਤਨ ਕਰਨਾ ਹੈ ਕਿ ਗੱਲ ਨਿਰੀ ਹਾਥੀ ਦੀ ਨਹੀਂ, ਕੋਈ ਹੋਰ ਗੱਲ ਹੈ ਜੋ ਉਹਲੇ ਹੈ, ਤੇ ਰਾਜਾ ਇਕ ਬਹਾਨਾ ਟੋਲ ਰਿਹਾ ਹੈ। ਹੋ ਸਕਦਾ ਹੈ ਇਸ ਨੂੰ ਅੰਦਰ ਖਾਨੇ ਦਿੱਲੀ ਦੀ ਪਾਤਸ਼ਾਹੀ ਵਲੋਂ ਕੋਈ ਇਸ਼ਾਰਾ ਆਇਆ ਹੋਵੇ ਕਿ ਗੁਰੂ ਜੀ ਦੀ ਉਗਮਦੀ ਫੌਜੀ ਤਾਕਤ ਨੂੰ ਹੁਣ ਭੰਨ ਦਿਓ। ਕਿਉਂਕਿ ਰਾਜੇ ਸਾਰੇ ਤਦੋਂ ਦਿੱਲੀ ਦੇ ਮੁਗਲ ਪਾਤਸ਼ਾਹ ਔਰੰਗਜੇਬ ਦੇ ਤਾਬੇਦਾਰ* ਸਨ। ਦਿੱਲੀ ਦੇ ਪਾਤਸ਼ਾਹ ਦੇ ਹੁਕਮ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਜਾ ਚੁਕਾ ਸੀ। ਹੁਣ ਉਹ ਸੁਣਦਾ ਸੀ ਕਿ ਉਨ੍ਹਾਂ ਦਾ ਬੇਟਾ ਛੋਟੀ ਉਮਰੇ ਹੈ, ਤਦ ਬੀ ਫ਼ੌਜਾਂ ਬਣਾ ਰਿਹਾ ਹੈ ਤੇ ਜੰਗੀ ਤਾਕਤ ਪੈਦਾ ਕਰ ਰਿਹਾ ਹੈ। ਸੋ ਉਸ ਨੇ ਚਾਹਿਆ ਹੋਵੇ ਕਿ ਰਾਜੇ ਨੂੰ ਸਾਡੇ ਨਾਲ ਲੜਾ ਦੇਵੇ ਤੇ ਰਾਜਾ ਕੋਈ ਗੱਲ ਯਾ ਬਹਾਨਾ ਭਾਲ ਰਿਹਾ ਹੋਵੇ ਕਿ ਗੁਰੂ ਨੂੰ ਜੰਗ ਵਿਚ ਪਾਕੇ ਆਨੰਦਪੁਰੋਂ ਕੱਢ ਦੇਵੇ ਤਾਂ ਜੋ ਆਪ ਨਾ ਏਥੇ ਰਹਿਣ ਤੇ ਨਾ ਪਾਤਸ਼ਾਹ ਦੇ ਮੇਰੇ ਵਲ ਚੋਰੀ ਚੋਰੀ ਹੁਕਮ ਆਉਣ। ਇਧਰ ਗੁਰੂ ਜੀ ਵਿਚਾਰ ਵਿਚ ਸਨ, ਉਧਰ ਰਾਜੇ ਨੇ ਹੁਣ ਸੋਚ ਸੋਚ ਕੇ ਆਪਣੇ ਸਨਬੰਧੀ ਰਾਜਾ ਕੇਸਰੀ ਚੰਦ ਨੂੰ ਗੁਰੂ ਜੀ ਪਾਸ ਘੱਲਿਆ ਕਿ ਜੇ ਉਹ ਹਾਥੀ ਲੈ ਆਵੇ ਤਾਂ ਪਾਤਸ਼ਾਹੀ ਸੈਨਤ ਦਾ ਜਵਾਬ ਦੇ ਦਿੱਤਾ ਜਾਵੇ ਕਿ ਗੁਰੂ ਨੇ ਸਾਡੀ ਈਨ ਮੰਨ ਲਈ ਹੈ ਤੇ ਤਾਬੇਦਾਰੀ ਮੰਨਕੇ ਹਾਥੀ ਨਜ਼ਰ ਵਜੋਂ ਘੱਲ ਦਿਤਾ ਹੈ। ਤੇ ਜੇ ਨਾ ਮੰਨੇ ਤਾਂ ਜੰਗ ਕੀਤੀ ਜਾਵੇ ਤੇ ਆਨੰਦਪੁਰ ਤੋਂ ਗੁਰੂ ਨੂੰ ਕੱਢ ਦਿਤਾ ਜਾਵੇ।

ਇਧਰ ਗੁਰੂ ਜੀ ਸਮਝਦੇ ਸਨ ਕਿ ਸ਼ਾਦੀ ਨੇੜੇ ਹੋਣ ਕਰਕੇ ਜੰਗ ਕੁਛ ਸਮੇਂ ਲਈ ਰੁਕ ਬੀ ਜਾਵੇ ਤਾਂ ਬੀ ਕਿਸੇ ਨ ਕਿਸੇ ਦਿਨ

*ਮਾਤਹਿਤ। ਜੋ ਵਡੇ ਪਾਤਸ਼ਾਹ ਦੇ ਹੇਠਾਂ ਹੋ ਕੇ ਰਾਜ ਕਰਨ ਓਹ ਤਾਬੇਦਾਰ ਯਾ ਮਾਤਹਿਤ ਕਹੀਦੇ ਸਨ।

ਆ ਗਲੇ ਪੈਣਾ ਹੈ। ਓਹ ਦਿੱਲੀ ਵਾਲਿਆਂ ਦੀਆਂ ਸੈਨਤਾਂ ਨੂੰ ਬੀ ਸਮਝਦੇ ਸਨ। ਸੋ ਆਨੰਦਪੁਰ ਵਿਚ ਆ ਪਏ ਜੰਗ ਦੀ ਰੋਕ ਲਈ ਤਯਾਰੀਆਂ ਜਾਰੀ ਰਹੀਆਂ। ਮਸੰਦ ਆਦਿਕ ਮਾਤਾ ਜੀ ਨੂੰ ਸਮਝਾਂਉਂਦੇ ਰਹੇ। ਗੁਰੂ ਜੀ ਨੂੰ ਆਖਦੇ ਰਹੇ ਕਿ ਹਾਥੀ ਦੇ ਦਿਓ ਤੇ ਬਲਾ ਟਾਲੋ। ਗੁਰੂ ਜੀ ਸੁਣਦੇ ਰਹੇ ਤੇ ਮੁਸਕ੍ਰਾਂਦੇ ਰਹੇ।

ਹੁਣ ਭੀਮ ਚੰਦ ਦੇ ਪੁਤ੍ਰ ਦਾ ਵਿਵਾਹ ਨੇੜੇ ਆ ਗਿਆ, ਭੀਮ ਚੰਦ ਨੇ ਆਪਣੇ ਨੇੜੇ ਦੇ ਸਾਕੇਦਾਰ ਰਾਜਾ ਕੇਸਰੀ ਚੰਦ ਨੂੰ, ਜੋ ਜਸਵਾਲ ਦਾ ਰਾਜਾ ਸੀ, ਗੁਰੂ ਜੀ ਪਾਸ ਘੱਲਿਆ। ਇਸ ਨੇ ਨੀਤੀ ਦੀ ਥਾਂ ਗਲ ਬਾਤ ਧਮਕੀ ਦੀ ਹੀ ਕੀਤੀ। ਗੁਰੂ ਜੀ ਆਪਣੇ ਖਜਾਲ ਵਿਚ ਪੱਕੇ ਰਹੇ ਤੇ ਰਾਜਾ ਮੁੜ ਗਿਆ।

❖❖❖

# ੫੨. ਲੜਾਈ ਟਲ ਗਈ।

**ਜਦ** ਕੇਸਰੀ ਚੰਦ ਨੇ ਰਾਜੇ ਪਾਸ ਵੱਧ ਘੱਟ ਗੱਲਾਂ ਲਾਊ ਮਚਕਾਊ ਕੀਤੀਆਂ ਤਾਂ ਰਾਜਾ ਭੀਮ ਚੰਦ ਨੇ ਫੇਰ ਚਿੱਠੀ ਗੁਰੂ ਜੀ ਪਾਸ ਘੱਲੀ ਕਿ ਗੁਰੂ ਜੀ! ਤੁਸੀਂ ਮੇਰੇ ਘੱਲੇ ਹੁਕਮਾਂ ਦੀ ਪਰਵਾਹ ਨਹੀਂ ਕੀਤੀ, ਛੇਕੜਲਾ ਪਰਵਾਨਾ ਮੈਂ ਜਾਰੀ ਕੀਤਾ ਹੈ ਕਿ ਪੜ੍ਹਦੇ ਸਾਰ ਹਾਥੀ ਪ੍ਰਸਾਦੀ ਨਜ਼ਰ ਵਜੋਂ ਘੱਲ ਦਿਓ ਨਹੀਂ ਤਾਂ ਤਿਆਰ ਹੋ ਜਾਓ ਮੈਂ ਫ਼ੌਜਾਂ ਲੈ ਕੇ ਆਵਾਂਗਾ ਤੇ ਆਨੰਦਪੁਰ ਉਜਾੜ ਦਿਆਂਗਾ, ਹਾਥੀ ਦਿਓ ਯਾ ਜੰਗ ਲਓ ਦੋਹਾਂ ਵਿਚੋਂ ਇਕ ਗੱਲ ਮੰਨੋ। ਗੁਰੂ ਜੀ ਨੇ ਜਵਾਬ ਦਿਤਾ "ਜੰਗ ਮੰਨਜ਼ੂਰ"*। ਜਦ ਇਹ ਲਿਖਤੀ ਜੁਵਾਬ ਪਹੁੰਚਾ ਤਾਂ ਰਾਜੇ ਨੇ ਹੋਰ ਪਹਾੜੀ ਰਾਜੇ ਸਦ ਘੱਲੇ ਤੇ ਜੰਗ ਸੰਬੰਧੀ ਵਿਚਾਰਾਂ ਕੀਤੀਆਂ, ਕਿਉਂਕਿ ਉਹ ਜਾਣਦਾ ਸੀ ਕਿ ਮੈਂ ਇਕੱਲਾ ਗੁਰੂ ਨੂੰ ਜਿੱਤ ਨਹੀਂ ਸਕਾਂਗਾ, ਹੋਰ ਰਾਜੇ ਨਾਲ ਰਲਣਗੇ ਤਾਂ ਜਿੱਤ ਹੋਵੇਗੀ। ਵਜ਼ੀਰ ਨੇ, ਜੋ ਬਹੁਤ ਸਿਆਣਾ ਤੇ ਰਾਜੇ ਅਤੇ ਗੁਰੂ ਜੀ ਦੋਹਾਂ ਦਾ ਭਲਾ ਚਾਹੁਣ ਵਾਲਾ ਸੀ, ਜੋ ਤੁਰਕਾਂ ਦੇ ਰਾਜ ਨੂੰ ਦੇਸ਼ ਦੀ ਗੁਲਾਮੀ ਸਮਝਦਾ ਸੀ, ਇਹ ਗਲ ਰਾਜੇ

*ਅਰਥ ਇਹ ਕਿ ਤੂੰ ਬੇਸ਼ਕ ਆ ਕੇ ਲੜ ਲੈ।

ਨੂੰ ਚੰਗੀ ਤਰ੍ਹਾਂ ਸਮਝਾ ਦਿਤੀ ਸੀ ਕਿ ਗੁਰੂ ਜੀ ਦੀ ਫ਼ੌਜੀ ਤਾਕਤ ਚੰਗੀ ਪੱਕੀ ਹੈ।

ਇਹ ਜੋ ਰਾਜਿਆਂ ਦੀ ਸਭਾ ਬੈਠੀ, ਇਨ੍ਹਾਂ ਨੇ ਇਹ ਵੀਚਾਰ ਕੀਤੀ ਕਿ ਇਸ ਵੇਲੇ ਜੰਗ ਕਰਨਾ ਮੁਨਾਸਬ ਨਹੀਂ। ਅਰਥਾਤ ਠੀਕ ਨਹੀਂ, ਕਿਉਂਕਿ ਜੰਗ ਕੋਈ ਪ੍ਰੀਤੀ ਭੋਜਨ ਪਰ ਜਾਣਾ ਨਹੀਂ, ਇਹ ਤਾਂ ਲੜਨਾ ਤੇ ਮਾਰਨਾ ਮਰਨਾ ਹੈ, ਕਈ ਰਾਜੇ, ਕਈ [1]ਸੈਨਾਨੀ ਕਈ ਸੂਰਮੇ, ਕਈ ਸਨਬੰਧੀ ਜੰਗ ਵਿਚ ਮਰਨਗੇ, ਜਿੱਤ ਚਾਹੋ ਹੋ ਜਾਵੇਗੀ, ਪਰ ਕਈ ਘਰੀਂ ਜੰਗ ਵਿਚ ਮਰਿਆਂ ਦੇ ਗਵੀਣੇ[2] ਹੋਣਗੇ। ਫੇਰ ਇਨ੍ਹਾਂ ਗਵੀਣਿਆਂ ਤੇ ਰੋਣਿਆਂ ਵਿਚ ਵਿਆਹ ਦਾ ਕੀ ਸੁਆਦ ਆਵੇਗਾ। ਇਸ ਲਈ ਵਿਆਹ ਸੁਖਾਂ ਵਿਚ ਕਰ ਲਓ, ਵਿਆਹ ਤੋਂ ਮਗਰੋਂ ਠਹਿਰ ਠਰ੍ਹੰਮੇ ਨਾਲ ਸਭ ਦਾਉ ਘਾਉ ਵਿਚਾਰ ਕੇ ਸਾਰੇ ਰਾਜੇ ਰਲ ਕੇ ਹੱਲਾ ਕਰਾਂਗੇ ਤੇ ਤਦੋਂ ਨੂੰ ਫਤੇ ਸ਼ਾਹ ਗੜ੍ਹਵਾਲੀਏ ਨਾਲ ਵਿਆਹ ਕਰਕੇ ਹੋਰ ਪਿਆਰ ਹੋ ਜਾਏਗਾ। ਉਹ ਬੀ ਨਾਲ ਰਲੇਗਾ। ਫੇਰ ਸਾਡੀ ਜਿੱਤ ਨਿਸਚੇ ਹੋ ਜਾਏਗੀ। ਇਹ ਸਲਾਹ ਚੰਗੀ ਮੰਨੀ ਗਈ ਤੇ ਹਾਲੇ ਲੜਾਈ ਕਰਨੇ ਦੀ ਵਿਉਂਤ ਅਗੇਰੇ ਤੇ ਪੈ ਗਈ ਮਾਨੋ ਹਾਲੇ ਬਲਾ ਟਲ ਗਈ।

❖❖❖

## ੫੩. ਆਨੰਦਪੁਰ ਤੋਂ ਤਿਆਰੀ।

**ਜਦ** ਤੋਂ ਰਾਜਾ ਮਿਲਕੇ ਗਿਆ ਗੁਰੂ ਜੀ ਖਿਆਲ ਕਰ ਰਹੇ ਸਨ ਕਿ ਲੜਾਈ ਕੁਛ ਸਮਾਂ ਟਲਦੀ ਰਹੇਗੀ ਪਰ ਕਿਸੇ ਦਿਨ ਗਲੇ ਆ ਪਏਗੀ, ਕਿਉਂਕਿ ਉਨ੍ਹਾਂ ਨੂੰ ਇਹ ਸੋਝੀ ਸੀ ਕਿ ਭੀਮ ਚੰਦ ਯਾ ਹੋਰ ਰਾਜੇ ਕਠਪੁਤਲੀ ਹਨ ਮੁਗਲ ਪਾਤਸ਼ਾਹ ਦੇ ਤੇ ਮੁਗਲਾਂ ਦਾ ਰਾਜ ਦੇਸ਼ ਦੀ ਹੀਨਤਾ ਹੈ ਤੇ ਗੁਲਾਮੀ ਹੈ, ਇਹ ਕਿਵੇਂ ਤ੍ਰੁਟ ਜਾਏ। ਏਸ ਲਈ ਗੁਰੂ ਜੀ

੧. ਫ਼ੌਜੀ ਅਫਸਰ।

੨. ਗਵੀਣਾ ਆਖਦੇ ਹਨ ਗਮ ਆਏ ਤੇ ਜੋ ਰੋਣੇ ਤੇ ਸ਼ੋਕ ਹੁੰਦੇ ਹਨ।

ਤਾਂ ਦੇਸ਼ ਵਿਚ ਓਹ ਜਾਨ ਭਰਨੀ ਚਾਹੁੰਦੇ ਸਨ ਜੋ ਗੁਲਾਮੀ ਦੇ ਜ਼ੰਜ਼ੀਰਾਂ ਨੂੰ ਤ੍ਰੋੜ ਸਕੇ। ਉਨ੍ਹਾਂ ਦੇ ਇਸ ਇੰਦੀਏ ਨੂੰ ਕੋਈ ਸਮਝਦਾ ਨਹੀਂ ਸੀ। ਸਮਝੇ ਬੀ ਕੋਈ ਕੀਕੂੰ ਕਿ ਉਸ ਵੇਲੇ ਇਕ ਪਹਾੜੀ ਇਲਾਕੇ ਵਿਚ ਬੈਠੇ ਇਕ ਫਕੀਰ ਨੂੰ ਇਹ ਉੱਦਮ ਫੁਰੇ ਕਿ ਮੈਂ ਔਰੰਗਜ਼ੇਬ ਵਰਗੇ ਬਹੁਤ ਵਡੇ ਬਲ ਵਾਲੇ ਪਾਤਸ਼ਾਹ ਦੀ ਗ਼ੁਲਾਮੀ ਤੋਂ ਦੇਸ਼ ਨੂੰ ਛੁਡਾ ਸਕਦਾ ਹਾਂ, ਇਹ ਮੰਨੇ ਜਾਣ ਵਾਲੀ ਗਲ ਨਹੀਂ ਸਨ ਸਮਝਦੇ, ਪਰ ਗੁਰੂ ਜੀ ਇਸ ਗਲ ਦੇ ਸਿਰੇ ਚਾੜ੍ਹਨ ਦੇ ਪੈਂਤੜੇ ਬੰਨ੍ਹ ਰਹੇ ਸਨ, ਇਸ ਕਰਕੇ ਓਹ ਪਹਾੜੀ ਰਾਜਿਆਂ ਨੂੰ ਬੀ ਸੁਮੱਤੇ ਲਾਉਣ ਦੇ ਖਿਆਲ ਵਿਚ ਸਨ, ਪਹਿਲੋਂ ਪ੍ਰੇਰਨਾ ਨਾਲ, ਜੇ ਲੋੜ ਪਵੇ ਤਾਂ ਜ਼ੋਰ ਨਾਲ ਬੀ। ਸੋ ਗੁਰੂ ਜੀ ਕੇਸਰੀ ਚੰਦ ਦੇ ਜਾਣ ਮਗਰੋਂ ਆਪਣੀ ਜੰਗੀ ਤਿਆਰੀ ਵਿਚ ਹੋਰ ਲੱਗ ਪਏ।

ਇਨ੍ਹਾਂ ਦਿਨਾਂ ਵਿਚ ਆਨੰਦਪੁਰ ਤੋਂ ਕੁਛ ਪੂਰਬ ਦੱਖਣ ਦੇ ਰੁਖ ਇਕ ਰਾਜ ਸੀ 'ਨਾਹਣ ਸਿਰਮੌਰ ਦੀ ਦੂਣ', ਜਮਨਾ ਨਦੀ ਤੋਂ ਪੱਛੋਂ ਵਾਲੇ ਪਾਸੇ। ਪੂਰਬ ਵੱਲ ਸੀ ਦੂਨ, ਜਿਸ ਨੂੰ ਹੁਣ ਡਿਹਰਾਦੂਨ ਆਖਦੇ ਹਨ, ਪੱਛੋਂ ਵੱਲ ਸੀ ਨਾਹਣ ਸਿਰਮੌਰ। ਨਾਹਣ ਦਾ ਰਾਜਾ ਮੇਦਨੀ ਪ੍ਰਕਾਸ਼, ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਨੂੰ ਖੇਚਲ ਵਾਪਰ ਰਹੀ ਸੀ ਗੜ੍ਹਵਾਲ ਦੇ ਰਾਜਾ ਫਤਹ ਸ਼ਾਹ ਤੋਂ। ਇਸ ਨੂੰ ਪਤਾ ਲੱਗਾ ਕਿ ਭੀਮ ਚੰਦ ਗੁਰੂ ਜੀ ਨੂੰ ਖੇਚਲ ਦੇ ਰਿਹਾ ਹੈ; ਸੋ ਇਸ ਨੇ ਚਾਹਿਆ ਕਿ ਗੁਰੂ ਜੀ ਮੇਰੇ ਰਜ ਵਿਚ ਆ ਜਾਣ ਤਾਂ ਇਕ ਤਾਂ ਮੈਂ ਗੁਰੂ ਕੀ ਸੇਵਾ ਕਰਸਾਂ, ਦੂਜਾ ਫਤੇ ਸ਼ਾਹ ਡਰਸੀ ਕਿ ਮੇਰਾ ਤੇਜ ਵਧ ਗਿਆ ਹੈ, ਨਾਲੇ ਰਾਮਰਾਇ ਜੀ, ਜੋ ਫਤੇ ਸ਼ਾਹ ਵਲ ਹਨ, ਉਹ ਮੇਰੇ ਨਾਲ ਦੁਜਾਇਗੀ ਨਾ ਕਰਨਗੇ, ਕਿਉਂਕਿ ਰਾਮਰਾਇ ਜੀ ਤੋਂ ਵਡੀ ਗੱਦੀ ਵਾਲੇ ਮਹਾਰਾਜ ਗੁਰੂ ਜੀ ਮੇਰੇ ਰਾਜ ਵਿਚ ਰਹਿਣਗੇ। ਰਾਮ ਰਾਇ ਜੀ ਓਦੋਂ ਓਥੇ ਰਹਿੰਦੇ ਸਨ, ਜਿਸ ਨੂੰ ਹੁਣ 'ਡਿਹਰਾਦੂਨ' ਆਖਦੇ ਹਨ। ਰਾਮਰਾਇ ਜੀ ਸਾਕਾਦਾਰੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭਤੀਜੇ ਸਨ।

ਇਧਰ ਗੁਰੂ ਜੀ ਨਾਹਣ ਰਾਜ ਵਿਚ ਉਡੀਕ ਰਹੇ ਤੇ ਅਰਦਾਸੇ ਕਰ ਰਹੇ ਪ੍ਰੇਮੀਆਂ ਦੀ ਖਿੱਚ ਖਾ ਰਹੇ ਸਨ। ਰਾਜੇ ਦਾ ਪ੍ਰੇਮ ਬੀ ਸੀ ਖਿੱਚਾਂ

ਪਾ ਰਿਹਾ। ਰਾਜ ਨਾਹਣ ਵਲੋਂ ਜਦ ਉਸ ਦੇ ਅਹਿਲਕਾਰਾਂ ਦਾ ਇਕ ਜੱਥਾ ਸੱਦੇ ਦਾ ਪੱਤ੍ਰ ਲੈ ਕੇ ਆਇਆ ਤਦ ਗੁਰੂ ਘਰ ਵਿਚ ਸਲਾਹ ਕਰਨ ਲਈ ਸਾਰੇ ਸੱਦੇ ਗਏ। ਮਸੰਦ ਤਾਂ ਖੁਸ਼ ਸਨ ਕਿ ਭੀਮ ਚੰਦ ਦਾ ਜੰਗ ਤੇ ਟਲ ਜਾਏਗਾ। ਮਾਮਾ ਜੀ ਖੁਸ਼ ਸਨ ਕਿ ਸਾਨੂੰ ਇਕ ਮਿਤ੍ਰ ਰਾਜ ਵਿਚ ਰਹਿਕੇ ਆਪਣਾ ਰਾਜਸੀ ਤੇ ਧਰਮੀ ਕੰਮ ਕਰਨ ਦਾ ਚੰਗਾ ਸਮਾਂ ਮਿਲੇਗਾ। ਮਾਤਾ ਜੀ ਬੀ ਮਾਮਾ ਜੀ ਨਾਲ ਸਹਿਮਤ ਸਨ। ਸਹਿਮਤ ਕਹਿੰਦੇ ਹਨ ਇਕੋ ਸਲਾਹ ਵਾਲੇ ਹੋਣਾ। ਨੰਦ ਚੰਦ, ਆਦਿ ਜੋਧੇ ਸਾਰੇ ਖੁਸ਼ ਸੇ ਕਿ ਓਥੇ ਜੰਗੀ ਸਾਮਾਨ ਚੰਗੇ ਕਰ ਸਕਾਂਗੇ। ਇਹ ਸਾਰਿਆਂ ਦੀ ਸਲਾਹ ਹੋ ਕੇ ਆਨੰਦਪੁਰ ਤੋਂ ਕੂਚ ਦੀ ਤਿਆਰੀ ਹੋ ਗਈ।

❖❖❖

## ੫੪. ਗੁਰੂ ਜੀ ਨਾਹਣ ਰਾਜ ਵਿਚ ਆਏ।

**ਆਨੰਦਪੁਰ** ਦੀ ਰਾਖੀ ਲਈ ਗੁਰੂ ਜੀ ਨੇ ਕੁਛ ਸੈਨਾ ਸੂਰਜ ਮਲ ਦੇ ਪੋਤੇ ਗੁਲਾਬ ਰਾਇ ਤੇ ਸ਼ਾਮ ਦਾਸ ਸੂਰਮਿਆਂ ਨੂੰ ਦੇ ਕੇ ਛਡਿਆ। ਆਪਣੇ ਨਾਲ ਬਾਕੀ ਸੈਨਾ ਤੇ ਉਦਾਸੀ ਸਾਧੂ ਤੇ ਹੋਰ ਸਾਰਾ ਡੇਰਾ ਤੇ ਸਾਮਾਨ ਲੈ ਲਿਆ। ਇਹ ਕੂਚ ਲਿਖਿਆ ਮਿਲਦਾ ਹੈ ਕਿ ੧੭੪੧ ਸੰਮਤ ਬਿ: ਅੱਸੂ ਦੇ ਮਹੀਨੇ ਹੋਇਆ। ਇਸ ਰੁੱਤੇ ਦੂਣ ਵਿਚ ਬਹਾਰ ਬੜੀ ਸੁਹਣੀ ਹੁੰਦੀ ਹੈ।

ਆਨੰਦਪੁਰ ਤੋਂ ਟੁਰਕੇ ਪਹਿਲਾ ਪੜਾਉ ਕੀਰਤ ਪੁਰ ਪਿਆ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦੇਹੁਰੇ ਕੜਾਹ ਪ੍ਰਸ਼ਾਦ ਚੜ੍ਹਾਇਆ ਤੇ ਸਨਮਾਨ ਨਾਲ ਦਰਸ਼ਨ ਮੇਲੇ ਕੀਤੇ। ਫੇਰ ਬੁੱਢਣ ਸ਼ਾਹ ਨੂੰ ਮਿਲੇ। ਇਹ ਫਕੀਰ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨੀਂ ਲੱਗਾ ਸੀ; ਫੇਰ ਏਸ ਟਿਕਾਣੇ ਟਿਕ ਗਿਆ ਸੀ। ਫੇਰ ਇਸਨੇ ਛੇਵੇਂ ਗੁਰਾਂ ਦੇ ਦਰਸ਼ਨ ਪਾਏ। ਇਹ ਗੁਰੂ ਆਗਿਆ ਵਿਚ ਪੱਕਾ ਅਭਿਆਸੀ ਨਾਮ ਦਾ ਸੀ ਤੇ ਪਹਿਲੇ ਯੋਗਾਭਯਾਸੀ ਸੀ। ਇਸ ਲਈ ਖਿਆਲ ਹੈ ਕਿ ਦਸਵੇਂ ਗੁਰਾਂ ਦੇ ਸਮੇਂ

ਤਕ ਜੀਉਂਦਾ ਸੀ। ਇਸ ਨੂੰ ਮਿਲਕੇ ਤੇ ਤਾਰ ਕੇ ਸ੍ਰੀ ਗੁਰੂ ਜੀ ਅਗੇ ਨੂੰ ਰੋਪੜ ਨੂੰ ਟੁਰ ਪਏ।

ਨਾਹਣ ਦਾ ਵਜ਼ੀਰ ਜੋ ਸੱਦੇ ਦਾ ਸੁਨੇਹਾ ਲੈ ਕੇ ਗੁਰੂ ਜੀ ਵਲ ਆਇਆ ਸੀ ਕੀਰਤਪੁਰ ਤੋਂ ਸਿੱਧਾ ਨਾਹਣ ਨੂੰ ਟੁਰ ਗਿਆ ਜੋ ਰਾਜੇ ਨੂੰ ਜਾਕੇ ਦੱਸੇ ਕਿ ਗੁਰੂ ਜੀ ਆ ਰਹੇ ਹਨ ਤੇ ਓਹ ਅਗੋਂ ਅਗੁਵਾਨੀ ਦੀ ਤਿਆਰੀ ਕਰੇ। ਅਗੁਵਾਨੀ ਆਖਦੇ ਹਨ ਕਿਸੇ ਪਿਆਰੇ ਮਿਤ੍ਰ ਯਾ ਸਤਿਕਾਰ ਯੋਗ ਵਡਕੇ ਨੂੰ ਜੋ ਅਗੋਂ ਲੈਣ ਜਾਈਦਾ ਹੈ ਤੇ ਜੀ ਆਇਆਂ ਨੂੰ ਕਹੀਦਾ ਹੈ। ਇਧਰੋਂ ਸਤਿਗੁਰੂ ਜੀ ਵੀ ਛੇਤੀ ਛੇਤੀ ਅੱਪੜ ਪਏ। 'ਆਏ' ਸੁਣ ਕੇ ਰਾਜਾ ਮੇਦਨੀ ਪ੍ਰਕਾਸ਼ ਅਗੋਂ ਲੈਣ ਵਾਸਤੇ ਆਯਾ। ਤੇ ਨਾਲ ਰਿਆਸਤ ਦੇ ਅਹੁਦੇਦਾਰ ਸ਼ਹਿਰੋਂ ਅੱਗੋਂ ਲੈਣ ਵਾਸਤੇ ਵਧੇ। ਦਰਸ਼ਨ ਜਦ ਹੋਏ ਤਦ ਰਾਜੇ ਨੇ ਦਰਬਾਰੀਆਂ ਸਮੇਤ ਚਰਨਾਂ ਤੇ ਸੀਸ ਧਰਿਆ, ਅਸੀਸ ਲੈਕੇ ਪ੍ਰਸੰਨ ਹੋਇਆ ਤੇ ਰਕਾਬ ਦੇ ਨਾਲ ਚੱਲਕੇ ਆਪਣੇ ਨਗਰ ਲੈ ਆਇਆ। ਨਗਰ ਦੇ ਦਰਵਾਜ਼ੇ ਅੱਗੇ ਸ਼ਹਿਰ ਦੇ ਸਾਧੂ, ਬ੍ਰਾਹਮਣ, ਪੁਜਾਰੀ ਤੇ ਚੌਧਰੀ ਵੱਡੇ ਵਪਾਰੀ ਸਭ ਖੜੇ ਸਨ। ਵੱਡੇ ਪ੍ਰੋਹਤ ਨੇ ਆਪ ਦੀ ਆਰਤੀ ਉਤਾਰੀ ਤੇ ਸਭ ਨੇ ਗੁਰ ਨਾਨਕ ਦੀ ਗੱਦੀ ਦੇ ਮਾਲਕ ਜਾਣ ਕੇ ਆਦਰ ਸਤਿਕਾਰ ਚਰਨ ਬੰਦਨਾਂ ਕਰਕੇ ਸ਼ਹਿਰ ਵਿਚ ਪ੍ਰਵੇਸ਼ ਕਰਵਾਇਆ, ਤੇ ਉਸ ਥਾਂ ਤੇ ਡੇਰਾ ਕਰਾਇਆ, ਜਿੱਥੇ ਹੁਣ ਨਾਹਣ ਸ਼ਹਿਰ ਵਿਚ ਗੁਰਦਵਾਰਾ ਮੌਜੂਦ ਹੈ।

ਸਤਿਗੁਰੂ ਜੀ ਦੇ ਨਾਹਣ ਆਵਣ ਦੀ ਤੇ ਰਾਜਾ ਦੀ ਇਸ ਪ੍ਰਕਾਰ ਦੀ ਸ਼ਰਧਾ ਵਾਲੀ ਖਾਤਰਦਾਰੀ ਤੇ ਨਗਰ ਨਿਵਾਸੀਆਂ ਦੀ ਪਰਜਾ ਵਲੋਂ ਸਤਿਕਾਰ ਦੀ ਖ਼ਬਰ ਜਮਨਾ ਦੇ ਉਰਾਰ ਪਾਰ ਦੀ ਦੂਣ ਵਿਚ ਐਉਂ ਧੁੰਮੀ ਜੀਕੂੰ ਦੂਣਾਂ, ਵਾਦੀਆਂ ਵਿਚ ਉੱਚੀ ਆਵਾਜ਼ ਗੂੰਜਦੀ ਹੈ। ਰਾਮਰਾਇ ਜੀ ਨੂੰ ਬੀ ਇਹ ਖਬਰ ਅੱਪੜੀ। ਉਸ ਨੇ ਫਤਹ ਸ਼ਾਹ ਸਿਰੀ ਨਗਰ ਦੇ ਰਾਜੇ ਨੂੰ ਕਹਿ ਘੱਲਿਆ ਕਿ ਭਾਈ ਹੁਣ ਉਸ ਗੱਦੀ ਦੇ ਮਾਲਕ ਆ ਗਏ ਹਨ, ਜਿਸ ਗੱਦੀ ਦਾ ਮੈਂ ਇਕ

ਸੇਵਕ ਹਾਂ; ਚਾਹੇ ਮੇਰਾ ਵਿਰੋਧ ਰਿਹਾ ਹੈ, ਪਰ ਸੱਚ ਸੱਚ ਹੈ ਤੇ ਸੱਚ ਇਹ ਹੈ ਕਿ ਓਹ ਚਸ਼ਮੇ ਸਮਾਨ ਅਗੰਮੀ ਤਾਕਤ ਵਾਲੇ ਹਨ ਤੇ ਮੈਂ ਸਰ ਦੀ ਤਰ੍ਹਾਂ ਉਸ ਚਸ਼ਮੇ ਦੇ ਜਲ ਦਾਨ ਨਾਲ ਜਲ ਵਾਲਾ ਹੋਇਆ ਹਾਂ। ਸੋ ਹੁਣ ਮੈਂ ਕੋਈ ਆਤਮ ਬਲ ਯਾ ਸਰੀਰਕ ਬਲ ਰਾਜੇ ਮੇਦਨੀ ਪ੍ਰਕਾਸ਼ ਦੇ ਵਿਰੁੱਧ ਨਹੀਂ ਲਗਾ ਸਕਾਂਗਾ। ਦੂਸਰੇ, ਤੂੰ ਮੇਰਾ ਹਿਤੂ ਹੈਂ, ਮੈਂ ਤੈਨੂੰ ਮੱਤ ਦਿਆਂਗਾ ਕਿ ਹੁਣ ਵਿਰੋਧ ਛੱਡ ਦੇਹ ਤੇ ਜਿਤਨਾ ਇਲਾਕਾ ਤੂੰ ਜਬਰੀ ਰਾਜੇ ਨਾਹਣ ਦਾ ਮਾਰ ਲਿਆ ਹੈ ਉਹ ਮੋੜ ਦੇਹ, ਨਹੀਂ ਤਾਂ ਉਹ ਤੈਨੂੰ ਛੱਡਣਾ ਪਵੇਗਾ, ਕਿਉਂਕਿ ਦੂਜੇ ਪਾਸੇ ਓਹ ਆ ਗਏ ਹਨ, ਜਿਨ੍ਹਾਂ ਦਾ ਬਿਰਦ ਦੀਨਾ ਦਾ ਬੰਧੂ ਤੇ ਸ਼ਰਨਾਗਤਾਂ* ਨੂੰ ਪਾਲਣ ਵਾਲਾ ਹੈ।

ਰਾਜਾ ਫਤਹ ਸ਼ਾਹ ਬੀ ਸੁਣ ਚੁਕਾ ਸੀ ਕਿ ਗੁਰੂ ਮਹਾਰਾਜ ਜੀ ਸੈਨਾ ਸਮੇਤ ਨਾਹਣ ਆ ਗਏ ਹਨ, ਤੇ ਉਹਨਾਂ ਦੇ ਐਸ਼੍ਵਰਜ ਦੀਆਂ ਧੁੰਮਾਂ ਬੀ ਸੁਣ ਚੁਕਾ ਸੀ। ਰਾਮਰਾਇ ਦਾ ਸੰਦੇਸ਼ਾ ਬੀ ਸੁਣਿਆ। ਇਹ ਬੀ ਜਾਣਦਾ ਸੀ ਕਿ ਮੇਰਾ ਸਾਰਾ ਇਲਾਕਾ ਸਗੋਂ ਟੇਹਰੀ ਦਾ ਖਾਸ ਇਲਾਕਾ ਬੀ ਸਾਰੇ ਸ੍ਰੀ ਰਾਮਰਾਇ ਦੇ ਸਿਖ ਹਨ, ਜੇ ਰਾਮਰਾਇ ਜੀ ਦੀ ਰਾਇ ਬਦਲੀ ਤਾਂ ਮੇਰੀ ਪਰਜਾ ਵਿਚ ਤੇ ਆਂਢ ਗੁਆਂਢ ਵਿਚ ਸੁਖ ਨਹੀਂ ਵਰਤੇਗਾ। ਸੋ ਉਸ ਨੇ ਮੇਦਨੀ ਪ੍ਰਕਾਸ਼ ਦੇ ਜਬਰੀ ਦੱਬੇ ਹੋਏ ਇਲਾਕੇ ਨੂੰ ਛੱਡ ਦਿੱਤਾ। ਮੇਦਨੀ ਪ੍ਰਕਾਸ਼ ਇਹ ਪ੍ਰਤੱਖ ਕਰਾਮਾਤ ਵੇਖਕੇ ਤੇ ਆਪਣੇ ਨਾ ਕੇਵਲ ਗਏ ਇਲਾਕੇ ਦੀ ਮੋੜੀ ਨੇ, ਬਲਕਿ ਰਾਜ ਸਾਜ ਸਾਰੇ ਹੀ ਦੇ ਚਲੇ ਜਾਣ ਦੇ ਭੈ ਦੀ ਨਵਿਰਤੀ ਨੇ ਹੋਰ ਖੁਸ਼ੀ ਦਿੱਤੀ ਤੇ ਸਤਿਗੁਰ ਜੀ ਦੀ ਸੇਵਾ ਹੋਰ ਚਾਉ ਨਾਲ ਕਰਨ ਲੱਗਾ। ਫਤੇ ਸ਼ਾਹ ਵਲੋਂ ਬੀ ਗੁਰੂ ਜੀ ਦੇ ਹਜ਼ੂਰ ਇਕ ਏਲਚੀ ਆਇਆ ਤੇ ਕੁਛ ਨਜ਼ਰਾਨਾ ਲਿਆਇਆ, ਜਿਸ ਵਿਚ ਆਪਣੇ ਮਨ ਦੀ ਸ਼ੁਧ ਭਾਵਨਾ ਤੇ ਗੁਰੂ ਜੀ ਨਾਲ ਪਿਆਰ ਵਾਕ ਲਿਖੇ ਸਨ। ਇਸ ਏਲਚੀ ਦੇ ਆਦਰ ਨਾਲ ਵਿਦਾ ਹੋਣ ਮਗਰੋਂ ਸਤਿਗੁਰੂ

*ਜੋ ਗਰੀਬਾਂ ਨਾਲ ਸਾਕਾਂ ਵਾਲਾ ਪਿਆਰ ਕਰੇ, ਓਹ ਦੀਨਾ ਬੰਧੂ ਤੇ ਜੋ ਕਿਸੇ ਪਾਸ ਉਸ ਦਾ ਆਸਰਾ ਲੈਣ ਲਈ ਆਵੇ, ਉਸ ਨੂੰ ਸ਼ਰਨਾਗਤ ਕਹੀਦਾ ਹੈ।

ਜੀ ਨੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਫਤੇ ਸ਼ਾਹ ਦੇ ਪਾਸ ਘੱਲਿਆ। ਮਾਮਾ ਜੀ ਨੇ ਰਾਜਾ ਜੀ ਨੂੰ ਗੁਰੂ ਜੀ ਦਾ ਆਸ਼ਾ ਬਹੁਤ ਅੱਛੀ ਤਰ੍ਹਾਂ ਸਮਝਾਇਆ, ਕਿ ਉਹ ਰਾਜਿਆਂ ਦਾ ਪਰਸਪਰ ਲੜਨਾ ਪਸੰਦ ਨਹੀਂ ਕਰਦੇ, ਤੁਹਾਡਾ ਮਿਲ ਬੈਠਣਾ ਤੇ ਮਿਲ ਵਰਤਣਾ ਦੇਸ਼ ਤੇ ਪਰਜਾ ਲਈ ਸੁਤੰਤ੍ਰਤਾ ਦਾ ਹੁਕਮ ਰਖਦਾ ਹੈ। ਤੁਸੀਂ ਦੇਸ਼ ਵਿਚ ਕਈ ਸੌ ਐਸੇ ਹੋ ਜੋ ਰਾਜੇ ਮਹਾਰਾਜੇ, ਰਾਣੇ ਤੇ ਰਾਉ ਸਦਾਉਂਦੇ ਹੋ, ਸ਼ਸਤ੍ਰ ਤੇ ਸੈਨਾ ਰਖਦੇ ਹੋ, ਨਾ ਮਿਲ ਬੈਠਣ ਕਰਕੇ ਆਪੋ ਵਿਚ ਫੁਟੇ ਪਏ ਹੋ ਤੇ ਪਰਾਧੀਨ* ਹੋ ਕਿਉਂ ਤੁਸੀਂ ਪਿਆਰ ਨਾਲ ਨਾ ਰਹੋ ਜੋ ਸਭ ਦਾ ਬਲ ਵਧੇ। ਇਸ ਉਪਦੇਸ਼ ਨਾਲ ਫਤੇ ਸ਼ਾਹ ਗੁਰੂ ਜੀ ਦਾ ਪ੍ਰੇਮੀ ਹੋ ਗਿਆ। ਉਧਰ ਰਾਜਾ ਮੇਦਨੀ ਪ੍ਰਕਾਸ਼ ਨੂੰ ਗੁਰਾਂ ਨੇ ਤਿਆਰ ਕਰ ਰਖਿਆ ਸੀ, ਜਦੋਂ ਫਤੇ ਸ਼ਾਹ ਆਪ ਦੇ ਦਰਸ਼ਨਾਂ ਨੂੰ ਆਇਆ ਤਾਂ ਮੇਲਣਹਾਰ ਸਤਿਗੁਰੂ ਜੀ ਨੇ ਮਾਮਾ ਜੀ ਨੂੰ ਵਿਚ ਪੁਵਾ ਕੇ ਸੁਲ੍ਹਾ ਕਰਾ ਦਿੱਤੀ। ਦੋਵੇਂ ਆਪੋ ਵਿਚ ਮਿਤ੍ਰ ਹੋ ਗਏ ਤੇ ਦੋਵੇਂ ਆਪਣੀ ਵਧੀ ਤਾਕਤ ਵੇਖ ਕੇ ਸਤਿਗੁਰੂ ਜੀ ਦੀ ਸੇਵਾ ਕਰਨ ਲਗ ਪਏ।

ਰਾਜੇ ਮੇਦਨੀ ਪ੍ਰਕਾਸ਼ ਨੇ ਹੁਣ ਸਤਿਗੁਰਾਂ ਦਾ ਨਿਵਾਸ ਪੱਕੀ ਤਰ੍ਹਾਂ ਆਪਣੇ ਦੇਸ਼ ਵਿਚ ਚਾਹਿਆ ਤੇ ਡੇਰਾ ਪੱਕਾ ਲਾਉਣ ਵਾਸਤੇ ਸ਼ਿਕਾਰ ਕਰਦਾ ਸੁਹਣੇ ਸੁਹਣੇ ਟਿਕਾਣੇ ਦਿਖਾਉਣ ਲਗ ਪਿਆ। ਇਕ ਦਿਨ ਸੈਰ ਕਰਦੇ ਸਤਿਗੁਰੂ ਜੀ ਨੇ ਜਮਨਾ ਦੇ ਕਿਨਾਰੇ ਇਕ ਥਾਂ ਪਸੰਦ ਕੀਤੀ ਜੋ ਅਤਿ ਰਮਣੀਕ ਸੀ। ਇਸ ਜਗ੍ਹਾ ਸਤਿਗੁਰੂ ਜੀ ਦੇ ਨਿਵਾਸ ਵਾਸਤੇ ਇਕ ਮਕਾਨ ਤੇ ਸੰਗਤਾਂ ਵਾਸਤੇ ਡੇਰੇ ਤੇ ਇਕ ਰੱਖਿਆ ਵਾਸਤੇ ਕੋਟ ਦੀ ਸ਼ਕਲ ਦਾ ਕਿਲ੍ਹਾ ਰਚਣੇ ਦੀ ਸਲਾਹ ਹੋਈ। ਰਾਜੇ ਮੇਦਨੀ ਪ੍ਰਕਾਸ਼ ਨੇ ਇਸ ਕਾਰਜ ਲਈ ਆਪਣੇ ਦੇਸ਼ ਦੇ ਰਾਜ ਮਜੂਰ ਲਾ ਦਿੱਤੇ, ਨਾਲ ਗੁਰੂ ਕੀਆਂ ਕੁਛ ਫੌਜਾਂ ਵੀ ਲਗ ਪਈਆਂ ਤੇ ਇਮਾਰਤਾਂ ਬਣਨ ਲਗ ਪਈਆਂ ਅਰ ਸਤਿਗੁਰੂ ਜੀ ਹੁਣ ਆਪਣੀ ਸਾਰੀ ਫੌਜ ਤੇ ਸੰਗਤਾਂ ਦਾ ਡੇਰਾ

*ਦੂਸਰੇ ਦੇ ਵੱਸ ਵਿਚ ਪੈ ਜਾਣਾ ਹੁੰਦਾ ਹੈ ਪਰਾਧੀਨ ਹੋਣਾ।

ਇਥੇ ਲੈ ਆਏ! ਏਸ ਟਿਕਾਣੇ ਦਾ ਨਾਉਂ ਸ੍ਰੀ ਗੁਰੂ ਜੀ ਨੇ 'ਪਾਉਂਟਾ' ਰਖਿਆ ਜਿਥੇ ਹੁਣ ਸੁਹਣਾ ਗੁਰ ਧਾਮ ਹੈ, ਤੇ 'ਪਾਉਂਟਾ' ਸਾਹਿਬ, ਕਰਕੇ ਸਦੀਂਦਾ ਹੈ।

❖❖❖

## ੫੫. ਪਾਉਂਟਾ ਸਾਹਿਬ।

**ਜਮਨਾਂ** ਪਹਾੜਾਂ ਵਿਚੋਂ ਨਿਕਲਦੀ, ਡੇਹਰੇ ਤੇ ਨਾਹਣ ਦੀਆਂ ਦੂਣਾਂ ਵਿਚਦੀ ਲੰਘਦੀ ਜਦ ਮੈਦਾਨਾਂ ਵਿਚ ਵੜਨ ਲਗਦੀ ਹੈ ਤਦ ਇਕ ਸੁਹਣਾ ਵਲ ਖਾ ਕੇ ਵਗਦੀ ਡਾਢੀ ਸੁਹਣੀ ਲਗਦੀ ਹੈ। ਇਸ ਟਿਕਾਣੇ ਕਲਗੀਆਂ ਵਾਲੇ ਸਤਿਗੁਰ ਜੀ ਨੇ ਆਨੰਦਪੁਰ ਤੋਂ ਨਾਹਨ ਰਾਜ ਵਿਚ ਆਕੇ ਡੇਰਾ ਲਾਇਆ ਸੀ। ਇਸ ਥਾਂ ਨੂੰ ਵੇਖ ਕੇ ਸਮਝ ਆਉਂਦੀ ਹੈ ਕਿ ਸ੍ਰੀ ਗੁਰੂ ਜੀ ਕੁਦਰਤੀ ਸੁੰਦਰਤਾ ਦੇ ਕੇਡੇ ਸਮਝਣ ਵਾਲੇ ਤੇ ਕਦਰ ਕਰਨ ਵਾਲੇ ਸਨ। ਰਾਜੇ ਮੇਦਨੀ ਪ੍ਰਕਾਸ਼ ਦੇ ਲਾਏ ਕਾਰੀਗਰਾਂ ਤੇ ਨਾਲ ਰਲ ਕੇ ਕੰਮ ਕਰਨ ਵਾਲੇ ਗੁਰੂ ਕੇ ਫੌਜੀਆਂ ਨੇ, ਲਿਖਿਆ ਹੈ ਕਿ, ੧੨ ਦਿਨਾਂ ਵਿਚ ਸਭ ਕੁਝ ਤਿਆਰ ਕਰ ਲਿਆ ਸੀ।

ਪੱਥਰ ਦਾ ਰਚਿਆ ਕੋਟ, ਤੇ ਹੋਰ ਰਿਹਾਇਸ਼ੀ ਟਿਕਾਣੇ ਤਿਆਰ ਹੋ ਗਏ। ਵਿਚ ਇਕ ਪੱਕਾ ਸਥਾਨ ਗੁਰੂ ਜੀ ਲਈ ਰਚਿਆ ਗਿਆ, ਜੋ ਹੁਣ ਪਾਉਂਟੇ ਸਾਹਿਬ ਦਾ ਗੁਰਦੁਆਰਾ ਹੈ। ਕੱਚੇ ਸਥਾਨ ਕੋਟ ਆਦਿ ਮਗਰੋਂ ਸਮਾਂ ਪਾ ਕੇ ਢੈ ਗਏ ਸਨ। ਨਗਰ ਪਾਉਂਟਾ ਹੁਣ ਤਕ ਵਸਦਾ ਪਿਆ ਹੈ। ਹੋਰ ਟਿਕਾਣੇ ਹੁਣ ਬਣੇ ਤੇ ਬਣ ਰਹੇ ਹਨ।

ਜਦੋਂ ਸਭ ਰਹਿਣ ਬਹਿਣ ਦੇ ਟਿਕਾਣੇ ਬਣ ਗਏ ਤਾਂ ਏਥੇ ਸਤਿਗੁਰਾਂ ਦੇ ਪਰਵੇਸ਼ ਦਾ ਦਿਨ ਆਇਆ : ਪਰਵੇਸ਼ ਆਖਦੇ ਹਨ ਵਿਚ ਆਕੇ ਵੱਸ ਪੈਣ ਨੂੰ। ਪਹਿਲਾਂ ਸਤਿਗੁਰੂ ਜੀ ਆਪ ਤੇ ਡੇਰਾ ਲਾਗੇ ਹੀ ਤੰਬੂਆਂ ਵਿਚ ਰਿਹਾ ਕਰਦੇ ਸਨ। ਪਰਵੇਸ਼ ਵਾਲੇ ਦਿਨ ਰਾਜਾ ਆਪ ਆਇਆ ਤੇ ਬੜੇ ਚਾਉ ਤੇ ਖੁਸ਼ੀਆਂ ਨਾਲ ਡੱਠਣੀ ਹੋਈ। ਡੱਠਣੀ ਆਖਦੇ ਹਨ ਕਿਸੇ ਮਕਾਨ ਵਿਚ ਪ੍ਰਵੇਸ਼ ਕਰਨ ਦੇ ਚਾਉ, ਖੁਸ਼ੀਆਂ ਅਰਦਾਸੇ ਮੰਗਲ ਕਰਨੇ ਨੂੰ। ਇਸ ਨੂੰ ਪੜ੍ਹੇ ਹੋਏ ਲੋਕ 'ਜੱਠ' ਆਖਦੇ ਹਨ।

ਇਸ ਤੋਂ ਮਗਰੋਂ ਰਾਜਾ ਕੁਛ ਦਿਨ ਹੋਰ ਪਾਉਂਟੇ ਰਿਹਾ ਤੇ ਗੁਰੂ ਜੀ ਨਾਲ ਸੈਰ, ਸ਼ਿਕਾਰ ਨੂੰ ਚੜ੍ਹਦਾ ਰਿਹਾ। ਅਖੀਰ ਓਹ ਆਪਣੀ ਰਾਜਧਾਨੀ 'ਨਾਹਨ' ਨੂੰ ਵਿਦਾ ਹੋਇਆ, ਗੁਰੂ ਜੀ ਨੇ ਸਿਰੋਪਾਉ ਦਿੱਤਾ ਤੇ ਅਸੀਸ ਦਿੱਤੀ, ਨਾਲ ਇਹ ਹੌਂਸਲਾ ਬਨ੍ਹਾਇਆ ਕਿ ਸਾਡੀ ਵਲੋਂ ਹਰ ਤਰ੍ਹਾਂ ਦੀ ਸਹਾਇਤਾ ਲੋੜ ਪਈ ਤੁਸਾਂ ਨੂੰ ਪੁੱਜੇਗੀ। ਰਾਜਾ ਬੀ ਮੱਥੇ ਟੇਕਦਾ, ਭੇਟਾ ਚਰਨਾਂ ਵਿਚ ਧਰਦਾ; ਪੂਰੇ ਸਿਦਕ ਨਾਲ ਟੁਰ ਗਿਆ।

ਗੁਰੂ ਜੀ ਦੇ ਪਾਉਂਟੇ ਟਿਕ ਜਾਣ ਦੀ ਖਬਰ ਗੁਰ ਸਿਖੀ ਵਿਚ ਦੂਰ ਦੂਰ ਤੀਕ ਫੈਲ ਗਈ। ਚਾਹੇ ਇਹ ਟਿਕਾਣਾ ਇਕਲਵਜੇ ਜਿਹੇ ਸੀ, ਫੇਰ ਬੀ ਸੰਗਤਾਂ ਦਾ ਪ੍ਰੇਮ ਉਹਨਾਂ ਨੂੰ ਇਧਰ ਲੈ ਜਾਣ ਲੱਗ ਪਿਆ। ਗੁਰੂ ਜੀ ਦੇ ਸਤਿਸੰਗ ਦਾ ਦਰਬਾਰ ਸੁਹਣੀ ਤਰ੍ਹਾਂ ਲਗਦਾ। ਆਸਾ ਦੀ ਵਾਰ ਦੇ ਦੀਵਾਨ ਤੇ ਸੰਝਾਂ ਦੇ ਸੋਦਰ ਦੇ ਦੀਵਾਨ ਸੁਹਣੀ ਤਰ੍ਹਾਂ ਸਜਦੇ।

ਸੋ ਇਕ ਪਾਸੇ ਤਾਂ ਸਤਿਸੰਗ ਦਾ ਪਰਵਾਹ ਰੌਣਕ ਨਾਲ ਟੁਰ ਪਿਆ ਸੀ, ਜਿਥੇ ਕਿ ਪੈਰਾਂ ਵਿਚ ਜਮਨਾਂ ਆਪਣੇ ਅਝੱਲਵੇਂ ਜੋਬਨ ਵਿਚ ਵਹਿ ਰਹੀ ਸੀ, ਨਾਲ ਹੀ ਸਤਿਗੁਰੂ ਜੀ ਨੇ ਆਪਣਾ ਬੀਰ ਰਸੀ ਸਾਮਾਨ ਬੀ ਵਧਾਉਣਾ ਸ਼ੁਰੂ ਕੀਤਾ। ਜੰਗਲਾਂ ਵਿਚ ਸ਼ਿਕਾਰ ਚੜ੍ਹਦੇ ਹਨ, ਗੁਲਦਾਰ ਸ਼ੇਰ* ਤੇ ਹੋਰ ਹਿੰਸਕ ਪਸ਼ੂਆਂ ਦਾ ਸ਼ਿਕਾਰ ਕਰਦੇ ਹਨ। ਹਿੰਸਕ ਉਹਨਾਂ ਪਸ਼ੂਆਂ ਨੂੰ ਆਖਦੇ ਹਨ ਜੋ ਹੋਰ ਜਨੌਰਾਂ ਤੇ ਮਨੁੱਖਾਂ ਨੂੰ ਮਾਰ ਲੈਂਦੇ ਹਨ, ਜੀਕੂੰ ਸ਼ੇਰ, ਚਿਤਰੇ, ਬਘਿਆੜ ਆਦਿਕ ਹੁੰਦੇ ਹਨ।

ਜੇ ਕੋਈ ਜੁਆਨ ਨੌਕਰੀ ਕਰਨ ਆਉਂਦੇ ਹਨ ਤਾਂ ਗੁਰੂ ਜੀ ਰੱਖ ਲੈਂਦੇ ਹਨ। ਏਥੇ ਨਵੇਂ ਸਿਰੇ ਫੌਜ ਭਰਤੀ ਕਰਨੀ ਸ਼ੁਰੂ ਕਰ ਦਿੱਤੀ। ਜੇ ਕੋਈ ਤਕੜੇ ਪਲੇ ਹੋਏ ਸੁਹਣੇ ਤੇ ਚਲਾਕ ਘੋੜੇ ਨੂੰ ਲੈ ਆਉਂਦਾ ਤਾਂ ਆਪ ਜੀ ਮੁੱਲ ਲੈ ਲੈਂਦੇ ਤੇ ਆਪਣੇ ਸਵਾਰ ਸਿਪਾਹੀਆਂ ਨੂੰ ਦੇ ਦੇਂਦੇ ਕਿ ਫੌਜੀ

*ਸਿਵਾਲਕ ਤੇ ਨਾਲ ਦੇ ਜੰਗਲਾਂ ਵਿਚ ਗੋਲਧਾਰੀ ਦਾ ਸ਼ੇਰ ਬਹੁਤ ਹੈ ਉਸ ਨੂੰ ਗੁਲਦਾਰ ਆਖਦੇ ਹਨ।

ਚਾਲਾ ਘੋੜਿਆਂ ਨੂੰ ਸਿਖਾਲੀ ਜਾਣ। ਇਸ ਤਰ੍ਹਾਂ ਪਾਉਂਟੇ ਰੌਣਕਾਂ ਲੱਗ ਗਈਆਂ, ਬਜ਼ਾਰ ਬੀ ਪੈ ਗਿਆ ਤੇ ਹਰ ਤਰ੍ਹਾਂ ਚਹਿਲ ਪਹਿਲ ਹੋ ਗਈ।

❖❖❖

## ੫੬. ਸ੍ਰੀ ਰਾਮ ਰਾਇ ਜੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਡੇ ਦਸਵੇਂ ਗੁਰੂ ਜੀ ਸਨ। ਨੌਵੇਂ ਗੁਰੂ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਸਨ। ਅੱਠਵੇਂ ਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਸਨ ਤੇ ਸਤਵੇਂ ਸ੍ਰੀ ਗੁਰੂ ਹਰਿ ਰਾਇ ਜੀ ਸਨ। ਅੱਠਵੇਂ ਗੁਰੂ ਜੀ ਸਤਵੇਂ ਗੁਰੂ ਜੀ ਦੇ ਬੇਟੇ ਸਨ। ਉਹਨਾਂ ਦੇ ਅਰਥਾਤ ਸਤਵੇਂ ਗੁਰੂ ਹਰਿ ਰਾਇ ਜੀ ਦੇ ਇਕ ਹੋਰ ਬੇਟੇ ਬੀ ਸਨ, ਉਹਨਾਂ ਦਾ ਨਾਉਂ ਸੀ ਸ੍ਰੀ ਰਾਮ ਰਾਇ ਜੀ, ਏਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਤੋਂ ਉਮਰਾ ਵਿਚ ਵਡੇ ਸਨ, ਪਰ ਇਹਨਾਂ ਨੂੰ ਸਤਵੇਂ ਗੁਰੂ ਜੀ ਨੇ ਗੱਦੀ ਨਹੀਂ ਸੀ ਦਿੱਤੀ। ਕਿਉਂ?

ਇਸ ਦਾ ਕਾਰਣ ਇਹ ਸੀ ਕਿ ਇਕ ਵੇਰ ਔਰੰਗਜ਼ੇਬ ਪਾਤਸ਼ਾਹ ਨੇ ਗੁਰੂ ਹਰਿ ਰਾਇ ਜੀ ਨੂੰ ਸੱਦ ਘੱਲਿਆ ਸੀ। ਆਪ ਨੇ ਆਪਣੇ ਬੇਟੇ ਸ੍ਰੀ ਰਾਮ ਰਾਇ ਜੀ ਨੂੰ ਘੱਲ ਦਿੱਤਾ ਸੀ। ਰਾਮ ਰਾਇ ਜੀ ਚੋਖੀ ਮੁੱਦਤ ਸ਼ਾਹੀ ਦਰਬਾਰ ਵਿਚ ਰਹੇ, ਤਦੋਂ ਉਥੇ ਕਈ ਵਾਰਤਾ ਵਰਤੀਆਂ ਤੇ ਕਈ ਕਰਾਮਾਤਾਂ ਸ੍ਰੀ ਰਾਮ ਰਾਇ ਜੀ ਨੇ ਦੱਸੀਆਂ। ਇਕ ਦਿਨ ਪਾਤਸ਼ਾਹ ਨੇ ਪੁੱਛਿਆ ਕਿ ਰਾਮ ਰਾਇ ਜੀ! ਗੁਰੂ ਨਾਨਕ ਸਾਹਿਬ ਜੀ ਨੇ ਇਹ ਤੁਕ ਕਿਉਂ ਉਚਾਰੀ ਹੈ :-

'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।'

ਤਦ ਰਾਮ ਰਾਇ ਜੀ ਨੇ ਕਿਹਾ-ਨਹੀਂ ਜੀ ਤੁਕ ਦਾ ਪਾਠ ਐਉਂ ਹੈ, 'ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ'।

ਪਾਤਸ਼ਾਹ ਤਾਂ ਖੁਸ਼ ਹੋ ਗਿਆ, ਪਰ ਜਦ ਇਹ ਖਬਰ ਗੁਰੂ ਹਰਿ ਰਾਇ ਜੀ ਨੂੰ ਪਹੁੰਚੀ ਤਦ ਓਹ ਖੁਸ਼ ਨਾ ਹੋਏ, ਪਾਤਸ਼ਾਹ ਨੂੰ ਖੁਸ਼ ਕਰਨ ਖਾਤਰ ਤੁਕ ਨੂੰ ਬਦਲਣਾ ਤੇ ਉਸ ਤੋਂ ਡਰਦਿਆਂ ਸਚ ਨੂੰ ਲੁਕਾਉਣਾ, ਗੁਰੂ

ਜੀ ਨੇ ਦਿਲ ਦੀ ਨਤਾਕਤੀ ਸਮਝੀ, ਜਿਸਨੂੰ ਪੜ੍ਹੇ ਲਿਖੇ ਇਖ਼ਲਾਕੀ ਕਮਜ਼ੋਰੀ ਆਖਦੇ ਹਨ।

ਗੁਰੂ ਜੀ ਨੇ ਆਪਣੀ ਗੱਦੀ ਦੇਣੀ ਸੀ ਉਸਨੂੰ ਜੋ ਸੱਚ ਦੀ ਖ਼ਾਤਰ ਜੇ ਲੋੜ ਪਵੇ ਤਾਂ, ਸੀਸ ਬੀ ਦੇ ਦੇਵੇ, ਜਿਵੇਂ ਉਹਨਾਂ ਤੋਂ ਪਹਿਲੋਂ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਸੱਚ ਦੀ ਖਾਤਰ ਕਈ ਦੁੱਖ ਸਹਾਰ ਕੇ ਜਾਨ ਦੇ ਚੁਕੇ ਸੇ। ਫੇਰ ਉਹਨਾਂ ਤੋਂ ਮਗਰੋਂ ਨੌਵੇਂ ਸਤਿਗੁਰੂ ਜੀ ਨੇ ਸੱਚ ਦੀ ਖ਼ਾਤਰ ਦਿੱਲੀ ਵਿਚ ਸੀਸ ਦਿੱਤਾ ਸੀ।

ਸੋ ਗੁਰੂ ਸਤਵੇਂ ਪਾਤਸ਼ਾਹ ਨੇ ਗੱਦੀ ਆਪਣੇ ਛੋਟੇ ਪੁੱਤ੍ਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਤੀ ਸੀ ਤੇ ਸ੍ਰੀ ਰਾਮ ਰਾਇ ਜੀ ਦੇਸ ਛੋੜ ਕੇ ਪੂਰਬ ਵਿਚ ਪਹਾੜੀ ਇਲਾਕੇ ਦੂਨ ਵਿਚ ਜਾ ਰਹੇ ਸਨ। ਜਿਸ ਥਾਂ ਦਾ ਨਾਂ ਉਹਨਾਂ ਦੇ ਨਾਂ ਤੇ ਪੈ ਗਿਆ ਰਾਮ ਰਾਇ ਦੀ ਦੂਨ ਤੇ ਫੇਰ ਉਹਨਾਂ ਦੇ ਚਲਾਣੇ ਮਗਰੋਂ ਪੈ ਗਿਆ 'ਡੇਹਰਾਦੂਨ ਰਾਮਰਾਇ' ਤੇ ਹੁਣ ਰਹਿ ਗਿਆ ਨਿਰਾ 'ਡੇਹਰਾਦੂਨ'।

ਤਦ ਤੋਂ ਸ੍ਰੀ ਰਾਮਰਾਇ ਜੀ ਐਥੇ ਵਸਦੇ ਸਨ ਤੇ ਏਸ ਸਾਰੇ ਇਲਾਕੇ ਵਿਚ ਉਹਨਾਂ ਦੀ ਸਿਖੀ ਫੈਲ ਗਈ ਸੀ। ਰਾਜਾ ਫਤੇ ਚੰਦ ਗੜ੍ਹਵਾਲੀਆ ਬੀ ਸਤਿਕਾਰ ਕਰਦਾ ਸੀ। ਇਹ ਥਾਂ ਜਮਨਾ ਦੇ ਉਸ ਟਿਕਾਣਿਓਂ, ਜਿਥੇ ਪਾਉਂਟਾ ਵੱਸਿਆ ਸੀ, ਪੂਰਬ ਵੱਲ ਸੀ ਜੋ ਪਾਉਂਟੇ ਵਾਲੇ ਪਾਸਿਉਂ ਜਮਨਾ ਪਾਰ ਹੋ ਕੇ ਪੰਝੀ ਕੁ ਮੀਲ ਹੋਸੀ।

ਸ੍ਰੀ ਰਾਮਰਾਇ ਜੀ ਨੂੰ ਹੁਣ ਖ਼ਬਰਾਂ ਪੁਜ ਗਈਆਂ ਸਨ ਕਿ ਜਮਨਾਂ ਪਾਰ ਗੁਰੂ ਗਾਦੀ ਦੇ ਮਾਲਕ ਦੇ ਡੇਰੇ ਆ ਲੱਗੇ ਹਨ। ਉਹ ਜਾਣਦੇ ਸਨ ਕਿ ਮੇਰੇ ਤੇ ਪਿਤਾ-ਗੁਰੂ ਪ੍ਰਸੰਨ ਨਹੀਂ ਗਏ, ਇਸ ਤੋਂ ਇਹ ਬੀ ਸਮਝਦੇ ਸਨ ਕਿ ਉਸ ਗੱਦੀ ਦੇ ਮਾਲਕ ਬੀ ਮੇਰੇ ਨਾਲ ਪ੍ਰਸੰਨ ਨਹੀਂ ਹੋ ਸਕਦੇ। ਇਸ ਲਈ ਲਿਖਿਆ ਹੈ ਕਿ ਉਹਨਾਂ ਦਾ ਚਿਤ ਤੌਖਲਾ ਕਰਦਾ ਸੀ ਕਿ ਕਿਸੇ ਵੇਲੇ ਗੱਦੀ ਦੇ ਮਾਲਕ ਗੁਰੂ ਜੀ ਹੱਲਾਨਾ ਬੋਲ ਦੇਣ, ਕਿਉਂਕਿ ਉਹ ਸ਼ਸਤ੍ਰਧਾਰੀ ਤੇ ਸੈਨਾ ਪਤੀ ਬੀ ਹਨ।

ਸ੍ਰੀ ਰਾਮਰਾਇ ਜੀ ਦਾ ਰਵਈਆ ਫਕੀਰਾਨਾ ਸੀ, ਅਰਥਾਤ ਸਾਧੂਆਂ ਵਾਂਙੂ ਰਹਿੰਦੇ ਸਨ। ਆਪ ਨੇ ਕੋਈ ਸੂਰਮੇ ਯਾ ਸਿਪਾਹੀ ਨਹੀਂ

ਸਨ ਰਖੇ ਹੋਏ। ਉਂਞ ਔਰੰਗਜ਼ੇਬ ਆਪ ਤੇ ਪ੍ਰਸੰਨ ਸੀ, ਉਸ ਨੇ ਆਪਨੂੰ ਜ਼ਮੀਨਾਂ ਤੇ ਜਾਗੀਰਾਂ ਦੇ ਰਖੀਆਂ ਸਨ, ਜਿਨ੍ਹਾਂ ਦੇ ਪਟੇ ਤੇ ਹੋਰ ਦਾਤਿਆਂ ਦੇ ਪਟੇ ਹੁਣ ਤਕ ਉਸ ਗੱਦੀ ਦੇ ਮਹੰਤਾਂ ਪਾਸ ਹੈਨ*।

ਸ੍ਰੀ ਰਾਮ ਰਾਇ ਜੀ ਨੂੰ ਕੁਛ ਆਪਣੇ ਮਸੰਦਾਂ ਤੋਂ ਬੀ ਤੌਖਲੇ ਸਨ ਕਿ ਕਿਸੇ ਵੇਲੇ ਦੁੱਖ ਨਾ ਖੜੇ ਕਰ ਦੇਣ। ਇਸ ਕਰਕੇ ਸੂਰਮੇ ਚਾਚੇ ਨਾਲ ਮੇਲ ਲੋਚਦੇ ਹਨ।

ਇਕ ਦਿਨ ਸ੍ਰੀ ਰਾਮ ਰਾਇ ਜੀ ਨੇ ਆਪਣੇ ਇਕ ਇਤਬਾਰੀ ਮਸੰਦ ਨੂੰ, ਜਿਸਦਾ ਨਾਉਂ ਗੁਰਦਾਸ ਸੀ, ਇਕਲਵੰਜੇ ਸੱਦਿਆ ਕਿ ਦਿਲ ਦੀ ਗਲ ਬਾਤ ਕਰਕੇ ਸਲਾਹ ਲੈਣ। ਇਹ ਗੁਰਦਾਸ ਉਹ ਭਾਈ ਗੁਰਦਾਸ ਨਹੀਂ ਸੀ ਜਿਸ ਦੀਆਂ ਵਾਰਾਂ ਤੇ ਕਬਿਤ ਸ੍ਰਯੇ ਹਨ, ਪਰ ਇਹ 'ਮਸੰਦ ਗੁਰਦਾਸ' ਸੀ ਜੋ ਸ੍ਰੀ ਰਾਮ ਰਾਇ ਜੀ ਦਾ ਮਸੰਦ ਸੀ।

ਮਸੰਦ ਨੇ ਸਾਰੀ ਗੱਲ ਬਾਤ ਸ੍ਰੀ ਰਾਮ ਰਾਇ ਜੀ ਤੋਂ ਸੁਣ ਕੇ ਧੀਰਜ ਦਿੱਤਾ ਤੇ ਕਿਹਾ ਕਿ ਉਹ ਗੱਦੀ ਆਪ ਦੇ ਬਜ਼ੁਰਗਾਂ ਦੀ ਬੜੀ ਗੰਭੀਰ ਗੱਦੀ ਹੈ। ਗੰਭੀਰ ਆਖਦੇ ਹਨ ਬੜੇ ਵਡੇ ਦਿਲ ਵਾਲੇ ਨੂੰ, ਜਿਸ ਦਾ ਸਹਾਰਾ ਤੇ ਸੋਚ ਬੜੇ ਵਡੇ ਹੋਣ।

ਫੇਰ ਗੁਰੂ ਗੋਬਿੰਦ ਸਿੰਘ ਜੀ ਪੂਰੇ ਗੁਰੂ ਹਨ, ਬੜੇ ਵਡੇ ਦਿਲ ਵਾਲੇ ਹਨ, ਬੜੇ ਦਾਨੇ ਹਨ, ਕੋਈ ਨੀਵੀਂ ਗੱਲ ਉਹਨਾਂ ਤੋਂ ਕਦੇ ਨਹੀਂ ਹੋਈ, ਇਹ ਹੋ ਨਹੀਂ ਸਕਦਾ ਕਿ ਉਹ ਅਚਾਨਕ ਆ ਤੁਹਾਡੇ ਤੇ ਹੱਲਾ ਬੋਲਣ ਤੇ ਕੋਈ ਦੁੱਖ ਦੇਣ। ਪਰ ਭਲਾ ਜੇ ਐਵੇਂ ਸਮਝੀਏ ਕਿ ਐਸਾ ਹੋ ਹੀ ਜਾਵੇ ਤਾਂ ਮੇਰਾ ਵੀਰ-ਤਾਰਾ ਉਹਨਾਂ ਵਰਗਾ ਤੀਰ ਅੰਦਾਜ਼ ਹੈ, ਸਗੋਂ ਕੁਝ ਵੱਧ ਹੀ ਹੈ, ਫਿਕਰ ਨਾ ਕਰੋ ਅਸੀਂ ਹੱਲੇ ਹੋਏ ਤੇ ਜਿੱਤਾਂਗੇ ਹਾਰਾਂਗੇ ਨਹੀਂ। ਜੇ ਔਖਾ ਸਮਾਂ ਆ ਹੀ ਬਣਿਆ ਤਾਂ ਉਸ ਵੇਲੇ ਅਗੇ ਪਹਾੜਾਂ ਵਿਚ ਚੱਲ ਵਸਾਂਗੇ। ਹਾਲੇ ਟਿਕੇ ਰਹੋ ਬੇ-ਚਿੰਤ ਹੋਕੇ ਏਥੇ ਹੀ।

*ਪਟਾ ਕਹਿੰਦੇ ਹਨ ਤਾਂਮੇ ਦੇ ਪਤ੍ਰੇ ਨੂੰ, ਜਿਸ ਪਰ ਪਾਤਸ਼ਾਹਾਂ ਦੇ ਆਗਜਾ ਪਤ੍ਰ ਲਿਖੇ ਹੁੰਦੇ ਸਨ, ਜਿਵੇਂ ਅਜ ਕਲ ਕਾਗਜ਼ਾਂ ਤੇ ਲਿਖਦੇ ਹਨ, ਹੁਣ ਉਹਨਾਂ ਕਾਗਜ਼ਾਂ ਤੇ ਲਿਖਿਆਂ ਨੂੰ ਬੀ ਪਟਾ ਹੀ ਆਖਦੇ ਹਨ।

ਸ੍ਰੀ ਰਾਮ ਰਾਇ ਜੀ ਨੂੰ ਸਲਾਹ ਨੇਕ ਲੱਗੀ। ਕੁਛਕੁ ਸੂਰਮੇ ਮਾਮੂਲੀ ਤਕੜਾਈ ਲਈ ਰਖ ਬੀ ਲਏ। ਕੁਛ ਸੂੰਹੀਏ ਨੌਕਰ ਰਖੇ ਜੋ ਵਾਰੋ ਵਾਰੀ ਪਾਉਂਟੇ ਜਾਂਦੇ ਤੇ ਓਥੋਂ ਦੀ ਖ਼ਬਰ ਸੁਰਤ ਲੈ ਕੇ ਤੇ ਅੱਖੀਂ ਦੇਖੇ ਹਾਲ ਤੇ ਕੰਨੀਂ ਸੁਣੇ ਵਾਕ ਆ ਸੁਣਾਉਂਦੇ।

ਉਧਰ ਸ੍ਰੀ ਗੁਰੂ ਜੀ ਤੋਂ ਇਸ ਹਾਲਤ ਦਾ ਲੁਕੋ ਕਿਵੇਂ ਰਹਿ ਸਕਦਾ ਸੀ। ਸਾਰੀ ਗੱਲ ਬਾਤ ਸ੍ਰੀ ਰਾਮ ਰਾਇ ਜੀ ਦੀ ਸਮਝ ਕੇ ਸ੍ਰੀ ਗੁਰੂ ਜੀ ਨੂੰ ਤਾਂ ਹਾਸਾ ਆਇਆ ਨਾ ਗੁੱਸਾ। ਮਨੁੱਖੀ ਦਿਲਾਂ ਦੀ ਪੀੜਾ ਹਰਨ ਦਾ ਭਾਵ ਜਾਗਿਆ[੧]। ਇਹ ਪਤਾ ਰਹੇ ਕਿ ਸਾਕਾਦਾਰੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਾਚੇ ਸਨ ਤੇ ਸ੍ਰੀ ਰਾਮ ਰਾਇ ਜੀ ਭਤੀਜੇ।

ਗੁਰੂ ਜੀ ਨੇ ਵਿਚਾਰਿਆ ਕਿ ਆਪਣੇ ਭਤੀਜੇ ਜੀ ਦਾ ਭੈ ਦੂਰ ਕਰੀਏ, ਸੋ ਆਪਨੇ ਵਡੇ ਦੋ ਮਾਤਬਰ ਇਕ ਨੰਦ ਚੰਦ ਦੀਵਾਨ, ਤੇ ਦੂਜਾ ਦਇਆ ਰਾਮ ਪ੍ਰੋਹਿਤ ਤਿਆਰ ਕਰਕੇ ਸ੍ਰੀ ਰਾਮ ਰਾਇ ਜੀ ਪਾਸ ਘੱਲੇ ਕਿ ਜਾਕੇ ਸਾਡੀ ਵਲੋਂ ਧੀਰਜ ਦਿਓ ਕਿ "ਅਸੀਂ ਕਿਸੇ ਬੀ ਤਰ੍ਹਾਂ ਆਪ ਜੀ ਨੂੰ ਕੋਈ ਖੇਚਲ ਨਹੀਂ ਦੇਣੀ ਚਾਹੁੰਦੇ। ਤੁਸੀਂ ਸੁਖੀ ਵੱਸੋ ਤੇ ਸਾਡੀ ਵਲੋਂ ਰਤੀ ਭਰ ਤੌਖਲਾ ਨਾ ਕਰੋ। ਗੁਰੂ ਹਿਰਦਾ ਨਿਰਵੈਰ ਹੁੰਦਾ ਹੈ। ਆਪਦੇ ਪਿਤਾ ਗੁਰੂ ਜੀ ਨੇ ਜੋ ਵਰਤਾਉ ਆਪ ਨਾਲ ਕੀਤਾ ਸੀ ਉਹ ਬੀ ਗੁੱਸਾ ਕਿ ਵੈਰ ਭਾਵਨਾ ਨਹੀਂ ਸੀ, ਉਹ ਪਿਤਾ ਦਾ ਪੁਤ੍ਰ ਨੂੰ 'ਸੱਚ ਦ੍ਰਿੜਾਉਣ ਦਾ ਪਿਆਰ' ਸੀ, ਸੋ ਆਪ ਗੁਰੂ ਗੱਦੀ ਵਲੋਂ ਨਿਰਭੈ ਵਸੋ ਤੇ ਸਦਾ ਪਿਆਰ ਦੀ ਆਸ ਰਖੋ।" ਏਹ ਸੁਨੇਹੇ ਲੈ ਕੇ ਜਦ ਦੋਵੇਂ ਏਲਚੀ[੨] ਸ੍ਰੀ ਰਾਮ ਰਾਇ ਜੀ ਨੂੰ ਜਾ ਮਿਲੇ ਤੇ ਸੁਹਣੀ ਤਰ੍ਹਾਂ ਗੱਲ ਬਾਤ ਸਮਝਾਈ ਤਾਂ ਓਹ ਪ੍ਰਸੰਨ ਹੋ ਗਏ ਤੇ ਆਖਣ ਲਗੇ :-

"ਚਚੇ ਹਮਾਰੇ ਥਾਨ ਬਡੇਰੇ।

---

੧. ਅਰਥਾਤ ਉਸ ਦਾ ਤੌਖਲਾ ਦੂਰ ਕਰਨ ਦਾ ਪਿਆਰ ਜੀ ਵਿਚ ਆਇਆ।

੨. ਏਲਚੀ ਆਖਦੇ ਹਨ ਵਡੇ ਪੁਰਖਾਂ ਦੇ ਸੁਨੇਹੇ ਲੈ ਜਾਣ ਵਾਲੇ ਨੂੰ।

ਬੰਦਨ ਕਰਿਬੇ ਉਚਿਤ ਸੁ ਮੇਰੇ।
ਜੇ ਇਮ ਕਰੁਨਾ ਮੋ ਪਰ ਕਰੈਂ।
ਤੌ ਕਿਮ ਫਰਕ ਬਿਧੀ ਉਰ ਧਰੈਂ।
ਜਿਮ ਉਚਰਹਿ ਤਿਮ ਹਮ ਅਨੁਸਰੇ।" (ਸੂ: ਪ੍ਰ:)

ਅਰਥਾਤ-ਗੁਰੂ ਗੋਬਿੰਦ ਸਿੰਘ ਜੀ ਸਾਡੇ ਚਾਚੇ ਹੋਣ ਕਰਕੇ ਵਡੇ ਹਨ, ਸਾਡੇ ਮੱਥਾ ਟੇਕਣ ਦੀ ਥਾਂ ਹਨ, ਜੇ ਮੇਰੇ ਤੇ ਦਇਆ ਕਰਨਗੇ ਤਦ ਮੇਰੇ ਜੀ ਵਿਚ ਕਿਉਂ ਕੋਈ ਵਿੱਥ ਪਵੇਗੀ, ਜਿਵੇਂ ਹੁਕਮ ਕਰਨਗੇ, ਮੈਂ ਆਗਿਆ ਵਿਚ ਰਹਿਸਾਂ।

ਇਸ ਪ੍ਰਕਾਰ ਪ੍ਰਸੰਨ ਹੋ ਕੇ ਸ੍ਰੀ ਰਾਮ ਰਾਇ ਜੀ ਨੇ ਦੋਹਾਂ ਆਦਰ ਯੋਗ ਸਜਨਾਂ ਨੂੰ ਸਿਰੋਪਾਉ ਦੇ ਕੇ ਟੋਰਿਆ, ਉਹਨਾਂ ਨੇ ਪਾਉਂਟੇ ਪਹੁੰਚ ਸਾਰਾ ਹਾਲ ਸ੍ਰੀ ਕਲਗੀਧਰ ਜੀ ਨੂੰ ਕਹਿ ਸੁਨਾਇਆ ਕਿ ਸ੍ਰੀ ਰਾਮ ਰਾਇ ਜੀ ਪ੍ਰਸੰਨ ਹੋ ਗਏ ਹਨ, ਤੌਖਲਾ ਮਿਟ ਗਿਆ ਹੈ ਤੇ ਆਪ ਨਾਲ ਪਿਆਰ ਤੇ ਸਨਮਾਨ ਵਿਚ ਹਨ। ਸਨਮਾਨ ਆਖਦੇ ਹਨ ਇੱਜ਼ਤ ਆਦਰ ਸਤਿਕਾਰ ਨੂੰ।

❖❖❖

# ੫੭. ਪੀਰ ਬੁੱਧੂ ਸ਼ਾਹ ਦਾ ਮਿਲਾਪ।

**ਪਾਉਂਟੇ** ਤੋਂ ਕੋਈ ਪੰਦਰਾਂ ਸੋਲਾਂ ਮੀਲ ਇਕ ਨੱਗਰ ਹੈ, ਜਿਸ ਦਾ ਨਾਉਂ ਹੈ ਸਢੌਰਾ। ਇਹ ਬਹੁਤ ਪੁਰਾਣਾ ਥਾਂ ਹੈ। ਬੋਧੀਆਂ ਦੇ ਸਮੇਂ ਇਹ ਬੁੱਧ ਸਾਧੂਆਂ ਦਾ ਠਿਕਾਣਾ ਸੀ। ਇਥੇ ਤਪੱਸਵੀ ਸਾਧੂ ਬੁੱਧ ਮਤਿ ਦੇ ਰਿਹਾ ਕਰਦੇ ਸਨ। ਤਦੋਂ ਇਸ ਦਾ ਨਾਉਂ ਸੀ 'ਸਾਧੂ ਵਾਰਾ' ਅਰਥਾਤ ਸਾਧੂਆਂ ਦੇ ਰਹਿਣ ਦਾ ਟਿਕਾਣਾ। ਮੁਸਲਮਾਨੀ ਸਮੇਂ ਇਹ ਟਿਕਾਣਾ ਮੁਸਲਮਾਨਾਂ ਦੇ ਹੱਥ ਆਇਆ ਤੇ ਉਹਨਾਂ ਨੇ ਪੁਰਾਣੇ ਸਾਧੂ ਉਜਾੜਕੇ ਆਪਣਾ ਥਾਂ ਬਣਾਇਆ ਤੇ ਨਾਮ ਵਟੀਜ ਕੇ ਸਢੌਰਾ ਹੋ ਗਿਆ। ਜਦੋਂ ਗੁਰੂ ਜੀ ਨੇ ਪਾਉਂਟਾ ਵਸਾਇਆ ਹੈ ਤਦੋਂ ਇਥੇ ਇਕ ਮੁਸਲਮਾਨ ਪੀਰ ਰਹਿੰਦਾ ਸੀ

ਉਸ ਦਾ ਪ੍ਰਸਿੱਧ ਨਾਉਂ ਸੀ ਬੁੱਧੂਸ਼ਾਹ। ਇਹ ਪੀਰ ਮੁਸਲਮਾਨੀ ਈਰਖਾ ਦ੍ਵੈਖ* ਵਾਲਾ ਨਹੀਂ ਸੀ। ਇਹ ਰੱਬ ਜੀ ਦੇ ਰਸਤੇ ਟੁਰਨ ਵਾਲਾ, ਸੁਭਾਉ ਦਾ ਨਰਮ ਤੇ ਦਇਆ ਤੇ ਪਿਆਰ ਵਾਲਾ ਸੀ।

ਇਸ ਨੇ ਸੁਣਿਆਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਜਮਨਾ ਕਿਨਾਰੇ ਆ ਟਿਕੇ ਹਨ ਤੇ ਓਥੇ ਆਪਣਾ ਘਰ ਬਾਰ ਲੈ ਆਏ ਹਨ। ਇਹ ਸੁਣ ਕੇ ਉਸ ਦੇ ਮਨ ਵਿਚ ਉਮੰਗ ਉਠੀ ਕਿ ਦਰਸ਼ਨ ਕਰਾਂ ਤੇ ਮਿਲਾਂ। ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਮਾਲਕ ਜ਼ਰੂਰ ਮੁਕਤੀ ਦਾ ਦਾਤਾ ਹੋਵੇਗਾ। ਮੈਂ ਉਸ ਨੂੰ ਮਿਲਕੇ ਰੱਬ ਜੀ ਦੇ ਰਸਤੇ ਦੀ ਅਗਲੀ ਸੋਝੀ ਲਵਾਂ, ਤਾਂ ਜੋ ਜਿਥੋਂ ਤਕ ਕਿ ਮੈਨੂੰ ਸੋਝੀ ਪਈ ਹੈ ਓਸ ਤੋਂ ਅਗੇ ਟੁਰ ਪਵਾਂ ਤੇ ਅੰਤ ਰੱਬ ਜੀ ਨੂੰ ਪਾ ਲਵਾਂ।

ਇਸ ਤਰ੍ਹਾਂ ਦੀਆਂ ਗਲਾਂ ਸੋਚ ਕੇ ਆਪਣੇ ਮੁਰੀਦ ਕੁਛ ਨਾਲ ਲੈਕੇ ਪਾਉਂਟੇ ਆਇਆ। ਇਕ ਥਾਂ ਡੇਰਾ ਕੀਤਾ। ਪਤਾ ਲਗੋਸੁ ਕਿ ਇਸ ਵੇਲੇ ਗੁਰੂ ਕਾ ਦਰਬਾਰ ਲਗ ਰਿਹਾ ਹੈ ਤੇ ਆਪ ਜੀ ਵਿਚ ਬੈਠੇ ਦਰਸ਼ਨ ਦੇ ਰਹੇ ਤੇ ਸੰਗਤਾਂ ਨੂੰ ਤਾਰ ਰਹੇ ਹਨ। ਸੋ ਬੁਧੂ ਸ਼ਾਹ ਛੇਤੀ ਨਾਲ ਦਰਸ਼ਨ ਕਰਨੇ ਨੂੰ ਆ ਹਾਜ਼ਰ ਹੋਇਆ। ਲਗੇ ਦਰਬਾਰ ਦਾ ਦਰਸ਼ਨ ਕੀਤਾ, ਵਿਚ ਬੈਠੇ ਸਤਿਗੁਰੂ ਜੀ ਵੇਖੇ। ਐਉਂ ਲਗੋਸੁ ਜਿਵੇਂ ਤਾਰਿਆਂ ਦੀ ਸਭਾ ਵਿਚ ਚੰਦ੍ਰਮਾਂ ਸ਼ੋਭਾ ਦੇ ਰਿਹਾ ਹੈ। ਗੁਰੂ ਕਾ ਚਿਹਰਾ ਬਹੁਤ ਪਿਆਰਾ ਲੱਗਾ। ਚਿਹਰੇ ਵਿਚ ਨੂਰ ਡਿੱਠੋਸੁ ਤੇ ਠੰਢ ਠੰਢ ਪਿਆਰ ਪਿਆਰ ਐਉਂ ਦਿੱਸੇ ਜਿਵੇਂ ਸਵੇਰ ਦੇ ਚੜ੍ਹਦੇ ਸੂਰਜ ਵਿਚੋਂ ਮਿੱਠਾ ਚਾਨਣ ਤੇ ਡਲ੍ਹਕ ਡਲ੍ਹਕ ਕਰਦੀ ਸੁੰਦਰਤਾ ਨਿਕਲਦੀ ਹੈ। ਬੁੱਧੂ ਸ਼ਾਹ ਜੋ ਕੁਛ ਭੇਟਾ ਲਿਆਇਆ ਸੀ ਅੱਗੇ ਧਰਕੇ ਚਰਨਾਂ ਤੇ ਸਿਰ ਧਰ ਦਿਤੋਸੁ। ਸ੍ਰੀ ਗੁਰੂ ਜੀ ਨੇ ਸੁਹਣੇ ਹੱਥਾਂ ਨਾਲ ਥਾਪੜਾ ਦਿੱਤਾ ਤੇ ਫੇਰ ਸਿਰ ਤੇ ਹੱਥ ਫੇਰ ਕੇ ਬੈਠਣ ਦੀ ਸੈਨਤ ਕੀਤੀ। ਫੇਰ ਸਾਰੇ ਨਾਲ ਆਏ ਮੁਰੀਦਾਂ ਨੇ ਮੱਥਾ ਟੇਕਿਆ ਤੇ ਗੁਰੂ ਜੀ ਦੇ ਇਸ਼ਾਰੇ ਨਾਲ ਸਾਰੇ ਬੈਠ ਗਏ। ਤਦ ਗੁਰੂ ਜੀ ਨੇ ਸੁਖ ਸਾਂਦ ਪੁੱਛੀ।

*ਆਪਣੇ ਮਤ ਤੋਂ ਦੂਜਿਆਂ ਨਾਲ ਵੈਰ ਕਰਨ ਤੇ ਸਾੜਾ ਰੱਖਣ ਵਾਲਾ।

ਪੀਰ ਜੀ ਬੋਲੇ-ਸਾਹਿਬ ਜੀ! ਮੇਰਾ ਨਾਮ ਬੁੱਧੂ ਸ਼ਾਹ ਹੈ, ਸਢੌਰੇ ਵਸਦਾ ਹਾਂ, ਚਿਰ ਤੋਂ ਸੰਕਲਪ ਸੀ* ਕਿ ਗੁਰੂ ਨਾਨਕ ਗਾਦੀ ਦੇ ਗੱਦੀ ਨਸ਼ੀਨ ਦੇ ਦਰਸ਼ਨ ਕਰਾਂ ਤੇ ਆਪਣੇ ਜਨਮ ਦਾ ਲਾਹਾਂ ਲਵਾਂ। ਹੁਣ ਨੇੜੇ ਆ ਵਸੇ ਸੁਣਕੇ ਮਨ ਨੇ ਕਿਹਾ ਚਲ ਹੁਣੇ ਤੇ ਕਰ ਦਰਸ਼ਨ, ਹੁਣ ਤਾਂ ਜਿਵੇਂ ਲੋਕੀ ਆਖਦੇ ਹਨ-ਗੰਗਾ ਘਰ ਆ ਵਗੀ ਹੈ-ਸਤਿਗੁਰੂ ਕੋਲ ਆ ਗਏ ਹਨ, ਸੋ ਆਪ ਦੇ ਦਰਸ਼ਨਾਂ ਨੂੰ ਆਇਆ ਸੀ। ਪਰ ਦਰਸ਼ਨ ਕਰਦੇ ਸਾਰ ਆਪ ਦਾ ਹੀ ਹੋ ਗਿਆ ਹਾਂ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਪੀਰ ਨੇ ਕਿਹਾ :-

ਅਬ ਹਜ਼ੂਰ ਨੇ ਮੇਲਨਿ ਕੀਨ।
ਬਨਹਿ ਨ ਬਿਛੁਰਨਿ ਮੈ ਲਖਿ ਲੀਨ।
ਐਸੀ ਮਿਲਨੀ ਅਬ ਮਿਲਿ ਗਯੋ।
ਲੇ ਦਰਸਨ ਕੋ ਮਨ ਦੇ ਦਿਯੋ।
ਅਸ ਬਿਵਹਾਰ ਬਿਨਾ ਮੁਖ ਬੋਲੇ।
ਹੋਇ ਚੁਕਜੋ ਤੂਰਨ ਬਿਨ ਤੋਲੇ।
ਜਿਸ ਤੇ ਫੇਰ ਨ ਫਿਰਨਾ ਹੋਇ।
ਬਹੁ ਦਿਨ ਕੋ ਦਾਰਿਦ ਦੁਖ ਖੋਇ।

ਅਰਥ-ਆਪ ਜੀ ਨੇ ਹੁਣ ਐਸਾ ਮੇਲ ਕੀਤਾ ਹੈ, ਕਿ ਮੈਂ ਸਮਝਦਾ ਹਾਂ ਹੁਣ ਫੇਰ ਵਿਛੋੜਾ ਨਹੀਂ ਹੋਣਾ। ਮੈਂ ਐਸ ਤਰ੍ਹਾਂ ਮਿਲ ਗਿਆ ਹਾਂ ਕਿ ਦਰਸ਼ਨ ਲੈ ਕੇ ਮਨ ਆਪ ਨੂੰ ਦੇ ਦਿੱਤਾ ਹੈ। ਇਸ ਤਰ੍ਹਾਂ ਦਾ ਲੈਣ ਦੇਣ ਆਪ ਨਾਲ ਬਿਨਾ ਸੋਚੇ ਵਿਚਾਰੇ ਝੱਟ ਹੋ ਗਿਆ ਹੈ ਜਿਸ ਤੋਂ ਹੁਣ ਬਦਲਣਾ ਹੋ ਨਹੀਂ ਸਕਦਾ, ਮੇਰੇ ਉਮਰਾ ਦੇ ਦੁਖ ਦਲਿਦ੍ਰ ਦੂਰ ਹੋ ਗਏ ਹਨ।

ਇਸ ਪ੍ਰਕਾਰ ਦੀ ਬੇਨਤੀ ਜਦ ਬੁਧੂ ਸ਼ਾਹ ਕਰ ਚੁਕਾ ਤੇ ਸੀਸ ਨਿਵਾਇਆ, ਤਦ ਸ੍ਰੀ ਸਤਿਗੁਰੂ ਜੀ ਨੇ ਫੇਰ ਥਾਪੜਾ ਦਿੱਤਾ ਤੇ ਅਸੀਸ ਦਿੱਤੀ :-

*ਅਰਥਾਤ ਜੀ ਕਰਦਾ ਸੀ।

ਰੱਬ ਨ ਭੁੱਲੀ ਸੁਹਣਿਆ, ਲੱਗਾ ਰਹੋ ਹਮੇਸ਼।
ਰੱਬ ਨਾ ਭੁੱਲੀ ਸੁਹਣਿਆ, ਲੱਗਾ ਰਹੋ ਹਮੇਸ਼।

ਦੋ ਵਾਰ ਕਹਿਕੇ ਪੀਰ ਦੇ ਸਿਰ ਤੇ ਹਥ ਫੇਰ ਕੇ ਤਾਲੂ ਵਾਲੇ ਥਾਂ ਜ਼ਰਾ ਦਬਾਉ ਦੇ ਕੇ ਫੇਰ ਕਿਹਾ 'ਲੱਗਾ ਰਹੋ ਹਮੇਸ਼'।

ਇਸ ਪ੍ਰਕਾਰ ਬਖਸ਼ਿਸ਼ਾਂ ਕੀਤੀਆਂ। ਪੀਰ ਗੁਰੂ ਕਾ ਮੁਰੀਦ ਹੋ ਗਿਆ ਤੇ ਪਿਆਰ ਨਾਲ ਭਿਜਕੇ ਅੰਦਰੋਂ ਬਾਹਰੋਂ ਸੁਖੀ ਹੋ ਗਿਆ।

ਜਦ ਤਕ ਦਰਬਾਰ ਲਗਾ ਰਿਹਾ, ਪੀਰ ਬੈਠਾ ਦਰਸ਼ਨ ਅੰਮ੍ਰਿਤ ਪੀਂਦਾ ਰਿਹਾ, ਅਰਥਾਤ ਦਰਸ਼ਨ ਕਰਦਾ ਬਹੁਤ ਸੁਖੀ ਹੁੰਦਾ ਰਿਹਾ। ਫੇਰ ਗੁਰੂ ਜੀ ਉਠੇ ਤੇ ਏਕਾਂਤ ਚਲੇ ਗਏ, ਪਰ ਨੰਦ ਚੰਦ ਨੂੰ ਆਗਿਆ ਦੇ ਗਏ ਕਿ ਪੀਰ ਸਾਹਿਬ ਦਾ ਡੇਰਾ ਉਹਨਾਂ ਦੇ ਮੁਰੀਦਾਂ ਸਮੇਤ ਸੁਹਣੇ ਥਾਂ ਕਰਵਾਓ ਤੇ ਰਸਦ ਪਾਣੀ ਸੁਖ ਦਾ ਸਾਰਾ ਸਮਿਆਨ ਕਰ ਦਿਓ।

❖❖❖

## ੫੮. ਕਾਲਸੀ ਦਾ ਰਿਖੀ।

**ਇਕ** ਦਿਨ ਸਵੇਰ ਸਾਰ ਸਤਿਗੁਰ ਜੀ ਉਠੇ ਤਾਂ ਕੁਛ ਕਾਹਲੇ ਜਾਪਦੇ ਸਨ। ਸਰਦੀ ਬੀ ਵਧ ਰਹੀ ਸੀ। ਭਾਵੇਂ ਅਜੇ ਪਹਾੜਾਂ ਤੇ ਬਰਫ ਨਹੀਂ ਸੀ ਤੇ ਪਾਲਾ ਚਮਕਿਆ ਨਹੀਂ ਸੀ; ਪਰ ਅੱਗੇ ਤੋਂ ਪਾਲਾ ਵਧੀਕ ਸੀ। ਅੱਜ ਸਵੇਰੇ ਗੁਰੂ ਜੀ ਬਿਸਤਰੇ ਵਿਚੋਂ ਚਿਰਕੇ ਉਠੇ, ਦੀਵਾਨ ਵਿਚ ਬੀ ਚਿਰਕੇ ਅੱਪੜੇ ਸੀ, ਬਹੁਤ ਪਾਲੇ ਦੀ ਅਵਾਜ਼ ਦੇ ਰਹੇ ਸਨ ਤੇ ਕਹਿ ਰਹੇ ਸਨ "ਬੜਾ ਪਾਲਾ ਲਗਦਾ ਹੈ, ਹੱਡ ਕੜਕਦੇ ਹਨ।" ਕਦੇ ਕਦੇ ਕਹਿ ਜਾਂਦੇ ਸਨ "ਉਮਰਾ ਵਡੇਰੀ ਹੋ ਗਈ ਹੈ।" ਸਿਖ ਆਪ ਦੇ ਇਸ ਚੋਜ ਨੂੰ ਸਮਝ ਨਹੀਂ ਰਹੇ ਸਨ, ਪਰ ਕਿਸੇ ਨਵੇਂ ਕੌਤਕ ਦੀ ਉਡੀਕ ਜ਼ਰੂਰ ਲਗ ਪਈ ਸੀ, ਕਿ ਆਪ ਨੇ ਦੀਵਾਨ ਤੋਂ ਉਠਦੇ ਸਾਰ ਵਜ਼ੀਰ ਨੂੰ ਨਾਹਨ ਤੋਂ ਬੁਲਾਵਾ ਘੱਲਿਆ ਤੇ ਆਏ ਨੂੰ ਆਖਿਆ :-ਰਾਜੇ ਨੂੰ ਆਖੋ ਪੰਜ ਛੇ ਦਿਨਾਂ ਲਈ ਸਾਡੇ ਨਾਲ ਸ਼ਿਕਾਰ ਪਰ ਚੱਲੇ, ਪਹਾੜ ਵਲ ਨੂੰ ਚੱਲਣਾ ਹੈ ਤੇ ਅੱਠ ਕਹਾਰ[੧] ਤੇ ਇਕ ਪੀਨਸ[੨] ਬੀ ਲੈ ਚਲਣੀ ਹੈ।

---

੧. ਕਹਾਰ ਮਹਿਰੇ ਯਾ ਝੀਵਰ ਨੂੰ ਆਖਦੇ ਹਨ ਜੋ ਡੋਲੇ ਪੀਨਸਾਂ ਚਾਉਂਦੇ ਹਨ।
੨. ਪੀਨਸ ਇਕ ਪ੍ਰਕਾਰ ਦਾ ਵਧੀਆ ਡੋਲਾ ਹੁੰਦਾ ਹੈ।

ਜਮਨਾ ਉਪਰਲੀ ਪਰਬਤ ਧਾਰਾ ਤੋਂ ਨਿਕਲਦੀ ਹੈ, ਇਸ ਦੇ ਸੋਮੇ[1] ਨੂੰ ਜਮਨੋਤ੍ਰੀ ਆਖਦੇ ਹਨ ਪਰ ਇਹ ਉਥੋਂ ਤੁਰਕੇ ਅਜਬ ਚੱਕਰ ਗੇੜ ਖਾਂਦੀ ਪਰਬਤਾਂ ਦੀਆਂ ਖੱਡਾਂ ਵਿਚੋਂ ਲੰਘਦੀ ਅਖੀਰ ਦੂਣ ਵਿਚ ਆ ਨਿਕਲਦੀ ਹੈ। ਜਿਸ ਟਿਕਾਣੇ ਇਹ ਪਰਬਤਾਂ ਤੋਂ ਬਾਹਰ ਆਉਂਦੀ ਹੈ ਉਹ ਅੱਜ ਕਲ ਦੇ ਮਸੂਰੀ ਕਹਿਲਾਉਣ ਵਾਲੇ ਪਹਾੜਾਂ ਤੋਂ ਪੰਦਰਾਂ ਕੁ ਮੀਲ ਪੱਛੋਂ ਨੂੰ ਹੈ। ਓਸ ਟਿਕਾਣੇ ਇਧਰ ਦੇ ਪਹਾੜਾਂ ਵਿਚੋਂ ਤਾਂ ਇਹ ਕਾਲਿੰਦ੍ਰੀ (ਜਮਨਾ) ਦੀ ਸੁਹਣੀ ਸਾਫ ਨਿਰਮਲ ਧਾਰ ਨਿਕਲਦੀ ਹੈ ਤੇ ਉੱਤਰ ਰੁਖ ਤੋਂ ਇਕ ਹੋਰ ਇਹੋ ਜਿਹੀ ਨਦੀ ਟੌਂਸ ਨਾਮ ਦੀ ਆਉਂਦੀ ਹੈ[2], ਦੋਹਾਂ ਦਾ ਇਕ ਥਾਵੇਂ ਸੰਗਮ ਹੋ ਜਾਂਦਾ ਹੈ। ਟੌਂਸ ਤਾਂ ਆਪਣਾ ਨਾਮ ਇੱਥੇ ਸਮਾਪਤ ਕਰਦੀ ਹੈ ਤੇ ਜਮਨਾ ਵਿਚ ਮਿਲ ਕੇ ਜਮਨਾ ਦਾ ਰੂਪ ਹੋਕੇ ਅੱਗੇ ਟੁਰ ਪੈਂਦੀ ਹੈ। ਇਥੇ ਇਹ ਧਾਰਾ ਛੋਟੀਆਂ ਛੋਟੀਆਂ ਪਹਾੜੀਆਂ ਟਿੱਬੀਆਂ ਦੇ ਚਰਨਾਂ ਦੇ ਨਾਲ ਨਾਲ ਜਾਂਦੀ ਪਾਉਂਟੇ ਤੋਂ ਲੰਘ ਫੈਜ਼ਾਬਾਦ ਕੋਲ ਖੁੱਲ੍ਹੇ ਮੈਦਾਨਾਂ ਵਿਚ ਜਾ ਵੜਦੀ ਹੈ।

ਜਿਸ ਜਗ੍ਹਾ ਜਮਨਾ ਤੇ ਟੌਂਸ ਦਾ ਅਸਾਂ ਸੰਗਮ ਦੱਸਿਆ ਹੈ ਉਸ ਤੋਂ ਉਪਰ ਕੋਹ ਦੋ ਕੋਹ ਪਰੇ ਚਕ੍ਰਾਤੇ ਵਲੋਂ ਆ ਰਹੀ ਨਦੀ ਦੇ ਨੇੜੇ ਇਕ ਨਗਰ ਹੈ ਉਸ ਨੂੰ ਕਾਲਸੀ ਆਖਦੇ ਹਨ।

ਇਸ ਤੋਂ ਹੇਠਾਂ ਕੁਛ ਦੂਰ ਜਮਨਾ ਉਤੇ ਪੁਲ ਹੈ। ਇਸ ਪੁਲ ਉਤੋਂ ਸਹਾਰਨ ਯਾ ਡੇਹਰਾਦੂਨ ਤੋਂ ਆਈ ਸੜਕ ਲੰਘਦੀ ਹੈ ਇਸ ਦੇ ਲਾਗ ਵਾਰ ਇਕ ਵੱਡਾ ਚਿਟਾਨ ਕਹੋ ਯਾ ਪੱਥਰ ਕਹੋ ਪਿਆ ਹੈ, ਜਿਸ ਪਰ ਰਾਜਾ ਅਸ਼ੋਕ ਦੇ ਹੁਕਮ ਲਿਖੇ ਹੋਏ ਹਨ। ਇਹ ਸਾਰਾ ਥਾਂ ਬੜਾ ਰਮਣੀਕ ਹੈ, ਰਮਣੀਕ ਆਖਦੇ ਹਨ ਜੋ ਅੱਖਾਂ ਨੂੰ ਪਿਆਰਾ ਲਗੇ, ਤੇ ਜਿਥੇ ਰਹਿਣ ਯਾ ਸੈਲ ਕਰਨ ਨੂੰ ਜੀ ਕਰੇ।

---

੧. ਜਿਥੋਂ ਕੋਈ ਨਦੀ ਫੁਟ ਨਿਕਲਦੀ ਹੈ ਉਸ ਥਾਂ ਨੂੰ ਸੋਮਾ ਆਖਦੇ ਹਨ।

੨. ਹੇਠਾਂ ਬੀ ਇਕ ਹੋਰ ਨਦੀ ਦਾ ਨਾਮ ਟੌਂਸ ਹੈ।

ਇਥੇ ਇਕ ਬ੍ਰਾਹਮਣ ਨੇ ਕੁਟੀਆ ਪਾਈ ਹੋਈ ਸੀ। ਉਹ ਬੜਾ ਤਪ ਕਰਦਾ ਸੀ ਤੇ ਲੋਕੀ ਉਸਨੂੰ ਰਿਖੀ ਜੀ ਆਖਦੇ ਸਨ। ਇਹ ਹੁਣ ਬਹੁਤ ਬੁੱਢਾ ਸੀ, ਇਸ ਕੋਲ ਨਾਹਨ ਦਾ ਰਾਜਾ ਤੇ ਵਜ਼ੀਰ ਗਏ ਸਨ ਕਿ ਉਹ ਉਹਨਾਂ ਨੂੰ ਵਰ ਦੇਵੇ ਦਿ ਓਹ ਰਾਜੇ ਫਤੇ ਸ਼ਾਹ ਤੋਂ ਹਾਰ ਨਾ ਖਾਣ। ਰਿਖੀ ਨੇ ਉਹਨਾਂ ਨੂੰ ਦੱਸਿਆ ਸੀ ਕਿ ਮੈਂ ਵੇਦ ਸ਼ਸਤ੍ਰ ਪੁਰਾਣ ਜਜੋਤਸ਼ ਆਦਿ ਵਿਦਿਆ ਪੜ੍ਹੀਆਂ ਹਨ, ਮੇਰੇ ਹਿਸਾਬ ਅਜ ਕਲ ਇਕ ਮਹਾਂ ਬਲੀ ਅਵਤਾਰ ਦੇ ਪ੍ਰਗਟ ਹੋਣ ਦਾ ਸਮਾਂ ਹੈ। ਮਹਾਂ ਬਲੀ ਬੜੇ ਤਕੜੇ ਨੂੰ ਆਖਦੇ ਹਨ ਤੇ ਅਵਤਾਰ ਆਖਦੇ ਹਨ ਪਰਮੇਸ਼ਰ ਦੀਆਂ ਕਲਾਂ ਵਾਲਾ ਜੋ ਮਨੁੱਖ ਹੋਕੇ ਜੰਮੇ। ਪ੍ਰਗਟ ਹੋਣਾ ਕਹਿੰਦੇ ਹਨ ਉਸ ਦੇ ਦੁਨੀਆਂ ਵਿਚ ਕੰਮ ਕਰਨ ਲਗ ਪੈਣ ਤੇ ਉਜਾਗਰ ਹੋ ਜਾਣ ਨੂੰ। ਇਸ ਰਿਖੀ ਨੇ ਉਨ੍ਹਾਂ ਨੂੰ ਥਹੁ ਪਤੇ ਦੱਸੇ ਸਨ, ਜਿਨ੍ਹਾਂ ਤੋਂ ਰਾਜਾ ਤੇ ਵਜ਼ੀਰ ਨੇ ਸਮਝ ਲਿਆ ਸੀ ਕਿ ਏਹ ਸਾਰੀਆਂ ਨਿਸ਼ਾਨੀਆਂ ਤੇ ਪਤੇ ਆਨੰਦਪੁਰ ਵਾਲੇ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦੇ ਹਨ।

ਸੋ ਰਾਜਾ ਨੇ ਜਾ ਕੇ ਪਤੇ ਕਢਵਾਏ ਤਾਂ ਥਹੁ ਪਿਆ ਕਿ ਸ੍ਰੀ ਗੁਰੂ ਜੀ ਨੂੰ ਬਿਲਾਸ ਪੁਰ ਦਾ ਰਾਜਾ ਕੁਛ ਔਖ ਦੇ ਰਿਹਾ ਹੈ ਤਾਂ ਰਾਜੇ ਨੇ ਆਪ ਨੂੰ ਬੜੇ ਆਦਰ ਨਾਲ ਆਪਣੇ ਰਾਜ ਵਿਚ ਸੱਦ ਘੱਲਿਆ ਸੀ ਤੇ ਪਾਉਂਟੇ ਡੇਰਾ ਕਰਵਾ ਦਿੱਤਾ ਸੀ। ਰਿਖੀ ਨੇ ਜਦੋਂ ਪਤੇ ਦਿੱਤੇ ਹਨ ਤਾਂ ਆਖਿਆ ਸੀ ਕਿ ਓਸ ਦੀ ਸ਼ਰਨ ਲਓ ਉਹ ਤੁਹਾਡੀ ਰਖਿਆ ਕਰੇਗਾ। ਨਾਲ ਇਹ ਬੀ ਕਿਹਾ ਸੀ ਕਿ ਮੈਨੂੰ ਉਸ ਦੇ ਦਰਸ਼ਨ ਕਰਾਉਣੇ, ਮੈਂ ਹੁਣ ਬੁੱਢਾ ਬਹੁਤ ਹਾਂ ਤੇ ਤੁਰ ਫਿਰ ਕੇ ਟੋਲ ਨਹੀਂ ਕਰ ਸਕਦਾ। ਪਰ ਰਾਜੇ ਨੂੰ ਰਿਖੀ ਦੀ ਇਹ ਗਲ ਭੁੱਲ ਚੁਕੀ ਸੀ। ਰਿਖੀ ਹੁਣ ਹੋਰ ਕਮਜ਼ੋਰ ਹੋ ਰਿਹਾ ਸੀ, ਸਿਆਲੇ ਦੀ ਠੰਢ ਬਹੁਤ ਲਗਦੀ ਸੀ; ਪਰ ਓਹ ਗੁਰੂ ਜੀ ਨੂੰ ਯਾਦ ਕਰਦਾ ਤੇ ਮਨ ਹੀ ਮਨ ਮਿੰਨਤਾਂ ਕਰਦਾ ਰਹਿੰਦਾ ਸੀ ਕਿ ਮੈਨੂੰ ਮਰਨੇ ਤੋਂ ਪਹਿਲਾਂ ਦਰਸ਼ਨ ਜ਼ਰੂਰ ਦਿਓ। ਉਸ ਦੀ ਇਹ ਮਿੰਨਤਦਾਰੀ ਗੁਰੂ ਜੀ ਪਾਉਂਟੇ ਬੈਠੇ ਮਨ ਹੀ ਮਨ ਸੁਣ ਰਹੇ ਸਨ, ਤਦੇ ਅਜ ਬੁੱਢੇ ਵਾਂਙੂ ਪਏ

ਆਖਦੇ ਸਨ-'ਬੜਾ ਪਾਲਾ ਲਗਦਾ ਏ', ਕਦੇ ਆਖਦੇ ਸਨ 'ਹਡ ਕੁੜਕਦੇ ਹਨ', ਕਦੇ ਕਹਿੰਦੇ ਸਨ 'ਉਮਰਾ ਵਡੇਰੀ ਹੋ ਗਈ ਏ'। ਓਹ ਗਲਾਂ, ਜੋ ਰਿਖੀ ਆਪਣੀ ਕੁਟੀਆ ਵਿਚ ਪਿਆ ਆਖਦਾ ਸੀ, ਆਪ ਜੀ ਦੇ ਮੂੰਹੋਂ ਨਿਕਲਦੀਆਂ ਸਨ। ਇਸ ਕਰਕੇ ਗੁਰੂ ਜੀ ਰਿਖੀ ਨੂੰ ਦਰਸ਼ਨ ਦੇਣ ਜਾਣਾ ਲੋਚਦੇ ਸਨ। ਆਪ ਰਾਜੇ ਵਜ਼ੀਰ ਨੂੰ ਸਦਵਾ ਕੇ ਨਾਲ ਲੈ ਕੇ ਰਿਖੀ ਨੂੰ ਦਰਸ਼ਨ ਦੇਣ ਟੁਰ ਹੀ ਪਏ।

ਰਿਖੀ ਦਾ ਇਕ ਗੱਭਰੂ ਸੇਵਕ ਸੀ, ਉਸ ਦਾ ਨਾਂ ਸੀ ਚਾਂਦੋ। ਉਹ ਬੜਾ ਸਿਧਾ ਸਾਦਾ ਪਿਆਰ ਵਾਲਾ ਤੇ ਕਹੀ ਗਲ ਸਿਰੇ ਚਾੜ੍ਹਨ ਵਾਲਾ ਬਾਲਕ ਸੀ, ਅਤੇ ਸਾਦੀ ਪਰ ਸੁਥਰੀ ਅਕਲ ਬੀ ਰੱਖਦਾ ਸੀ। ਅਜ ਜਦ ਗੁਰੂ ਜੀ ਉਧਰ ਗਏ ਤਾਂ ਇਹ ਬੱਚਾ ਕੁਟੀਆ ਤੋਂ ਪਰੇ ਨਦੀ ਦੇ ਹੇਠਾਂ ਵਾਰ ਪਾਸੇ ਵਲੋਂ ਆ ਕੇ ਟੋਲ ਪਿਆ ਕਰਦਾ ਸੀ। ਤੁਸੀਂ ਪੁੱਛੋ ਟੋਲ ਕਿਸੀ ਦੀ? ਰਿਖੀ ਨੇ ਓਸ ਨੂੰ ਕਹਿ ਛੱਡਿਆ ਸੀ ਕਿ ਬੱਚਾ! ਮੇਰਾ ਸਰੀਰ ਹੁਣ ਬਹੁਤ ਢਿੱਲਾ ਹੈ, ਇਹ ਮਤੇ ਅਚਾਨਕ ਮਰ ਜਾਏ; ਸੋ ਤੂੰ ਮੇਰਾ ਇਕ ਸੁਨੇਹਾ ਯਾਦ ਕਰ ਛੱਡ। ਇਹ ਸੁਨੇਹਾ ਤੂੰ ਗੁਰੂ ਅਵਤਾਰ ਨੂੰ ਦੇਣਾ ਹੈ। ਫੇਰ ਓਸ ਨੇ ਸੁਨੇਹਾ ਉਸਨੂੰ ਯਾਦ ਕਰਵਾਇਆ। ਫੇਰ ਗੁਰੂ ਅਵਤਾਰ ਦੀ ਸ਼ਕਲ ਸੂਰਤ ਤੇ ਨਿਸ਼ਾਨੀਆਂ ਦੱਸੀਆਂ ਤੇ ਕਿਹਾ ਕਿ ਫਿਰਦੇ ਟੁਰਦੇ ਖਿਆਲ ਰੱਖਿਆ ਕਰੀਂ, ਜੇ ਮੈਂ ਮਰ ਗਿਆ ਤਾਂ ਤੂੰ ਢੂੰਡ ਕਰੀਂ, ਜੇ ਤੈਨੂੰ ਮਿਲ ਪਏ ਤਾਂ ਮੇਰਾ ਸੁਨੇਹਾ ਸੁਣਾ ਦੇਈਂ।

ਸੁਨੇਹਾ ਇਹ ਸੀ :-'ਇਕ ਸਿਕਦਾ ਤਪੀਆ ਜਮਨਾ ਤਟ* ਦਰਸ਼ਨਾਂ ਦੀਆਂ ਲੋਚਨਾਂ ਵਿਚ ਤੁਰ ਗਿਆ ਹੈ। ਉਸਦੇ ਗੋਡੇ-ਗਿੱਟੇ ਟੁਰਦੇ ਨਹੀਂ ਸਨ ਜੋ ਆਪ ਲੱਭਦਾ, ਉਸਦੇ ਪਾਸ ਧਨ ਨਹੀਂ ਸੀ ਜੋ ਟੋਲ ਕਰਾਵੂੰਦਾ, ਉਸਦੇ ਪਾਸ ਮਨੁੱਖ ਨਹੀਂ ਸਨ ਜੋ ਸੂੰਹਾਂ ਕੱਢਦਾ। ਉਸਨੂੰ ਝਾਉਲਾ ਪੈਂਦਾ ਸੀ, ਸੱਦ ਸੁਣਾਈ ਦੇਂਦੀ ਸੀ, ਉਹ ਤੜਫਦਾ ਸੀ ਤੇ ਸਿੱਕਦਾ ਸੀ, ਲੁੱਛਦਾ ਸੀ ਤੇ ਸਧਰਾਂਦਾ ਸੀ, ਪਰ ਅੱਪੜ ਨਹੀਂ ਸੀ

*ਕਿਨਾਰੇ, ਕੰਢੇ।

ਸਕਦਾ। ਐਉਂ ਲੋਂਹਦਾ ਲੋਂਹਦਾ, ਰਾਹ ਤਕਾਂਦਾ ਤਕਾਂਦਾ ਆਸਾਂ ਭਰਿਆ ਟੁਰ ਗਿਆ ਹੈ, ਉਸ ਦੀ ਬਾਹੁੜੀ ਕਰਨੀ।

ਇਹ ਤਾਂ ਸੀ ਸੁਨੇਹਾ, ਤੇ ਨਿਸ਼ਾਨੀਆਂ ਵਿਚੋਂ ਜੋ ਚਾਂਦੋ ਨੂੰ ਬਹੁਤ ਪੱਕੀ ਲੱਗੀ, ਇਹ ਸੀ ਕਿ ਉਹਨਾਂ ਦੀਆਂ ਬਾਹਾਂ ਐਨੀਆਂ ਲੰਮੀਆਂ ਹੋਣਗੀਆਂ ਕਿ ਜਦ ਖੁੱਲ੍ਹੀਆਂ ਪਲਮਾ ਦੇਣ ਤਾਂ ਗੋਡਿਆਂ ਤਕ ਪੁੱਜਣਗੀਆਂ। ਸੋ ਚਾਂਦੋ ਅੱਜ ਬਨ ਵਿਚ ਫਿਰ ਰਿਹਾ ਸੀ ਤੇ ਉਸ ਨੂੰ ਇਹ ਤੌਖਲਾ ਬੀ ਸੀ ਕਿ ਰਿਖੀ ਜੀ ਅੱਜ ਮੇਰੇ ਮੁੜ ਕੇ ਆਉਂਦਿਆਂ ਤਕ ਮਤੇ ਮਰ ਹੀ ਜਾਣ[੧]।

ਬਨ ਵਿਚ ਫਿਰਦਿਆਂ ਨੂੰ ਉਸ ਨੂੰ ਗੁਰੂ ਜੀ ਰਾਜਾ ਤੇ ਵਜ਼ੀਰ ਮਿਲ ਗਏ। ਓਹ ਉਸ ਨੂੰ ਲਗੇ ਕਿ ਇਹਨਾਂ ਵਿਚੋਂ ਕੋਈ ਹੈ ਜਿਸ ਨੂੰ ਰਿਖੀ ਯਾਦ ਕਰਦਾ ਹੈ। ਫੇਰ ਉਸ ਨੇ ਜਦ ਗੁਰੂ ਜੀ ਦੀਆਂ ਬਾਹਾਂ ਪਲਮਦੀਆਂ ਵੇਖੀਆਂ ਤਾਂ ਚਾ ਵਿਚ ਚੜ੍ਹਿਆ, ਡਰ ਭੈ ਤੋਂ ਸੱਖਣਾ ਹੋਕੇ, ਭੱਜਕੇ ਪਾਸ ਜਾ ਪਹੁੰਚਾ ਤੇ ਹੱਥ ਫੜਕੇ ਗੋਡਿਆਂ ਨਾਲ ਲਾਕੇ ਬੋਲ ਉਠਿਆ, 'ਆਪ ਹੋ ਨਾ ਜੀ', ਹੈਂ ਜੀ ....ਗੁਰੂ ਉਹਤਾਰ ਹੋ ਨਾਂ ਜੀ?' ਫੇਰ ਬੋਲਿਆ-ਲਓ ਸੁਨੇਹਾ ਲੈ ਲਓ, ਤਦ ਓਹ ਸੁਨੇਹਾ ਸੁਣਾ ਦਿੱਤਾ।

ਗੁਰੂ ਜੀ ਨੇ ਧਜਾਨ ਨਾਲ ਸੁਣ ਲਿਆ, ਨੈਣ ਮੁੰਦ ਲਏ ਚੁਪ ਰਹੇ, ਫੇਰ ਬੋਲੇ 'ਨਹੀਂ, ਰਿਖੀ ਜੀਉਂਦਾ ਹੈ'। ਇਹ ਕਹਿਕੇ ਫੇਰ ਸਾਰੇ ਘੋੜੇ ਚੜ੍ਹਕੇ ਟੁਰ ਪਏ, ਚਾਂਦੋ ਨੂੰ ਨਾਲ ਲੈ ਲਿਆ ਤੇ ਰਿਖੀ ਪਾਸ ਜਾ ਪਹੁੰਚੇ। ਰਿਖੀ ਨਿਤਾਣਾ ਸੀ ਬੇਹੋਸ਼ ਜਿਹਾ ਪਿਆ ਸੀ ਪਰ ਸਮਰਥ ਗੁਰੂ ਨੇ ਸਿਰ ਹੱਥ ਧਰਿਆ ਤੇ ਵਜ਼ੀਰ ਤੇ ਰਾਜੇ ਤੋਂ ਹੱਥ ਪੈਰ ਝਸਵਾਏ ਤਾਂ ਰਿਖੀ ਨੂੰ ਹੋਸ਼ ਆ ਗਈ ਤੇ ਤਾਕਤ ਬੀ ਫਿਰ ਪਈ। ਦਰਸ਼ਨ ਕਰਕੇ ਉਸ ਦਾ ਲੂੰ ਲੂੰ ਖਿੜ ਗਿਆ ਤੇ ਨਵੀਂ ਜਾਨ ਭਰ ਗਈ। ਸਾਰੀ ਉਮਰਾ ਦੀ ਮੁਰਾਦ ਪੂਰੀ ਹੋਈ[੨]।

---

੧. ਇਹ ਸਾਰੇ ਹਾਲ ਜੇ ਵਿਸਥਾਰ ਨਾਲ ਵਾਚ ਕੇ ਸੁਆਦ ਲੈਣਾ ਹੋਵੇ ਤਾਂ ਕਲਗੀਧਰ ਚਮਤਕਾਰ ਵਿਚੋਂ ਪੜ੍ਹੋ 'ਕਾਲਸੀ ਦਾ ਰਿਖੀ'।

੨. ਸੁਣਦੇ ਹਾਂ ਕਿ ਰਿਖੀ ਦੀ ਸਮਾਧ ਦੀ ਨਿਸ਼ਾਨੀ ਪਾਉਂਟੇ ਕਿਤੇ ਹੈ ਤੇ ਸੈਦ ਖਾਂ ਦੀ ਕਬਰ ਦਾ ਚਿੰਨ੍ਹ ਬੀ। ਪਰ ਜਦੋਂ ਅਸੀਂ ਗਏ ਸਾਂ ਤਦੋਂ ਸੂੰਹ ਕੰਨੀਂ ਨਹੀਂ ਸੀ ਪਈ।

ਇਹ ਦੇਖ ਕੇ ਪੰਜ ਸਿਖ, ਜੋ ਸਾਹਿਬਾਂ ਦੇ ਨਾਲ ਸਵਾਰ ਹੋ ਕੇ ਗਏ ਸਨ, ਬੇ-ਵਸੇ ਬੋਲ ਪਏ :-

ਮਿਰਤਕ[1] ਕਉ ਜੀਵਾਲਨ ਹਾਰ॥
ਭੂਖੇ ਕਉ ਦੇਵਤ ਅਧਾਰ[2]॥
ਸਰਬ ਨਿਧਾਨ[3] ਜਾਕੀ ਦ੍ਰਿਸਟੀ ਮਾਹਿ॥
ਪੁਰਬ ਲਿਖੇ ਕਾ ਲਹਣਾ ਪਾਹਿ॥
ਸਭੁ ਕਿਛੁ ਤਿਸਕਾ ਓਹੁ ਕਰਨੈ ਜੋਗੁ॥
ਤਿਸੁ ਬਿਨੁ ਦੂਸਰ ਹੋਆ ਨ ਹੋਗੁ॥
ਜਪਿ ਜਨ ਸਦਾ ਸਦਾ ਦਿਨੁ ਰੈਣੀ॥
ਸਭ ਤੇ ਊਚ ਨਿਰਮਲ ਇਹ ਕਰਣੀ॥
ਕਰਿ ਕਿਰਪਾ ਜਿਸ ਕਉ ਨਾਮੁ ਦੀਆ॥
ਨਾਨਕ ਸੋ ਜਨੁ ਨਿਰਮਲੁ[4] ਥੀਆ॥੭॥ (ਸੁਖਮਨੀ-੧੫)

ਹੁਣ ਦਿਨ ਲਹਿ ਚੁਕਾ ਸੀ, ਰਾਤ ਓਥੇ ਹੀ ਰਹੇ। ਅਗਲੇ ਭਲਕ ਗੁਰੂ ਜੀ ਰਾਜਾ, ਵਜ਼ੀਰ ਤੇ ਸਾਥੀ ਟੁਰ ਪਏ। ਰਿਖੀ ਜੀ ਨੂੰ ਪੀਨਸ ਪਾਕੇ ਪਾਉਂਟੇ ਨਾਲ ਲੈ ਟੁਰੇ ਕਿ ਹੁਣ ਬਾਕੀ ਦੇ ਦਿਨ ਸਾਡੇ ਪਾਸ ਗੁਜ਼ਾਰੇ। ਚਾਂਦੋ ਨੂੰ ਕੁਟੀ ਵਿਚ ਰਹਿਣ ਲਈ ਕਿਹਾ ਗਿਆ ਪਰ ਉਹ ਸੱਚੇ ਸੁੱਚੇ ਪਰ ਜਾਂਗਲੀ ਪਜਾਰ ਵਾਲਾ ਆਖੇ : ਨਾਲ ਲੈ ਚਲੋ, ਗਾਈਆਂ ਚਾਰਾਂਗਾ ਤੇ ਆਪ ਨੂੰ ਦੁੱਧ ਪਿਲਾਵਾਂਗਾ ਤੇ ਸੁਹਣੇ ਹੱਥ ਚੁੰਮਦਾ ਰਹਾਂਗਾ। ਗੁਰੂ ਜੀ ਉਸ ਦੇ ਪਿਆਰ ਤੇ ਨਿਰਛਲ ਸੁੱਚੇ ਪਜਾਰ ਤੇ ਰੀਝ ਰਹੇ ਸਨ। ਸੋ ਦੋ ਸਵਾਰ ਦੇ ਕੇ ਕਿਹਾ ਕਿ ਇਸ ਕਾਕੇ ਨੂੰ ਗਊਆਂ ਸਮੇਤ ਪਾਉਂਟੇ ਲੈ ਆਉਣਾ।

❖❖❖

## ੫੯. ਰਾਜਿਆਂ ਦੀ ਸੁਲਹ।

**ਇਸ** ਪ੍ਰਕਾਰ ਗੁਰੂ ਸਾਹਿਬ ਜੀ ਨੇ ਪਾਉਂਟੇ ਟਿਕਾਣਾ ਕੀਤਾ। ਇਹ ਜਮਨਾ ਦੇ ਕਿਨਾਰੇ ਹੈ, ਇਸ ਪਾਸਿਓਂ ਜਮਨਾ ਦੇ ਸਿਰਮੌਰ ਦੀ ਦੂਨ

---

੧. ਮੋਏ ਹੋਏ ਨੂੰ। ੨. ਆਸਰਾ।
੩. ਸਾਰੇ ਖਜ਼ਾਨੇ। ੪. ਉੱਜਲਾ, ਪਵਿੱਤ੍ਰ।

ਹੈ, ਜਿਸ ਦੀ ਰਾਜਧਾਨੀ ਨਾਹਨ ਹੈ ਸੀ ਤੇ ਹੈ। ਇਲਾਕਾ ਰਾਜਾ ਮੇਦਨੀ ਪ੍ਰਕਾਸ਼ ਦਾ ਸੀ, ਜੋ ਗੁਰੂ ਜੀ ਤੇ ਸਿਦਕ ਰਖਦਾ ਸੀ। ਜਮਨਾ ਦੇ ਪਾਰਲੇ ਪਾਸੇ, ਜਿਧਰ ਅਜ-ਕਲ ਡੇਹਰਾਦੂਨ ਹੈ, ਅਗੇ ਟੇਰ੍ਹੀ ਗੜ੍ਹਵਾਲ ਦਾ ਇਲਾਕਾ ਹੈ, ਜਿਸ ਦੀ ਕਿ ਰਾਜਧਾਨੀ ਸਿਰੀ ਨਗਰ ਸੀ। ਇਸ ਇਲਾਕੇ ਦਾ ਰਾਜਾ ਫਤੇ ਸ਼ਾਹ ਸੀ। ਦੋਹਾਂ ਰਾਜਿਆਂ ਦਾ ਆਪੋ ਵਿਚ ਵੈਰ ਸੀ। ਗੁਰੂ ਜੀ ਦੇ 'ਸਿਰਮੌਰ ਦੂਨ' ਵਿਚ ਆ ਵੱਸਣ ਤੋਂ ਰਾਜਾ ਮੇਦਨੀ ਪ੍ਰਕਾਸ਼ ਦੀ ਤਾਕਤ ਵਧ ਗਈ ਸੀ ਤੇ ਉਹ ਬਹੁਤ ਸੁਖੀ ਹੋ ਰਿਹਾ ਸੀ, ਪਰ ਫਤੇ ਸ਼ਾਹ ਉਦਾਸ ਸੀ, ਉਸ ਨੂੰ ਡਰ ਵਧ ਗਿਆ ਸੀ ਕਿ ਮੇਰਾ ਵੈਰੀ ਹੁਣ ਬਹੁਤ ਬਲ ਵਾਲਾ ਹੋ ਗਿਆ ਹੈ। ਇਨ੍ਹਾਂ ਗਲਾਂ ਨੂੰ ਗੁਰੂ ਜੀ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਫਤੇਸ਼ਾਹ ਨੂੰ ਉਸ ਦੇ ਆਪਣੇ ਸੂੰਹੀਏ ਤੇ ਹੋਰ ਦਰਬਾਰੀ ਗੁਰੂ ਜੀ ਦੇ ਬਲ, ਐਸ਼੍ਵਰਜ ਤੇ ਨੇਕੀ ਦੀਆਂ ਗਲਾਂ ਜਾ ਸੁਣਾਇਆ ਕਰਦੇ ਸਨ। ਉਸ ਦੇ ਚਿਤ ਵਿਚ ਸੰਕਲਪ ਉਠਦੇ ਸਨ ਕਿ ਗੁਰੂ ਕੇ ਦਰਸ਼ਨ ਕਰਾਂ ਤੇ ਉਹਨਾਂ ਦਾ ਹੋ ਕੇ ਉਹਨਾਂ ਨੂੰ ਆਪਣਾ ਬਣਾ ਲਵਾਂ, ਤਾਂ ਜੋ ਓਹ ਨਿਰੇ ਮੇਦਨੀ ਪ੍ਰਕਾਸ਼ ਦੇ ਨਾਂ ਹੋ ਜਾਣ। ਸੋ ਉਹ ਇਕ ਦਿਨ ਆਪਣੇ ਅਹਿਲਕਾਰਾਂ ਨਾਲ ਸਲਾਹ ਕਰਕੇ ਦਰਸ਼ਨ ਕਰਨ ਲਈ ਪਾਉਂਟੇ ਆਇਆ ਤੇ ਪਹਿਲੋਂ ਵਕੀਲ ਗੁਰੂ ਸੇਵਾ ਵਿਚ ਘੱਲਿਆ, ਕਿ ਰਾਜਾ ਦਰਸ਼ਨ ਲਈ ਆ ਰਿਹਾ ਹੈ, ਫੇਰ ਆਪ ਗੁਰੂ ਦਰਬਾਰ ਵਿਚ ਆ ਹਾਜ਼ਰ ਹੋਇਆ। ਰਾਜੇ ਨੇ ਅਦਬ ਨਾਲ ਮੱਥਾ ਟੇਕਿਆ। ਕੀਮਤੀ ਬਸਤਰ ਇਕ ਘੋੜਾ ਤੇ ਹੋਰ ਪਦਾਰਥ ਭੇਟਾ ਕੀਤੇ। ਫੇਰ ਸੀਸ ਨਿਵਾਇਆ; ਸ੍ਰੀ ਗੁਰੂ ਜੀ ਨੇ ਅਸ਼ੀਰਬਾਦ ਦੇ ਕੇ ਬਿਠਾਲ ਲਿਆ ਤੇ ਫਿਰ ਸੁਖ ਸਾਂਦ ਪੁੱਛੀ।

ਕੁਛ ਚਿਰ ਬੈਠਕੇ ਰਾਜੇ ਨੇ ਦਰਸ਼ਨ ਆਨੰਦ ਲਿਆ, ਫੇਰ ਆਪਣੇ ਟਿਕਾਣੇ ਚਲਾ ਗਿਆ, ਜਿਥੇ ਗੁਰੂ ਕੇ ਸੇਵਕਾਂ ਨੇ ਉਸ ਦਾ ਡੇਰਾ ਕਰਵਾਇਆ ਸੀ। ਰਾਤ ਪੈਂਦੀ ਤੇ ਸ੍ਰੀ ਗੁਰੂ ਜੀ ਨੇ ਆਪਣੇ ਮਾਮਾ ਜੀ, ਸ੍ਰੀ ਕ੍ਰਿਪਾਲ ਜੀ ਨੂੰ ਭੇਜਿਆ। ਉਸ ਨੇ ਰਾਜਾ ਜੀ ਨੂੰ ਸਮਝਾਇਆ ਕਿ ਮੈਨੂੰ

ਗੁਰੂ ਜੀ ਨੇ ਘੱਲਿਆ ਹੈ ਕਿ ਆਪ ਜੀ ਦੀ ਨਾਹਨ ਦੇ ਰਾਜੇ ਨਾਲ ਸੁਲਹ ਕਰਾ ਦਿੱਤੀ ਜਾਵੇ; ਵੈਰ ਵਿਰੋਧ ਚੰਗੇ ਨਹੀਂ ਹੁੰਦੇ। ਦੇਖੋ ਸਾਡੇ ਦੇਸ਼ ਦੇ ਰਾਜਿਆਂ ਦੇ, ਜੋ ਆਪੋ ਵਿਚ ਵਿਰੋਧ ਰਹਿੰਦੇ ਹਨ, ਉਸੇ ਕਰਕੇ ਦੇਸ਼ ਸਾਰਾ ਪਰਦੇਸੀਆਂ ਦੇ ਵੱਸ ਪੈ ਗਿਆ ਹੈ। ਪਰਸਪਰ ਵਿਰੋਧ ਦਾ ਲਾਭ ਦੂਜਿਆਂ ਨੂੰ ਪਹੁੰਚਦਾ ਹੈ ਤੇ ਵੈਰ ਕਰਨ ਵਾਲੀਆਂ ਦੋਹਾਂ ਧਿਰਾਂ ਦੀ ਹਾਨੀ ਹੁੰਦੀ ਹੈ। ਜੇਕਰ ਤੁਸੀਂ ਚਾਹੋ ਤਾਂ ਸ੍ਰੀ ਗੁਰੂ ਜੀ ਆਪ ਜੀ ਦੀ ਨਾਹਨ ਵਾਲੇ ਰਾਜੇ ਨਾਲ ਸੁਲਹ ਕਰਾ ਦੇਣ। ਉਸ ਦੇ ਦਿਲੋਂ ਵੈਰ ਵਿਰੋਧ ਗੁਰੂ ਜੀ ਮਿਟਾਂ ਦੇਣਗੇ। ਉਹ ਸ੍ਰੀ ਗੁਰੂ ਜੀ ਦਾ ਆਖਿਆ ਕਦੇ ਨਹੀਂ ਮੋੜੇਗਾ। ਜੇ ਆਪ ਬੀ ਉਸ਼ ਤਰ੍ਹਾਂ ਮੰਨ ਲਉ ਤਾਂ ਦੋ ਰਾਜ ਘਰਾਂ ਵਿਚ ਸੁਲਹ ਹੋ ਜਾਵੇ ਤੇ ਦੋਵੇਂ ਸੁਖੀ ਵਸੋ।

ਰਾਜੇ ਨੇ ਸੁਣ ਕੇ ਕਿਹਾ: ਜੋ ਕੁਛ ਗੁਰੂ ਜੀ ਦੀ ਆਗਿਆ ਆਪ ਨੇ ਸੁਣਾਈ ਹੈ ਮੈਂ ਆਦਰ ਨਾਲ ਮੰਨਦਾ ਹਾਂ।

ਇਹ ਸੁਣ ਕੇ ਮਾਮਾ ਜੀ ਨੇ ਗੁਰੂ ਜੀ ਨੂੰ ਆ ਦੱਸਿਆ। ਸੋ ਅਗਲੀ ਭਲਕ ਗੁਰੂ ਜੀ ਨੇ ਨੰਦ ਚੰਦ ਨੂੰ ਨਾਹਨ ਘਲਿਆ, ਨਾਹਨ ਦੇ ਰਾਜਾ ਨੇ ਜਦ ਗੁਰੂ ਜੀ ਦਾ ਸੁਨੇਹਾ ਸੁਣਿਆ ਤਾਂ ਕੁਛ ਫੋਜ ਤੇ ਅਹਿਲਕਾਰ ਨਾਲ ਲੈ ਕੇ ਪਾਉਂਟੇ ਆ ਗਿਆ। ਅੱਜ ਪਾਉਂਟੇ ਇਕ ਪਾਸੇ ਨਾਹਨ ਪਤੀ ਦਾ ਤੇ ਦੂਜੇ ਪਾਸੇ ਫਤੇਸ਼ਾਹ ਦਾ ਡੇਰਾ ਪੈ ਗਿਆ ਤੇ ਆਪੋ ਵਿਚ ਵਿਰੋਧ ਕੋਈ ਨਾ ਦਿੱਸੇ। ਡੇਰਾ ਕਰਕੇ ਰਾਜਾ ਗੁਰੂ ਜੀ ਨੂੰ ਮਿਲਿਆ; ਗੁਰੂ ਜੀ ਨੇ ਸਮਝਾਇਆ ਕਿ ਅਸਾਂ ਤੁਹਾਡੀ ਫਤੇ ਸ਼ਾਹ ਨਾਲ ਸੁਲਹ ਦੀ ਵਿਉਂਤ ਕੀਤੀ ਹੈ। ਪਿਆਰ ਵਿਚ ਸੁਖ ਹੁੰਦਾ ਹੈ, ਵੈਰ ਵਿਚ ਦੁਖ ਹੁੰਦਾ ਹੈ। ਰਾਜੇ ਨੇ ਸਾਰੀ ਗੱਲ ਸੁਣਕੇ ਸੀਸ ਨਿਵਾਯਾ ਤੇ ਕਿਹਾ: ਜੋ ਆਪ ਦੀ ਆਗਿਆ ਸੋ ਮੇਰੇ ਸਿਰ ਮੱਥੇ ਤੇ ਹੈ। ਖੁਸ਼ੀਆਂ ਨਾਲ ਸੁਲਹ ਕਰਵਾ ਦਿਓ।

ਅਗਲੇ ਦਿਨ ਗੁਰੂ ਕਾ ਦਰਬਾਰ ਲੱਗਾ। ਦੋਇ ਰਾਜੇ ਬੀ ਆ ਹਾਜ਼ਰ ਹੋਏ, ਤੇ ਅਦਬ ਨਾਲ ਮੱਥੇ ਟੇਕ ਕੇ ਆਪੋ ਆਪਣੇ ਥਾਂ ਬੈਠ

ਗਏ। ਤਦ ਗੁਰੂ ਜੀ ਨੇ ਦੋਹਾਂ ਵਲ ਤੱਕਿਆ ਤੇ ਫੁਰਮਾਇਆ :-

ਹੇ ਰਾਜਨ! ਤੁਸੀਂ ਦੁਏ ਪ੍ਰਜਾ ਪਾਲਕ ਹੋ, ਤੁਹਾਡੇ ਮੇਲ ਵਿਚ ਪ੍ਰਜਾ ਦਾ ਸੁਖ ਹੈ, ਤੁਹਾਡਾ ਆਪਣਾ ਸੁਖ ਹੈ। ਸਾਡੀ ਚਾਹ ਹੈ ਕਿ ਤੁਸੀਂ ਹੁਣ ਸੁਲਹ ਕਰ ਲਓ, ਪਿਛਲੇ ਮਾਮਲੇ ਜੋ ਕੁਛ ਹੋ ਚੁਕੇ ਭੁੱਲ ਜਾਓ, ਵਧੇ ਹੋਏ ਵੈਰ ਦੂਰ ਕਰ ਦਿਓ ਤੇ ਅੱਗੋਂ ਨੂੰ ਪਜਾਰ ਦੀ ਵਰਤੋਂ ਵਰਤੋ। ਕੋਈ ਗੱਲ ਕੋਈ ਮਾਮਲਾ ਐਸਾ ਜੋ ਉਪਜ ਪਵੇ, ਜਿਸ ਵਿਚ ਇਕ ਦੂਜੇ ਦੇ ਖਿਆਲ ਮੇਲ ਨਾ ਖਾਣ, ਤਾਂ ਆਪੋ ਵਿਚ ਸੁਲਹ ਸਾਲਸੀ ਨਾਲ ਸਮਝੌਤੇ ਕਰ ਲਿਆ ਕਰੋ।

ਇਹ ਵਾਕ ਸੁਣ ਕੇ ਦੁਇ ਉਠੇ ਤੇ ਵੀਰਾਂ ਵਾਂਙ ਜੱਫੀਆਂ ਪਾ ਕੇ ਮਿਲੇ। ਫੇਰ ਦੋਹਾਂ ਨੇ ਗੁਰੂ ਕੇ ਚਰਨਾਂ ਤੇ ਮੱਥਾ ਟੇਕਿਆ। ਇਸ ਤਰ੍ਹਾਂ ਸੁਲਹ ਹੋ ਗਈ। ਪਹਿਰ ਭਰ ਦਰਬਾਰ ਲੱਗਾ ਰਿਹਾ, ਫੇਰ ਸਭ ਆਪੋ ਆਪਣੇ ਡੇਰੇ ਚਲੇ ਗਏ, ਪ੍ਰਸ਼ਾਦੇ ਛਕੇ ਤੇ ਆਰਾਮ ਕੀਤੇ।

❖❖❖

## ੬੦. ਆਦਮ ਖੋਰ ਸ਼ੇਰ ਨੂੰ ਮਾਰਨਾ।

**ਜਦ** ਦੁਪਹਿਰ ਢਲੀ ਤਦ ਸਾਹਿਬ ਸ਼ਿਕਾਰ ਚੜ੍ਹੇ, ਨਾਲ ਚੰਗੇ ਚੰਗੇ ਸੂਰਮੇ ਹੋ ਲਏ, ਉਧਰੋਂ ਦੁਏ ਰਾਜੇ ਨਾਲ ਹੋ ਲਏ। ਰਸਤੇ ਵਿਚ ਪਜਾਰ ਹਿਤ ਦੀਆਂ ਗੱਲਾਂ ਬਾਤਾਂ ਹੁੰਦੀਆਂ ਗਈਆਂ। ਸ਼ਿਕਾਰ ਕਈ ਮਾਰੇ। ਫੇਰ ਡੇਰਿਆਂ ਨੂੰ ਪਰਤੇ ਹੀ ਸਨ ਕਿ ਇਕ ਪਹਾੜੀਆ ਆ ਗਿਆ ਤੇ ਪੁਕਾਰਿਆ; ਹੇ ਪ੍ਰਭੂ ਇਕ ਭਿਆਨਕ ਸ਼ੇਰ ਇਸ ਬਨ ਵਿਚ ਹੈ, ਅਨੇਕਾਂ ਗਊਆਂ ਮਹੀਆਂ ਮਾਰ ਮਾਰ ਖਾ ਗਿਆ ਹੈ, ਇਹ ਕਿਤੇ ਚਲਾ ਗਿਆ ਸੀ, ਹੁਣ ਫੇਰ ਆ ਨਿਕਲਿਆ ਹੈ। ਬੜਾ ਬਲੀ ਤੇ ਭਿਆਨਕ ਹੈ, ਇਸ ਨੂੰ ਕੋਈ ਮਾਰ ਨਹੀਂ ਸਕਿਆ*। ਆਪ ਇਸ ਦੀ ਅਲਖ ਮੁਕਾ ਦਿਓ। ਗੁਰੂ ਜੀ ਸੁਣਕੇ ਬੋਲੇ-ਭਾਈ ਹੁਣ ਸੰਝ ਹੋ ਗਈ ਹੈ; ਕੱਲ ਇਸੇ ਦਾ ਸ਼ਿਕਾਰ ਕਰਾਂਗੇ। ਇਉਂ ਕਹਿ ਸਾਰੇ ਡੇਰਿਆਂ ਨੂੰ ਮੁੜ ਆਏ ਤੇ ਰਾਤ

*ਨਿਸ਼ਾਨੀਆਂ ਤੋਂ ਜਾਪਦਾ ਹੈ ਕਿ ਇਹ ਸ਼ੇਰ ਗੁਲਦਾਰ ਨਹੀਂ ਪਰ ਚਿੱਤ੍ਰਾ ਸੀ ਜਿਸ ਨੂੰ Tiger ਆਖਦੇ ਹਨ।

ਆਰਾਮ ਕੀਤਾ। ਅਗਲੇ ਦਿਨ ਫੇਰ ਸ਼ੇਰ ਮਾਰਨ ਲਈ ਤਿਆਰੀ ਕਰਕੇ ਚੜ੍ਹ ਪਏ ਤੇ ਘਣੇ ਜੰਗਲ ਵਿਚ ਜਾ ਵੜੇ; ਜਿਥੇ ਕਿ ਸ਼ੇਰ ਦੇ ਹੋਣ ਦੀ ਸੂੰਹ ਮਿਲੀ ਸੀ। ਬਨ ਵਿਚ ਬਹੁਤ ਫਿਰੇ, ਕਈ ਹਰਨ ਮਾਰੇ, ਛੇਕੜ ਇਕ ਬੜੇ ਘਨੇ ਬਨ ਦੇ ਔਖੇ ਥਾਂ ਅੱਪੜੇ, ਤਦ ਕੋਲ ਵਾਲੇ ਪਹਾੜੀਏ ਨੇ ਸ਼ੇਰ ਦੇ ਪੈਰਾਂ ਦਾ ਖੋਜ ਦੱਸਿਆ ਕਿ ਦੇਖੋ ਇਧਰੋਂ ਦੀ ਸ਼ੇਰ ਇਸ ਘਣੀ ਝੰਗੀ ਵਿਚ ਗਿਆ ਜੇ। ਸੋ ਆਪ ਜੀ, ਰਾਜੇ ਤੇ ਸੂਰਮੇ ਸ਼ਿਕਾਰੀ ਖੋਜ ਦੇ ਮਗਰ ਟੁਰ ਪਏ ਤੇ ਚਲੇ ਚਲੇ ਜਾਂਦੇ ਉਥੇ ਅੱਪੜੇ ਜਿਥੇ ਸ਼ੇਰ ਸੁੱਤਾ ਪਿਆ ਦਿੱਸ ਪਿਆ, ਇਹ ਕੋਈ ਮਹਿੰ ਗਾਂ ਖਾਕੇ ਮਸਤ ਹੋਇਆ ਪਿਆ ਸੀ। ਸ੍ਰੀ ਗੁਰੂ ਜੀ ਤੇ ਰਾਜੇ ਤੇ ਨਾਲ ਦੇ ਸੂਰਮੇ ਇਕ ਚੰਗੇ ਟਿਕਾਣੇ ਖੜੇ ਹੋ ਗਏ, ਜਿਥੋਂ ਨਿਸ਼ਾਨਾ ਫੁੰਡ ਸਕਣ। ਪਰ ਗੁਰੂ ਜੀ ਨੇ ਆਵਾਜ਼ ਦਿਤੀ ਕਿ ਕੋਈ ਸੂਰਮਾ ਗੋਲੀ ਨਾ ਚਲਾਵੇ ਇਹ ਜੈਦਰਥ ਹੈ, ਬਹੁਤ ਕਰੜਾ ਸ਼ੇਰ ਹੈ, ਇਸ ਭਲੇ ਲੋਕ ਨੂੰ ਤਲਵਾਰ ਨਾਲ ਹਥੀਂ ਜੂਝਕੇ ਮਾਰਨਾ ਹੈ।

ਉਧਰ ਜਦ ਸ਼ੇਰ ਦੇ ਕੰਨੀਂ ਘੋੜਿਆਂ ਦੇ ਹਿਣਕਣ ਦੀ ਆਵਾਜ਼ ਪਈ ਤਾਂ ਜਾਗ ਖੁੱਲ੍ਹੀ, ਗੁਰੜ ਗੁਰੜ ਕਰਕੇ ਗੁਰੜਾਯਾ ਤੇ ਆਲਸ ਨਾਲ ਖੁੱਲ੍ਹ ਰਹੇ ਨੈਣਾਂ ਨਾਲ ਤੱਕਿਆ।

ਗੁਰੂ ਜੀ ਨੇ ਫੁਰਮਾਇਆ: ਕੋਈ ਸੂਰਮਾਂ ਨਿਤਰੋ, ਤਲਵਾਰ ਨਾਲ ਮਾਰੇ ਇਸ ਭਿਆਨਕ ਬਲੀ ਨੂੰ। ਰਾਜਿਆਂ ਨੇ ਕਿਹਾ: ਗੁਰੂ ਜੀ ਆਪ ਹੋ ਮਹਾਨ ਬਲੀ! ਆਪ ਦੇ ਬਲ ਅਗੇ ਕੌਣ ਖੜੋ ਸਕਦਾ ਹੈ, ਪਰ ਇਹ ਬੜਾ ਭੈੜਾ ਤੇ ਬਲੀ ਪਸ਼ੂ ਹੈ, ਇਸ ਨੂੰ ਹੁਣੇ ਗੋਲੀਆਂ ਨਾਲ ਭੁੰਨ ਘੱਤਦੇ ਹਾਂ, ਆਪ ਬੀ ਹੱਥੀਂ ਮਾਰਨ ਲਈ ਅਗੇ ਨਾ ਵਧੋ। ਇਹ ਸੁਣਕੇ ਸੂਰਮਾ ਕੋਈ ਅਗੇ ਨਾ ਹੋਇਆ। ਗੁਰੂ ਜੀ ਨੇ ਆਪਣਾ ਹਾਥੀ ਜ਼ਰਾ ਹੋਰ ਅੱਗੇ ਕਰਕੇ ਬਿਠਵਾ ਦਿੱਤਾ ਤੇ ਢਾਲ ਤਲਵਾਰ ਲੈ ਕੇ ਅੱਗੇ ਵਧੇ। ਇਸ ਵੇਲੇ ਸ੍ਰੀ ਮਾਮਾ ਜੀ ਤੇ ਨੰਦ ਚੰਦ ਆਦਿ ਸੂਰਮਿਆਂ ਨੇ ਬੀ ਵਰਜਿਆ, ਪਰ ਗੁਰੂ ਜੀ ਡਰ ਭੈ ਤੋਂ ਨਿਰਭੈ ਹੋਰ ਅਗੇ ਵਧੇ ਤੇ ਸ਼ੇਰ ਨੂੰ ਵੰਗਾਰਿਆ ਕਿ ਗੀਦੀ ਕਿਉਂ ਬੈਠ ਰਿਹਾ ਹੈਂ; ਆ ਸਾਡੀ ਤਲਵਾਰ ਦਾ ਅੰਮ੍ਰਿਤ ਚਖ, ਬੱਚੂ ਜਨਮ

ਮਰਨ ਕਟ ਜਾਈ। ਪਰ ਸ਼ੇਰ ਉਠਿਆ ਨਹੀਂ, ਗੁਰੜ ਗੁਰੜ ਕਰਦਾ ਤੱਕਦਾ ਰਿਹਾ; ਪੂਛ ਵਟ ਵਟ ਮਾਰਦਾ ਰਿਹਾ ਭੁਇੰ ਉਤੇ। ਤਦ ਗੁਰੂ ਜੀ ਹੋਰ ਅੱਗੇ ਵਧੇ ਤੇ ਤੀਜੀ ਵੇਰ ਸ਼ੇਰ ਨੂੰ ਵੰਗਾਰਿਆ, ਤਦ ਉਹ ਡਰਾਉਣਾ ਸ਼ੇਰ ਬੜੇ ਵਡੇ ਕੱਦ ਵਾਲਾ ਉਠਿਆ ਤੇ ਗਰਜ ਦੇ ਨਾਲ ਛਾਲ ਮਾਰੀ ਤੇ ਫੇਰ ਗਰਜ ਕੇ ਗੁਰੂ ਜੀ ਦੇ ਉਪਰ ਆ ਪਿਆ। ਸ੍ਰੀ ਗੁਰੂ ਜੀ ਨੇ ਢਾਲ ਅੱਗੇ ਕਰਕੇ ਉਸ ਦੇ ਅਗਲੇ ਪੈਰ ਢਾਲ ਉਤੇ ਲੈ ਲਏ ਤੇ ਸਾਰਾ ਭਾਰ ਉਸ ਦਾ ਝੱਲ ਕੇ ਫੁਰਤੀ ਨਾਲ ਜ਼ਰਾ ਨਿਉਂ ਕੇ ਆਪਣੀ ਤਿੱਖੀ ਤਅਵਾਰ ਉਸ ਦੇ ਪੇਟ ਵਿਚ ਲੱਕ ਵਾਲੀ ਥਾਂ ਹੇਠੋਂ ਖੋਭ ਦਿੱਤੀ। ਇਹ ਇਉਂ ਪੇਟ ਨੂੰ ਕੱਟ ਗਈ ਕਿ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ: ਜਿਵੇਂ ਸਬੂਣਗਰ ਦੀ ਤਾਰ ਸਾਬਣ ਨੂੰ ਕੱਟ ਜਾਂਦੀ ਹੈ। ਸੋ ਸ਼ੇਰ ਪਿਛਲੇ ਪੈਰਾਂ ਤੇ ਪੁੱਠਾ ਹੋਕੇ ਧਰਤੀ ਤੇ ਜਾ ਪਿਆ ਤੇ ਜਾਨ ਤੋੜਨ ਲੱਗ ਪਿਆ।

ਗੁਰੂ ਜੀ ਦੇ ਸੂਰਮੇ ਗੋਲੀਆਂ ਭਰੇ, ਸ਼ਿਸਤਾਂ ਬੰਨ੍ਹੇ ਖੜੇ ਸਨ ਕਿ ਜੇ ਸ਼ੇਰ ਜ਼ਰਾ ਭਾਰੂ ਹੋਣ ਲਗੇ ਤਾਂ ਗੋਲੀ ਮਾਰ ਦੇਣ ਤੇ ਸ਼ੇਰ ਨੂੰ ਮੁਕਾ ਦੇਣ। ਚਾਹੇ ਹੁਕਮ ਨਹੀਂ, ਪਰ ਗੁਰੂ ਕੀ ਜਾਨ ਅਤਿ ਪਿਆਰੀ ਹੈ। ਹੁਣ ਸ਼ੇਰ ਦੇ ਲੱਕ ਤਲਵਾਰ ਖੁੱਭਦੀ ਦੇਖ ਕੇ ਘੋੜੇ ਦੁੜਾਕੇ ਪਾਸ ਪਹੁੰਚ ਪਏ, ਸ਼ੇਰ ਮੁਰਦਾ ਹੋਇਆ ਪਿਆ, ਅੰਤਲੇ ਦਮ ਤੋੜਦਾ ਦੇਖ ਕੇ ਸਾਰੇ ਬੋਲ ਉਠੇ :-

ਕਲਗੀਆਂ ਵਾਲੇ ਗੁਰੂ ਕੀ ਜੈ।
ਬੋਲ, ਕਲਗੀਆਂ ਵਾਲੇ ਗੁਰੂ ਕੀ ਜੈ।

ਦੁਇ ਰਾਜੇ ਤੇ ਸਾਰੇ ਸੂਰਮੇ ਦੰਗ ਰਹਿ ਗਏ ਕਿ ਕਿਤਨੇ ਭਾਰੇ ਬਲਵਾਨ ਸ਼ੇਰ ਨੂੰ ਗੁਰੂ ਜੀ ਨੇ ਕਿਸ ਤਰ੍ਹਾਂ ਮਾਰ ਘੱਤਿਆ ਹੈ, ਇਹ ਸੂਰਮਗਤੀ ਕਮਾਲ ਦੀ ਹੈ। ਇਹ ਜੁੱਧ ਵਿਦਿਆ ਬੜੀ ਉੱਚੀ ਹੈ। ਇਹ ਸ਼ਿਕਾਰ ਕਰਨ ਦੀ ਕਾਰੀਗਰੀ ਬੀ ਹੈ, ਪਰ ਬਲਵਾਨਤਾ ਬੀ ਬੜੀ ਹੈ। ਪਰ ਸਾਰੇ ਇਹ ਹੀ ਰਾਜਿਆਂ ਸਮੇਤ ਕਹਿ ਰਹੇ ਸਨ ਕਿ ਗੁਰੂ ਜੀ ਦੀ ਰੂਹਾਨੀ ਤਾਕਤ ਯਾ ਆਤਮ ਬਲ ਬੀ ਕਮਾਲ ਦਾ ਹੈ, ਜਿਸ ਨਾਲ ਇਹ ਔਖਾ, ਡਾਢਾ ਔਖਾ ਕੰਮ, ਆਪ ਨੇ ਕਰ ਦਿਖਾਇਆ ਹੈ।

ਗਲ ਕੀ ਸ਼ਿਕਾਰੇ ਸ਼ੇਰ ਨੂੰ ਚੁਕਵਾਕੇ ਪਾਉਂਟੇ ਦੇ ਰਾਹ ਪਾਇਆ ਤੇ ਆਪ ਘੋੜਿਆਂ, ਹਾਥੀਆਂ ਤੇ ਚੜ੍ਹੇ ਵਾਪਸ ਆਏ। ਰਾਤ ਸਭ ਨੇ ਸੁਖ ਨਾਲ ਬਿਤਾਈ। ਅਗਲੇ ਦਿਨ ਰਾਜਿਆਂ ਨੇ ਵਿਦੈਗੀ ਲੀਤੀ ਤੇ ਆਪਣੀਆਂ ਆਪਣੀਆਂ ਰਾਜਧਾਨੀਆਂ ਨੂੰ ਤੁਰ ਪਏ। ਫਤੇ ਸ਼ਾਹ ਨੇ ਤੁਰਨ ਤੋਂ ਪਹਿਲਾਂ ਇਕ ਪਿੰਡ ਲੰਗਰ ਵਾਸਤੇ ਭੇਟ ਕੀਤਾ, ਪਰ ਸਤਿਗੁਰੂ ਜੀ ਨੇ ਕਿਹਾ ਕਿ ਗੁਰੂ ਕੀ ਦੇਗ ਅਕਾਲ ਪੁਰਖ ਚਲਾ ਰਿਹਾ ਹੈ, ਇਸ ਵਿਚ ਕਮੀ ਨਹੀਂ ਹੁੰਦੀ; ਤੁਸੀਂ ਗੁਰੂ ਘਰ ਦੀ ਗੁਰੂਮਤਿ ਲਵੋ, ਸਿਖੀ ਧਾਰੋ ਤੇ ਜਨਮ ਸਫਲਾ ਕਰੋ। ਰਾਜਿਆਂ ਨੇ ਕਿਹਾ ਅਸੀਂ ਆਪ ਦੀ ਆਗਿਆ ਵਿਚ ਹਾਂ। ਐਉਂ ਦੁਇ ਆਪੋ ਵਿਚ ਸੁਖੀ ਹੋਏ ਘਰੋ ਘਰੀ ਚਲੇ ਗਏ।

❖❖❖

# ੬੧. ਰਾਜ ਤੇ ਜੋਗ।

**ਬੁਧੂ** ਸ਼ਾਹ ਅਜੇ ਪਾਉਂਟੇ ਹੀ ਠਹਿਰਿਆ ਹੋਇਆ ਸੀ। ਸਵੇਰੇ ਸੰਧਯਾ ਨੂੰ ਗੁਰੂ ਕੇ ਦਰਬਾਰ ਵਿਚ ਹਾਜ਼ਰ ਹੁੰਦਾ, ਆਸਾ ਦੀ ਵਾਰ ਤੇ ਸੋਦਰ ਦੀ ਚੌਕੀ ਸੁਣਦਾ। ਸੁਹਣੇ ਗੁਰੂ ਜੀ ਦੇ ਦਰਸ਼ਨ ਕਰਦਾ ਬਹੁਤ ਸੁਖੀ ਹੁੰਦਾ। ਹੈਸੀ ਤਾਂ ਰੱਬ ਦੇ ਰਸਤੇ ਟੁਰਨ ਵਾਲਾ, ਪਰ ਜੋ ਸੁਆਦ ਉਸ ਨੂੰ ਇਥੇ ਆ ਕੇ ਆਇਆ ਉਹ ਬੜਾ ਅਨੋਖਾ ਸੀ। ਉਸ ਦੇ ਨਾਲ ਆਏ ਉਸ ਦੇ ਚੇਲੇ, ਜਿਨ੍ਹਾ ਨੂੰ ਫਾਰਸੀ ਵਿਚ 'ਮੁਰੀਦ' ਆਖਦੇ ਸਨ, ਉਸ ਦੇ ਨਾਲ ਹੀ ਦੀਵਾਨ ਵਿਚ ਹਾਜ਼ਰ ਹੁੰਦੇ ਸਨ ਤੇ ਦਰਸ਼ਨ ਦਾ ਸੁਆਦ ਤੇ ਕੀਰਤਨ ਦਾ ਰਸ ਲੈਂਦੇ ਖੁਸ਼ ਹੁੰਦੇ ਸਨ।

ਸ਼ੇਰ ਨੂੰ ਹੱਥੀਂ ਤਲਵਾਰ ਨਾਲ ਮਾਰ ਲੈਣ ਵਾਲੀ ਗੱਲ ਬੁੱਧੂ ਸ਼ਾਹ ਦੇ ਓਥੇ ਹੁੰਦਿਆਂ ਹੀ ਵਰਤੀ ਸੀ। ਓਹ ਅਚਰਜ ਹੁੰਦਾ ਸੀ ਕਿ ਕਿਤਨੀ ਤਾਕਤ ਇਹਨਾਂ ਦੇ ਆਤਮਾ ਦੀ ਹੈ ਤੇ ਕਿਤਨਾ ਜ਼ੋਰ ਇਨ੍ਹਾਂ ਦੇ ਡੌਲਿਆਂ ਵਿਚ ਹੈ ਕਿ ਇਡੇ ਭਿਆਨਕ ਤੇ ਬਲੀ ਸ਼ੇਰ ਦੇ ਭਾਰ ਤੇ ਜ਼ੋਰ ਨੂੰ ਢਾਲ ਉਤੇ ਝੱਲ ਕੇ ਉਸ ਨੂੰ ਮਾਰ ਸੁੱਟਿਆ ਤੇ ਦੁਖੀ ਪਰਜਾ ਨੂੰ ਸੁਖੀ ਕਰ

ਦਿੱਤਾ। ਪਰ ਫੇਰ ਦਾਨਾ ਸੀ; ਵਿਦਜਾ ਵਾਲਾ ਸੀ, ਸਮਝਦਾ ਸੀ ਕਿ ਅੱਲਾ ਵਾਲਿਆਂ ਵਿਚ ਸੱਭੋ ਤਾਣ ਹੁੰਦੇ ਹਨ, ਵਾਹਿਗੁਰੂ ਜੁ ਉਹਨਾਂ ਤੇ ਦਿਆਲੂ ਹੁੰਦਾ ਹੈ, ਜੋ ਚਾਹੁੰਦਾ ਹੈ ਉਹਨਾਂ ਤੋਂ ਕਰਵਾ ਲੈਂਦਾ ਹੈ।

ਅੱਲਾ ਵਾਲਾ ਉਨ੍ਹਾਂ ਨੂੰ ਕਹਿੰਦੇ ਹਨ ਜੋ ਰੱਬ ਨੂੰ ਪਿਆਰ ਕਰਦੇ ਹਨ ਤੇ ਜਿਨ੍ਹਾਂ ਨੂੰ ਅਗੋਂ ਰੱਬ ਪਿਆਰ ਕਰਦਾ ਹੈ।

ਫਿਰ ਸੋਚੇ ਕਿ ਐਸੇ ਅੱਲਾ ਵਾਲੇ ਇਹੋ ਹੀ ਹਨ, ਇਹਨਾਂ ਵਰਗਾ ਕੋਈ ਹੋਰ ਅੱਲਾ ਦਾ ਪਿਆਰਾ ਨਹੀਂ ਹੈ, ਇਹ ਰੱਬ ਜੀ ਦੇ ਪਿਆਰੇ ਹਨ, ਮੇਰੇ ਭਾਗ ਜਾਗੇ ਹਨ ਜੋ ਐਸੇ ਨਬੀ ਕਿ ਰਸੂਲ, ਰਸੂਲ ਕਿ ਪੈਗੰਬਰ ਮੈਨੂੰ ਮਿਲ ਪਏ ਹਨ। ਅਰਬੀ ਬੋਲੀ ਵਿਚ ਇਹ ਅੱਖਰ-ਰਸੂਲ, ਨਬੀ, ਪੈਗੰਬਰ ਉਸ ਨੂੰ ਆਖਦੇ ਹਨ ਜਿਸ ਨੂੰ ਰੱਬ ਦੁਨੀਆਂ ਤੇ ਆਪ ਭੇਜਦਾ ਹੈ ਕਿ ਓਹ ਜਗਤ ਦੇ ਲੋਕਾਂ ਨੂੰ ਸੁਮਤਿ ਦੇ ਕੇ ਭਲੇ ਰਸਤੇ ਟੋਰਨ। ਸੋ ਇਸ ਤਰ੍ਹਾਂ ਪਿਆਰ ਤੇ ਸਿਦਕ ਭਰੋਸੇ ਵਿਚ ਪੱਕਾ ਹੋ ਕੇ ਗੁਰੂ ਜੀ ਦਾ ਪ੍ਰੇਮੀ ਮੁਰੀਦ ਬਣ ਕੇ ਬੁਧੂ ਸ਼ਾਹ ਆਪਣੇ ਨਗਰ-ਸਢੌਰੇ-ਚਲਿਆ ਗਿਆ ਪਰ ਉਸ ਦਾ ਮਨ ਗੁਰੂ ਜੀ ਦੇ ਪਿਆਰ ਵਿਚ ਰੱਤਾ ਰਿਹਾ।

ਗੁਰੂ ਕੇ ਦਰਬਾਰ ਰੌਣਕਾਂ ਦੂਣ ਸਵਾਈਆਂ ਹੋ ਰਹੀਆਂ ਸਨ। ਦੂਰੋਂ ਦੂਰੋਂ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਸਨ। ਹੁਣ ਇਕ ਹੋਰ ਗੱਲ ਹੋਈ: ਉਹ ਇਹ ਸੀ ਕਿ ਕਈ ਕਵੀ ਆਉਣ ਲਗ ਪਏ। ਕਵੀ ਆਖਦੇ ਹਨ ਜੋ ਕਵਿਤਾ ਰਚੇ, ਜੋ ਗੀਤ ਬਣਾ ਸਕੇ, ਜੋ ਛੰਦ ਲਿਖ ਸਕੇ। ਕੁਛ ਕਵੀ ਤਾ ਆਨੰਦਪੁਰ ਬੀ ਆਏ ਸੇ, ਪਰ ਓਹ ਪਾਉਂਟੇ ਵੱਲ ਟੁਰਨ ਵੇਲੇ ਵਿਦਾ ਕਰ ਦਿਤੇ ਗਏ ਸਨ। ਹੁਣ ਏਥੇ ਫੇਰ ਓਹ ਤੇ ਹੋਰ ਕਈ ਨਵੇਂ ਆਏ ਸੇ। ਗੁਰੂ ਜੀ ਵਿਦਿਆ ਵਾਲੇ ਪੜ੍ਹਿਆਂ ਲਿਖਿਆਂ ਦੀ ਕਦਰ ਕਰਦੇ ਸਨ, ਕਵੀਆਂ ਨੂੰ, ਜੋ ਸਚਮੁਚ ਦੇ ਉੱਚੇ ਮਨਾ ਵਾਲੇ ਹੁੰਦੇ ਸਨ, ਆਦਰ ਦੇਂਦੇ ਸਨ। ਏਥੇ ਓਹ ਕਵੀ ਬੀ ਆਏ ਜੋ ਆਪਣੀ ਮੌਜ ਨਾਲ ਆਏ, ਪਰ ਕੁਛ ਓਹ ਬੀ ਵਿਦਜਾ ਵਾਲੇ ਤੇ ਕਵੀ ਆਏ ਜੋ ਔਰੰਗਜ਼ੇਬ ਪਾਤਸ਼ਾਹ ਤੋਂ ਕਿਸੇ

ਕਾਰਣ ਡਰਦੇ ਸਨ ਤੇ ਹੋਰ ਰਾਜੇ ਉਹਨਾਂ ਨੂੰ ਨਹੀਂ ਸੇ ਰਖਦੇ। ਗੁਰੂ ਜੀ ਐਸੇ ਦੁਖੀਆਂ ਨੂੰ ਆਸਰਾ ਦੇਂਦੇ ਤੇ ਪਾਸ ਰਖ ਲੈਂਦੇ ਸਨ। ਇਹ ਵਿਦਜਾ ਵਾਲੇ ਲੋਕ ਜੋ ਰਚਨਾ ਰਚਦੇ, ਗੁਰੂ ਜੀ ਸੁਣਦੇ ਤੇ ਸਲਾਹੁੰਦੇ। ਆਪ ਬੀ ਗੁਰੂ ਜੀ ਮਹਾਨ ਉੱਚੇ ਕਵੀ ਸਨ ਤੇ ਕਵਿਤਾ ਰਚਦੇ ਸਨ। ਕੇਵਲ ਕਵੀ ਨਹੀਂ, ਆਪ ਈਸ੍ਵਰੀਯ ਬਾਣੀ ਦੀ ਪਹੁੰਚ ਵਾਲੇ ਸੇ। ਆਪ ਜੀ ਤੇ ਧੁਰ ਦੀ ਬਾਣੀ ਉਤਰਦੀ ਸੀ ਤੇ ਆਪ ਉਹ ਉਸੇ ਤਰ੍ਹਾਂ ਉਚਾਰਦੇ ਸੇ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ ਵਿਚ ਦੱਸਿਆ ਹੈ ਕਿ ਮੈਂ ਵਾਹਿਗੁਰੂ ਜੀ ਦੇ ਦਰਬਾਰ ਸੱਦਿਆ ਗਿਆ ਸੀ ਤੇ ਓਥੋਂ ਦੁਨੀਆਂ ਨੂੰ ਤਾਰਨ ਦਾ ਹੁਕਮ ਮਿਲਿਆ ਸੀ, ਉਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੀ ਫੁਰਮਾਇਆ ਹੈ ਕਿ ਅਕਾਲ ਪੁਰਖ ਨੇ ਉਹਨਾਂ ਨੂੰ ਇਹ ਹੁਕਮ ਦੇ ਕੇ ਦੁਨੀਆਂ ਵਿਚ ਟੋਰਿਆ ਸੀ :-

ਅਕਾਲ ਪੁਰਖ ਵਾਚ॥ਚੌਪਈ॥
ਮੈਂ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਾਇ ਤਹਾਂ ਤੈ ਧਰਮ ਚਲਾਇ॥
ਕੁਬੁਧ ਕਰਨ ਤੇ ਲੋਕ ਹਟਾਇ॥੨੯॥

ਅਰਥਾਤ-ਵਾਹਿਗੁਰੂ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਿਆ-"ਮੈਂ ਤੈਨੂੰ ਆਪਣੇ ਪੁੱਤ੍ਰ ਹੋਣ ਦੀ ਵਡਿਆਈ ਦੇਂਦਾ ਹਾਂ, ਤੈਨੂੰ ਮੈਂ ਬਣਾਇਆ ਹੈ ਕਿ ਤੂੰ ਪੰਥ ਦਾ ਪ੍ਰਚਾਰ ਕਰੇਂ, ਦੁਨੀਆਂ ਵਿਚ ਜਾਹ ਤੇ ਧਰਮ ਦਾ ਤੋਰਾ ਤੋਰ ਤੇ ਲੋਕਾਂ ਨੂੰ ਖੋਟੀ ਮਤਿ ਤੇ ਖੋਟੀ ਮਤਿ ਨਾਲ ਹੋਣ ਵਾਲੇ ਕੰਮਾਂ ਤੋਂ ਰੋਕ"। ਮੁਰਾਦ ਇਹ ਸੀ ਕਿ ਜੋ ਪੰਥ ਗੁਰੂ ਨਾਨਕ ਨੇ ਬਣਾਇਆ ਹੈ ਉਸ ਦਾ ਪ੍ਰਚਾਰ ਕਰ ਤੇ ਜੋ ਦੁਨੀਆ ਖੋਟੀ ਮਤਿ ਵਿਚ ਹੈ ਤੇ ਉਸ ਰਾਹੇ, ਜੋ ਗੁਰੂ ਨਾਨਕ ਨੇ ਟੋਰਿਆ ਹੈ; ਨਹੀਂ ਟੁਰੀ, ਉਸ ਨੂੰ ਉਸ ਖਰੀ ਮਤਿ ਦੇ ਰਸਤੇ ਟੋਰ।

ਇਸ ਤੋਂ ਤੁਸੀਂ ਸਮਝ ਲਓ ਕਿ ਜੋ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਤਰਦੀ ਸੀ ਤੇ ਉਹਨਾਂ ਫੇਰ ਮਨੁਖੀ ਬੋਲੀ ਵਿਚ ਰਚਕੇ ਸਾਨੂੰ ਦਿੱਤੀ, ਓਹੋ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੀ ਪ੍ਰਾਪਤ ਸੀ। ਸੋ ਗੁਰੂ ਜੀ ਨਾ ਕੇਵਲ ਮਹਾਨ ਉੱਚੇ ਕਵੀ ਸੇ, ਸਗੋਂ ਓਹ ਅਨੁਭਵੀ ਮਹਾਂ ਪੁਰਖ "ਗੁਰੂ ਨਾਨਕ ਦੇਵ ਗੋਬਿੰਦ ਰੂਪ" ਵਾਂਙੂ "ਵਹ ਪ੍ਰਗਟਿਓ ਪੁਰਖ ਭਗਵੰਤ ਰੂਪ" ਸਨ ਤੇ ਵਾਹਿਗੁਰੂ ਜੀ ਨੂੰ ਪੁੱਤ੍ਰ ਤੁੱਲ ਪਿਆਰੇ ਸਨ। ਉਹ 'ਜਾਪੁ ਜੀ' ਆਦਿ ਬਾਣੀਆਂ ਆਦਿ ਗੁਰੂ ਸਾਹਿਬ ਵਾਂਙੂ ਹੀ ਉਚਾਰਦੇ ਸੀ।

ਸੋ ਪਾਉਂਟੇ ਸਾਹਿਬ ਰਾਜ ਤੇ ਜੋਗ ਦੁਇ ਰੰਗ ਲੱਗ ਰਹੇ ਸੇ। ਦੁਇ ਨਹੀਂ ਅਨੇਕ ਰੰਗ ਲੱਗ ਰਹੇ ਸੇ। ਕਵਿਤਾ ਹੁੰਦੀ, ਬਾਣੀ ਉਚਾਰ ਹੁੰਦੀ ਸੀ, ਪਰਉਪਕਾਰ ਹੁੰਦੇ ਸੇ, ਪ੍ਰੇਮੀਆਂ ਦੇ ਪ੍ਰੇਮ ਨੂੰ ਪੂਰਾ ਕਰਦੇ ਸਨ। ਦੇਸ਼ ਨੂੰ ਜ਼ਾਲਮਾਂ ਦੇ ਰਾਜ ਤੋਂ ਛੁਡਾਉਣ ਤੇ ਦੇਸ਼ ਦਾ ਆਪਣਾ ਰਾਜ ਆਪ ਕਰਨ ਦੀ ਸੁਤੰਤ੍ਰਤਾ ਦੇ ਉਪਰਾਲੇ ਹੋ ਰਹੇ ਸਨ।

❖❖❖

## ੬੨. ਖਾਨ ਨੌਕਰ ਰੱਖੇ।

**ਕਰਨਾਲ** ਦੇ ਜ਼ਿਲੇ ਵਿਚ ਇਕ ਕੁੰਜ ਪੁਰ ਕਸਬਾ ਹੈ, ਇਸ ਦੇ ਲਾਗੇ ਇਕ ਪਿੰਡ ਹੈ ਦਾਮਲਾ। ਇਹ ਪਠਾਣਾਂ ਦੀ ਬਸਤੀ ਸੀ। ਏਥੇ ਦੇ ਪੰਜ ਸੌ ਪਠਾਣ ਔਰੰਗਜ਼ੇਬ ਪਾਤਸ਼ਾਹ ਦੀ ਫੌਜ ਵਿਚ ਨੌਕਰ ਸਨ। ਔਰੰਗਜ਼ੇਬ ਉਸ ਸਮੇਂ ਦਾ ਵਿਦੇਸ਼ੀ ਮੁਗ਼ਲ ਪਾਤਸ਼ਾਹ ਸੀ। ਇਹ ਬੜਾ ਸ਼ੱਕੀ ਤੇ ਗੁਸੈਲ ਆਦਮੀ ਸੀ। ਇਹ ਦਾਮਲੇ ਦੇ ਇਨ੍ਹਾਂ ਪਠਾਣ ਸਿਪਾਹੀਆਂ ਤੇ ਕਿਸੇ ਗਲੋਂ ਗੁੱਸੇ ਹੋ ਗਿਆ ਤੇ ਨੌਕਰੀ ਤੋਂ ਹਟਾ ਦਿੱਤਾ। ਇਹ ਕਈ ਥਾਂ ਫਿਰੇ, ਪਰ ਕਿਸੇ ਨੇ ਨੌਕਰ ਨਾ ਰੱਖੇ। ਇਸ ਡਰ ਮਾਰੇ ਕਿ ਔਰੰਗਜ਼ੇਬ ਗੁੱਸੇ ਨਾ ਹੋ ਜਾਵੇ ਕਿ ਮੇਰੇ ਹਟਾਏ ਕਿਉਂ ਕਿਸੇ ਨੇ ਨੌਕਰ ਰਖੇ ਹਨ।

ਇਹ ਸਾਰੇ ਪੀਰ ਬੁੱਧੂ ਸ਼ਾਹ ਦੇ ਮੁਰੀਦ ਸਨ। ਜਦ ਕਿਤੇ ਨੌਕਰੀ ਨਾ ਲੱਭੀ ਤੇ ਰੋਜ਼ ਦੇ ਖਰਚਾਂ ਵਲੋਂ ਔਖੇ ਹੋਣ ਲਗੇ ਤਦ ਇਹ ਸਢੌਰੇ ਆਪਣੇ ਪੀਰ 'ਬੁੱਧੂ ਸ਼ਾਹ' ਕੋਲ ਆਏ। ਬਾਹਰ ਡੇਰਾ ਕੀਤਾ ਤੇ ਸੁਹਣਾ ਵਕਤ ਵਿਚਾਰ ਕੇ ਪੀਰ ਸਾਹਿਬ ਪਾਸ ਹਾਜ਼ਰ ਹੋਏ। ਸਿਜਦੇ ਕਰਕੇ* ਬੈਠ ਗਏ, ਫੇਰ ਆਪਣੀ ਕਹਾਣੀ ਸੁਣਾਈ ਕਿ ਬੇਰੁਜ਼ਗਾਰ ਫਿਰ ਰਹੇ ਹਾਂ, ਪਾਤਸ਼ਾਹ ਨੇ ਐਵੇਂ ਸ਼ੁਬ੍ਹੇ ਸ਼ੁਬ੍ਹੇ ਵਿਚ ਕੱਢ ਦਿੱਤੇ ਹਾਂ, ਪਾਤਸ਼ਾਹ ਤੋਂ ਡਰਦਾ ਕੋਈ ਹੋਰ ਰਾਜਾ ਮਹਾਰਾਜਾ ਨੌਕਰ ਨਹੀਂ ਰਖਦਾ, ਆਪ ਸਾਡੇ ਪੀਰ ਹੋ, ਆਪ ਦੀ ਸ਼ਰਨ ਆਏ ਹਾਂ ਸਾਡੇ ਲਈ ਦੁਆਇ ਖੈਰ ਕਰੋ, ਅੱਲਾ ਸਾਨੂੰ ਰਿਜ਼ਕ ਰੋਟੀ ਦੇਵੇ, (ਅਰਥਾਤ ਸਾਡੇ ਭਲੇ ਲਈ ਅਰਦਾਸ ਕਰੋ, ਰੱਬ ਸਾਨੂੰ ਨੌਕਰੀ ਦੇਵੇ)। ਫੇਰ ਆਪ ਉਂਞ ਭੀ ਸਰਦੇ ਪੁਜਦੇ ਵਾਲੇ ਹੋ; ਕਿਤੇ ਕੋਈ ਥਾਂ ਲੱਭੋ ਤੇ ਨੌਕਰੀ ਕਰਾ ਦਿਓ।

ਪੀਰ ਜੀ ਨੇ ਸੋਚਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਜ ਕਲ ਸੈਨਾ ਬਣਾ ਰਹੇ ਹਨ; ਓਹ ਇਨ੍ਹਾਂ ਨੂੰ ਰੱਖ ਸਕਦੇ ਹਨ, ਨਾਲੇ ਓਹ ਨਿਰਭੈ ਹਨ ਕਿਸੇ ਦਾ ਡਰ ਨਹੀਂ ਮੰਨਦੇ, ਓਹ ਚਾਹੁਣ ਤਾਂ ਇਨ੍ਹਾਂ ਨੂੰ ਰੱਖ ਲੈਣਗੇ। ਇਹ ਸੋਚ ਸੋਚ ਕੇ ਪੀਰ ਉਨ੍ਹਾਂ ਪਠਾਣਾਂ ਨੂੰ ਨਾਲ ਲੈ ਕੇ ਪਾਉਂਟੇ ਆ ਗਿਆ। ਰਾਹ ਵਿਚ ਇਕ ਰਾਤ ਤੇ ਇਕ ਪਾਉਂਟੇ ਪਹੁੰਚ ਕੇ ਗੁਜ਼ਾਰੀ। ਅਗਲੇ ਦਿਨ ਬੁੱਧੂ ਸ਼ਾਹ ਗੁਰੂ ਕੇ ਦਰਬਾਰ ਹਾਜ਼ਰ ਹੋਇਆ ਤੇ ਸਾਰੀ ਗੱਲ ਬਾਤ ਗੁਰੂ ਜੀ ਅੱਗੇ ਬੇਨਤੀ ਕੀਤੀ ਤੇ ਸਿਪਾਰਸ਼ ਕੀਤੀ ਕਿ ਇਨ੍ਹਾਂ ਪੰਜ ਸੌ ਸੂਰਮਿਆਂ ਨੂੰ ਨੌਕਰ ਰੱਖ ਲਓ, ਏਹ ਬੜੇ ਵੇਲੇ ਸਿਰ ਕੰਮ ਆਉਣਗੇ, ਏਹ ਮੇਰੇ ਮੁਰੀਦ ਨਿਮਕ-ਹਲਾਲੀ ਕਰਨਗੇ। ਗੁਰੂ ਜੀ ਬੁੱਧੂ ਸ਼ਾਹ ਨੂੰ ਪਜਾਰ ਕਰਦੇ ਤੇ ਉਸ ਉਤੇ ਪੂਰਾ ਭਰੋਸਾ ਰੱਖਦੇ ਸਨ; ਬੋਲੇ: ਸਰਦਾਰਾਂ ਨੂੰ ਬੁਲਾਓ। ਸੋ ਚਾਰੇ ਸਰਦਾਰ ਹਾਜ਼ਰ ਹੋਏ: ਭੀਖਨ ਖਾਂ, ਕਾਲੇ ਖਾਨ, ਨਿਜਾਬਤ ਖਾਨ, ਹਯਾਤ ਖਾਨ। ਸਤਿਗੁਰੂ ਜੀ ਨੇ ਫੇਰ ਉਠ ਕੇ ਸਾਰੀ ਪੰਜ ਸੌ ਦੀ ਫੌਜ ਦੇਖੀ। ਘੋੜਿਆਂ ਤੇ ਚੜ੍ਹੇ ਜੁਆਨ ਤੱਕੇ ਤੇ ਨੰਦ ਚੰਦ ਦੀਵਾਨ ਨੂੰ ਆਗਿਆ ਕੀਤੀ ਕਿ ਹਰ ਸਵਾਰ ਦਾ ਰੁਪਿਆ ਰੋਜ਼ ਤੇ

*ਮੱਥੇ ਟੇਕ ਕੇ।

ਹਰ ਸਰਦਾਰ ਦੇ ਪੰਜ ਰੁਪੈ ਰੋਜ਼, ਘੋੜਿਆਂ ਦੇ ਖਰਚ ਖਜ਼ਾਨਿਓਂ, ਸਭ ਤੋਂ ਨਿਮਕ ਹਲਾਲੀ ਦੀ ਸਹੁੰ ਲਓ ਤੇ ਨਾਮ ਦਰਜ ਕਰ ਲਓ।

ਨੰਦ ਚੰਦ ਉਨ੍ਹਾਂ ਸਾਰਿਆਂ ਨੂੰ ਨਾਲ ਲੈ ਗਿਆ, ਹੇਠਾੜ ਵਲ, ਜਿਸ ਪਾਸੇ ਨੂੰ ਜਮਨਾ ਪਾਉਂਟੇ ਤੋਂ ਅੱਗੇ ਜਾਂਦੀ ਹੈ; ਇਨ੍ਹਾਂ ਸਾਰਿਆਂ ਦੇ ਨਾਮ ਪਤੇ ਲਿਖ ਲਏ ਤੇ ਤੰਬੂ ਲਗਵਾ ਕੇ ਡੇਰੇ ਕਰਵਾ ਦਿੱਤੇ ਅਤੇ ਨਿਮਕ ਹਲਾਲੀ ਦੀ ਸਹੁੰ ਸੁਗੰਦ ਲੈ ਲਈ।

ਬੁਧੂ ਸ਼ਾਹ ਬਹੁਤ ਖੁਸ਼ੀ ਹੋ ਗਿਆ ਕਿ ਮੇਰਾ ਕਿਹਾ ਗੁਰੂ ਜੀ ਨੇ ਪਰਵਾਨ ਕਰ ਲਿਆ ਹੈ। ਪਠਾਣ ਖੁਸ਼ ਹੋ ਗਏ ਕਿ ਰੁਜ਼ਗਾਰ ਮਿਲ ਗਿਆ ਹੈ। 'ਧੰਨ ਗੁਰੂ' 'ਧੰਨ ਗੁਰੂ' ਦੇ ਨਾਅਰੇ ਮਾਰਨ ਲਗੇ। ਨੰਦ ਚੰਦ ਆਦਿ ਸੂਰਮੇ ਖੁਸ਼ ਹੋਏ ਕਿ ਸਾਡੀ ਫੌਜ ਵਧ ਗਈ ਹੈ। ਨਾਅਰਾ ਆਖਦੇ ਹਨ ਜੈਕਾਰੇ ਨੂੰ।

ਬੁਧੂ ਸ਼ਾਹ ਕੁਛ ਦਿਨ ਹੋਰ ਰਹਿ ਕੇ ਦਰਸ਼ਨ ਮੇਲੇ ਕਰਦਾ ਆਪਣੇ ਨਗਰ-ਸਢੌਰੇ ਚਲਾ ਗਿਆ।

ਗੁਰੂ ਜੀ ਹੁਣ ਇਨ੍ਹਾਂ ਪਠਾਣਾਂ ਦੇ ਜੰਗੀ ਕਰਤਬ ਰੋਜ਼ ਦੇਖਦੇ। ਇਨ੍ਹਾਂ ਦੀ ਨੇਜਾ ਬਾਜ਼ੀ*, ਇਨ੍ਹਾਂ ਦੀ ਤਲਵਾਰ ਦੇ ਵਾਰ, ਇਨ੍ਹਾਂ ਦੀ ਘੋੜੇ ਚੜ੍ਹੇ ਬੰਦੂਕ ਚਲਾਉਣੀ ਤੱਕਦੇ, ਪੈਦਲ ਹੋ ਕੇ ਜੰਗੀ ਕਰਤਬ, ਆਦਿ ਸਾਰਾ ਕੁਛ ਦੇਖਦੇ। ਗੁਰੂ ਜੀ ਦੇ ਪਹਿਲੀ ਫੌਜ ਦੇ ਸਰਦਾਰਾਂ ਤੇ ਸਵਾਰਾਂ ਦੇ ਕਰਤਬ ਬੀ ਹੁੰਦੇ : ਗੱਲ ਕੀ ਪਾਉਂਟੇ ਇਕ ਸੁਹਣਾ ਫੌਜੀ ਅੱਡਾ ਬਣ ਗਿਆ।

ਇਹ ਫੌਜੀ ਤਾਕਤ ਬਣਦੀ ਤੇ ਵਧਦੀ ਦੇਖ ਕੇ ਕਈ ਰਾਜੇ ਦਿਲਾਂ ਵਿਚ ਭੈ ਮੰਨਦੇ ਕਿ ਕਿਤੇ ਸਾਡਾ ਰਾਜ ਨਾ ਖੋਹ ਲੈਣ; ਪਰ ਕਈ ਸਿਆਣੇ ਸਮਝਦੇ ਕਿ ਐਸਾ ਨਹੀਂ ਕਰਨ ਲਗੇ। ਇਹਨਾਂ ਦੇ ਆਸ਼ੇ ਬਹੁਤ ਉਚੇ ਹਨ, ਪਰ ਔਰੰਗਜ਼ੇਬ ਸੁਣ ਸੁਣ ਕੇ ਦਿਲ ਵਿਚ ਖੁਣਸਦਾ ਸੀ; ਤੇ ਇਸ ਉਠਦੀ ਤਾਕਤ ਨੂੰ ਉਠਦੇ ਹੀ ਨੱਪ ਦੇਣਾ ਚਾਹੁੰਦਾ ਸੀ।

---

*ਘੋੜੇ ਨੂੰ ਦੁੜਾਉਂਦਿਆਂ ਨੇਜ਼ੇ ਨਾਲ ਇਕ ਜ਼ਿਮੀਂ ਵਿਚ ਗੱਡਿਆ ਕਿੱਲਾ ਪੁਰੋ ਕੇ ਪੁੱਟ ਲਿਜਾਣ ਨੂੰ ਨੇਜ਼ਾ ਬਾਜ਼ੀ ਆਖਦੇ ਹਨ।

# ੬੩. ਸ੍ਰੀ ਰਾਮ ਰਾਇ ਜੀ ਵੱਲੋਂ ਸੰਦੇਸ਼।

ਸ੍ਰੀ ਰਾਮ ਰਾਇ ਜੀ ਹੁਣ ਸੁਖੀ ਸਨ, ਪਰ ਫਿਰ ਬੀ ਵਿਚਾਰਾਂ ਕਰਦੇ ਕਿ ਗੁਰਿਆਈ ਦੀ ਤਾਕਤ ਦੇ ਨਾਲ ਗੁਰੂ ਜੀ ਦੀ ਫੌਜੀ ਤਾਕਤ ਬੀ ਦਿਨੋ ਦਿਨ ਵਧ ਰਹੀ ਹੈ; ਮੇਰੇ ਆਦਮੀ ਜਾ ਕੇ ਮੇਲਾ ਤਾਂ ਕਰ ਆਏ ਹਨ, ਪਰ ਕਿਹਾ ਚੰਗਾ ਹੋਵੇ ਕਿ ਮੈਂ ਆਪ ਬੀ ਮਿਲ ਪਵਾਂ ਤੇ ਆਪੋ ਵਿਚ ਸਿੱਧਾ ਮੇਲ ਜੋਲ ਹੋ ਜਾਵੇ। ਫੇਰ ਮੈਂ ਨਿਸਚਿੰਤ ਹੋ ਜਾਵਾਂ, ਕੋਈ ਫਿਕਰ ਨਾ ਰਹੇ।

ਫੇਰ ਸੋਚ ਫੁਰੇ ਕਿ ਜੇ ਮੈਂ ਆਪ ਤੁਰ ਕੇ ਗਿਆ ਤਾਂ ਲੋਕੀ ਤੇ ਮੇਰੇ ਮੁਰੀਦ ਮੈਨੂੰ ਛੋਟਾ ਸਮਝ ਲੈਣਗੇ। ਚਾਹੋ ਮੈਂ ਭਤੀਜਾ ਤੇ ਓਹ ਚਾਚੇ ਮੈਥੋਂ ਸਾਕਾਦਾਰੀ ਵਿਚ ਬੀ ਵਡੇ ਹਨ, ਪਰ ਇਧਰ ਦੇ ਸਾਰੇ ਲੋਕ ਮੈਨੂੰ ਗੁਰੂ ਸਮਝਦੇ ਹਨ, ਓਹ ਫੇਰ ਆਖਣਗੇ ਕਿ ਮੈਂ ਨੀਵਾਂ ਹਾਂ, ਗੁਰੂ ਨਹੀਂ ਹਾਂ। ਇਸ ਕਰਕੇ ਚੰਗਾ ਹੋਵੇ ਕਿ ਕਿਤੇ ਰਾਹ ਖਹਿੜੇ ਮਿਲ ਪੈਣ, ਮੁਲਾਕਾਤ ਹੋ ਜਾਵੇ ਤੇ ਆਪ ਜਾਣ ਦਾ ਹੌਲਾਪਨ ਬੀ ਨਾ ਹੋਵੇ। ਸੋ ਆਪ ਨੇ ਵਿਚਾਰਾਂ ਕਰਕੇ ਆਪਣਾ ਇਕ ਮਸੰਦ ਘੱਲਿਆ, ਇਹ ਪਾਂਵਟੇ ਪਹੁੰਚਾ। ਇਸ ਨੂੰ ਚੰਗੇ ਥਾਂ ਉਤਾਰਾ ਮਿਲਿਆ, ਫੇਰ ਇਹ ਗੁਰੂ ਦਰਬਾਰ ਹਾਜ਼ਰ ਹੋਇਆ। ਮੱਥਾ ਟੇਕ ਕੇ ਇਹ ਅੱਗੇ ਹੋਇਆ, ਜਿਥੇ ਗੁਰੂ ਜੀ ਉਚੇ ਬੈਠੇ ਸਨ ਤੇ ਗਿਰਦੇ ਪੰਜੇ ਭਰਾ, ਮਾਮਾ ਜੀ ਤੇ ਨੰਦ ਚੰਦ ਆਦਿਕ ਪਾਸ ਬੈਠੇ ਸਨ। ਓਥੇ ਚਰਨਾਂ ਵਿਚ ਬੈਠ ਕੇ ਹੌਲੇ ਹੌਲੇ ਇਸ ਨੇ ਬੇਨਤੀ ਕੀਤੀ; "ਸਾਡੇ ਗੁਰੂ ਜੀ ਆਪ ਨੂੰ ਮਿਲਣਾ ਚਾਹੁੰਦੇ ਹਨ, ਪਰ ਆਪ ਜੀ ਪਾਉਂਟੇ ਆਉਣੋਂ ਕੁਝ ਸੰਕੋਚ ਰਖਦੇ ਹਨ, ਪਰ ਆਪ ਦੀ ਸ੍ਰੀ ਜੀ ਨਾਲ ਮੇਲ ਦੀ ਇਛਾ ਬੜੀ ਹੈ ਤੇ ਦਿਲੋਂ ਮਨੋਂ ਹੈ। ਸੋ ਜੇ ਕਿਰਪਾ ਕਰੋ, ਕਦੇ ਉਸ ਪਾਸੇ ਸ਼ਿਕਾਰ ਚੜੋ, ਆਪ ਕਈ ਵੇਰ ਜਮਨਾ ਪਾਰ ਓਧਰ ਜਾ ਸ਼ਿਕਾਰ ਕਰਦੇ ਹੋ, ਤਾਂ ਓਹ ਬੀ ਆ ਜਾਣ ਤੇ ਮੇਲ ਮਿਲਾਪ ਹੋ ਜਾਵੇ।"

ਮਾਮਾ ਜੀ ਨੇ ਕਿਹਾ-ਭਾਈ ਇਤਨਾਂ ਛਿਪਾਉ ਕਿਉਂ, ਮਿਲਣਾ ਹੈ, ਮਿਲਣਾ ਉਤਮ ਕੰਮ ਹੈ, ਖੁਲ੍ਹੇ ਦਰਵੱਜੀਂ ਮਿਲਣ, ਗੁਰੂ ਜੀ ਬੜੇ ਪਿਆਰ ਨਾਲ ਮਿਲਣਗੇ।

ਮਸੰਦ ਨੇ ਉੱਤਰ ਦਿੱਤਾ ਕਿ ਓਹ ਬਹੁਤ ਪ੍ਰਗਟ ਹੋ ਕੇ ਮਿਲਣਾ ਨਹੀਂ ਚਾਹੁੰਦੇ, ਪਰ ਮਿਲਣਾ ਲੋਚਦੇ ਜ਼ਰੂਰ ਹਨ, ਕਿਉਂ? ਇਹ ਕਿਉਂ ਓਹ ਆਪ ਜਾਣਦੇ ਹਨ, ਦਾਸ ਨੂੰ ਪਤਾ ਨਹੀਂ।

ਪਰ ਗੁਰੂ ਜੀ ਸਮਝ ਗਏ ਕਿ ਸ੍ਰੀ ਰਾਮ ਰਾਇ ਜੀ ਦੇ ਮਸੰਦ ਤੇ ਨੇੜੇ ਦੇ ਬੰਦੇ ਜ਼ੋਰ ਫੜ ਗਏ ਹਨ ਤੇ ਓਹ ਓਹਨਾਂ ਤੋਂ ਝਿਜਕਦੇ ਹਨ* ਕਿ ਸਿੱਧੇ ਮਿਲਿਆਂ ਇਹ ਵਿਗੜ ਜਾਣਗੇ ਤੇ ਜੇ ਚੁਪ ਚਾਪ ਮੇਲ ਹੋ ਗਿਆ ਤਾਂ ਇਹ ਗੱਲ ਤਾਂ ਨਾ ਸਮਝਣਗੇ ਕਿ ਸਾਡਾ ਗੁਰੂ ਨੀਵਾਂ ਹੋ ਗਿਆ ਹੈ, ਪਰ ਭੈ ਖਾਣ ਲੱਗ ਜਾਣਗੇ ਕਿ ਹੁਣ ਰਾਮ ਰਾਇ ਇਕੱਲਾ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਤਾਕਤ ਇਸ ਦੇ ਨਾਲ ਹੈ। ਇਹ ਗੁਪਤ ਆਸ਼ਾ ਲਖਕੇ ਵਿਸ਼ਾਲ ਦਿਲ ਵਾਲੇ ਗੁਰੂ ਕਲਗੀਆਂ ਵਾਲੇ ਨੇ ਕਿਹਾ:-ਸੁਣ ਭਾਈ ਮਸੰਦ! ਜਿਵੇਂ ਉਹਨਾਂ ਦਾ ਆਸ਼ਾ ਹੈ ਸਾਨੂੰ ਮੰਨਜ਼ੂਰ ਹੈ। ਅਸੀਂ ਆਇਤਵਾਰ ਨੂੰ ਜਦੋਂ ਥਿਤ ਦੂਜ ਹੋਵੇਗੀ, ਜਮਨਾ ਵਿਚ ਕਿਸ਼ਤੀ ਦੀ ਸੈਰ ਨੂੰ ਜਾਣਾ ਹੈ, ਓਥੇ ਉਹ ਬੀ ਕਿਸ਼ਤੀ ਦੀ ਸੈਰ ਕਰਦੇ ਸਾਨੂੰ ਆ ਮਿਲਣ। ਵਿਛੁੜਿਆਂ ਦੇ ਮੇਲੇ ਬੀ ਹੋ ਜਾਣਗੇ ਤੇ ਉਹਨਾਂ ਦੀ ਮਰਜ਼ੀ ਬੀ ਪੂਰੀ ਹੋ ਜਾਏਗੀ ਕਿ ਮੇਲਾ ਬਹੁਤ ਪ੍ਰਗਟ ਨਾ ਹੋਵੇ; ਉਂਞ ਮਗਰੋਂ ਇਸ ਮੇਲੇ ਨੇ ਛਿਪਣਾ ਨਹੀਂ, ਪਰ ਜਿਵੇਂ ਉਹਨਾਂ ਦੀ ਖੁਸ਼ੀ ਹੈ ਅਸੀਂ ਪੂਰੀ ਕਰਨ ਨੂੰ ਤਿਆਰ ਹਾਂ।

ਗੁਰੂ ਜੀ ਨੇ ਇਹ ਸੰਦੇਸ਼ ਬੀ ਉਸ ਸ੍ਰੀ ਰਾਮ ਰਾਇ ਜੀ ਦੇ ਇਤਬਾਰੀ ਮਸੰਦ ਹੱਥ ਘੱਲਿਆ :-

'ਯਾਤੇ ਰਾਮ ਰਾਇ ਕੋ ਕਹੋ। ਸਾਵਧਾਨ ਬਨ ਸਭ ਤੇ ਰਹੋ।' ਅਰਧਾਤ ਰਾਮ ਰਾਇ ਨੂੰ ਆਖੋ ਕਿ ਆਪਣੇ ਨੇੜੇ ਦੇ ਸੇਵਕਾਂ ਤੇ ਮਸੰਦਾਂ ਤੋਂ ਤਕੜੇ ਹੋ ਕੇ ਰਹੋ।

---

*ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:-ਬਿਨਾ ਤ੍ਰਾਸ ਤੇ ਤਾਹਿ ਮਸੰਦ। ਗਰਬੇ ਧਨ ਕੋ ਪਾਇ ਬਿਲੰਦ। ਤਿਨ ਤੇ ਸੰਕਤ ਹੈ ਚਿਤ ਸੋਇ।

(ਸਫਾ ੪੭੦੪, ਅੰਦ ੩੨-੩੩)

ਮਸੰਦ ਸੁਨੇਹਾ ਲੈ ਕੇ ਖੁਸ਼ ਖੁਸ਼ ਡੇਰੇ ਚਲਾ ਗਿਆ ਤੇ ਜਾ ਸ੍ਰੀ ਰਾਮ ਰਾਇ ਜੀ ਨੂੰ ਸਾਰੀ ਗੱਲ ਬਾਤ ਸੁਣਾਈ। ਮਸੰਦ ਨੇ ਇਹ ਬੀ ਦੱਸਿਆ ਕਿ ਦਾਦਾ ਗੁਰੂ ਹਰਿ ਗੋਬਿੰਦ ਜੀ ਵਾਂਙੂ ਫੌਜੀ ਸਾਮਾਨ ਬੜਾ ਹੈ, ਗੇਣਤੀ ਫ਼ੌਜ ਦੀ ਦਿਨੋਂ ਦਿਨ ਵਧ ਰਹੀ ਹੈ, ਖਰਚ ਰਾਜਿਆਂ ਵਰਗੇ ਹਨ ਤੇ ਆਮਦਨ ਬੀ ਬੜੀ ਹੈ, ਪਰ ਸਾਰੀ ਪਰਸੁਆਰਥਾਂ ਤੇ ਫੌਜਾਂ ਤੇ ਖਰਚ ਹੋ ਰਹੀ ਹੈ। ਆਤਮ ਕਲਾ ਬੜੀ ਹੈ, ਸਤਿਸੰਗ ਦਾ ਪ੍ਰਵਾਹ ਬਹੁਤ ਜ਼ੋਰਾਂ ਤੇ ਹੈ। ਕਈ ਸੰਤ ਮਹਾਤਮਾ, ਜੋਗੀ, ਰਿਖੀ, ਪੀਰ ਸ਼ਰਨੀ ਆ ਕੇ ਪੈ ਰਹੇ ਹਨ। ਅਨੇਕਾਂ ਮੁਸਲਮਾਨ ਮੁਰੀਦ ਹਨ, ਬੁੱਧੂ ਸ਼ਾਹ ਵਰਗੇ ਨਾਮੀ ਤੇ ਖ਼ਾਨਦਾਨੀ ਪੀਰ ਚਰਨੀਂ ਆ ਲਗੇ ਹਨ। ਨਿਰਵੈਰਤਾ ਇਤਨੀ ਹੈ ਕਿ ਫੌਜ ਵਿਚ ਸਿਖ ਤਾਂ ਹੋਣੇ ਹੀ ਹਨ, ਮੁਸਲਮਾਨ ਪਠਾਣਾਂ ਤਕ ਨੌਕਰ ਹਨ ਤੇ ਗੁਰੂ ਗੁਰੂ ਜਪ ਰਹੇ, ਸੇਵਾ ਕਰ ਰਹੇ ਹਨ। ਦੂਣ ਸਾਰੀ ਵਿਚ ਮਾਰੂ ਸ਼ੇਰ ਮੁਕਾ ਘੱਤੇ ਹਨ। ਜਮਨਾ ਦੇ ਦੋਹੀਂ ਪਾਸੀਂ ਤੋਂ ਸ਼ਿਵਾਲਕ ਪਹਾੜੀਆਂ ਵਿਚ ਜਿੱਥੇ ਜਿੱਥੇ ਪਿੰਡ ਤੇ ਖੇਤੀਆਂ ਹਨ, ਹੁਣ ਲੋਕੀਂ ਗਊਆਂ ਮਹੀਆਂ ਬੇ-ਡਰ ਹੋ ਕੇ ਚਾਰਦੇ ਹਨ। ਸ਼ੇਰਾਂ ਦਾ ਕੋਈ ਡਰ ਨਹੀਂ ਰਿਹਾ।

❖❖❖

## ੬੪. ਸ੍ਰੀ ਰਾਮ ਰਾਇ ਜੀ ਨਾਲ ਮੇਲ।

**ਜਦੋਂ** ਉਹ ਦਿਨ ਆ ਗਿਆ ਜੋ ਸ੍ਰੀ ਗੁਰੂ ਜੀ ਨੇ ਮਿਲਣ ਲਈ ਦੱਸਿਆ ਸੀ ਤਾਂ ਸ੍ਰੀ ਰਾਮ ਰਾਇ ਜੀ ਤਿਆਰ ਹੋ ਕੇ ਘੋੜੇ ਤੇ ਚੜ੍ਹਕੇ ਜਮਨਾ ਰੁਖ ਤੁਰ ਪਏ, ਉਸੇ ਸੜਕੇ ਜੋ ਹੁਣ ਡੇਹਰੇ ਤੋਂ ਚੂੜ੍ਹ ਪੁਰ ਤੇ ਚਕ੍ਰਾਤੇ ਨੂੰ ਜਾਂਦੀ ਹੈ। ਜਦੋਂ ਇਹ ਚੂੜ੍ਹ ਪੁਰ ਨੂੰ ਭਉਂਦੀ ਹੈ ਓਥੋਂ ਭਵੇਂ ਨਾ ਤੇ ਸਿੱਧੇ ਜਮਨਾ ਕਿਨਾਰੇ ਆ ਪਹੁੰਚੇ। ਇਥੇ ਅੱਗੇ ਬੇੜੀ ਤਿਆਰ ਸੀ, ਪਰ ਸ੍ਰੀ ਰਾਮ ਰਾਇ ਜੀ ਆਪਣੇ ਚੋਣਵੇਂ ਸਾਥੀਆਂ ਸਣੇ ਉਡੀਕ ਕਰਦੇ ਰਹੇ ਕਿ ਜਦ ਪਾਰੋਂ ਗੁਰੂ ਜੀ ਕਿਸ਼ਤੀ ਅਸਵਾਰ ਹੋਣਗੇ, ਤਦ ਇਧਰੋਂ ਇਹ ਬੇੜੀ ਤੇ ਸਵਾਰ ਹੋ ਕੇ ਬੇੜੀ ਠੇਲ ਦੇਣਗੇ ਤੇ ਵਿਚਾਲੇ ਜਾ ਮਿਲਣਗੇ।

ਉਧਰੋਂ ਗੁਰੂ ਜੀ ਤਿਆਰ ਹੋਕੇ, ਜਮਨਾਂ ਜਿਧਰੋਂ ਆਉਂਦੀ ਹੈ, ਉਸ ਰੁਖ ਨੂੰ ਘੋੜੇ ਤੇ ਚੜੇ ਕਿਨਾਰੇ ਦੇ ਨੇੜੇ ਨੇੜੇ ਟੁਰ ਪਏ। ਆਪ ਦੇ ਨਾਲ ਆਪ ਦੇ ਮਾਮਾ ਕ੍ਰਿਪਾਲ ਚੰਦ ਜੀ ਸਨ, ਦੂਜੇ ਸੂਰਮੇ ਨੰਦ ਚੰਦ ਜੀ ਸਨ, ਨਾਲ ਫੇਰ ਪੰਜੇ ਭਰਾ ਭੂਆ ਦੇ ਜਿਨ੍ਹਾਂ ਦੇ ਨਾਮ ਸਨ : ਸੰਗੋਸ਼ਾਹ ਜੀਤ ਮਲ, ਗੰਗਾ ਰਾਮ, ਮਾਹਰੀ ਚੰਦ, ਗੁਲਾਬ ਰਾਇ। ਹੋਰ ਸੂਰਮਾਂ ਨਾਲ ਸੀ ਦਯਾ ਰਾਮ। ਇਹ ਤਾਂ ਸਾਰੇ ਸਰਦਾਰ ਸਨ। ਨਾਲ ਕੁਛ ਸੈਨਾ ਦੇ ਚੋਣਵੇਂ ਹੋਰ ਸੂਰਮੇ ਸਨ। ਪਹਿਲੇ ਤਾਂ ਖੁੱਲ੍ਹੇ ਟਿਕਾਣੇ ਸ੍ਰੀ ਗੁਰੂ ਜੀ ਨੇ ਸਾਰਿਆਂ ਦੀ ਕਵਾਇਦ ਦੇਖੀ ਤੇ ਸਾਰਿਆਂ ਨੇ ਆਪੋ ਆਪਣੇ ਫ਼ੌਜੀ ਕਰਤਬ ਦਿਖਾਏ। ਫੇਰ ਸਨੇ ਸਨੇ ਉਸ ਥਾਂ ਪਹੁੰਚੇ ਜਿਥੇ ਵਡੀ ਬੇੜੀ ਉਡੀਕ ਕਰ ਰਹੀ ਸੀ।

ਹੁਣ ਆਪ ਘੋੜਿਆਂ ਤੋਂ ਕਿਸ਼ਤੀ ਪਰ ਸਵਾਰ ਹੋ ਗਏ। ਕਿਸ਼ਤੀ ਜਲ ਵਿਚ ਕ੍ਰੀੜਾ ਕਰਨ ਲਗੀ। ਇਥੇ ਬੀ ਇਸ ਪ੍ਰਕਾਰ ਦੀ ਕਿਸ਼ਤੀ ਦੀ ਖੇਲ ਦੇਖੀ ਜਿਵੇਂ ਕਿਸੇ ਲੜਾਈ ਵਿਚ ਬੇੜੀ ਚਲਾਉਣੀ, ਬਚਾਉਣੀ ਤੇ ਦੁਸ਼ਮਣ ਦੇ ਦਾਉ ਘਾਉ ਤੋਂ ਸਲਾਮਤ ਖੇਉਂਕੇ ਲੈ ਜਾਣੀ ਹੁੰਦੀ ਹੈ।

ਪਾਰ ਖਲੇ ਸ੍ਰੀ ਰਾਮ ਰਾਇ ਜੀ ਨੇ ਦੇਖ ਲਿਆ ਕਿ ਆਪ ਜੀ ਨਦੀ ਵਿਚ ਖੇਲਾਂ ਕਰ ਰਹੇ ਹਨ, ਸੋ ਆਪਣੀ ਬੇੜੀ ਵਿਚ ਬੈਠ ਕੇ ਜਮਨਾ ਵਿਚ ਠੇਲ ਦਿੱਤੀ। ਜਦ ਇਹ ਬੇੜੀ ਗੁਰੂ ਜੀ ਦੀ ਬੇੜੀ ਦੇ ਨਾਲ ਆ ਲੱਗੀ ਤਾਂ ਸ੍ਰੀ ਰਾਮ ਰਾਇ ਜੀ ਆਪਣੀ ਕਿਸ਼ਤੀ ਤੋਂ ਉਤਰ ਗੁਰੂ ਜੀ ਦੀ ਕਿਸ਼ਤੀ ਵਿਚ ਆ ਗਏ ਤੇ ਦੋਇ ਹੱਥ ਜੋੜ ਕੇ ਸ੍ਰੀ ਗੁਰੂ ਜੀ ਨੂੰ ਮੱਥਾ ਟੇਕਿਆ। ਸ੍ਰੀ ਗੁਰੂ ਜੀ ਨੇ ਬੜਾ ਆਦਰ ਦਿੱਤਾ ਤੇ ਪਿਆਰ ਕਰਕੇ ਪਾਸ ਬਿਠਾਲ ਲਿਆ। ਸ੍ਰੀ ਗੁਰੂ ਜੀ ਦੇ ਸੁਹਣੇ ਮੁਖੜੇ ਨੂੰ ਜਿਉਂ ਜਿਉਂ ਰਾਮ ਰਾਇ ਦੇਖੇ ਤਿਉਂ ਤਿਉਂ ਪ੍ਰਸੰਨ ਹੋਵੇ। ਗੁਰਤਾ ਦਾ ਪ੍ਰਤਾਪ ਤੇ ਤੇਜ, ਜੋ ਸ੍ਰੀ ਰਾਮ ਰਾਇ ਜੀ ਨੇ ਗੁਰੂ ਹਰਿ ਰਾਇ ਜੀ ਵਿਚ ਡਿੱਠਾ ਹੋਇਆ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਸਤਕ ਤੇ ਦਮਕਾਂ ਮਾਰ ਰਿਹਾ ਵੇਖਿਆ।

ਸੋ ਅੰਦਰੋਂ ਪਿਆਰ ਵਿਚ ਆ ਕੇ ਰਾਮ ਰਾਇ ਵਾਰ ਵਾਰ ਚਿਹਰਾ ਤੱਕਦਾ ਤੇ ਵਾਰਨੇ ਹੁੰਦਾ ਸੀ। ਫੇਰ ਆਪੋ ਵਿਚ ਸੁਖ ਆਨੰਦ ਪੁੱਛੀ ਤੇ ਕਈ ਗੱਲਾਂ ਬਾਤਾਂ ਹੋਈਆਂ। ਸ੍ਰੀ ਰਾਮ ਰਾਇ ਜੀ ਨੇ ਆਨੰਦਪੁਰ ਛੱਡਣ ਦੇ ਹਾਲ ਪੁੱਛੇ, ਤਦ ਸ੍ਰੀ ਗੁਰੂ ਜੀ ਨੇ ਸਾਰੇ ਸੁਣਾਏ।

ਹੁਣ ਹੌਲੇ ਜੇਹੇ ਸ੍ਰੀ ਰਾਮ ਰਾਇ ਜੀ ਨੇ ਗੁਰੂ ਜੀ ਨੂੰ ਦੋ ਇਕ ਵਾਕ ਆਖੇ : ਸ੍ਰੀ ਗੁਰੂ ਜੀਓ! ਮੈਨੂੰ ਹੁਣ ਆਪਣੀ ਬਾਕੀ ਉਮਰਾ ਥੋੜੀ ਭਾਸ ਰਹੀ ਹੈ। ਜੇ ਮੇਰੇ ਚਲੇ ਜਾਣ ਮਗਰੋਂ ਮੇਰੇ ਮਸੰਦ ਡੇਰੇ ਦੀ ਕਾਰ ਵਿਚ ਕੋਈ ਵਿਘਨ ਕਰਨ ਤਦ ਆਪ ਨੇ ਸੰਭਾਲਾ ਕਰਨਾ। ਤੁਸੀਂ ਵਡੇ ਥਾਂ ਹੋ, ਵੰਸ਼ ਦੀ ਲਾਜ ਬੀ ਤੁਸਾਂ ਨੂੰ ਹੈ।

ਦੂਜੀ ਗੱਲ ਇਹ ਹੈ ਕਿ ਮੇਰੇ ਪਿਤਾ ਜੀ ਨੇ ਕਦੇ ਕਿਹਾ ਸੀ ਗੁਰੂ ਨਾਨਕ ਦੇ ਜਹਾਜ਼ ਵਿਚ ਤ੍ਰੇੜਾਂ ਆ ਰਹੀਆਂ ਹਨ, ਇਕ ਬਲੀ ਮਹਾਂ ਪੁਰਖ ਹੋਵੇਗਾ ਜੋ ਜਹਾਜ਼ ਨੂੰ ਫੇਰ ਪੂਰਾ ਤੇ ਠੀਕ ਕਰ ਲਏਗਾ, ਸੋ ਮੈਨੂੰ ਹੁਣ ਪੱਕਾ ਭਰੋਸਾ ਹੋ ਗਿਆ ਹੈ ਕਿ ਆਪ ਜੀ ਉਸ ਨੂੰ ਜਿਉਂ ਕਾ ਤਿਉਂ ਕਰ ਲਓਗੇ। ਇਹ ਕਾਰਜ ਜ਼ਰੂਰ ਕਰੀਓ। ਇਸ ਪ੍ਰਕਾਰ ਦੀਆਂ ਗੱਲਾਂ ਤੋਂ ਨਿਸਚੇ ਹੋ ਰਿਹਾ ਸੀ ਕਿ ਸ੍ਰੀ ਰਾਮ ਰਾਇ ਜੀ ਗੁਰੂ ਘਰ ਦੇ ਹਿਤ ਵਿਚ ਪੂਰੇ ਪੂਰੇ ਸਨ। ਗੁਰੂ ਜੀ ਨੂੰ ਦਿਲੋਂ ਚਾਹ ਕੇ ਮਿਲੇ ਸਨ।

ਇਸ ਵੇਲੇ ਸ੍ਰੀ ਗੁਰੂ ਜੀ ਦੀ ਨਜ਼ਰ ਜਮਨਾ ਦੇ ਉਸ ਕਿਨਾਰੇ ਵੱਲ ਪਈ ਜਿਧਰੋਂ ਸ੍ਰੀ ਰਾਮ ਰਾਇ ਜੀ ਆਏ ਸਨ। ਤਾਂ ਕੀ ਦੇਖਦੇ ਹਨ ਕਿ ਜੋ ਲੋਕ ਉਹਨਾਂ ਦੇ ਚੇਲੇ ਉਨ੍ਹਾਂ ਦੇ ਨਾਲ ਆਏ ਤੇ ਕਿਨਾਰੇ ਤੇ ਖੜੇ ਸਨ ਜੋ ਬੇੜੀ ਵਿਚ ਨਾਲ ਨਹੀਂ ਸਨ ਆਏ, ਪਿੱਠ ਕਰ ਖੜੋਤੇ ਸਨ। ਸ੍ਰੀ ਗੁਰੂ ਜੀ ਹੱਸ ਪਏ ਤੇ ਬੋਲੇ :-ਰਾਮ ਰਾਇ ਜੀ ਤਾਂ ਸੱਚੇ ਗੁਰਮੁਖ ਹਨ, ਪਰ ਸੰਗਤ ਭੂਤਨੀ ਹੈ। ਭੂਤਨੀ ਤੋਂ ਭਾਵ ਬੇਮੁਖ ਦਾ ਸੀ ਜੋ ਸ੍ਰੀ ਗੁਰੂ ਜੀ ਤੇ ਆਪਣੇ ਮੁਰਸ਼ਿਦ ਸ੍ਰੀ ਰਾਮ ਰਾਇ ਜੀ ਦੋਹਾਂ ਵਲ ਪਿੱਠ ਦੇਈ ਖੜੇ ਸਨ। ਜਿਨ੍ਹਾਂ ਪਿੱਠ ਦਿੱਤੀ ਹੋਈ ਸੀ ਉਨ੍ਹਾਂ ਦਾ ਕਾਰਣ ਇਹ ਸੀ ਕਿ ਉਹ ਸ੍ਰੀ ਰਾਮ ਰਾਇ ਜੀ ਨੂੰ ਗੁਰੂ ਕਲਗੀਆਂ ਵਾਲੇ ਦੇ ਅੱਗੇ ਝੁਕਦਾ ਤੇ

ਮੱਥਾ ਟੇਕਦਾ ਨਾ ਦੇਖਣ, ਤੇ ਸ੍ਰੀ ਰਾਮ ਰਾਇ ਜੀ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਵੇਖ ਰਹੇ ਤੇ ਗੁਰੱਤ੍ਰ ਅੱਗੇ ਮੱਥਾ ਦਿਲੋਂ ਟੇਕ ਰਹੇ ਸਨ ਤੇ ਸਾਕਾਦਾਰੀ ਵਲੋਂ ਪਿਤਾ ਥਣੀਕ ਚਾਚਾ ਜੀ ਅਗੇ ਮੱਥਾ ਟੇਕ ਰਹੇ ਸਨ। ਸ੍ਰੀ ਰਾਮ ਰਾਇ ਜੀ ਬੀ ਦੇਖ ਕੇ ਘਬਰਾਏ ਕਿ ਮੇਰੇ ਸਿਖ ਕੀਹ ਕਰਤੂਤ ਕਰ ਰਹੇ ਹਨ। ਪਰ ਫੇਰ ਦੋਹਾਂ ਚਾਚੇ ਭਤੀਜੇ ਨੇ ਉਧਰੋਂ ਨਜ਼ਰ ਫੇਰ ਲਈ ਤੇ ਪਰਸਪਰ ਸੁਹਣੀਆਂ ਗੱਲਾਂ ਕਰਦੇ ਰਾਮ ਰਾਇ ਜੀ ਵਿਦਾ ਹੋ ਗਏ ਤੇ ਪ੍ਰਸੰਨ ਚਿਤ ਗਏ ਕਿ ਆਪਣੇ ਘਰ ਪੁਤ੍ਰ ਨਾ ਹੋਣ ਕਰਕੇ ਜੋ ਡਰ ਪਿਛੋਂ ਡੇਰੇ ਦੇ ਵਿਗੜਨ ਦਾ ਸੀ, ਦੂਰ ਹੋਇਆ, ਹੁਣ ਗੁਰੂ ਗੋਬਿੰਦ ਸਿੰਘ ਜੀ ਨੂੰ ਲਾਜ ਹੈ, ਆਪੇ ਵਿਘਨ ਹੋਏ ਤਾਂ ਸੰਭਾਲਣਗੇ। ਦੂਜੇ ਜੋ ਆਪ ਪਿਤਾ ਗੁਰੂ ਜੀ ਨੂੰ ਉਦਾਸੀ ਦੇ ਬੈਠੇ ਸਨ ਤੇ ਉਸ ਦਾ ਅਰਮਾਨ ਦਿਲ ਵਿਚ ਰਹਿੰਦਾ ਸੀ, ਉਹ ਗੁਰੂ ਗੱਦੀ ਦੇ ਮਾਲਕ ਨੂੰ ਪ੍ਰਸੰਨ ਕਰ ਲੈਣ ਨਾਲ ਦੂਰ ਹੋ ਗਿਆ।

ਧੰਨ ਕਲਗੀਆਂ ਵਾਲਾ ਪਾਤਸ਼ਾਹ, ਗੁਰੂ-ਪੂਰਾ ਗੁਰੂ, ਸੂਰਾ ਗੁਰੂ ਤੇ ਦਿਆਲ ਗੁਰੂ ਜੋ ਦਿਲਾਂ ਨੂੰ ਠਾਰਦਾ ਤੇ ਵਿਛੁੜੇ ਮੇਲਦਾ ਹੈ, ਜਿਸ ਦਾ ਵਰਤਾਉ ਪ੍ਰੇਮ ਹੈ, ਜਿਸ ਦਾ ਬਲ ਤੇਜ, ਪ੍ਰਤਾਪ ਜਗਤ ਨੂੰ ਸੁਖ ਦੇਣ ਤੇ ਦੁਖ ਮੇਟਣ ਤੇ ਸਫਲ ਹੁੰਦਾ ਹੈ। ਆਖੋ ਧੰਨ ਗੁਰੂ ਗੋਬਿੰਦ ਸਿੰਘ ਕਲਗੀਆਂ ਵਾਲਾ ਪਾਤਸ਼ਾਹ, ਟੁੱਟੀਆਂ ਗੰਢਣ ਵਾਲਾ ਦਾਤਾ ਗੁਰੂ।

❖❖❖

## ੬੫. ਕਪਾਲ ਮੋਚਨ।

**ਪਿਛੇ,** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਰਾਮ ਰਾਇ ਜੀ ਨਾਲ ਜਮਨਾ ਨਦੀ ਵਿਚ ਮੇਲ ਹੋਣ ਦੇ ਹਾਲ ਆਪ ਵਾਚ ਚੁਕੇ ਹੋ। ਸ੍ਰੀ ਰਾਮਰਾਇ ਜੀ ਸੁਖੀ ਚਿਤ ਹੋ ਕੇ ਆਪਣੇ ਡੇਰੇ ਚਲੇ ਗਏ। ਸ੍ਰੀ ਕਲਗੀਆਂ ਵਾਲੇ ਪਾਤਸ਼ਾਹ ਕਿਸ਼ਤੀ ਵਿਚ ਸਵਾਰ ਹੋ ਕੇ ਜਮਨਾ ਦੀ ਸੈਰ ਕਰਦੇ ਪਾਉਂਟੇ ਅੱਪੜ ਗਏ।

ਪਾਉਂਟੇ ਵਲੋਂ ਨੇੜੇ ਹੀ ਇਕ ਪੁਰਾਤਨ* ਤੀਰਥ ਹੈ 'ਕਪਾਲ ਮੋਚਨ' ਨਾਮ ਦਾ। ਇਧਰੋਂ ਜਗਾਧਰੀ ਵਲੋਂ ੭ ਕੁ ਮੀਲ ਉਤਰ ਵਾਲੇ

*ਪੁਰਾਣਾ।

ਪਾਸੇ* ਨੂੰ ਹੈ। ਇਥੇ ਕੱਤਕ ਦੀ ਪੂੰਨਿਆਂ ਨੂੰ ਭਾਰੀ ਮੇਲਾ ਲਗਦਾ ਸੀ। ਸ੍ਰੀ ਗੁਰੂ ਜੀ ਨੂੰ ਪਤਾ ਸੀ ਕਿ ਏਥੇ ਲੋਕੀਂ ਬਹੁਤੇ ਇਕੱਠੇ ਹੁੰਦੇ ਹਨ, ਪਰ ਸਫਾਈ ਆਦਿਕ ਦਾ ਪ੍ਰਬੰਧ ਕੋਈ ਨਹੀਂ ਹੁੰਦਾ, ਤੇ ਕਈ ਵੇਰ ਕੋਈ ਬੀਮਾਰੀ ਆ ਪੈਂਦੀ ਹੈ। ਫੇਰ ਆਪ ਨੇ ਸੋਚਿਆ ਹੋਣਾ ਹੈ ਕਿ ਕੱਤਕ ਪੂੰਨਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਨ-ਗੁਰਪੁਰਬ ਹੈ। ਸੋ ਆਪਣਿਆਂ ਨਾਲ ਸਲਾਹ ਕਰਕੇ ਕੁਛ ਸੈਨਾ ਸਣੇ ਗੁਰੂ ਜੀ ਉਥੇ ਪਹੁੰਚੇ। ਲੋਕੀ ਆ ਰਹੇ ਸਨ ਤੇ ਤੀਰਥ ਦੇ ਨੇੜੇ ਹੀ ਮਲ ਮੂਤ੍ਰ ਆਦਿ ਕਰਦੇ ਬਦਬੋ ਫੈਲਾ ਰਹੇ ਸਨ ਤੇ ਤੀਰਥ ਦੇ ਵਿਚ ਹੀ ਹੱਥ ਪਾਣੀ ਕਰਦੇ ਫੇਰ ਉਥੋਂ ਹੀ ਪਾਣੀ ਪੀ ਲੈਂਦੇ ਸਨ। ਸੋ ਆਪ ਨੇ ਪਹਿਰੇ ਲਾ ਦਿਤੇ ਤੇ ਹੁਕਮ ਦਿੱਤਾ ਕਿ ਹੋਕਰਾ ਦੇ ਦਿਓ ਕਿ ਸਭ ਲੋਕ ਸਰੋਵਰ ਤੋਂ ਦੂਰ ਜਾਕੇ ਪਖਾਨੇ ਪਿਸ਼ਾਬ ਫਿਰਿਆ ਕਰਨ, ਜੋ ਇਸ ਹੁਕਮ ਨੂੰ ਨਾ ਮੰਨੇਗਾ ਉਸ ਦੀ ਪੱਗ ਲਾਹ ਲਈ ਜਾਵੇਗੀ। ਆਪਣੇ ਸਿਪਾਹੀਆਂ ਨੂੰ ਹੁਕਮ ਸੀ ਕਿ ਐਵੇਂ ਕਿਸੇ ਨੂੰ ਦੰਡ ਦੇਣਾ, ਪਕੜਨਾ ਨਹੀਂ, ਜੋ ਕੋਈ ਦੇਖੋ ਕਿ ਤੀਰਥ ਦੀ ਮਿਥੀ ਤੇ ਦੱਸੀ ਹੱਦ ਦੇ ਅੰਦਰ ਮਲ ਮੂਤ੍ਰ ਕਰਦਾ ਬੈਠਾ ਹੈ, ਉਸ ਦੀ ਪਗੜੀ ਉਤਾਰ ਲਓ, ਨਾ ਮਾਰੋ ਨਾ ਗਾਲ੍ਹ ਦਿਓ, ਪਰ ਇਹ ਜ਼ਰੂਰ ਆਖ ਦਿਓ ਕਿ ਦੇਖੋ ਤੀਰਥ ਸਮਝਕੇ ਆਏ ਤੁਸੀਂ ਤੀਰਥ ਦੀ ਬੇ-ਅਦਬੀ ਕਰਦੇ ਹੋ ਅਤੇ ਗੰਦ ਪਾਕੇ ਬੀਮਾਰੀ ਸਹੇੜਦੇ ਹੋ। ਜਾਓ ਫੇਰ ਨਾ ਐਸਾ ਕਰਨਾ। ਇਸ ਪ੍ਰਕਾਰ ਚੰਗਾ ਪ੍ਰਬੰਧ ਹੋ ਗਿਆ, ਪਰ ਫੇਰ ਬੀ ੭੦੦ ਆਦਮੀਆਂ ਨੇ ਉਹਨਾਂ ਪੰਜਾਂ ਸੱਤਾਂ ਦਿਨਾਂ ਵਿਚ ਭੱਲ ਕੀਤੀ ਤੇ ਸੱਤ ਸੌ ਪੱਗ ਇਕੱਠੀ ਹੋ ਗਈ। ਜੋ ਧੋਬੀਆਂ ਧੋਕੇ ਤੇ ਠੱਪ ਕੇ ਲਿਆ ਦਿਤੀ। ਇਸ ਪ੍ਰਬੰਧ ਨਾਲ ਮੇਲਾ ਸੁਖ ਨਾਲ ਲੰਘ ਗਿਆ। ਲੋਕੀਂ ਘਰੋ ਘਰੀ ਸੁਖਾਂ ਨਾਲ ਚਲੇ ਗਏ। ਗੁਰੂ ਜੀ ਨੇ ਕਈ ਦਿਨ ਓਥੇ ਡੇਰਾ ਰਖਿਆ। ਦੂਰੋਂ ਨੇੜਿਓਂ ਸੰਗਤ ਦਰਸ਼ਨਾਂ ਲਈ ਆਈ ਹੋਈ ਸੀ। ਮਸੰਦ ਸਾਰੇ ਕੱਠੇ ਹੋਏ ਹੋਏ ਸਨ।

*ਜਗਾਧ੍ਰੀ ਤੋਂ ਉਤਰ ਨੂੰ ਸਢੋਰੇ ਦੇ ਨੇੜੇ ਹੈ। ਜਿਥੇ ਗੁਰੂ ਜੀ ਜਾ ਕੇ ਠਹਿਰੇ ਸਨ ਓਥੇ ਗੁਰਦਵਾਰਾ ਹੈ।

ਸਭ ਨੂੰ, ਮਸੰਦਾਂ ਨੂੰ ਤੇ ਸੰਗਤ ਨੂੰ ਜਦ ਵਿਦਾ ਕੀਤਾ ਤਦ ਸਿਰੋਪਾਉ ਵਜੋਂ ਇਕ ਇਕ ਦਸਤਾਰ ਬਖਸ਼ੀ, ਜਿਨ੍ਹਾਂ ਨੇ ਪ੍ਰਬੰਧ ਕਰਨ ਵਿਚ ਹਿੱਸਾ ਲਿਆ ਸੀ, ਜਾਪਦਾ ਹੈ ਉਹਨਾਂ ਨੂੰ ਸਿਰੋਪਾਉ ਮਿਲੇ। ਐਉਂ ਕੌਤਕੀ ਸਤਿਗੁਰੂ ਜੀ ਨੇ ਇਸ ਹਲਕੇ ਜੇਹੇ ਦੰਡ ਨਾਲ ਮੇਲੇ ਦਾ ਕਾਰਜ ਸਾਰ ਦਿੱਤਾ।

ਕੋਈ ਪੁੱਛੇ ਕਿ ਇਹ ਹੌਲਾ ਜੇਹਾ ਦੰਡ ਕਿਉਂ ਦਿੱਤਾ? ਇਸ ਕਰਕੇ ਕਿ ਹੋਰ ਵਡੇ ਦੰਡ ਨਾਲ ਲੋਕੀ ਡਰ ਜਾਂਦੇ ਤੇ ਮੇਲਾ ਹੀ ਵਿਗੜ ਜਾਂਦਾ। ਇਸ ਦੰਡ ਵਿਚ ਕੋਈ ਖੇਚਲ ਨਾ ਸੋ। ਹੁੰਦੇ ਜੁਰਮ ਉਤੇ ਹੀ ਹਲਕਾ ਜੇਹਾ ਦੰਡ ਤੇ ਨਿੱਕਾ ਜਿਹਾ ਉਪਦੇਸ਼ ਹੋ ਜਾਂਦਾ, ਭੁੱਲ ਕਰਨ ਵਾਲਾ ਆਪ ਸਮਝ ਜਾਂਦਾ ਕਿ ਮੈਂ ਠੀਕ ਭੁੱਲ ਕੀਤੀ ਹੈ।

ਆਈਆਂ ਸੰਗਤਾਂ ਨੂੰ ਵਿਦਾ ਕਰਕੇ ਗੁਰੂ ਜੀ ਪਾਉਂਟੇ ਆ ਗਏ। ਏਥੇ ਦੀਵਾਨ ਸੱਜਦੇ, ਦਰਬਾਰ ਲਗਦੇ, ਸਿਖ ਆਉਂਦੇ, ਘੋੜੇ, ਤੀਰ, ਤਲਵਾਰ, ਬੰਦੂਕ ਆਦਿ ਹਥਜਾਰ ਲਿਆ ਕੇ ਭੇਟਾ ਕਰਦੇ। ਇਸ ਪ੍ਰਕਾਰ ਸਦਾ ਰੌਣਕ ਲੱਗੀ ਰਹਿੰਦੀ। ਨਾਲੇ ਤਾਂ ਕਥਾ ਕੀਰਤਨ ਹੁੰਦੇ, ਨਾਲੇ ਸਿਖ ਬਹਾਦਰ ਬਣਾਏ ਜਾਂਦੇ। ਉਨ੍ਹਾਂ ਨੂੰ ਆਪਣੀ ਬਣਾਈ ਕਵਾਇਦ ਸਿਖਾਲਦੇ।

❖❖❖

# ੬੬. ਸ੍ਰੀ ਰਾਮਰਾਇ ਜੀ ਦਾ ਅੰਤ।

**ਇਕ** ਦਿਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਤੋਂ ਉਠਕੇ ਜਾ ਰਹੇ ਸਨ ਕਿ ਇਕੱਲਿਆਂ ਵੇਖ ਕੇ ਨੰਦ ਚੰਦ ਨੇ ਇਕ ਚਿੱਠੀ ਆਪ ਨੂੰ ਫੜਾਈ। ਇਹ ਚਿੱਠੀ ਬੀਬੀ ਪੰਜਾਬ ਕੌਰ ਦੀ ਸੀ, ਜੋ ਸ੍ਰੀ ਰਾਮ ਰਾਇ ਜੀ ਦੀ ਸੁਪਤਨੀ ਸੀ। ਸੁਪਤਨੀ ਆਖਦੇ ਹਨ ਵਹੁਟੀ ਨੂੰ। ਇਹ ਚਿੱਠੀ ਬੀਬੀ ਨੇ ਬੜੇ ਛਿਪਾ ਨਾਲ ਘੱਲੀ ਸੀ ਜੋ ਨੰਦ ਚੰਦ ਤਕ ਅੱਪੜੀ ਸੀ ਤੇ ਉਸ ਨੇ ਅੱਗੇ ਗੁਰੂ ਜੀ ਨੂੰ ਪੁਚਾਈ ਸੀ। ਸ੍ਰੀ ਗੁਰੂ ਜੀ ਨੇ ਚਿੱਠੀ ਓਥੇ ਹੀ ਖੁਹਲੀ ਤੇ ਵਾਚੀ। ਇਸ ਵਿਚ ਲਿਖਿਆ ਸੀ ਕਿ ਮੇਰੇ ਪਤੀ ਤੇ

ਆਪ ਦੇ ਭਤੀਜੇ ਸ੍ਰੀ ਰਾਮ ਰਾਇ ਜੀ ਨੂੰ ਮਸੰਦਾਂ ਨੇ ਜੀਉਂਦਿਆਂ ਸਾੜ ਦਿਤਾ ਹੈ। ਗਲ ਇਸ ਪ੍ਰਕਾਰ ਹੋਈ ਕਿ ਆਪ ਜੀ ਇਕ ਦਿਨ ਇਕ ਕੋਠੇ ਵਿਚ ਬੈਠ ਗਏ ਤੇ ਮੈਨੂੰ ਕਿਹਾ ਕਿ ਮੈਂ ਅਫੁਰ ਸਮਾਧੀ ਵਿਚ ਹੋਣਾ ਹੈ, ਕੁਛ ਦਿਨ ਇਉਂ ਟਿਕੇ ਰਹਿਣ ਦਾ ਕੁਛ ਪ੍ਰਯੋਜਨ ਹੈ, ਫੇਰ ਮੈਂ ਸਾਵਧਾਨ ਹੋਕੇ ਜਿਉਂ ਕਾ ਤਿਉਂ ਬਾਹਰ ਆਪੇ ਆਸਾਂ, ਮੈਨੂੰ ਨਾ ਕੋਈ ਛੇੜੇ, ਨਾ ਬੁਲਾਵੇ, ਨਾ ਇਹ ਬੂਹਾ ਖੁਹਲੇ। ਪਰ ਅਗਲੇ ਹੀ ਦਿਨ ਹੰਕਾਰੀ ਤੇ ਫਿੱਟੇ ਹੋਏ ਮਸੰਦਾਂ ਨੇ ਬੂਹਾ ਖੁਹਲਣ ਤੇ ਜ਼ੋਰ ਪਾਇਆ। ਮੈਂ ਮਨ੍ਹੇ ਕੀਤਾ ਤੇ ਦੱਸਿਆ ਕਿ ਉਹ ਸਮਾਧੀ ਵਿਚ ਹਨ, ਹੁਕਮ ਨਹੀਂ ਦਰ ਖੁਹਲਣ ਦਾ। ੧੩ ਪਹਿਰ ਸਮਾਂ ਗੁਜ਼ਰੇ, ਦੁਸ਼ਟ ਮਸੰਦਾਂ ਨੇ ਬੂਹਾ ਭੰਨ ਕੇ ਸਮਾਧੀ ਵਿਚ ਟਿਕੇ ਮੇਰੇ ਪਤੀ ਨੂੰ ਮੁਰਦਾ ਆਖ ਕੇ ਚਿਖਾ ਤੇ ਚਾੜ੍ਹ ਕੇ ਸਾੜ ਦਿੱਤਾ ਹੈ। ਹੁਣ ਮਸੰਦ ਬਹੁਤ ਸ਼ੋਰ ਮਚਾ ਰਹੇ ਹਨ। ਮੈਂ ਆਪ ਦੀ ਨੂੰਹ ਹਾਂ, ਆਓ ਤੇ ਬਾਹੁੜੀ ਕਰੋ। ਇਸ ਪ੍ਰਕਾਰ ਦੀ ਚਿੱਠੀ, ਜਿਸ ਵਿਚ ਬਹੁਤ ਲੰਮਾ ਹਾਲ ਸੀ, ਸਤਿਗੁਰਾਂ ਨੇ ਵਾਚੀ ਤੇ ਉਸ ਦਾ ਉੱਤਰ ਘੱਲਿਆ। ਆਪ ਥੋੜੇ ਹੀ ਦਿਨਾਂ ਵਿਚ ਕੁਛ ਫੌਜ ਨਾਲ ਲੈ ਕੇ ਸ੍ਰੀ ਰਾਮ ਰਾਇ ਜੀ ਦੇ ਡੇਰੇ ਪਹੁੰਚ ਪਏ।

ਅੱਗੇ ਓਥੇ ਸ੍ਰੀ ਰਾਮ ਰਾਇ ਜੀ ਦੇ ਮਸੰਦ ਸਭ ਕੱਠੇ ਹੋਏ ਹੋਏ ਸਨ, ਕੁਛ ਹੋਰ ਆ ਗਏ, ਸ੍ਰੀ ਗੁਰੂ ਜੀ ਨੇ ਸਭ ਹਾਲ ਸੁਣ ਕੇ ਨਿਆਂ ਕੀਤਾ। ਜਿਨ੍ਹਾਂ ਨੇ ਸ੍ਰੀ ਰਾਮਰਾਇ ਜੀ ਨੂੰ ਜੀਉਂਦਿਆਂ ਅਗਨੀ ਭੇਟਾਂ ਕਰ ਦਿੱਤਾ ਸੀ ਉਹਨਾਂ ਨੂੰ ਮੌਤ ਦੀ ਸਜ਼ਾ ਦਿੱਤੀ, ਜਿਨ੍ਹਾਂ ਦੇ ਘੱਟ ਪਾਪ ਸਨ ਉਹਨਾਂ ਨੂੰ ਘੱਟ ਸਜ਼ਾ ਦਿੱਤੀ। ਸ੍ਰੀ ਪੰਜਾਬ ਕੌਰ ਜੀ ਨੂੰ ਸ਼ਿਰੋਮਣੀ ਥਾਪਿਆ ਤੇ ਸਾਰਾ ਬੰਦੋਬਸਤ ਉਹਨਾਂ ਦਾ ਕਰਕੇ ਮਾਤਬਰ ਸੇਵਕ ਤੇ ਨੇਕ ਮਸੰਦ ਉਹਨਾਂ ਦੀ ਸੇਵਾ ਵਿਚ ਛੱਡਕੇ ਆਪ ਜੀ ਪਾਉਂਟੇ ਆ ਗਏ।

❖❖❖

# ੬੭. ਫਤੇ ਸ਼ਾਹ ਰਾਜੇ ਦਾ ਸੱਦਾ।

**ਪਾਉਂਟੇ** ਆ ਕੇ ਕੁਛ ਦਿਨ ਸੁਖ ਸਹਿਤ ਟਿਕੇ। ਜੋ ਨਿਆਂ ਆਪ ਡੇਹਰੇ ਕਰ ਆਏ ਸਨ ਉਸ ਦਾ ਬੀ ਹੋਰ ਜਸ ਫੈਲਿਆ। ਇਧਰ ਦੀਵਾਨ ਸਜਦੇ, ਕੀਰਤਨ ਦੇ ਰੰਗ ਲਗਦੇ, ਬੀਰ ਰਸੀ ਕੌਤਕ ਹੁੰਦੇ। ਬੀਰ ਰਸ ਆਖਦੇ ਹਨ ਬਹਾਦਰੀ ਦੇ ਚਾ ਮਲ੍ਹਾਰਾਂ ਨੂੰ।

ਇਕ ਦਿਨ ਸੰਧਜਾ ਵੇਲੇ ਕੀਰਤਨ ਮਗਰੋਂ ਰਹਿਰਾਸ ਦਾ ਪਾਠ ਤੇ ਅਰਦਾਸਾ ਹੋ ਚੁਕਿਆ ਤਾਂ ਰਾਜਾ ਫਤੇ ਸ਼ਾਹ ਗੜਵਾਲੀਏ ਦੇ ਲਾਗੀ ਆਏ ਤੇ ਮੱਥਾ ਟੇਕ ਕੇ ਬੈਠ ਗਏ। ਫਿਰ ਇਕ ਚਿੱਠੀ ਗੁਰੂ ਜੀ ਦੇ ਅੱਗੇ ਰਖੀ ਤੇ ਬੇਨਤੀ ਕੀਤੀ ਕਿ ਰਾਜਾ ਜੀ ਨੇ ਇਹ ਪੱਤ੍ਰਿਕਾ ਦਿੱਤੀ ਹੈ। ਇਹ ਮਠਿਆਈ ਆਦਿ ਵਸਤਾਂ ਵਜਾਹ ਦੇ ਸ਼ਗਨਾਂ ਤੇ ਸੱਦੇ ਦੀਆਂ ਘੱਲੀਆਂ ਹਨ ਤੇ ਬੇਨਤੀ ਕੀਤੀ ਹੈ ਕਿ ਮੇਰੀ ਕਾਕੀ ਦਾ ਵਿਆਹ ਹੈ ਤੇ ਆਪ ਜੀ ਮਿਹਰ ਕਰੋ, ਚਰਨ ਪਾਓ, ਆਪ ਦੇ ਆਉਣ ਨਾਲ ਸਾਡੇ ਘਰ ਪਵਿੱਤ੍ਰ ਹੋਣਗੇ, ਵਿਆਹ ਦੇ ਵਿਚ ਬਰਕਤਾਂ ਪੈਣਗੀਆਂ ਤੇ ਜਗਤ ਵਿਚ ਸਾਡੀ ਪਤਿ ਵਧੇਗੀ, ਹੋਰ ਰਾਜੇ ਜੋ ਆਉਣਗੇ ਦਰਸ਼ਨ ਕਰਕੇ ਨਿਹਾਲ ਹੋਣਗੇ।

ਸਤਿਗੁਰੂ ਜੀ ਨੇ ਆਈ ਭੇਟਾ ਸ੍ਵੀਕਾਰ ਕੀਤੀ, ਲਾਗੀਆਂ ਦਾ ਡੇਰਾ ਕਰਾਉਣ ਤੇ ਖਾਤਰ ਲਈ ਸੇਵਕਾਂ ਨੂੰ ਆਗਿਆ ਕੀਤੀ। ਅਗਲੇ ਦਿਨ ਚੜ੍ਹੇ ਉਹਨਾਂ ਨੂੰ ਪਾਸ ਸਦਵਾਇਆ ਤੇ ਬਚਨ ਕੀਤਾ-ਰਾਜਾ ਜੀ ਨੂੰ ਕਹਿ ਦੇਣਾ ਕਿ ਸਾਡਾ ਆ ਸਕਣਾ ਕੁਛ ਔਖਾ ਜਿਹਾ ਹੈ, ਸਾਡੀ ਥਾਂ ਸਾਡਾ ਦੀਵਾਨ ਪਹੁੰਚੇਗਾ, ਉਸ ਨਾਲ ਕੁਛ ਸੂਰਮੇ ਬੀ ਘੱਲਾਂਗੇ। ਸਾਡੀ ਵਲੋਂ ਅਸ਼ੀਰਬਾਦ ਦੇਣੀ। ਇਉਂ ਓਹ ਰਾਜੇ ਦੇ ਆਦਮੀ ਵਿਦਾ ਹੋ ਗਏ।

ਇਧਰ ਸਤਿਗੁਰੂ ਜੀ ਨੇ ਰਾਜੇ ਦੀ ਕਾਕੀ ਦੇ ਵਿਆਹ ਤੇ ਘੱਲਣ ਲਈ ਕੁਛ ਵਡਮੁੱਲੇ ਗਹਿਣੇ, ਕੁਛ ਪੱਟ ਦੇ ਵਧੀਆ ਕਪੜੇ ਬਣਵਾਏ, ਪਸ਼ਮੀਨੇ ਦੇ ਸ਼ਾਲ ਮੰਗਵਾਏ, ਚਾਂਦੀ ਦੇ ਬਰਤਨ ਆਦਿ ਕੋਈ ਸਵਾ ਲੱਖ

ਰੁਪਏ ਦਾ ਤੰਬੋਲ ਘੱਲਣ ਲਈ ਤਿਆਰ ਕਰਵਾਇਆ। ਤੰਬੋਲ ਆਖਦੇ ਹਨ ਨੇਉਂਦਰੇ ਨੂੰ। ਵਿਆਹ ਸਮੇਂ ਜੋ ਨਕਦੀ ਯਾ ਸਾਮਾਨ ਵਿਆਹ ਵਾਲੇ ਕਾਕੇ ਕਾਕੀ ਦੇ ਮਾਤਾ ਪਿਤਾ ਨੂੰ ਵਿਆਹ ਲਈ ਦਿੱਤਾ ਜਾਏ ਉਸ ਨੂੰ ਤੰਬੋਲ ਕਹਿ ਲਈਦਾ ਹੈ। ਤਦ ਗੁਰੂ ਜੀ ਨੇ ਆਪਣੇ ਦੀਵਾਨ ਨੰਦ ਚੰਦ ਤੇ ਪ੍ਰੋਹਤ ਦਯਾ ਰਾਮ ਨੂੰ ਆਖਿਆ ਕਿ ਇਹ ਜੋ ਕੁਛ ਤਿਆਰ ਹੋਇਆ ਹੈ ਤੁਸਾਂ ਲੈ ਜਾਣਾ ਤੇ ਰਾਜਾ ਨੂੰ ਦੇਣਾ ਹੈ, ਤੁਸਾਂ ਨਾਲ ਚੰਗਾ ਦਸਤਾ ਫੌਜ ਦਾ ਬੀ ਜਾਏਗਾ। ਤਦ ਉਹਨਾਂ ਨੇ ਬਿਨੈ ਕੀਤੀ ਕਿ ਪਾਤਸ਼ਾਹ! ਪਹਾੜੀ ਰਾਜਿਆਂ ਦਾ ਕੋਈ ਵਿਸਾਹ ਨਹੀਂ, ਤੇ ਓਥੇ ਢੁੱਕਣਾ ਹੈ ਭੀਮ ਚੰਦ ਨੇ ਜੋ ਆਪਣਾ ਵਿਰੋਧੀ ਹੈ। ਕੋਈ ਓਥੇ ਝਗੜਾ ਬਖੇੜਾ ਹੋ ਪਿਆ ਤਦ ਕਿਵੇਂ ਕਰਨੀ ਹੈ। ਉਸ ਵੇਲੇ ਸਹਾਇਤਾ ਕਿਸ ਦੀ ਪਹੁੰਚ ਸਕਸੀ?

ਸੁਨਿ ਕਲਗੀਧਰ ਹੁਕਮ ਬਖਾਨਾ॥ ਸੰਸਾ ਕਹਾ ਏਵ
ਤੁਮ ਠਾਨਾ॥੩੬॥ ਦਿਢ ਨਿਸਚਾ ਉਰ ਰਾਖਉ ਐਸੇ॥
ਸਤਿਗੁਰ ਕਰਹਿ ਪਠਾਵਨ ਜੈਸੇ॥ ਤਿਮ ਹੀ ਸਤਿਗੁਰ
ਲਜਾਵਨ ਕਰੈਂ॥ ਅਪਨੋ ਜਾਨਹਿ ਰਛਜਾ ਧਰੈਂ॥੩੭॥
ਜੋ ਸਿਖ ਮੇਰੋ ਗਹੈ ਅਲੰਬ॥ ਕਰੈਂ ਮਿਟਾਵਨ ਬਿਘਨ
ਕਦੰਬ॥ ਜੋ ਰਾਖਹਿ ਨਿਤ ਮੋਰ ਭਰੋਸਾ॥ ਤਿਨ ਕੈ ਨਿਕਟ
ਨ ਪਹੁੰਚੈ ਦੋਸਾ॥ ਅੰਗ ਸੰਗ ਗੁਰ ਬਨਹਿ ਸਹਾਈ॥
ਤਾਤੀ ਵਾਉ ਨ ਲਾਗਨ ਪਾਈ॥

ਅਰਥ-ਸੁਣਕੇ ਕਲਗੀਧਰ ਜੀ ਨੇ ਹੁਕਮ ਕੀਤਾ ਕਿ ਤੁਸਾਂ ਇਉਂ ਦਾ ਸ਼ੱਕ ਸ਼ੁਬਾ ਕਿਉਂ ਕੀਤਾ ਨੇ? ਪੱਕਾ ਭਰੋਸਾ ਦਿਲ ਵਿਚ ਐਸ ਤਰ੍ਹਾਂ ਦਾ ਰਖੋ ਕਿ ਜਿਵੇਂ ਸਤਿਗੁਰ ਘੱਲਣਗੇ, ਉਸੇ ਤਰ੍ਹਾਂ ਸਤਿਗੁਰ ਲੈ ਬੀ ਆਉਣਗੇ ਆਪਣੇ ਜਾਣ ਕੇ ਰਾਖੀ ਕਰਨਗੇ। ਜੋ ਸਿਖ ਮੇਰਾ ਆਸਰਾ ਲਏਗਾ ਉਸ ਦੇ ਸਾਰੇ ਵਿਘਨ ਸਤਿਗੁਰੂ ਦੂਰ ਕਰੇਗਾ। ਜੋ ਸਦਾ ਮੇਰਾ ਭਰੋਸਾ ਰੱਖਣਗੇ ਉਨ੍ਹਾਂ ਦੇ ਨੇੜੇ ਮਾੜੀ ਗਲ ਨਹੀਂ ਪਹੁੰਚੇਗੀ। ਅੰਗ ਸੰਗ ਗੁਰੂ ਰਾਖਾ ਬਣੇਗਾ ਤੇ ਉਸ ਨੂੰ ਤੱਤੀ ਵਾਉ ਨਹੀਂ ਲਗੇਗੀ।

ਇਹ ਗੁਰੂ ਮਿਹਰ ਦੇ ਵਾਕ ਸੁਣ ਕੇ ਦੋਹਾਂ ਦਾ ਸਿੱਦਕ ਅਡੋਲ ਹੋ ਗਿਆ। ਅਗਲੇ ਦਿਨ ਦੋਵੇਂ ਤਿਆਰ ਹੋ ਕੇ ਸਭ ਵਸਤੂ ਸੰਭਾਲ ਕੇ

ਤੇ ਨਾਲ ਫੌਜ ਦਾ ਦਸਤਾ ਲੈ ਕੇ ਤੁਰ ਪਏ ਤੇ ਸਿਰੀਨਗਰ, ਜੋ ਰਾਜਧਾਨੀ ਸੀ ਰਾਜੇ ਦੀ, ਓਥੇ ਜਾ ਪਹੁੰਚੇ। ਰਾਜੇ ਨੇ ਸਤਿਗੁਰ ਦੇ ਦੀਵਾਨ ਤੇ ਪ੍ਰੋਹਿਤ[1] ਦਾ ਬੜਾ ਆਦਰ ਕੀਤਾ, ਫੌਜ ਦੇ ਡੇਰੇ ਕਰਵਾਏ। ਇਨ੍ਹਾਂ ਲਈ ਇਕ ਮਹਲ ਵਿਚ ਉਤਾਰੇ ਦਾ ਪ੍ਰਬੰਧ ਕੀਤਾ, ਪਰ ਇਨ੍ਹਾਂ ਨੇ ਸ਼ਹਿਰੋਂ ਬਾਹਰ ਸੜਕ ਦੇ ਕਿਨਾਰੇ ਇਕ ਬਾਗ ਵਿਚ, ਜੋ ਆਪਣੇ ਫੌਜੀ ਦਸਤੇ ਦੇ ਉਤਾਰੇ ਵਾਲੇ ਥਾਂ ਦੇ ਨਾਲ ਵਾਰ ਸੀ, ਉਤਰਨਾ ਤੇ ਠਹਿਰਨਾ ਪਸੰਦ ਕੀਤਾ।

❖❖❖

# ੬੮. ਰਾਜੇ ਭੀਮ ਚੰਦ ਦੀ ਜੰਞ ਤੇ ਦੂਲੋ।

**ਫਤੇ** ਸ਼ਾਹ ਦੀ ਰਾਜ ਕੁਮਾਰੀ[2] ਦਾ ਇਹ ਵਿਆਹ ਸੀ। ਦੂਜੇ ਪਾਸੇ ਬਿਲਾਸ ਪੁਰ ਦੇ ਰਾਜੇ ਭੀਮ ਚੰਦ ਦੇ ਪੁੱਤ੍ਰ ਦਾ ਵਿਆਹ ਸੀ, ਜਿਸ ਨੇ ਢੁੱਕਣਾ ਸੀ।

ਭੀਮ ਚੰਦ ਨੇ ਵਿਆਹ ਦੀ ਤਿਆਰੀ ਚੰਗੀ ਕੀਤੀ। ਕੋਈ ਦਸ ਵੀਹ ਤਾਂ ਪਹਾੜੀਏ ਰਾਜੇ ਜਾਂਞੀ ਸੱਦੇ ਸਨ ਭੀਮ ਚੰਦ ਨੇ, ਨਾਲ ਹਰੇਕ ਦੇ ਕੁਛ ਫੌਜ ਬੀ ਸੀ ਜੋ ਰਲ ਕੇ ਚੋਖੀ ਸੈਨਾ ਹੋ ਗਈ ਸੀ।

ਇਸ ਤਰ੍ਹਾਂ ਸ਼ੁਭ ਸ਼ਗਨ ਵੀਚਾਰ ਕੇ ਜੰਞ ਟੁਰੀ। ਇਸ ਜੰਞ ਨੇ ਪਾਂਵਟੇ ਦੇ ਨੇੜਿਓਂ ਹੀ ਜਮਨਾ ਪਾਰ ਹੋਕੇ ਸਿਰੀ ਨਗਰ ਜਾਣਾ ਸੀ। ਜਦ ਅਜੇ ਕੁਛ ਦੂਰ ਸਨ ਤੇ ਰਾਤ ਡੇਰਾ ਕੀਤਾ ਸੀ ਤਾਂ ਭੀਮ ਚੰਦ ਨੇ ਗੁਲੇਰੀਆ ਗੁਪਾਲ ਤੇ ਦੋ ਤ੍ਰੈ ਹੋਰ ਰਾਜਿਆਂ ਨੂੰ ਸੱਦਕੇ ਸਲਾਹ ਗਿਣੀ ਕਿ ਤੁਸੀਂ ਜਾਣਦੇ ਹੋ ਕਿ ਮੇਰਾ ਗੁਰੂ ਜੀ ਨਾਲ ਵਿਗਾੜ ਹੈ, ਉਹ ਮੇਰਾ ਰਾਜ ਇਸੇ ਕਰਕੇ ਛਡ ਆਏ ਹਨ, ਹੁਣ ਜੇ ਕੋਲੋਂ ਲੰਘੀਏ ਤੇ ਹੱਲਾ ਕਰਕੇ ਜਿੱਤ ਲਈਏ, ਯਾ ਹੋ ਸਕਦਾ ਹੈ ਕਿ ਓਹ ਹੱਲਾ ਕਰ ਦੇਣ, ਭਾਵੇਂ ਅਸੀਂ ਜਿੱਤ ਜਾਈਏ ਪਰ ਲੜਾਈ ਵਿਚ ਖਬਰੇ ਕੌਣ ਮਾਰਿਆ

---

੧. ਇਹ ਪ੍ਰੋਹਿਤ ਬੀ ਗੁਰੂ ਜੀ ਦੀ ਫੌਜ ਵਿਚ ਇਕ ਹੁੱਦੇਦਾਰ ਸੀ।

੨. ਰਾਜੇ ਦੀ ਬੇਟੀ।

ਜਾਏ ਤਾਂ ਖੁਸ਼ੀ ਵਿਚ ਗਮੀ ਆ ਜਏਗੀ। ਕੋਈ ਗੱਲ ਸੋਚੋ ਕਿ ਵਿਆਹ ਵਿਘਨ ਬਿਨਾ ਹੋ ਜਾਏ। ਰਾਜਿਆਂ ਨੇ ਕਿਹਾ: ਪਹਿਲੇ ਵਜ਼ੀਰ ਨੂੰ ਘੱਲੋ ਜੋ ਗੁਰੂ ਜੀ ਨਾਲ ਆਪਣੀ ਫੌਜ ਦੀ ਤੇ ਰਾਜਿਆਂ ਦੀ ਮਿਲਵੀਂ ਤਾਕਤ ਦੀ ਗੱਲ ਕਰੇ, ਜਿਸ ਨਾਲ ਓਹ ਡਰ ਜਾਣ ਤੇ ਅਸੀਂ ਸੁਖ ਨਾਲ ਰਾਜਘਾਟ ਤੋਂ ਲੰਘ ਜਾਵੀਏ। ਰਾਜਘਾਟ ਨਾਉਂ ਉਸ ਥਾਂ ਦਾ ਹੁੰਦਾ ਹੈ ਜੋ ਨਦੀ ਕਿਨਾਰੇ ਪਾਰ ਹੋਣ ਲਈ ਟਿਕਾਣਾ ਹੁੰਦਾ ਹੈ, ਉਸ ਨੂੰ ਪੱਤਣ ਬੀ ਆਖਦੇ ਹਨ। ਵੱਡੇ ਪੱਤਣ ਦਾ ਨਾਂ ਰਾਜ ਘਾਟ ਹੁੰਦਾ ਹੈ। ਗੁਰੂ ਜੀ ਦਾ ਡੇਰਾ ਇਸ ਦੇ ਨੇੜੇ ਸੀ।

ਭੀਮ ਚੰਦ ਨੇ ਕਿਹਾ: ਗੁਰੂ ਜੀ ਡਰ ਨਹੀਂ ਮੰਨਣ ਲਗੇ, ਸਾਨੂੰ ਭਾਵੇਂ ਰਤਾ ਨੀਵਾਂ ਹੋਣਾ ਪਵੇ: ਵਜ਼ੀਰ ਜਾ ਕੇ ਸਾਲਸੀ ਸੁਲਹ ਨਾਲ ਬਾਤ ਕਰੇ। ਰਾਜਘਾਟ ਤੇ ਗੁਰੂ ਜੀ ਦਾ ਮਾਨੋ ਹੁਕਮ ਹਾਸਲ ਹੋ ਰਿਹਾ ਹੈ। ਸੁਲਹ ਨਾਲ, ਪਜਾਰ ਨਾਲ ਰਸਤਾ ਲੰਘਣ ਦੀ ਆਗਿਆ ਲੈ ਆਵੇ। ਜੇ ਇਕ ਵੇਰ ਆਗਿਆ ਦੇ ਦੇਣਗੇ ਤਾਂ ਫੇਰ ਆਪਣੇ ਵਾਕ ਤੋਂ ਫਿਰਨ ਵਾਲੇ ਨਹੀਂ। ਚਾਹੇ ਮੇਰਾ ਵੈਰ ਹੈ ਪਰ ਮੈਨੂੰ ਉਨ੍ਹਾਂ ਦੇ ਇਸ ਗੁਣ ਦਾ ਪਤਾ ਹੈ। ਬਾਕੀ ਰਾਜਿਆਂ ਨੇ ਕਿਹਾ ਕਿ ਨਹੀਂ ਆਪਣੇ ਬਲ ਦਾ ਡਰਾਵਾ ਦਿਓ ਤੇ ਰਸਤਾ ਲਓ, ਰਾਜਿਆਂ ਦਾ ਨਿਉਂ ਜਾਣਾ ਹੱਤਕ ਹੈ। ਹੱਤਕ ਆਖਦੇ ਹਨ ਹੇਠੀ ਨੂੰ, ਨੀਵੇਂ ਪਨ ਨੂੰ। ਫੇਰ ਭੀਮ ਚੰਦ ਨੇ ਆਖਿਆ: ਸੁਣ ਵਜ਼ੀਰ! ਪਹਿਲੋਂ ਗੱਲ ਸੁਲਹ ਵਾਂਙੂ ਕਰੀਂ, ਛਲ ਵਲ ਵਰਤ ਲਈਂ, ਕੁਛ ਝੁਕਾ ਬੀ ਖਾ ਜਾਈਂ। ਫੇਰ ਜੇ ਨਾ ਮੰਨਣ ਤਾਂ ਜੋ ਇਨ੍ਹਾਂ ਸੋਹਣੇ ਰਾਜਿਆਂ ਨੇ ਕਿਹਾ ਹੈ, ਡਰ ਦਾਬਾ ਪੂਰਾ ਦੇ ਦੇਈਂ। ਇਉਂ ਵਿਚਾਰ ਹੋਕੇ ਵਜ਼ੀਰ ਗੁਰੂ ਜੀ ਪਾਸ ਆਯਾ।

ਉਧਰ ਗੁਰੂ ਜੀ ਰਾਜਿਆਂ ਦੀਆਂ ਚਾਲਾਂ ਚਲਾਕੀਆਂ ਨੂੰ ਸਮਝਦੇ ਸਨ। ਇਸ ਲਈ ਸਾਰੇ ਟਿਕਾਣੇ ਪੱਕੇ ਕਰ ਰਖੇ ਸਨ। ਹਰ ਥਾਂ ਫੌਜਾਂ ਡਟ ਰਹੀਆਂ ਸਨ। ਇਸ ਲਈ ਕਿ ਜੇ ਅਸੀਂ ਤਿਆਰ ਨਾ ਰਹੇ ਤਾਂ ਜੰਞ ਲੰਘਾਉਣ ਦੇ ਬਹਾਨੇ, ਰਾਜੇ, ਜੋ ਬਹੁਤ ਫੌਜ ਲੈ ਕੇ ਜਾ ਰਹੇ ਹਨ, ਸਾਡੇ

ਪਰ ਟੁਟ ਪਏ ਤੇ ਹੱਲਾ ਬੋਲ ਦਿੱਤਾ ਤਦ ਬੇ-ਤਿਆਰੀ ਵਿਚ ਹੀ ਹਾਨੀ ਹੋ ਜਾਏਗੀ। ਇਸ ਲਈ ਆਪਣੀ ਰਾਖੀ ਦੀ, ਜੋ ਜੰਗ ਆ ਬਣੇ ਤਾਂ ਪੂਰਾ ਪੂਰਾ ਟਾਕਰਾ ਕਰਨ ਦੀ, ਸਾਰੀ ਤਿਆਰੀ ਕੀਤੀ ਹੋਈ ਸੀ।

ਜਦ ਵਜ਼ੀਰ ਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਆਪ ਨੇ ਪੁੱਛਿਆ : ਸੁਣਾਓ ਵਜ਼ੀਰ ਜੀ! ਰਾਜੇ ਨੇ ਕਿਵੇਂ ਘੱਲਿਆ ਹੈ?

ਵਜ਼ੀਰ-ਸ੍ਰੀ ਗੁਰੂ ਜੀ, ਜਦ ਦੇ ਆਪ ਆਨੰਦਪੁਰ ਛੱਡ ਆਏ ਹੋ ਰਾਜਾ ਕਈ ਵੇਰ ਪਛੁਤਾਇਆ ਹੈ ਕਿ ਕਿਉਂ ਚਲੇ ਗਏ। ਹੁਣ ਰਾਜੇ ਦੇ ਪੁੱਤ ਦਾ ਵਿਆਹ ਹੈ ਤੇ ਸ੍ਰੀ ਨਗਰ ਸਾਰੇ ਬਾਈ ਧਾਰ ਦੇ ਰਾਜੇ ਜਾਂਞੀ ਬਣ ਕੇ ਜਾ ਰਹੇ ਹਨ। ਨਾਲ ਬਹੁਤ ਫੌਜਾਂ ਹਨ ਤੇ ਏਥੋਂ ਆਪ ਦੇ ਪਾਸ ਦੀ ਲੰਘਣਾ ਹੈ। ਸੁਖ ਨਾਲ ਸਾਰੇ ਕਾਰਜ ਹੋ ਜਾਣ।

ਸ੍ਰੀ ਗੁਰੂ ਜੀ-ਸੁਖ ਨਾਲ ਹੋਣ, ਪਰ ਬਹੁਤੀਆਂ ਫੌਜਾਂ ਦੇ ਡਰਾਵੇ ਨਾ ਦਿਓ। ਸੁਖ ਨਾਲ ਸਾਰੇ ਕੰਮ ਹੋ ਜਾਣੇ ਲੋਚਦੇ ਹੋ ਤਾਂ ਫੌਜਾਂ ਲੈ ਕੇ ਦੂਸਰੇ ਰਸਤੇ ਲੰਘ ਜਾਓ ਜੰਗ ਦਾ ਡਰ ਨਾ ਦਿਓ ਨਾ ਲਵੋ: ਸੁਖ ਨਾਲ ਵਿਆਹ ਕਰਕੇ ਓਸੇ ਰਾਹ ਮੁੜ ਜਾਓ। ਪਰ ਜੇ ਏਥੋਂ ਜੰਞ ਬਹਾਨੇ ਲੰਘਣਾ ਤੇ ਸਾਡਾ ਡੇਰਾ ਲੁਟਣਾ ਰਾਜਿਆਂ ਦੇ ਵੀਚਾਰ ਵਿਚ ਹੈ, ਤਾਂ ਅਸੀਂ ਤਿਆਰ ਬੈਠੇ ਹੋਏ ਹਾਂ। ਆਓ ਦੋ ਹੱਥ ਕਰ ਵੇਖੋ। ਦੋ ਹੱਥ ਕਰਨੇ ਦਾ ਅਰਥ ਹੈ ਲੜਾਈ ਯਾ ਜੰਗ ਕਰ ਲਓ।

ਵਜ਼ੀਰ ਸਮਝ ਗਿਆ ਕਿ ਰਾਜਿਆਂ ਨੇ ਜੋ ਗੱਲਾਂ ਕੀਤੀਆਂ ਹਨ ਓਹ ਗੁਰੂ ਜੀ ਸਮਝ ਗਏ ਹਨ! ਡਰਾਵੇ ਦੇਣ ਨਾਲ ਏਥੇ ਕੰਮ ਨਹੀਂ ਚਲਣਾ; ਫੇਰ ਉਹ ਮੁੜ ਗਿਆ। ਰਾਜਿਆਂ ਨੂੰ ਸਾਰੀ ਗੱਲ ਦੱਸੀ ਤੇ ਜੋ ਅੱਖੀਂ ਦੇਖ ਗਿਆ ਸੀ ਸੋ ਸੁਣਾਇਆ, ਕਿ ਪੰਜ ਸੌ ਤਾਂ ਪਠਾਣ ਸਿਪਾਹੀਆਂ ਦਾ ਡੇਰਾ ਲਗ ਰਿਹਾ ਹੈ ਗੁਰੂ ਜੀ ਦੇ ਪਾਸ। ਕਈ ਸੌ ਉਦਾਸੀ ਸਾਧੂ ਲੜਨ ਮਰਨ ਲਈ ਜੁੜ ਰਹੇ ਹਨ। ਆਪਣੀ ਫੌਜ ਸਿਖਾਂ ਦੀ, ਜੋ ਜਾਨਾਂ ਤਲੀ ਤੇ ਰਖੀ ਬੈਠੇ ਹਨ, ਹਜ਼ਾਰ ਤੋਂ ਵੱਧ ਹੋਸੀ ਤੇ ਹੋਰ ਸਿਖ ਆ ਰਹੇ

ਹਨ। ਗੁਰੂ ਜੀ ਨੂੰ, ਮੇਰੀ ਜਾਚੇ, ਪਤਾ ਇਹ ਲਗਾ ਹੈ ਕਿ ਜੰਞ ਦਾ ਬਹਾਨਾ ਹੈ, ਇਹ ਤਿਆਰੀ ਇੰਨੀ ਹਜ਼ਾਰਾਂ ਜਾਂਞੀਆਂ ਦੀ ਸਾਡੇ ਤੇ ਹੱਲਾ ਬੋਲਣ ਹਿਤ ਹੈ, ਸੋ ਓਹ ਡਰ ਦਾਬਾ ਨਹੀਂ ਮੰਨਦੇ।

ਰਾਜੇ ਨੇ ਕਿਹਾ: ਵਜ਼ੀਰ ਤੂੰ ਕੋਈ ਸਲਾਹ ਦੱਸ। ਤਾਂ ਉਸ ਨੇ ਕਿਹਾ: ਮਹਾਰਾਜ, ਜੰਞ ਤੇ ਰਾਜੇ ਤਾਂ ਦੂਸਰੇ ਰਸਤੇ ਚਲੋ, ਜੰਞ ਜੇ ਜ਼ਰਾ ਚਿਰਕੀ ਪਹੁੰਚ ਗਈ ਤਾਂ ਡਰ ਨਹੀਂ। ਪਰ ਲਾੜਾ ਤੇ ਪਰੋਹਤ ਵੇਲੇ ਸਿਰ ਪੁੱਜ ਜਾਣ, ਇਸ ਗਲ ਦੀ ਬਹੁਤੀ ਲੋੜ ਹੈ ਤਾਂ ਜੋ ਵਿਆਹ ਦਾ ਸਾਹਾ ਲਗਨ ਨਾ ਘੁੱਸੇ। ਲਗਨ ਯਾ ਸਾਹਾ ਉਸ ਵੇਲੇ ਨੂੰ ਕਹਿੰਦੇ ਹਨ ਜੋ ਜਜੋਤਸ਼ੀ ਲੋਕ ਤਾਰਿਆਂ ਦੇ ਹਿਸਾਬ ਗਿਣ ਕੇ ਮੁਕਰਰ ਕਰਦੇ ਹਨ ਕਿ ਫਲਾਣੇ ਵੇਲੇ ਵਿਆਹ ਹੋ ਜਾਏ। ਇਸ ਵੇਲੇ ਨੂੰ ਘੁਸਾਉਣਾ ਲੋਕੀ ਬਹੁਤ ਮਾੜਾ ਸਮਝਦੇ ਹਨ।

ਰਾਜੇ ਪੁੱਛਿਆ: ਉਹ ਕੀਕੂੰ ਗੱਲ ਸਿਰੇ ਚੜ੍ਹੇਗੀ? ਵਜ਼ੀਰ ਨੇ ਆਖਿਆ, ਕਿ ਗੁਰੂ ਜੀ ਲਾੜੇ ਪਰੋਹਿਤ ਤੇ ਥੋੜੇ ਸਾਥੀਆਂ ਦੇ ਨਾਲ ਆਗਿਆ ਰਾਜ ਘਾਟ ਤੋਂ ਲੰਘਣ ਦੀ ਦੇ ਦੇਣਗੇ। ਸੋ ਏਹ ਵੇਲੇ ਸਿਰ ਸਿਰੀ ਨਗਰ ਪਹੁੰਚ ਕੇ ਵਿਆਹ ਦਾ ਕਾਰਜ ਕਰ ਲੈਣਗੇ।

ਇਹ ਸਲਾਹ ਪਸੰਦ ਤਾਂ ਸਭ ਦੇ ਆਈ, ਪਰ ਕਿਸੇ ਨੇ ਵਿਚੋਂ ਆਖਿਆ ਕਿ ਗੁਰੂ ਜੀ ਨੇ ਲਾੜੇ ਨੂੰ ਫੜ ਲਿਅ ਤੇ ਕੈਦ ਕਰ ਦਿਤਾ ਤਾਂ ਕੀਹ ਬਣੇਗਾ? ਵਜ਼ੀਰ ਨੇ ਕਿਹਾ: ਸੁਣੋ ਰਾਜੇ ਮਹਾਰਾਜਿਓ! ਗੁਰੂ ਕੇ ਸਿਖ 'ਸੱਚ' ਲਈ ਮਸ਼ਹੂਰ ਹਨ, ਸੱਚ ਬੋਲਦੇ ਹਨ, ਬੁਰਾ ਕਿਸੇ ਦਾ ਨਹੀਂ ਕਰਦੇ। ਸ਼ਰਨ ਲਓ ਤਾਂ ਸੂਤੀ ਤਲਵਾਰ ਸੂਤੀ ਰਹਿ ਜਾਂਦੀ ਹੈ। ਉਹਨਾਂ ਸਿਖਾਂ ਦੇ ਗੁਰੂ ਤੋਂ ਐਸੇ ਨੀਵੇਂ ਕੰਮ ਦੀ ਕਦੇ ਆਸਾ ਨਾ ਕਰੋ। ਮੇਰੀ ਆਸ ਤਾਂ ਇਹ ਹੈ ਕਿ ਜਦ ਤਕ ਦੂਲੋ ਜੀ ਜਮਨਾ ਤੋਂ ਪਾਰ ਹੋਕੇ ਫਤੇ ਚੰਦ ਦੇ ਰਾਜ ਵਿਚ ਵੜਨਗੇ ਤਦ ਤੀਕ ਗੁਰੂ ਕਾ ਦਲ ਦੂਲੋ ਦੀ ਰਾਖੀ ਕਰੇਗਾ, ਉਹ ਗੁਰੂ ਜੀ ਧਰਮ ਦਾ ਸਰੂਪ ਹਨ। ਗੁਰੂ ਸੱਚਾ ਸੂਰਮਾ ਹੈ, ਮਹਾਨ ਅਕਲਈਆ ਤੇ ਬੁੱਧੀਮਾਨ ਹੈ। ਤੁਸੀਂ ਮੇਰੇ ਤੇ ਭਰੋਸਾ ਕਰੋ, ਮੈਂ ਜੋ ਕੁਛ

ਕਹਿ ਰਿਹਾ ਹਾਂ ਆਪਣੀ ਖਾਸ ਜਾਣ ਪਛਾਣ ਤੋਂ ਕਹਿ ਰਿਹਾ ਤੇ ਜ਼ਿੰਮਾ ਲੈ ਰਿਹਾ ਹਾਂ[1]।

ਇਹ ਗਲ ਭੀਮ ਚੰਦ ਦੇ ਪਸਿੰਦ ਆ ਗਈ। ਪਰ ਫੇਰ ਰਾਜਿਆਂ ਵਿਚ ਹੇਠੀ ਨਾ ਹੋ ਜਾਏ, ਇਹ ਸੋਚਕੇ ਰਾਜਾ ਬੋਲਿਆ: ਸੁਣੋ ਭਰਾਵੋ! ਹੁਣ ਤਾਂ ਵਜ਼ੀਰ ਦੀ ਦੱਸੀ ਵਿਉਂਤ ਨਾਲ ਸੁਖ ਪੂਰਬਕ ਵਿਆਹ ਕਰ ਲਓ। ਕੁੜਮ ਦੇ ਘਰ ਜਾਕੇ ਸਾਰੇ ਜ਼ੋਰ ਪਾਓ ਕਿ ਉਹ ਸਾਡੇ ਨਾਲ ਰਲੇ ਤੇ ਅਸੀਂ ਮੁੜਦੀ ਵੇਰੀ ਮੇਲਵਾਂ ਹੱਲਾ ਕਰਕੇ ਗੁਰੂ ਦਾ ਡੇਰਾ ਉਜਾੜ ਚੱਲੀਏ। ਹੁਣ ਜਿਵੇਂ ਕਿਵੇਂ ਵਿਆਹ ਨਿਰਵਿਘਨ ਸਿਰੇ ਚਾੜ੍ਹ ਲਈਏ।

ਇਹ ਗੱਲ ਸਾਰਿਆਂ ਨੇ ਮੰਨ ਲਈ। ਤਦ ਵਜ਼ੀਰ ਨੇ ਦੂਲੋ ਨੂੰ ਝੰਪਾਨ[2] ਵਿਚ ਬਿਠਾਇਆ, ਨਾਲ ਕੁਝ ਮਾਤਬਰ ਸਾਥੀ ਲਿੱਤੇ ਤੇ ਵਜ਼ੀਰ ਆਪ ਘੋੜੇ ਚੜ੍ਹਕੇ ਨਾਲ ਟੁਰ ਪਿਆ। ਵਜ਼ੀਰ ਦੀ ਦੱਸੀ ਤਰਕੀਬ ਨਾਲ ਜਾ ਰਹੇ ਸਨ ਜਦੋਂ ਕਿ ਨੇੜਿਓਂ ਲੰਘੇ ਤਾਂ ਗੁਰੂ ਜੀ ਦੀ ਸੈਨਾ ਦੇ ਪਹਿਰੇਦਾਰਾਂ ਨੇ ਉਹ ਸਾਰੇ ਗੁਰੂ ਕੇ ਹਜ਼ੂਰ ਪਹੁੰਚਾਏ। ਸ੍ਰੀ ਗੁਰੂ ਜੀ ਦੇਖ ਕੇ ਮੁਸਕਰਾਏ ਤੇ ਹੱਸਕੇ ਬੋਲੇ-ਦੇਖੋ ਰਾਜ ਪੁਤ੍ਰ! ਡਰਨਾ ਨਹੀਂ, ਗੁਰੂ ਘਰ ਨਿਰਵੈਰ ਹੈ, ਗੁਰੂ ਘਰ ਨਿਰਵੈਰ ਹੈ। ਫੇਰ ਆਪ ਜੀ ਵਜ਼ੀਰ ਵਲ ਤੱਕੇ। ਉਸ ਨੇ ਕਿਹਾ :-

ਸ੍ਰੀ ਧਰਮ ਮੂਰਤੀ, ਕਲਯੁਗ ਦੇ ਤਾਰਕ ਸਤਿਗੁਰੂ! ਮੈਂ ਜਦ ਆਪ ਦਾ ਸੰਦੇਸ਼ ਦਿੱਤਾ ਰਾਜੇ ਆਪਣੇ ਨੂੰ, ਤਾਂ ਉਹਨਾਂ ਸਿਰ ਧਰ ਮੰਨਿਆ ਆਪ ਦਾ ਹੁਕਮ, ਆਪ ਤੇ ਰਾਜੇ ਤੇ ਫੌਜੀ ਜਾਂਞੀ ਸਭ ਦੂਸਰੇ ਰਸਤੇ ਟੁਰ ਗਏ ਹਨ, ਇਧਰ ਮੈਂ ਤੇ ਦੂਲੋ ਤੇ ਕੁਛ ਇਹ ਨਾਲ ਦੇ ਸੱਜਣ ਤੇ ਸੇਵਕ ਇਧਰੋਂ ਸਿੱਧਾ ਲੰਘ ਜਾਣ ਲਈ ਹਾਜ਼ਰ ਹੋਏ

---

੧. ਇਸ ਤੋਂ ਜਾਪਦਾ ਹੈ ਕਿ ਵਜ਼ੀਰ ਗੁਰੂ ਸਾਹਿਬ ਤੋਂ ਆਗਿਆ ਲੈ ਗਿਆ ਸੀ। ਇਹ ਗਲ ਵਜ਼ੀਰ ਨੇ ਰਾਜੇ ਨੂੰ ਇਉਂ ਸੁਝਾ ਦਿੱਤੀ ਹੈ ਤਦੇ ਹੀ ਉਸ ਨੇ ਮੰਨ ਲਿਆ ਹੈ। ਕਿਉਂਕਿ ਇਹ ਗਲ ਰਾਜਾ ਬੀ ਜਾਣਦਾ ਸੀ ਕਿ ਗੁਰੂ ਜੀ ਪੂਰਨ ਸਤਜਵਕਤਾ ਹਨ ਤੇ ਧਰਮ ਦੇ ਨੇਤਾ ਹਨ।

੨. ਝੰਪਾਨ ਇਕ ਪ੍ਰਕਾਰ ਦੀ ਪੀਨਸ ਯਾ ਡੋਲੇ ਨੂੰ ਆਖਦੇ ਹਨ।

ਹਾਂ, ਇਸ ਲਈ ਕਿ ਜੇ ਦੂਲੋ ਬੀ ਲੰਮੇਰੇ ਰਸਤੇ ਜਾਵੇ ਤਾਂ ਲਗਨ ਦਾ ਵੇਲਾ ਘੁੱਸ ਜਾਂਦਾ ਹੈ, ਜੋ ਸਾਡੇ ਲੋਕਾਂ ਵਿਚ ਬੜੀ ਮਾੜੀ ਗੱਲ ਹੈ।

ਸ੍ਰੀ ਗੁਰੂ ਜੀ ਧਿਆਨ ਦੇ ਕੇ ਸੁਣਦੇ ਰਹੇ; ਸੁਣਕੇ ਫੇਰ ਮੁਸਕਰਾਏ ਤੇ ਬੋਲੇ :-

ਵਜ਼ੀਰ! ਜਾਓ, ਰਾਜਕੁਮਾਰ! ਖੁਸ਼ੀ ਨਾਲ ਜਾਓ, ਇਸੇ ਸਿੱਧੇ ਤੇ ਛੇਤੀ ਦੇ ਰਸਤੇ ਜਾਓ, ਰਾਜ ਘਾਟ ਤੋਂ ਲੰਘੋ, ਤੁਸੀਂ ਸਾਲਸੀ ਨਾਲ ਆਏ ਹੋ, ਤੁਹਾਡੀ ਸੰਭਾਲ ਸਾਨੂੰ ਹੈ, ਜਾਓ ਖੁਸ਼ੀ ਨਾਲ ਜਾਓ।

ਇਹ ਸੁਣਕੇ ਵਜ਼ੀਰ ਰਾਜ ਕੁਮਾਰ ਤੇ ਸਭਨਾਂ ਨੇ ਨਮਸਕਾਰ ਕੀਤੀ। ਵਜ਼ੀਰ ਬੋਲਿਆ :-

ਜੈ ਸ੍ਰੀ ਕਲਗੀਧਰ ਮਹਾਰਾਜ ਧਰਮ ਧਰੰਧਰ ਕੀ ਜੈ! ਇਹ ਜਥਾ ਸਤਿਗੁਰ ਦੇ ਪਿਆਰ ਤੇ ਸ਼ਹਿਨਸ਼ੀਲਤਾ ਉਤੇ ਅਚਰਜ ਤੇ ਸੁਖੀ ਹੁੰਦਾ ਜਮਨਾ ਪਾਰ ਹੋ ਗਿਆ। ਪਾਰ ਹੁੰਦੇ ਤਕ ਸਤਿਗੁਰ ਦੀ ਸੈਨਤ ਕਰਕੇ ਸਿਖ ਫੌਜ ਦੂਰ ਦੂਰ ਰਹਿਕੇ ਬਿਨਾਂ ਆਪਾ ਜਣਾਏ, ਇਹਨਾਂ ਦੀ ਰਾਖੀ ਕਰਦੀ ਰਹੀ।

❖❖❖

## ੬੯. ਸਿਖਾਂ ਦਾ ਘਾਟੇ ਤੋਂ ਸਲਾਮਤ ਨਿਕਲ ਜਾਣਾ

**ਉਧਰ** ਫਤੇ ਚੰਦ ਦੇ ਘਰ ਸਿਰੀ ਨਗਰ ਵਿਚ ਤਿਆਰੀ ਹੋ ਰਹੀ ਸੀ ਜੰਞ ਦੀ ਖ਼ਾਤਰਦਾਰੀ ਦੀ ਕਿ ਭੀਮ ਚੰਦ ਦਾ ਵਜ਼ੀਰ ਪਹੁੰਚ ਪਿਆ। ਵਜ਼ੀਰ ਲਾੜੇ ਤੇ ਸਾਥੀ ਬਾਹਰ ਇਕ ਟਿਕਾਣੇ ਛੱਡ ਗਿਆ। ਰਾਜੇ ਨੂੰ ਜਾਕੇ ਸਾਰੀ ਗੱਲ ਸੁਣਾਈ ਕਿ ਬਹੁਤ ਫੌਜ ਨਾਲ ਹੋਣ ਕਰਕੇ ਕਲਗੀਧਰ ਜੀ ਨੇ ਜੰਞ ਨੂੰ ਆਪਣੇ ਡੇਰੇ ਤੋਂ ਨੇੜਿਓਂ ਲੰਘਣ ਨਹੀਂ ਦਿੱਤਾ। ਤੁਹਾਨੂੰ ਪਤਾ ਹੀ ਹੈ ਕਿ ਸਾਡੇ ਰਾਜੇ ਨੇ ਉਹਨਾਂ ਨਾਲ ਜੋ ਵਰਤਾਓ ਕੀਤਾ ਸੀ, ਉਸ ਕਰਕੇ ਉਹ ਆਨੰਦਪੁਰ ਛੋੜ ਆਏ ਸਨ। ਉਹਨਾਂ ਨੂੰ ਉਹੋ ਵੀਚਾਰ ਸੀ ਕਿ ਮਤੇ ਰਾਜਾ ਇਸ ਬਹਾਨੇ ਹੱਲਾ ਨਾ ਬੋਲ ਦੇਵੇ; ਪਰ ਫੇਰ ਬੀ ਗੁਰੂ ਜੀ

ਨੇ ਦੂਲੋ ਨੂੰ ਮੇਰੇ ਨਾਲ ਖੁਸ਼ੀ ਨਾਲ ਲੰਘਣ ਦੀ ਆਗਿਆ ਦੇ ਦਿਤੀ ਕਿ ਆਪ ਜੀ ਦਾ ਲਗਨ ਦਾ ਸਮਾ ਨਾ ਘੁੱਸੇ।

ਇਹ ਸੁਣ ਕੇ ਫਤੇ ਸ਼ਾਹ ਨੂੰ ਘਬਰਾ ਹੋਇਆ। ਵਿਆਹ ਦੀ ਖੁਸ਼ੀ ਵਿਚ ਵਿਘਨ ਹੋਇਆ। ਭੀਮ ਚੰਦ ਤੇ ਇਤਬਾਰ ਨਾ ਕਰਨਾ ਇਹ ਗੁਰੂ ਕੀ ਨੀਤੀ ਠੀਕ ਸੀ, ਪਰ ਭੀਮ ਚੰਦ ਕੁੜਮ ਹੋਇਆ ਉਸ ਦਾ ਬੀ ਸਨਮਾਨ ਕਰਨਾ ਹੋਇਆ, ਕੁਛ ਚਿਰ ਸੋਚਾਂ ਸੋਚਕੇ ਰਾਜੇ ਨੇ ਲਾੜੇ ਦਾ ਆਦਰ ਵਾਲੇ ਥਾਂ ਡੇਰਾ ਕਰਾਇਆ। ਪੰਡਿਤਾਂ ਦੇ ਪਹਿਲਾਂ ਵਿਚਾਰੇ ਸਮੇਂ ਅਨੁਸਾਰ ਵਿਆਹ ਦੀ ਰੀਤੀ ਰਸਮ ਕਰਨੀ ਸ਼ੁਰੂ ਕੀਤੀ ਤੇ ਠੀਕ ਵੇਲੇ ਸਿਰ 'ਪਾਨਿ ਗ੍ਰਹਿਣ' ਤੇ ਲਾਵਾਂ ਫੇਰੇ ਕਰ ਦਿਤੇ : 'ਪਾਨਿ ਗ੍ਰਹਿਣ' ਕਹਿੰਦੇ ਹਨ ਜਦ ਲਾੜੇ ਦੇ ਹੱਥ ਲਾੜੀ ਦਾ ਹੱਥ ਫੜਾਉਂਦੇ ਹਨ।

ਉਧਰ ਜੰਞ ਲੰਮੇ ਰਸਤੇ ਆ ਰਹੀ ਸੀ, ਇਧਰ ਉਡੀਕ ਹੋ ਰਹੀ ਸੀ, ਕਿ ਨੰਦ ਚੰਦ ਗੁਰੂ ਕੇ ਦੀਵਾਨ ਨੂੰ ਸਾਰੀ ਗੱਲ ਦਾ ਪਤਾ ਲਗ ਜਾਣ ਤੇ ਸੋਚ ਪੈ ਗਈ। ਕੁਛ ਵਿਚਾਰ ਕਰਕੇ ਦੀਵਾਨ ਜੀ ਤੇ ਪੁਰੋਹਿਤ ਦੁਇ ਜਣੇ ਰਾਜੇ ਪਾਸ ਗਏ ਕਿ ਜੀਓ ਜੀ ਵਿਆਹ ਸੁਖਾਂ ਨਾਲ ਹੋ ਚੁਕਾ ਹੈ, ਗੁਰੂ ਜੀ ਦੀ ਦਿੱਤੀ ਦਾਤ ਲੈ ਲਓ ਤੇ ਅਸੀਂ ਹੁਣ ਵਿਦਾ ਮੰਗਦੇ ਹਾਂ।

ਰਾਜੇ ਨੇ ਕਿਹਾ-ਤੁਹਾਨੂੰ ਪਤਾ ਹੈ ਕਿ ਜੰਞ ਦੂਸਰੇ ਰਸਤੇ ਆ ਰਹੀ ਹੈ, ਉਸ ਦੇ ਆਇਆਂ ਦਾਜ ਆਦਿਕ ਦਾ ਦੇਣਾ ਹੋਵੇਗਾ। ਜੋ ਕੁਛ ਗੁਰੂ ਜੀ ਨੇ ਦਿੱਤਾ ਹੈ ਦਾਜ ਵਿਚ ਮੈਂ ਦੇਣਾ ਹੈ, ਉਸ ਦਾਜ ਦੇਣ ਸਮੇਂ ਉਹਨਾਂ ਦੀ ਦਿੱਤੀ ਦਾਤ ਨਾਲ ਮੇਰੀ ਸ਼ੋਭਾ ਤੇ ਗੁਰੂ ਕੀ ਵਡਿਆਈ ਹੋਸੀ, ਉਸ ਤੋਂ ਮਗਰੋਂ ਆਪ ਜੀ ਨੂੰ ਆਦਰ ਨਾਲ ਵਿਦਾ ਕਰਾਂਗੇ। ਇਹ ਸੁਣਕੇ ਦੋਵੇਂ ਆਪਣੇ ਡੇਰੇ ਆ ਗਏ ਪਰ ਦੋਵੇਂ ਸਿਆਣੇ ਤੇ ਨੀਤੀ ਵੇਤਾ ਸਨ ਚੁਕੰਨੇ ਤੇ ਸਾਵਧਾਨ ਰਹੇ। ਹਰ ਪਾਸੇ ਦੀ ਖਬਰ ਰਖਣ ਵਾਲੇ ਨੂੰ 'ਚੁਕੰਨਾ' ਕਹਿੰਦੇ ਹਨ ਤੇ ਹਰ ਆ ਬਣੀ ਮੁਸ਼ਕਲ ਯਾ ਔਖ ਦਾ ਟਾਕਰਾ ਕਰਨ ਲਈ ਤਿਆਰ ਰਹਿਣ ਵਾਲੇ ਨੂੰ 'ਸਾਵਧਾਨ' ਆਖਦੇ ਹਨ।

ਜਦ ਜੰਞ ਪਹੁੰਚ ਗਈ ਤੇ ਸਭ ਆਦਰਾਂ ਖਾਤਰਾਂ ਦੇ ਤ੍ਰੈ ਦਿਨ ਹੋ ਗਈਆਂ, ਤਦ ਦਾਜ ਦੇਣ ਦਾ ਸਮਾਂ ਆਇਆ। ਇਕ ਵਡੇ ਸ਼ਾਮਿਆਨੇ ਹੇਠ ਸਭ ਕੁਛ ਧਰਿਆ ਗਿਆ। ਤਦ ਭੱਟ ਨੇ ਦਾਜ ਦੇਣ ਸਾਰੀ ਦੱਤ ਦਾ ਵੇਰਵਾ ਸੁਣਾਇਆ; ਜਿਵੇਂ ਭੱਟ ਉਸ ਵੇਲੇ ਕਿਹਾ ਕਰਦੇ ਹਨ :-'ਖੱਟ ਕਾ ਤਤਕਰਾ ਕਰ ਧਿਆਨ ਮਨ ਮਾਹਿ ਸੁਣੀਏ।' ਜਦੋਂ ਭੱਟ ਨੇ ਗੁਰੂ ਜੀ ਦੀ ਸਵਾ ਲੱਖੀ ਦਾਤ ਦਾ ਵੇਰਵਾ ਸੁਣਾਇਆ ਤਾਂ ਭੀਮ ਚੰਦ ਰਾਜਾ ਗੁੱਸੇ ਨਾਲ ਸੜ ਉਠਿਆ ਕਿ ਮੇਰੇ ਕੁੜਮ ਹੋਕੇ ਮੇਰੇ ਦੁਸ਼ਮਨ ਨਾਲ ਇਸ ਦਾ ਮਿਤ੍ਰਾਨਾ ਹੈ, ਇਹ ਕੁੜਮ ਤਾਂ ਇਉਂ ਦੁਸ਼ਮਨ ਹੀ ਹੋਇਆ। ਉਸ ਵੇਲੇ ਹੌਲੇ ਹੌਲੇ ਨਾਲ ਆਏ ਰਾਜਿਆਂ ਨਾਲ ਵਿਚਾਰ ਕੀਤੀ ਕਿ ਹੁਣ ਵੇਲਾ ਹੈ, ਹੋਰ ਤਕੜੇ ਹੋਕੇ ਗੁਰੂ ਜੀ ਨੂੰ ਜਿੱਤ ਲੈਣ ਦਾ। ਸਲਾਹ ਇਹ ਸੀ ਕਿ ਫਤੇ ਸ਼ਾਹ ਜੇ ਨਾਲ ਰਲਕੇ ਗੁਰੂ ਨਾਲ ਲੜੇ ਤਾਂ ਅਸੀਂ ਜਿੱਤ ਪਾ ਸਕਦੇ ਹਾਂ; ਸੋ ਜੇ ਤਾਂ ਫਤੇ ਸ਼ਾਹ ਲੜੇ ਤਾਂ ਕੁੜਮ; ਨਹੀਂ ਤਾਂ ਵੈਰੀ, ਫੇਰ ਸਾਕ ਤੋੜੀਏ। ਇਸ ਨਮੋਸ਼ੀ ਤੋਂ ਡਰਦਾ ਫਤੇ ਸ਼ਾਹ ਗੁਰੂ ਨਾਲ ਜੰਗ ਵਿਚ ਸਾਡਾ ਸਾਥੀ ਬਣ ਜਾਏਗਾ। ਇਹ ਵਿਚਾਰਕੇ ਰਾਜਾ ਜਸਵਾਲ ਤੇ ਇਕ ਵਜ਼ੀਰ ਫਤੇ ਸ਼ਾਹ ਪਾਸ ਗਏ ਤੇ ਕਿਹਾ ਕਿ ਤੁਹਾਡੇ ਕੁੜਮ ਦਾ ਗੁਰੂ ਨਾਲ ਵੈਰ ਹੈ, ਤੁਹਾਡੀ ਸੁਲਹ ਹੈ, ਇਹ ਗਲ ਬਣਦੀ ਨਹੀਂ। ਭੀਮ ਚੰਦ ਗੁਰੂ ਦਾ ਤੰਬੋਲ ਦੇਖਕੇ ਗੁੱਸੇ ਵਿਚ ਟੁਰ ਚਲਿਆ ਸੀ, ਮਸਾਂ ਰੋਕਿਆ ਹੈ।

ਫਤੇ ਚੰਦ ਨੇ ਕਿਹਾ : ਕੁੜਮ ਨੂੰ ਸਮਝਾਓ। ਰੱਬ ਦੇ ਅਵਤਾਰਾਂ, ਸੰਤਾਂ ਨਾਲ ਵੈਰ ਚੰਗਾ ਨਹੀਂ, ਮੈਂ ਵਿਚ ਪੈ ਕੇ ਸਾਲਸੀ ਕਰਾ ਦੇਂਦਾ ਹਾਂ।

ਇਹ ਸੁਣ ਕੇ ਜਸਵਾਲੀਏ ਨੇ ਆ ਭੀਮ ਚੰਦ ਨੂੰ ਹੋਰ ਭੜਕਾਇਆ ਕਿ ਫਤੇ ਚੰਦ ਤਾਂ ਤੈਨੂੰ ਬੀ ਗੁਰੂ ਕਾ ਸਿਖ ਬਣਾਇਆ ਚਾਹੁੰਦਾ ਹੈ।

ਤਦ ਭੀਮ ਚੰਦ ਨੇ ਕ੍ਰੋਧਾਤੁਰ ਹੋ ਕੇ ਕਿਹਾ ; ਚਲੋ ਰਾਜੇ ਭਰਾਵੋ ਕੂਚ ਕਰੋ, ਡੋਲਾ ਵਿਆਹਿਆ ਏਥੇ ਹੀ ਛੱਡ ਚਲੋ। ਜੇ ਇਹ ਗੁਰੂ ਦਾ ਹੈ

ਤਾਂ ਧੀ ਰਖੇ ਘਰ ਆਪਣੇ; ਜੇ ਸਾਡਾ ਹੈ ਤਾਂ ਸਾਡੇ ਨਾਲ ਹੋ ਕੇ ਲੜੇ ਗੁਰੂ ਨਾਲ। ਇਹ ਗਲ ਫਤੇ ਸ਼ਾਹ ਦੇ ਵਜ਼ੀਰਾਂ ਨੇ ਜਾ ਫਤੇ ਸ਼ਾਹ ਨੂੰ ਦੱਸੀ, ਤਦ ਨਮੋਸ਼ੀ ਤੋਂ ਡਰ ਕੇ ਫਤੇ ਸ਼ਾਹ ਨੇ ਭੀਮ ਚੰਦ ਨੂੰ ਕਹਿਲਾ ਭੇਜਿਆ ਕਿ ਮੈਂ ਧੀ ਦਿਤੀ ਹੈ, ਕੁੜਮ ਨਾਲ ਮੇਰੀ ਸਾਕਾਦਾਰੀ ਹੈ, ਜੋ ਕੁੜਮ ਕਹੇਗਾ ਕਰਾਂਗਾ, ਆਖੇ ਤਾਂ ਗੁਰੂ ਜੀ ਨਾਲ ਲੜਾਂਗਾ ਬੀ।

ਇਹ ਕਹਿਕੇ ਫਤੇ ਸ਼ਾਹ ਉਠਕੇ ਉਧਰ ਚਲਾ ਗਿਆ ਜਿਧਰ ਰਾਜੇ ਸਲਾਹਾਂ ਕਰ ਰਹੇ ਸਨ।

ਬੇਰੁਖਾ ਹੋਕੇ ਜਦ ਟੁਰ ਗਿਆ ਫਤੇ ਸ਼ਾਹ ਤੇ ਹੋ ਰਹੀ ਗੱਲ ਬਾਤ ਕੁਛ ਸੁਣ ਲਈ ਨੰਦ ਚੰਦ ਤੇ ਦਯਾ ਰਾਮ ਨੇ, ਤਾਂ ਦੋਹਾਂ ਨੇ ਮਸ਼ਵਰਾ ਕੀਤਾ ਕਿ ਜਦ ਫਤੇ ਸ਼ਾਹ ਦੁਸ਼ਮਨਾਂ ਨਾਲ ਰਲ ਗਿਆ ਹੈ ਤੇ ਲੜੇਗਾ ਗੁਰੂ ਜੀ ਨਾਲ ਤਾਂ ਵੈਰੀ ਹੋ ਗਿਆ, ਤੰਬੋਲ ਵੈਰੀ ਨੂੰ ਤਾਂ ਨਹੀਂ ਦੇਈਦਾ, ਸੋ ਇਹ ਸੋਚਕੇ ਆਪਣਾ ਤੰਬੋਲ ਸੰਭਾਲਕੇ, ਆਪਣੇ ਸੂਰਮਿਆਂ ਤੋਂ ਚੁਕਵਾਕੇ, ਦੋਵੇਂ ਆਪਣੇ ਡੇਰੇ ਆ ਗਏ ਤੇ ਤੁਰਨ ਦੀ ਤਿਆਰੀ ਸੋਚਣ ਲਗ ਪਏ।

ਉਧਰ ਫਤੇ ਸ਼ਾਹ ਤੇ ਸਾਰੇ ਰਾਜਿਆਂ ਮਿਲਕੇ ਮਤਾ ਕਰ ਲਿਆ ਕਿ ਗੁਰੂ ਜੀ ਨੂੰ ਸਾਰੇ ਰਲਕੇ ਪਾਉਂਟੇ ਤੋਂ ਕੱਢ ਦਿਓ ਅਰ ਮਿਲਵੀਂ ਫੌਜ ਨਾਲ ਹੱਲਾ ਕਰ ਦਿਓ। ਕਿਸੇ ਨੇ ਉਸੇ ਵੇਲੇ ਆ ਦੱਸਿਆ ਕਿ ਗੁਰੂ ਕੇ ਦੀਵਾਨ ਤੇ ਪੁਰੋਹਿਤ ਨੂੰ ਤੁਹਾਡੀ ਗਲ ਬਾਤ ਪਹੁੰਚ ਗਈ ਹੈ, ਓਹ ਆਪਣਾ ਤੰਬੋਲ ਸੰਭਾਲ ਕੇ ਡੇਰੇ ਚਲੇ ਗਏ ਹਨ। ਇਹ ਸੁਣਕੇ ਭੀਮ ਚੰਦ ਨੇ ਹੁਕਮ ਦਿਤਾ ਕਿ ਸਿਪਾਹੀ ਘੱਲੋ ਜੋ ਅਗੋਂ ਘਾਟਾ ਰੋਕ ਲੈਣ ਤੇ ਗੁਰੂ ਕੇ ਦੀਵਾਨ ਆਦਿਕਾਂ ਨੂੰ ਲੰਘਣ ਨਾ ਦੇਣ, ਅਤੇ ਸਭ ਕੁਛ ਲੁੱਟ ਲੈਣ। ਏਹੋ ਜਿਹਾ ਹੀ ਹੁਕਮ ਫਤੇ ਸ਼ਾਹ ਨੇ ਦਿੱਤਾ। ਇਹ ਹੁਕਮ ਅਜੇ ਉਹਨਾਂ ਦੇ ਦਲਾਂ ਵਿਚ ਨਹੀਂ ਪਹੁੰਚੇ ਸਨ ਕਿ ਗੁਰੂ ਕੇ ਸਿਖਾਂ ਨੂੰ ਬੀ ਇਹ ਖਬਰ ਪਹੁੰਚ ਪਈ ਕਿ ਪੰਜ ਸੋ ਜੁਆਨ ਘਾਟਾ ਰੋਕਣ ਜਾ ਰਹੇ ਹਨ। ਉਸੇ ਵੇਲੇ ਦੂਏ ਆਗੂ ਤਿਆਰ ਤਾਂ ਸਨ

ਹੀ ਪਰ ਸੋਚ ਵਿਚ ਸਨ ਕਿ ਇਡੀ ਰਾਜਿਆਂ ਦੀ ਫੌਜ ਵਿਚੋਂ ਕੀਕੂੰ ਨਿਕਲਾਂਗੇ ਕਿ ਇਕ ਸਿਖ ਨੇ ਉਚੀ ਉਚੀ ਕਿਹਾ, ਵੱਡੇ ਸੱਜਣੋਂ! ਜਦ ਤੁਸੀਂ ਟੁਰੇ ਸੇ ਤਾਂ ਸਤਿਗੁਰਾਂ ਨੇ ਫੁਰਮਾਯਾ ਸੀ ਕਿ ਗੁਰੂ ਕੇ ਭਰੋਸੇ ਰਹੀਓ, ਗੁਰੂ ਸਹਾਇਤਾ ਕਰੇਗਾ। ਉਠੋ ਉਸ ਗੁਰੂ ਤੇ ਸਿਦਕ ਧਾਰਕੇ ਤੁਰੋ; ਗੁਰੂ ਦੰਦਾਂ ਵਿਚ ਜੀਭ ਵਾਂਙੂ ਸਲਾਮਤ ਰਖੇਗਾ। ਤਦ ਇਸ ਸਿਖ ਫੌਜ ਵਿਚੋਂ ਆਵਾਜ਼ ਆਈ "ਜੈ ਸਤਿਗੁਰੂ ਕੀ" ਸੋ ਝਟ ਪਟ ਅਰਦਾਸਾ ਸੁਧਿਆ ਕਿ ਗੁਰੂ ਜੀ ਸਹਾਇਤਾ ਬਖਸ਼ਣ।

ਦੀਵਾਨ ਜੀ ਆਪਣੀ ਨਿੱਕੀ ਫੌਜ ਨੂੰ ਸਦਾ ਤਿਆਰੀ ਵਿਚ ਰਖਦੇ ਸਨ। ਉਹਨਾਂ ਦੇ ਹੁਕਮ ਦੇਂਦੇ ਸਾਰ ਤਿਆਰੀ ਝਟ ਪਟ ਹੋਕੇ ਟੁਰ ਪਏ ਸਾਰੇ। ਇੱਡੀ ਕਾਹਲੀ ਨਾਲ ਟੁਰੇ ਕਿ ਮਾਨੋਂ ਅਗੇ ਹੀ ਕਾਠੀਆਂ ਪਾਈ ਬੈਠੇ ਸਨ ਤੇ ਪਲਾਕੀ ਮਾਰਕੇ ਘੋੜਿਆਂ ਤੇ ਚੜ੍ਹਨਾ ਹੀ ਬਾਕੀ ਸੀ। ਜਦ ਇਹ ਸਿਖ ਫੌਜ : ਜੋ ਬਹੁਤੀ ਨਹੀਂ ਸੀ, ਅਗੇ ਵਧੀ ਤਾਂ ਇਹਨਾਂ ਡਿੱਠਾ ਕਿ ਦੁਸ਼ਮਨ ਦਾ ਕੁਛ ਦਲ ਅੱਗੇ ਜਾ ਰਿਹਾ ਹੈ ਕਿ ਘਾਟਾ ਜਾ ਰੋਕੇ! ਪਰ ਬਹੁਤ ਫੌਜ ਅਜੇ ਬੜੀ ਪਿਛੇ ਹੈ ਤੇ ਕੁਛ ਤਿਆਰੀਆਂ ਵਿਚ ਹੈ ਤੇ ਹੌਲੇ ਹੌਲੇ ਮਗਰ ਆ ਰਹੀ ਹੈ। ਸਤਿਗੁਰੂ ਜੀ ਨੂੰ ਯਾਦ ਕਰਕੇ ਦੋਹਾਂ ਨੇ ਕਿਹਾ : ਦਾਤਾ ਜੀ ਸੁਮਤਿ ਬਖਸ਼ੋ! ਝਟ ਦੋਹਾਂ ਨੂੰ ਸੋਝੀ ਆਈ: ਨੰਦ ਚੰਦ ਤਾਂ ਅੱਗੇ ਹੋ ਗਿਆ, ਤੇ ਵਧੇ ਜਾ ਰਹੇ ਪਹਾੜੀਆਂ ਤੇ ਬੰਦੂਕਾਂ ਛੋੜਨੀਆਂ ਸ਼ੁਰੂ ਕਰ ਦਿੱਤੀਆਂ ਤੇ ਉਹਨਾਂ ਵਲੋਂ ਆਈ ਗੋਲੀ, ਤੀਰ ਦੀ ਪਰਵਾਹ ਨਾ ਕੀਤੀ, ਨਾ ਭੈ ਖਾਧਾ। ਪੁਰੋਹਿਤ ਦਯਾ ਰਾਮ ਆਪਣੇ ਦਲ ਦੇ ਪਿੱਛੇ ਹੋ ਗਿਆ। ਜੋ ਪਿੱਛੇ ਟੁਰੇ ਆ ਰਹੇ ਪਹਾੜੀਏ ਦਿੱਸਦੇ ਸਨ ਉਹਨਾਂ ਤੇ ਬੰਦੂਕਾਂ ਚਲਾਉਣ ਲੱਗ ਪਿਆ। ਇਉਂ ਪਿਛਲੇ ਦਲ ਦੇ ਕੁਛ ਬੰਦੇ ਗੋਲੀ ਖਾਕੇ ਡਿੱਗੇ ਤਾਂ ਦਲ ਠਿਠੰਬਰ ਗਿਆ ਤੇ ਅੱਗੇ ਵਧਣੋਂ ਰੁਕ ਖੜੋਤਾ। ਜੇਹੜੇ ਪਹਾੜੀਏ ਅਗੇ ਜਾ ਰਹੇ ਸੇ ਘਾਟਾ ਰੋਕਣ, ਉਹਨਾਂ ਦੇ ਬੰਦੇ ਗੋਲੀ ਖਾਕੇ ਢੱਠੇ ਤਾਂ ਉਹ ਬੀ ਇਧਰ ਉਧਰ ਗੋਲੀ ਦੀ ਵਾਟੋਂ ਪਰੇ ਹੋ ਹੋ ਕੇ ਲਗੇ ਜਿੰਦਾਂ ਬਚਾ ਬਚਾਕੇ ਟੁਰਨ ਜਾਂ ਰੁਖਾਂ ਓਹਲੇ ਹੋ ਹੋ ਕੇ ਪਿੱਛੇ ਤੱਕਣ

ਕਿ ਸਾਡਾ ਦਲ ਆ ਰਿਹਾ ਹੈ ਕਿ ਨਹੀਂ, ਉਹ ਉਹਨਾਂ ਨੂੰ ਦਿੱਸੇ ਨਾ ਕਿਉਂਕਿ ਵਿਚਾਲੇ ਸਿੱਖ ਦਲ ਆ ਗਿਆ ਸੀ ਤੇ ਓਹ ਬਹੁਤ ਪਿੱਛੇ ਹਉਲੇ ਟੁਰ ਰਹੇ ਸਨ। ਓਹ ਸਮਝੇ ਕਿ ਗੁਰੂ ਦਲ ਨੇ ਪਿਛਲੀ ਸਾਡੀ ਲਾਰ ਰੋਕ ਲਈ ਹੈ, ਤਾਂ ਹੀ ਅਗੇ ਵਧੇ ਆ ਰਹੇ ਹਨ। ਸੋ ਓਹ ਇਕ ਪਾਸੇ, ਗੋਲੀ ਤੀਰ ਦੀ ਮਾਰ ਤੋਂ ਵਧੇਰੀ ਵਿੱਥ ਕਰਕੇ ਜਾ ਠਹਿਰੇ ਕਿ ਪਿਛੋਂ ਰਾਜੇ ਤੇ ਫੌਜ ਆ ਲਵੇ ਤਾਂ ਅੱਗੇ ਵਧਾਂਗੇ, ਐਵੇਂ ਜਾਨਾਂ ਕਿਉਂ ਗਵਾਈਏ, ਇਨ੍ਹਾਂ ਸਿਖਾਂ ਦੇ ਨਿਸ਼ਾਨੇ ਡਾਢੇ ਬੈਠਦੇ ਹਨ। ਇਹਨਾਂ ਨੂੰ ਲੰਘ ਜਾਣ ਦਿਓ ਤਾਂ ਇਹ ਭਜਦੇ ਨਿਕਲ ਜਾਣਗੇ, ਜੇ ਅਸੀਂ ਰੋਕੀਏ ਤਾਂ ਸਾਨੂੰ ਮਾਰਨਗੇ। ਇਉਂ ਸਤਿਗੁਰੂ ਦੀ ਸਹਾਇਤਾ ਹੋ ਗਈ, ਪਿਛਲੀ ਵਹੀਰ ਪਿਛੇ ਰਹਿ ਗਈ, ਭਾਵੇਂ ਗੋਲੀ ਤੀਰ ਚਲਾਉਂਦੇ ਰਹੇ ਪਰ ਉਨ੍ਹਾਂ ਵਧਕੇ ਹੱਲਾ ਨਾ ਕੀਤਾ ਤੇ ਅਗਲੀ ਵਹੀਰ ਪਹਾੜੀਆਂ ਦੀ ਲਾਂਭੇ ਜਾ ਖੜੋਤੀ। ਗੁਰੂ ਦਲ ਆਪਣੇ ਸਾਮਾਨ ਸਮੇਤ ਘੋੜੇ ਭਜਾਉਂਦਾ ਘਾਟੇ ਤੋਂ ਸਹੀ ਸਲਾਮਤ ਪਾਰ ਲੰਘ ਗਿਆ। ਇਉਂ ਸਤਿਗੁਰ ਦੇ ਜੈਕਾਰੇ ਗਜਾਉਂਦਾ ਗੋਲੀਆਂ ਛਡਦਾ ਸਿਖ ਦਲ ਦੂਰ ਨਿਕਲ ਗਿਆ। ਫੇਰ ਦੇਖੋ ਸੰਭਾਲ ਇਨ੍ਹਾਂ ਦੀ ਕਿ ਜੇ ਕੋਈ ਸਿਖ ਵੈਰੀ ਦੀ ਗੋਲੀ ਕਿ ਤੀਰ ਨਾਲ ਜ਼ਖਮੀ ਹੋ ਗਿਆ ਸੀ ਤਾਂ ਉਸ ਨੂੰ ਪਿਛੇ ਨਹੀਂ ਛਡਿਆ। ਇਕ ਇਕ ਸਿਪਾਹੀ ਨੇ ਦੂਜੇ ਜ਼ਖਮੀ ਸਿਪਾਹੀ ਨੂੰ ਆਪਣੇ ਘੋੜੇ ਤੇ ਸੰਭਾਲ ਲਿਆ ਤੇ ਉਸ ਦਾ ਕਵਾਇਦ ਸਿਖਿਆ ਖਾਲੀ ਘੋੜਾ ਨਾਲ ਹੀ ਚਲ ਰਿਹਾ ਆਪਣੀ ਥਾਂ ਤੇ ਤੁਰਦਾ ਰਿਹਾ।

ਸੋ ਇਹ ਇਤਨੀ ਦੂਰ ਨਿਕਲ ਗਏ ਕਿ ਘਾਟਾ ਰੋਕਣ ਦਾ ਕੰਮ ਪਹਾੜੀਆਂ ਦਾ ਸਿਰੇ ਨਾ ਚੜ੍ਹਿਆ। ਉਤੋਂ ਰਾਤ ਹੋ ਗਈ, ਸਿਖਾਂ ਦੇ ਮਗਰ ਜਾਣ ਦਾ ਹੀਆ ਕਿਸੇ ਨੂੰ ਨਾ ਪਿਆ।

❖❖❖

## ੭੦. ਚੜ੍ਹਦੀਆਂ ਕਲਾ।

**ਸਿਖ** ਜਥਾ ਘਾਟੇ ਤੋਂ ਸਹੀ ਸਲਾਮਤ ਨਿਕਲ ਆਯਾ। ਪਹਾੜੀਆਂ ਵਿਚ ਜੋ ਖਬਲ ਪਾ ਆਏ ਸਨ ਓਹ ਅੱਗੇ ਨਾ ਵਧ ਸਕੇ, ਇਕ ਗੁਰੂ ਕਾ

ਸਿਖ ਸੁਦਾਗਰ ਸੌ ਕੁ ਘੋੜੇ ਪਹਾੜਾਂ ਵਿਚੋਂ ਲੱਭ ਲੱਭ ਕੇ ਗੁਰੂ ਜੀ ਪਾਸ ਵੇਚਣ ਲਈ ਖਰੀਦ ਲਿਆਇਆ ਸੀ, ਸੋ ਇਹਨਾਂ ਨੇ ਪਹਿਲੇ ਹੀ ਘਾਟੇ ਤੋਂ ਪਰੇ ਉਤਾਰ ਰਖਿਆ ਸੀ ਕਿ ਜਾਂਦੇ ਹੋਏ ਨਾਲ ਲੈ ਚੱਲਾਂਗੇ। ਉਸ ਨੂੰ ਬੀ ਨਾਲ ਲੈ ਆਏ। ਹੁਣ ਪਹਿਲੋਂ ਤਾਂ ਕਾਹਲੀ ਕਾਹਲੀ ਟੁਰੇ, ਫੇਰ ਖਬਰਦਾਰ ਰਹਿੰਦੇ ਔਖਾ ਪਹਾੜੀ ਰਸਤਾ ਮੁਕਾਉਂਦੇ ਆਖਰ ਪਾਉਂਟੇ ਆ ਪਹੁੰਚੇ। ਸ੍ਰੀ ਗੁਰੂ ਜੀ ਨੂੰ ਖਬਰ ਹੋਈ, ਆਪ ਜੀ ਨੇ ਬੁਲਾ ਘੱਲਿਆ, ਦੀਵਾਨ ਲੱਗ ਗਿਆ। ਤਦ ਸਤਿਗੁਰੂ ਜੀ ਨੇ ਮੁਸਕ੍ਰਾਕੇ ਪੁਛਿਆ : ਸੁਣਾਓ ਪੰਡਿਤ ਜੀ, ਦੀਵਾਨ ਜੀ, ਭਲੀ ਬੀਤੀ?

ਇਹ ਸੁਣਕੇ ਨੰਦ ਚੰਦ ਜੀ ਦੀਵਾਨ ਨੇ ਸਾਰਾ ਹਾਲ ਕਹਿ ਸੁਣਾਇਆ। ਜਦ ਇਹ ਗੱਲ ਦੱਸੀ ਕਿ ਫਤੇ ਸ਼ਾਹ ਫਿੱਟਿਆ ਦੇਖਕੇ ਅਸੀਂ ਘਬਰਾਏ ਸਾਂ ਕਿ ਆਟੇ ਵਿਚ ਲੂਣ ਅਸੀਂ ਕੀਹ ਕਰਾਂਗੇ, ਪਰ ਆਪ ਦੇ ਵਾਕ ਯਾਦ ਆ ਗਏ। ਅਸਾਂ ਭਰੋਸਾ ਧਾਰ ਚਰਨਾਂ ਵਿਚ ਅਰਦਾਸ ਕੀਤੀ ਤੇ ਸਾਵਧਾਨ ਹੋ ਗਏ, ਫਿਰ ਤਾਂ ਇੰਵ ਹੋਇਆ ਕਿ ਮੱਖਣ ਵਿਚੋਂ ਵਾਲ ਵਾਂਙੂ ਨਿਕਲ ਆਏ। ਆਪ ਜੀ ਦੀ ਮਿਹਰ ਨੇ ਇਹ ਗੱਲ ਸਾਨੂੰ ਸੁਝਾ ਦਿੱਤੀ ਕਿ ਘਾਟਾ ਰੋਕਣ ਜੋ ਪਹਾੜੀ ਅੱਗੇ ਗਏ ਹਨ ਥੋੜੇ ਹਨ; ਪਿਛਲੇ ਅਜੇ ਦੂਰ ਹਨ, ਦੋਹਾਂ ਨੂੰ ਮਿਲਣ ਨਾ ਦਿਓ। ਅਸੀਂ ਦੋ ਜਥੇ ਬਣ ਗਏ, ਪਹਿਲਾ ਜਥਾ ਪ੍ਰੋਹਿਤ ਜੀ ਦੀ ਤਾਬਿਆ ਪਿਛੇ ਆ ਰਹੇ ਪਹਾੜੀਆਂ ਤੇ ਤੀਰ ਤੁਫੰਗ ਚਲਾਉਂਦਾ ਆਇਆ ਤੇ ਮੈਂ ਅੱਧੇ ਜਥੇ ਨੂੰ ਲੈ ਕੇ ਅਗਲੇ ਪਹਾੜੀ ਜਥੇ ਤੇ ਤੀਰ ਤੁਫੰਗ ਸੇਧਾਂ ਬੰਨ੍ਹ ਬੰਨ੍ਹਕੇ ਛਡਵਾਏ। ਓਹ ਤਾਂ ਕੁਛ ਬੰਦੇ ਮਰਵਾ ਕੇ ਇਕ ਲਾਂਭੇ ਦੂਰ ਜਾ ਖੜੋਤੇ; ਕਿ ਅਸੀਂ ਥੋੜੇ ਹਾਂ ਮਾਰੇ ਨਾ ਜਾਈਏ, ਪਿਛਲੇ ਆ ਮਿਲਣਗੇ ਤਾਂ ਅੱਗੇ ਵਧਾਂਗੇ; ਪਿਛਲੇ ਸਮਝੇ ਕਿ ਅਗਲੇ ਮਾਰੇ ਗਏ ਹਨ, ਅਸੀਂ ਜਦ ਤੋੜੀ ਹੋਰ ਪਿਛੋਂ ਮਦਦ ਨਾ ਆਵੇ ਤੇ ਕੋਈ ਰਾਜਾ ਨਾ ਆਵੇ ਇਨ੍ਹਾਂ ਤੇ ਹੱਲਾ ਬੋਲ ਕੇ ਕਟ ਕਟ ਨਾ ਮਰੀਏ, ਇਉਂ ਉਨ੍ਹਾਂ ਵਿਚ ਵਿੱਥ ਪੈ ਗਈ ਤੇ ਅਸੀਂ ਸਹੀ ਸਲਾਮਤ ਨਿਕਲ ਆਏ, ਆਪ ਨੇ ਸਿਦਕ ਬੀ ਬਖਸ਼ਿਆ ਤੇ ਸਾਡੀ ਮਦਦ ਬਾਹੁੜੀ ਬੀ ਕੀਤੀ। ਧੰਨ ਹੋ ਆਪ!

ਸ੍ਰੀ ਗੁਰੂ ਜੀ ਬੋਲੇ, ਸੁਣੋ ਸਿਖੋ! ਸਦਾ ਚੜ੍ਹਦੀਆਂ ਕਲਾਂ ਵਿਚ ਰਹੋ।

ਦਇਆ ਰਾਮ-ਦਾਤਾ ਜੀ ਚੜ੍ਹਦੀ ਕਲਾ ਕੀ ਹੁੰਦੀ ਹੈ?

ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਬੋਲੇ-ਇਹ ਨਵਾਂ ਬੋਲਾ ਹੈ। ਤੁਸਾਂ ਨੂੰ ਟੁਰਨ ਵੇਲੇ ਇਸ ਦੀ ਸੈਨਤ ਦਿੱਤੀ ਸੀ, ਹੁਣ ਸਮਝੋ। ਚੜ੍ਹਦੀ ਕਲਾ ਹੈ, ਵਾਹਿਗੁਰੂ ਤੇ ਭਰੋਸਾ, ਜੈਸਾ ਕਿ ਵਡੇ ਸਤਿਗੁਰੂ ਜੀ ਨੇ ਫੁਰਮਾਇਆ ਹੈ-

"ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ॥"

ਵਾਹਿਗੁਰੂ ਤਾਂ ਅੰਗ ਸੰਗ ਹੈ, ਇਹ ਸਾਡਾ ਭਰੋਸਾ ਹੈ, ਇਹ ਭਰੋਸਾ ਪੱਕਾ ਕਰਕੇ ਅੰਦਰ ਰੱਖੋ। ਦੂਜੀ ਗੱਲ ਹੈ ਇਸ ਭਰੋਸੇ ਤੋਂ ਡੋਲੋ ਨਹੀਂ, ਸਮਝੋ ਕਿ ਜਦ ਸਭ ਤਾਕਤਾਂ ਦਾ ਮਾਲਕ ਵਾਹਿਗੁਰੂ ਸਾਡੇ ਨਾਲ ਹੈ ਤਾਂ ਡਰ ਕਿਸ ਦਾ? ਇਉਂ ਨਿਰਭੈਤਾ ਵਿਚ ਜੋ ਕਾਰਜ ਕਰੋ ਸੋ ਸਿਰੇ ਚੜ੍ਹੇਗਾ ਜੈਸੇ ਕਿ ਵਡੇ ਸਤਿਗੁਰੂ ਜੀ ਨੇ ਫੁਰਮਾਇਆ ਹੈ :-

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ ਹਰਿ ਨਾਲਿ
ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥ ਅੰਗੀਕਾਰੁ
ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥ ਸਭਨਾ
ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥

(ਰਾਮ: ਮ: ੩-ਅਨੰਦੁ)

ਦੁਨੀਆਂ ਦੇ ਪਦਾਰਥਾਂ ਵਾਲੇ ਪਦਾਰਥਾਂ ਤੇ ਦੌਲਤਾਂ ਦੀ ਹੈਂਕੜ ਤੇ ਆਕੜਦੇ ਹਨ, ਓਹ ਹੰਕਾਰ ਕਰਦੇ ਹਨ ਕਿ ਅਸੀਂ ਬਾਹਾਂ ਵਾਲੇ ਹਾਂ, ਅਰਥਾਤ ਸਾਡੇ ਸਹਾਈ ਯਾ ਮਦਦਗਾਰ ਬੜੇ ਹਨ, ਯਾ ਅਸੀਂ ਆਪ ਤਕੜੇ ਹਾਂ। ਇਸ ਤਰ੍ਹਾਂ ਜੋ ਕੁਛ ਕਰਦੇ ਹਨ, ਉਹ ਚੜ੍ਹਦੀਆਂ ਕਲਾਂ ਨਹੀਂ, ਉਹ ਹੰਕਾਰ ਹੁੰਦਾ ਹੈ, ਪਰ ਜੋ ਕੁਛ ਅਸਾਂ ਦੱਸਿਆ ਹੈ, ਵਾਹਿਗੁਰੂ ਤੇ ਭਰੋਸਾ ਧਾਰਕੇ ਅੰਦਰੋਂ ਉੱਚੇ ਰਹਿਣਾ, ਉਹ ਚੜ੍ਹਦੀਆਂ ਕਲਾਂ ਹਨ, ਇਹ ਕੰਮਾਂ ਨੂੰ ਸਿਰੇ ਚਾੜ੍ਹਦੀਆਂ ਹਨ। ਦੇਖੋ ਤੁਸਾਂ ਅਰਦਾਸ ਕੀਤੀ, ਗੁਰੂ ਤੇ ਭਰੋਸਾ ਧਾਰਿਆ, ਵਾਹਿਗੁਰੂ ਨੇ ਤੁਹਾਡੀ ਅਕਲ ਸਾਫ ਕਰ ਦਿੱਤੀ,

ਵਿਉਂਤ ਦੱਸ ਦਿੱਤੀ, ਹਿੰਮਤ ਭਰ ਦਿੱਤੀ, ਤੁਸੀਂ ਮੱਖਣ ਵਿਚੋਂ ਵਾਲ ਵਾਂਗੂੰ ਨਿਕਲ ਆਏ। ਇਹ ਮਤਿ ਸੁਮਤਿ ਸਦਾ ਲਈ ਸਮਝ ਲਓ।

ਫੇਰ ਸਤਿਗੁਰੂ ਜੀ ਨੇ ਉਧਰ ਦੀ ਹੋਰ ਖਬਰ ਪੁਛੀ। ਤਦ ਨੰਦ ਚੰਦ ਨੇ ਦੱਸਿਆ ਕਿ ਫਤੇ ਚੰਦ ਕੁੜਮ ਭੀਮ ਚੰਦ ਦੇ ਆਖੇ ਲਗ ਗਿਆ ਹੈ, ਹੁਣ ਆਪ ਦਾ ਦੁਸ਼ਮਨ ਹੈ। ਸਾਰੇ ਰਾਜੇ ਕੱਠੇ ਹੋ ਗਏ ਹਨ, ਸਾਰਿਆਂ ਦੀ ਫੌਜ ਇਕ ਹੋ ਗਈ ਹੈ, ਹੁਣ ਸਮਝਣਾ ਚਾਹੀਏ ਕਿ ਉਹ ਅੱਜ ਬੀ ਆਏ ਤੇ ਕੱਲ ਬੀ ਆਏ।

❖❖❖

## ੭੧. ਜੰਗ ਲਈ ਤਿਆਰੀਆਂ।

**ਅਗਲੇ** ਦਿਨ ਗੁਰੂ ਜੀ ਤੇ ਆਪਣੇ ਚੋਣਵੇਂ ਸਿਰਕਰਦਿਆਂ ਦੀ ਇਕ ਸਭਾ ਲੱਗੀ। ਇਹ ਸਭਾ ਪਾਉਂਟੇ ਤੋਂ ਪਾਰ ਪੂਰਬ ਦੀ ਦਿਸ਼ਾ ਵਾਲੇ ਪਾਸੇ ਇਕ ਇਕਾਂਤ ਟਿਕਾਣੇ ਲੱਗ ਰਹੀ ਹੈ, ਚੋਣਵੇਂ ਸਿਰਕਰਦੇ ਬੈਠੇ ਹਨ ਤੇ ਵੀਚਾਰ ਹੋ ਰਹੀ ਹੈ। ਪਹਿਲੇ ਸੋਚ ਹੁੰਦੀ ਰਹੀ ਕਿ ਕਿਉਂ ਹੱਲਾ ਹੋਣ ਲਗਾ ਹੈ*, ਫੇਰ ਵੀਚਾਰ ਇਹ ਛਿੜੀ ਕਿ ਅਸਾਂ ਕਿਵੇਂ ਰਾਜਿਆਂ ਵਲੋਂ ਆ ਰਹੇ ਹਮਲੇ ਦੇ ਮੁਕਾਬਲੇ ਤੇ ਟਾਕਰਾ ਕਰਨਾ ਹੈ, ਜਿਸ ਵਿਚ ਸਾਡੀ ਜੀਤ

---

*ਭੰਗਾਣੀ ਦਾ ਜੁੱਧ ਪਹਿਲਾ ਜੁੱਧ ਹੈ ਗੁਰੂ ਜੀ ਦਾ। ਕਿਉਂ ਹੋਇਆ? ਗੁਰੂ ਜੀ ਲਿਖਦੇ ਹਨ-'ਫਤੇ ਸ਼ਾਹ ਕੋਪਾ ਤਬ ਰਾਜਾ। ਲੋਹ ਪਰਾ ਹਮਸੋਂ ਬਿਨ ਕਾਜਾ। ਅਰਥਾਤ ਬਿਨਾ ਕਿਸੇ ਕਾਰਣ ਦੇ ਫਤੇ ਸ਼ਾਹ ਨੇ ਸਾਡੇ ਉਤੇ ਹੱਲਾ ਕੀਤਾ। ਸੂ: ਪ੍ਰ: ਦੱਸਦਾ ਹੈ ਕਿ ਭੀਮ ਚੰਦ ਕਹਲੂਰੀਏ ਤੇ ਫਤੇ ਸ਼ਾਹ ਨੂੰ ਚੁਕਿਆ ਤੇ ਹੋਰ ਰਾਜੇ ਵੰਗਾਰੇ। ਇਸ ਜੁਧ ਪਰ ਇਕ ਪੁਰਾਤਨ ਸ਼ੈ ਹੈ 'ਜੰਗਨਾਮਾ ਗੁਰੂ ਗੋਬਿੰਦ ਸਿੰਘ' ਇਹ ਇਕ ਵਾਰ ਵਾਂਙੂ ਹੈ। ਇਹ ਦੱਸਦਾ ਹੈ ਕਿ ਔਰੰਗਜ਼ੇਬ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਰਨਾ ਚਾਹੁੰਦਾ ਸੀ। ਇਸ ਦੀ ਤਜਵੀਜ਼ ਸੀ ਰਾਜਿਆਂ ਨੂੰ ਗੁਰੂ ਜੀ ਨਾਲ ਲੜਾਉਣ ਦੀ। ਹਯਾਤ ਖਾਂ ਨੂੰ ਘੱਲਣਾ ਬੀ ਔਰੰਗਜ਼ੇਬ ਦਾ ਹੀ ਲਿਖਿਆ ਹੈ। ਜਦ ਸ਼ਾਹ ਦੇ ਘਰ ਵਿਚ ਖਬਰ ਹੁੰਦੀ ਹੈ ਤਾਂ ਸ਼ਾਹਜ਼ਾਦੀ ਜ਼ੇਬੁੱਨਿਸਾ ਔਰੰਗਜ਼ੇਬ ਨੂੰ ਮਨ੍ਹਾਂ ਕਰਦੀ ਹੈ ਕਿ ਗੁਰੂ ਜੀ ਨਾਲ ਨਾ ਲੜ। ਇਸ ਜੰਗਨਾਮੇ ਵਿਚ ਹਾਲ ਭੰਗਾਣੀ ਦੇ ਜੁੱਧ ਦਾ ਹੀ ਹੈ ਸੋ ਅਸਲ ਕਾਰਨ ਰਾਜਿਆਂ ਨੂੰ ਔਰੰਗਜ਼ੇਬ ਦੀ ਚੁੱਕ ਜਾਪਦੀ ਹੈ, ਯਥਾ-ਮੈਂ ਲਿਖ ਘੱਲਾਂ ਵਲ ਰਾਜਿਆਂ ਜੋ ਹੈਂ ਸਿਰਕਰਦਾ॥੧੩॥ ਔਰੰਗਜ਼ੇਬ ਦੇ ਗੁਰੂ ਜੀ ਨਾਲ ਵਿਗੜੇ ਹੋਏ ਹੋਣ ਬਾਬਤ ਗੁਰੂ ਜੀ ਦੇ ਪਾਉਂਟੇ ਆਉਣ ਤੋਂ ਪਹਿਲਾਂ ਸੂਰਜ ਪ੍ਰਕਾਸ਼ ਤੋਂ ਬੀ ਸੂੰਹ ਮਿਲਦੀ ਹੈ, ਯਥਾ-'ਉਤ ਹਜ਼ਰਤ ਬਿਗਰਜੋ ਇਨ ਸੰਗਾ।

ਹੋਵੇ ਤੇ ਨੁਕਸਾਨ ਘੱਟ ਹੋਵੇ। ਸਭ ਤੋਂ ਪਹਿਲੀ ਗੱਲ ਸੀ ਮੈਦਾਨ ਜੰਗ ਦਾ ਟਿਕਾਣਾ ਚੁਣਨੇ ਦੀ। ਮੈਦਾਨ ਜੰਗ ਆਖਦੇ ਹਨ ਉਹ ਥਾਂ ਜਿੱਥੇ ਲੜਾਈ ਹੋਵੇ। ਸੋ ਇਸ ਵਿਚਾਰ ਹੁੰਦੀ ਵਿਚ ਦਇਆ ਰਾਮ ਬ੍ਰਾਹਮਣ, ਜੋ ਗੁਰੂ ਕੇ ਸੂਰਮਿਆਂ ਵਿਚੋਂ ਇਕ ਸੀ, ਬੋਲਿਆ :-ਹੇ ਪ੍ਰਭੂ! ਅਸੀਂ ਪਾਉਂਟੇ ਨੂੰ ਜੁੱਧ ਟਿਕਾਣਾ ਨਾ ਬਣਾਈਏ, ਜੋ ਆਪਣਾ ਤੇ ਨਗਰ ਵਾਸੀਆਂ ਦਾ ਨੁਕਸਾਨ ਕੁਛ ਨਾ ਹੋਵੇ। ਤਦ ਮਾਮਾ ਕ੍ਰਿਪਾਲ ਚੰਦ ਜੀ ਬੋਲੇ-ਇਸ ਥਾਂ ਤੋਂ ਛੇ ਕੁ ਕੋਹ ਉਪਰ ਭੰਗਾਣੀ ਦੇ ਟਿਕਾਣੇ, ਜਿੱਥੇ ਪਾਰਲੇ ਪਾਸੇ ਚੂੜ ਪੁਰ ਗ੍ਰਾਮ (ਪਿੰਡ) ਹੈ, ਜੰਗ ਮਚਾਯਾ ਜਾਵੇ। ਉਹ ਹੈ ਵੱਡਾ ਪੱਤਣ, ਉਥੋਂ ਉਹਨਾਂ ਨੇ ਇਸ ਉਰਾਰ ਆਕੇ ਸਾਡੇ ਪਾਉਂਟੇ ਤੇ ਧਾਈ ਕਰਨੀ ਹੈ, ਅਸੀਂ ਉਥੇ ਓਨ੍ਹਾਂ ਨੂੰ ਰੋਕੀਏ। ਜਮਨਾ ਦੇ ਕਿਨਾਰੇ ਖੁੱਲ੍ਹਾ ਲੰਮਾ ਮੈਦਾਨ ਹੈ; ਅਸੀਂ ਉਨ੍ਹਾਂ ਨੂੰ ਇਸ ਉਚੇ ਮੈਦਾਨ ਨਾ ਚੜ੍ਹਨ ਦੇਵੀਏ। ਇਹ ਅਸੀਂ ਹੁਣੇ ਮੱਲ ਲਈਏ ਤੇ ਓਹ ਹੇਠਲੇ ਮੈਦਾਨ ਵਿਚ ਹੀ ਰਹਿਣ। ਘਾਟਾ ਲਈਏ ਬਣਾ, ਉਤੋਂ ਮਾਰੀਏ ਗੋਲੀਆਂ ਤੇ ਤੀਰ, ਫੇਰ ਹੱਲੇ ਕਰੀਏ ਤਾਂ ਹੇਠਾਂ ਘਾਟੇ* ਤੋਂ ਉਤਰਕੇ ਇਸ ਰਸਤੇ ਹੀ ਕੁਮਕਾਂ ਘੱਲੀਏ ਤੇ ਘਾਟੇ ਨੂੰ ਪੱਕਾ ਰਖੀਏ।

ਮਾਮਾ ਜੀ ਦੀ ਇਹ ਵਿਉਂਤ ਸਾਹਿਬਾਂ ਨੇ ਸਲਾਹੀ ਤੇ ਹੋਰ ਜਥੇਦਾਰਾਂ ਦੇ ਬੀ ਪਸੰਦ ਆਈ। ਇਸ ਵਿਉਂਤ ਤੋਂ ਉਪਰੰਤ ਜਥਿਆਂ ਦੀ ਵੰਡ, ਸਾਮਾਨ ਦੀ ਜਾਂਚ ਪੜਤਾਲ ਪਰ ਵੀਚਾਰ ਹੋਈ। ਇਸ ਵੇਲੇ ਨੰਦ ਚੰਦ ਨੇ ਦੱਸਿਆ ਕਿ ਇਕ ਸਿਖ ਬਹੁਤ ਘੋੜੇ ਕੱਠੇ ਕਰਕੇ ਆਪ ਵਾਸਤੇ ਲਿਆ ਰਿਹਾ ਸੀ, ਭੀਮ ਚੰਦ ਨੂੰ ਪਤਾ ਲੱਗ ਜਾਣ ਕਰਕੇ ਉਨ੍ਹਾਂ ਵਲੋਂ ਕੁਛ ਰੋਕ ਦਾ ਵੀਚਾਰ ਹੋਇਆ, ਪਰ ਅਸੀਂ ਆਪਣੇ ਸਵਾਰਾਂ ਸਮੇਤ ਪਹੁੰਚ ਪਏ, ਸੋ ਉਨ੍ਹਾਂ ਨੂੰ ਉਤਾਵਲ ਨਾਲ ਭਜਾਕੇ ਨਾਲ ਲੈ ਆਏ ਹਾਂ। ਇਸ ਗੱਲ ਨਾਲ ਸਤਿਗੁਰੂ ਜੀ ਪ੍ਰਸੰਨ ਹੋਏ

---

*ਇਹ ਘਾਟਾਂ (ਢਲਾਨ) ਹੁਣ ਤਕ ਬਣਿਆਂ ਓਸੇ ਤਰ੍ਹਾਂ ਹੈ। ਇਸ ਦੇ ਉਪਰ ਵਧਵਾਂ ਟਿਕਾਣਾ ਹੈ, ਜਿਥੋਂ ਸਤਿਗੁਰਾਂ ਨੇ ਤੀਰ ਮਾਰੇ ਸਨ, ਉਥੇ ਬ੍ਰਿਛ ਬੀ ਖੜਾ ਹੈ।

ਤੇ ਹੁਕਮ ਦਿੱਤਾ ਕਿ ਇਹ ਘੋੜੇ ਸਿਖ ਸੌਦਾਗਰ ਜੀ ਤੋਂ ਖ੍ਰੀਦ ਲਏ ਜਾਣ, ਕਲ ਇਨ੍ਹਾਂ ਦੀ ਵੰਡ ਸੂਰਮਿਆਂ ਨੂੰ ਕਰਾਂਗੇ। ਫਿਰ ਵੈਰੀ ਦਲ ਦੀ ਸੈਨਾ ਤੇ ਉਨ੍ਹਾਂ ਪਾਸ ਸਾਮਾਨਾ ਦੀ ਵੀਚਾਰ ਹੋਈ। ਚਾਹੋ ਇਹ ਅੰਦਾਜ਼ਾ[1] ਆਪਣੀ ਸੈਨਾ ਤੋਂ ਬਹੁਤ ਵਧੀਕ ਸੀ, ਪਰੰਤੂ ਆਪਣੀ ਬੀਰਤਾ ਤੇ ਜੰਗੀ ਵਿਉਂਤਾਂ ਦੀ ਪ੍ਰਬਲਤਾ[2] ਤੇ ਸਾਂਈ ਭਰੋਸੇ ਤੇ ਆਸਰੇ ਨਿਸਚਿਤ ਜੀਤ ਤੇ ਕਿਸੇ ਨੂੰ ਸ਼ੱਕ ਨਹੀਂ ਸੀ ਤੇ ਨਾ ਇਹ ਭਾਵ ਇਸ ਤਰ੍ਹਾਂ ਦਾ ਮਦ[3] ਸੀ ਕਿ ਜਿਸ ਵਿਚ ਬੁੱਧੀ ਤੇ ਬਲ ਬੇ-ਪ੍ਰਵਾਹ ਹੋ ਕੇ ਮਨੋਰਥ ਹੀ ਗੁਆ ਲੈਂਦੇ ਹਨ। ਸਾਰੇ ਮਾਮਲੇ ਦੀ ਵੀਚਾਰ ਮਗਰੋਂ ਉਠੇ, ਕਿਨਾਰੇ ਤੇ ਆਏ, ਅਗੇ ਬੇੜੀਆਂ ਤਿਆਰ ਸਨ, ਸਾਰੇ ਚੜ੍ਹ ਕੇ ਉਰਾਰ ਪਾਉਂਟੇ ਆ ਗਏ। ਜਦ ਕਿਲ੍ਹੇ ਵਿਚ ਅੱਪੜੇ, ਜੋ ਕੱਚੀ ਗੜ੍ਹੀ ਵਾਂਗੂੰ ਉਥੇ ਬਣਾ ਲਿਆ ਹੋਇਆ ਸੀ ਤਾਂ ਦੂਜਾ ਸੂੰਹੀਆ ਆ ਗਿਆ, ਜਿਸ ਨੇ ਦੱਸਿਆ ਕਿ ਫਤਹ ਸ਼ਾਹ ਦੇ ਟਿਕਾਣੇ ਤਿਆਰੀ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਇਸ ਪਾਸੋਂ ਵੈਰੀ ਦਲ ਤੇ ਉਨ੍ਹਾਂ ਦੇ ਜੰਗੀ ਸਾਮਾਨ ਦਾ ਹੋਰ ਅੰਦਾਜ਼ਾ ਭੀ ਲਗ ਗਿਆ। ਇਸਨੇ ਇਹ ਭੀ ਦੱਸਿਆ ਕਿ ਫੌਜ ਤੋਂ ਛੁਟ ਪਿੰਡਾਂ ਦੀ ਛੇੜ ਬੀ ਕੱਠੀ ਹੋ ਰਹੀ ਹੈ, ਜੋ ਗਿਣਤੀ ਨੂੰ ਹੋਰ ਵਧਾਏਗੀ। ਛੇੜ ਆਖਦੇ ਹਨ ਉਨ੍ਹਾਂ ਲੋਕਾਂ ਦੀ ਭੀੜ ਨੂੰ ਜੋ ਜੰਗ ਵੇਲੇ ਸਿਪਾਹੀਆਂ ਦੇ ਮਗਰ ਟੁਰ ਪੈਂਦੀ ਹੈ ਕਿ ਲੁੱਟ ਮਾਰ ਵਿਚ ਹੱਥ ਰੰਗਾਂਗੇ।

ਇਹ ਸੁਣਕੇ ਗੁਰੂ ਜੀ ਸਮਝੇ ਕਿ ਇਹ ਅਣਸਿੱਖੀ ਭੀੜ ਹੀ ਅਕਸਰ ਹਾਰ ਦਾ ਕਾਰਨ ਬਣ ਜਾਇਆ ਕਰਦੀ ਹੈ। ਜਿਸ ਵੇਲੇ ਪਵੇ ਲੁੱਟ ਤਾਂ ਇਹ ਲੁੱਟ ਦੀ ਸ਼ਰੀਕ ਸਭ ਤੋਂ ਅੱਗੇ ਤੇ ਫੌਜ ਦੇ ਪੈਰ ਖਿਸਕਣ ਤਾਂ ਇਹ ਨੱਸਣ ਵਿਚ ਸਭ ਤੋਂ ਮੂਹਰੇ।

ਫਿਰ ਆਪ ਜੀ ਨੇ ਪੁੱਛਿਆ ਕਿ ਉਧਰ ਸੈਨਾ ਦੇ ਆਗੂ ਕੌਣ ਕੌਣ ਨਿਤਰੇ ਹਨ? ਤਾਂ ਉਸ ਨੇ ਦੱਸਿਆ ਕਿ ਹਨ ਤਾਂ ਕਈ, ਪਰ ਮੁਖੀਏ ਹਨ-ਫਤਹ ਸ਼ਾਹ ਆਪ ਲੜੇਗਾ, ਹਰੀ ਚੰਦ, ਗਾਜ਼ੀ

---

੧. ਅਠਾ ਸਠਾ, ਹਿਸਾਬ। ੨. ਜ਼ੋਰਾਵਰੀ, ਤਾਕਤਵਰੀ।
੩. ਹੰਕਾਰ।

ਚੰਦ, ਕੁੱਲੂ ਪਤਿ, ਰਾਮ ਸਿੰਘ ਜੰਮੂ, ਸਾਹਿਬ ਚੰਦ ਮਧੁਕਰ, ਜਸਵਾਰੀਆ, ਡਢਵਾਰੀਆ ਤੇ ਕਟੋਚੀਆ ਕਿਰਪਾਲ[1], ਇਨ੍ਹਾਂ ਤੋਂ ਛੁਟ ਗੁਲੇਰ ਦਾ ਭੂਪਾਲ, ਕੋਟ ਲੇਹਰ ਆਦਿ ਦੇ ਹੋਰ ਕਈ ਰਾਜੇ ਬੀ ਹਨ।

ਇਓਂ ਸੋਚਾਂ ਵਿਚਾਰਾਂ ਹੋ ਚੁਕੀਆਂ। ਸੋ ਹੋ ਚੁਕੀ ਵਿਉਂਤ ਮੂਜਬ ਇਕ ਨਿੱਕਾ ਜਿਹਾ ਜਥਾ ਤਾਂ ਪਾਰ ਚਲਾ ਗਿਆ, ਜੋ ਵੈਰੀ ਦਲ ਦੀ ਪੂਰੀ ਸੂੰਹ ਲੈਂਦਾ ਤੇ ਭੇਜਦਾ ਰਹੇ। ਕੁਛ ਜਥੇ ਭੰਗਾਣੀ ਚਲੇ ਗਏ ਜੋ ਥਾਂ ਦੇਖ ਕੇ ਡੇਰੇ ਪਾਉਣ ਤੇ ਰਸਦਾਂ ਦੇ ਸਾਮਾਨ, ਘੋੜੇ ਬੰਨ੍ਹਣ ਤੇ ਸਿਲਹਖਾਨਾ[2] ਟਿਕਾਉਣ ਦੇ ਪ੍ਰਬੰਧ ਕਰਨ। ਸਾਰੇ ਦਲ ਵਿਚ ਜਦ ਤਿਆਰੀ ਦਾ ਹੁਕਮ ਪਹੁੰਚ ਗਿਆ ਤਾਂ ਹੁਕਮ ਅਨੁਸਾਰ ਤਿਆਰੇ ਆਰੰਭ ਹੋ ਗਏ।

❖❖❖

## ੭੨. ਕ੍ਰਿਪਾਲ ਮਹੰਤ ਨੂੰ ਵਰ।

**ਅੰਕ** ੬੨ ਵਿਚ ਪਿੱਛੇ ਆ ਚੁੱਕਾ ਹੈ ਕਿ ਗੁਰੂ ਜੀ ਨੇ ੫੦੦ ਪਠਾਣ ਨੌਕਰ ਰਖੇ ਸਨ। ਬੁੱਧੂ ਸ਼ਾਹ ਦੇ ਮੁਰੀਦ ਹੋਣ ਕਰਕੇ ਇਨ੍ਹਾਂ ਤੇ ਇਤਬਾਰ ਕੀਤਾ ਸੀ। ਜੰਗਨਾਮੇ ਤੋਂ ਐਉਂ ਜਾਪਦਾ ਹੈ ਕਿ ਪਹਾੜੀ ਰਾਜਿਆਂ ਨੂੰ ਔਰੰਗਜ਼ੇਬ ਪਾਤਸ਼ਾਹ ਨੇ ਹੀ ਚੁੱਕ ਕੇ ਗੁਰੂ ਜੀ ਤੇ ਹੱਲਾ ਕਰਵਾਇਆ ਸੀ, ਆਪ ਚੁਪ ਰਿਹਾ ਤੇ ਰਾਜੇ ਛੇੜ ਦਿੱਤੇ, ਇਸ ਕਰਕੇ ਸਾਰੇ ਕੱਠੇ ਹੋ ਗਏ ਸਨ। ਉਸ ਜੰਗਨਾਮੇ ਦੇ ਕਿੱਸੇ ਤੋਂ ਕੁਛ ਸ਼ੱਕ ਬੀ ਪੈਂਦਾ ਹੈ ਕਿ ਪੰਜ ਸੌ ਪਠਾਣ ਹੋਵੇ ਨਾਂ ਤਾਂ ਜਾਣਕੇ ਹੀ ਔਰੰਗਜ਼ੇਬ ਨੇ ਕੱਢੇ ਸਨ ਕਿ ਗੁਰੂ ਜੀ ਕੋਲ ਜਾ ਰਹਿਣ ਤੇ ਵੇਲੇ ਸਿਰ ਦਗਾ ਦੇਣ। ਹਾਲੇ ਹੋਰ ਪੜਤਾਲ ਦੀ ਲੋੜ ਹੈ ਪਰ ਇਹ ਗਲ ਸੱਚ ਹੋਈ ਕਿ ਜਦ ਰਾਜਿਆਂ ਦੀ ਫੌਜ ਦੀ ਗਲ ਪਾਉਂਟੇ ਤਕ

---

੧. ਗੁ: ਬਿ: ਭਾ: ਮ: ਸਿੰਘ

੨. ਗੋਲੇ ਬਾਰੂਦ, ਤੀਰ ਕਮਾਨ, ਬੰਦੂਕਾਂ, ਨੇਜੇ, ਭਾਲੇ, ਕਟਾਰਾਂ, ਤਲਵਾਰਾਂ ਆਦਿ ਹਥਿਆਰ ਜਿਥੇ ਕੱਠੇ ਕਰਕੇ ਕਿਸੇ ਵਿਉਂਤ ਮੂਜਬ ਰਖੇ ਜਾਣ ਉਸਨੂੰ ਸਿਲਹਖਾਨਾ ਆਖਦੇ ਹਨ।

ਅੱਪੜ ਪਈ ਤਾਂ ਏਹ ਪਠਾਣ ਨੌਕਰੀ ਛਡ ਕੇ ਟੁਰ ਪਏ ਤੇ ਰਾਜਿਆਂ ਨਾਲ ਜਾ ਮਿਲੇ। ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਪਠਾਣਾਂ ਨੂੰ ਰਾਜਿਆਂ ਨੇ ਬਹੁਤ ਲਾਲਚ ਦੇ ਕੇ ਆਪਣੇ ਨਾਲ ਰਲਾ ਲਿਆ ਸੀ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਪੰਜ ਸਰਦਾਰਾਂ ਵਿਚੋਂ ਕਾਲੇ ਖਾਂ ਨਿਮਕ ਹਲਾਲ ਰਿਹਾ ਸੀ, ਪਰ ਬੂਟੇ ਸ਼ਾਹ ਲਿਖਦਾ ਹੈ ਕਿ ਸਾਰੇ ਹੀ ਬੇਈਮਾਨ ਹੋ ਗਏ ਸਨ।

ਪਠਾਣ, ਜੋ ਫਤਹਸ਼ਾਹ ਦੇ ਦਲ ਵਿਚ ਜਾ ਮਿਲੇ ਸਨ, ਉਨ੍ਹਾਂ ਨਾਲ ਫਤਹ ਸ਼ਾਹ ਨੇ ਅਹਿਦ* ਕਰ ਲਿਆ ਸੀ ਕਿ ਤਨਖਾਹ ਤੇ ਹੋਰ ਇਨਾਮਾਂ ਤੋਂ ਵੱਖਰੇ, ਜੇ ਸਾਡੀ ਫਤਹ ਹੋ ਗਈ, ਤਾਂ ਤੁਸਾਂ ਨੂੰ ਲੁੱਟ ਮਾਫ ਹੋਵੇਗੀ। ਪਠਾਣਾਂ ਨੂੰ ਗੁਰੂ ਘਰ ਦਾ ਹੁਣ ਤਕ ਸਾਰਾ ਪਤਾ ਲਗ ਚੁਕਿਆ ਹੋਇਆ ਸੀ ਤੇ ਉਹ ਖੁਸ਼ ਸਨ ਕਿ ਗੁਰੂ ਘਰ ਦਾ ਸਾਰਾ ਖਜ਼ਾਨਾ ਅਸਾਂ ਜਾਂਦੇ ਸਾਰ ਨੱਪ ਲੈਣਾ ਹੈ ਤੇ ਉਮਰਾਂ ਲਈ ਅਮੀਰ ਹੋ ਕੇ ਘਰ ਜਾ ਬੈਠਣਾ ਹੈ। ਇਉਂ ਬੇਈਮਾਨ ਹੋ ਕੇ ਪਠਾਣ ਪਹਾੜੀਆਂ ਨਾਲ ਜਾ ਰਲੇ ਸਨ।

ਸੋ ਦੇਖੋ ਇਧਰ ਤਾਂ ਇਹ ਪਠਾਣ ਵਿਦਾ ਹੋਏ, ਉਧਰ ਗੁਰੂ ਜੀ ਦੇ ਪਾਸ ਉਦਾਸੀਆਂ ਦਾ ਮਹੰਤ ਕ੍ਰਿਪਾਲ ਨਾਮੇ, ਜੋ ਚੰਗਾ ਤਪੀ ਪੁਰਖ ਰਹਿੰਦਾ ਸੀ; ਇਸ ਦੇ ਨਾਲ ਬੀ ਪੰਜ ਕੁ ਸੌ ਉਦਾਸੀ ਸਾਧੂ ਸਨ। ਉਸ ਸਮੇਂ ਕਿਤੇ ਸਾਧੂ ਬੀ ਕਸਰਤਾਂ ਕਰਦੇ ਤੇ ਲੜਨ ਯੋਗ ਕਰਤਬ ਜਾਣਦੇ ਸਨ। ਸਾਧੂ ਡੇਰਿਆਂ ਦਾ ਨਾਮ 'ਅਖਾੜਾ' ਬੀ ਇਨ੍ਹਾਂ ਕਸਰਤਾਂ ਕਰਨ ਵਾਲੇ ਅਖਾੜਿਆਂ ਤੋਂ ਹੀ ਪਿਆ ਸਹੀ ਹੁੰਦਾ ਹੈ। ਇਹ ਪੰਜ ਸੌ ਜੁਆਨ ਤਕੜਾ ਘੁਲੱਕੜ ਤੇ ਲੜਾਕਾ ਸੀ, ਪਰ ਜਦ ਇਨ੍ਹਾਂ ਡਿਠਾ ਕਿ ਪੰਜ ਸੌ ਪਠਾਣ ਟੁਰ ਕੇ ਦੂਜੇ ਪਾਸੇ ਜਾ ਰਲਿਆ ਹੈ ਤੇ ਇਧਰ ਬਾਕੀ ਉਨ੍ਹਾਂ ਜਾਤੀਆਂ ਦੇ ਲੋਕ ਹਨ, ਜਿਨ੍ਹਾਂ ਨੂੰ ਗੁਰੂ ਜੀ ਨੇ ਯੁੱਧ ਵਿਦਜਾ ਸਿਖਾਈ ਹੈ, ਸੋ ਨਵੇਂ ਹਨ ਤੇ ਥੋੜੇ ਹਨ, ਓਧਰ ਵੈਰੀਆਂ ਦੀ ਫੌਜ ਬਹੁਤ ਹੀ ਵੱਧ ਹੈ ਸੋ ਗੁਰੂ ਕੀ ਜ਼ਰੂਰ ਹਾਰ ਹੋਣੀ ਹੈ, ਕਿਉਂਕਿ ਉਧਰ ਅਗੇ ਹੀ ਤਾਕਤ ਬਹੁਤ ਹੈ ਤੇ ਹੁਣ ਐਤਨੇ ਜੋਧੇ ਹੋਰ ਜਾ ਰਲੇ ਹਨ; ਤਾਂ ਰਾਤੋ ਰਾਤ ਏਹ ਸਾਧੂ ਬੀ ਖਿਸਕੰਤ

*ਇਕਰਾਰ।

ਹੋ ਗਏ। ਸਵੇਰੇ ਜਦ ਆਪ ਜੀ ਪਾਸ ਖਬਰ ਪਹੁੰਚੀ ਕਿ ਉਦਾਸੀ ਬੀ ਰਾਤੀ ਟੁਰ ਗਏ ਹਨ ਤਾਂ ਆਪ ਜੀ ਨੇ ਪੁਛਿਆ : ਸਾਰੇ ਚਲੇ ਗਏ ਕਿ ਕੋਈ ਰਹਿ ਗਿਆ ਹੈ? ਤਦ ਕਿਸੇ ਦੱਸਿਆ ਕਿ ਮੰਡਲੀ ਤਾਂ ਟੁਰ ਗਈ ਹੈ, ਪਰ ਮਹੰਤ ਜੀ ਬੈਠੇ ਹਨ। ਤਦ ਸਤਿਗੁਰ ਮੁਸਕ੍ਰਾਏ ਤੇ ਬੋਲੇ : ਵਾਹ ਵਾ, ਜੜ੍ਹ ਰਹਿ ਗਈ। ਜਾਨ ਬਚ ਰਹੀ ਹੈ ਤਾਂ ਸਭ ਕੁਛ ਬਚ ਰਿਹਾ। ਜੇ ਮਹੰਤ ਬੀ ਟੁਰ ਜਾਂਦਾ ਤਾਂ ਗੁਰੂ ਘਰ ਨਾਲ ਸੰਬੰਧ ਟੁਟ ਜਾਂਦਾ, ਹੁਣ ਬਣਿਆ ਰਿਹਾ। ਐਸੇ ਚੇਲਿਆਂ ਦਾ ਕੀਹ ਜੋ ਆਪਣੇ ਮਹੰਤ ਨੂੰ ਛੋੜ ਕੇ ਟੁਰ ਗਏ ਹਨ, ਚੇਲੇ ਹੋਰ ਹੋ ਜਾਣਗੇ। ਜਾਓ ਕ੍ਰਿਪਾਲ ਨੂੰ ਬੁਲਾ ਲਿਆਓ। ਜਦ ਮਹੰਤ ਜੀ ਆਏ ਤੇ ਮੱਥਾ ਟੇਕ ਕੇ ਬੈਠ ਗਏ ਤਾਂ ਗੁਰੂ ਜੀ ਨੇ ਮੁਸਕ੍ਰਾ ਕੇ ਪੁਛਿਆ-ਮਹੰਤ ਜੀ! ਚੇਲੇ ਕਥੇ? ਤਾਂ ਮਹੰਤ ਜੀ ਬੋਲੇ :-

> ਗੁਰ ਚੇਲੇ ਸਭਿ ਸ਼ਰਣ ਤੁਮਾਰੀ॥੪॥ ਭਲੇ ਬੁਰੇ ਸੰਭਾਰਨ ਵਾਰੇ। ਤੁਮ ਹੋ ਗੁਰ ਪੂਰਨ ਬਲ ਭਾਰੇ[੧]। ਬਡ ਭਾਗ ਕੈ ਪ੍ਰਾਪਤ ਹੋਵਾ। ਸੰਕਟ[੨] ਜਨਮ ਮਰਨ ਕੋ ਖੋਵਾ[੩]॥੫॥ ਬ੍ਰਹਮਾਦਿਕ ਸਨਕਾਦਿਕ ਸਾਰੇ[੪]। ਸ਼ੇਖ[੫] ਸਾਰਦਾ[੬] ਪਾਇੰ ਨ ਪਾਰੇ[੭]। ਧਜਾਨ ਬਿਖੈ ਜੋਗੀਸੂਰ[੮] ਧਜਾਵੈਂ। ਰਿਖਿ ਨਾਰਦ[੯] ਤੇ ਆਦਿਕ ਗਾਵੈਂ॥੬॥..........ਚਰਨ ਕਵਲ ਤੁਵ ਕਰਹਿ ਅਰਾਧਨ[੧੦]। ਤਪ ਆਦਿਕ ਸਾਧੈਂ ਮਨ ਸਾਧਨ[੧੧]॥੭॥ ਹਮ ਲੋਕਨ ਕੇ ਭਾਗ ਬਡੇਰੇ। ਲੋਚਨ ਗੋਚੰਰ ਤੁਮ ਕੋ ਹੇਰੇਂ[੧੨]। ਮਨ ਬਾਣੀ ਕੋ ਬਿਸ਼ੈ ਨ ਹੋਈ। ਭਾਖਤ ਸ਼੍ਰੁਤ ਸਿੰਮ੍ਰਤ ਸਭਿ ਕੋਈ[੧੩]॥੮॥ ਅਸ ਪ੍ਰਭੁ ਪਾਇ ਕੌਨ

੧. ਵਡੀ ਤਾਕਤ ਵਾਲੇ। ੨. ਦੁਖ। ੩. ਜਾਂਦਾ ਰਿਹਾ। ੪. ਬ੍ਰਹਮਾਦਿਕ, ਬ੍ਰਹਮਾ ਵਰਗੇ, ਸਨਕਾਦਿਕ-ਸਨਕ ਵਰਗੇ ਜੋ ਬ੍ਰਹਮਾ ਦੇ ਪੁਤ੍ਰ ਸਨ। ੫. ਸ਼ੇਸ਼ ਨਾਗ। ੬. ਸੁਰੱਸਤੀ। ੭. ਅੰਤ ਨਹੀਂ ਪਾ ਸਕੇ। ੮. ਜੋਗੀਆਂ ਦੇ ਵਡੇ। ੯. ਨਾਰਦ ਵਰਗੇ ਰਿਖੀ। ੧੦. ਹੇ ਗੁਰੂ ਜੀ ਕੰਵਲ ਫੁਲਾਂ ਵਰਗੇ ਤੇਰੇ ਚਰਨਾਂ ਦੀ ਓਹ ਪੂਜਾ ਕਰਦੇ ਹਨ। ੧੧. ਤਪ ਆਦਿ ਦੀਆਂ ਘਾਲਾਂ ਘਾਲਦੇ ਹਨ। ੧੨. ਅੱਖਾਂ ਦੇ ਸਾਹਮਣੇ ਆਪ ਨੂੰ ਦੇਖਦੇ ਹਾਂ। ੧੩. ਭਾਵ ਵੇਦ ਸ਼ਾਸਤ੍ਰ ਕਹਿੰਦੇ ਹਨ ਕਿ ਵਾਹਿਗੁਰੂ ਮਨ ਬਾਣੀ ਤੋਂ ਪਰੇ ਹੈ ਪਰ ਤੇਰੇ ਰੂਪ ਵਿਚ ਅਸੀਂ ਉਸ ਨੂੰ ਵੇਖ ਰਹੇ ਹਾਂ।

ਤਜਿ ਸਕੈ। ਜਿਸਕੇ ਪਦ ਸਰੋਜ ਸੁਰ ਤਕੈਂ[੧੪]।
ਭੂਲ ਚੂਕ ਦਾਸਨ ਤੇ ਹੋਇ॥ ਬਖਸ਼ਨਹਾਰ ਪ੍ਰਭੁ
ਤੁਮ ਸੋਇ[੧੫]॥੯॥ (ਗੁ: ਪ੍ਰ: ਸ: ਰੁਤ ੨-੨੪)

ਸਤਿਗੁਰੂ ਜੀ ਮੁਸਕ੍ਰਾਏ ਤੇ ਬੋਲੇ: ਜੜ੍ਹ ਹਰੀ ਹੈ ਤਾਂ ਸਭ ਹਰਿਆ ਹੈ। ਵੀਚਾਰ ਦੀ ਗੱਲ ਹੈ ਕਿ ਜਿਸ ਦਲ ਵਿਚੋਂ ਪ੍ਰਸਿੱਧ ਜੋਧੇ ਪੰਜ ਸੌ ਪਿੱਠ ਦੇ ਜਾਣ ਤੇ ਟੁਰ ਹੀ ਨ ਜਾਣ ਸਗੋਂ ਵੈਰੀ ਦਲ ਨਾਲ ਜਾ ਰਲਣ, ਉਸ ਦਾ ਅਸਰ ਬਾਕੀ ਦੀ ਸੈਨਾ ਤੇ ਕਿਤਨਾ ਦਿਲ ਢਾਊ ਤੇ ਨਿਰਾਸਤਾ ਦਾ ਹੁੰਦਾ ਹੈ, ਫਿਰ ਜਿਸ ਵਿਚੋਂ ਪੰਜ ਸੌ ਹੋਰ ਲੜਾਕਾ ਟੁਰ ਜਾਵੇ ਤਾਂ ਹੋਰਨਾਂ ਦੇ ਹੋਰ ਹੌਸਲਿਆਂ ਤੇ ਉਤਸ਼ਾਹਾਂ ਨੂੰ ਸੱਟ ਵੱਜਦੀ ਹੈ। ਇਕ ਹਜ਼ਾਰ ਦਾ ਘਾਟਾ ਐਨ ਜੰਗ ਸਮੇਂ ਥੋੜੀ ਜੇਹੀ ਗੱਲ ਨਹੀਂ ਹੁੰਦੀ, ਪਰ ਗੁਰੂ ਜੀ ਦਾ ਆਪਣਾ ਅਝੁਕ ਮਨ ਉਤਸ਼ਾਹਾਂ[੧੬] ਵਿਚ ਹੈ ਤੇ ਆਪਣੇ ਸੈਨਾਨੀਆਂ ਵਿਚ ਉਤਸ਼ਾਹ ਭਰ ਰਖਿਆ ਹੈ ਕਿ ਕੋਈ ਬੇ-ਦਿਲੇ ਨਹੀਂ ਹੋਏ, ਸਭ ਤਿਆਰ ਬਰ ਤਿਆਰ ਹਨ। ਸਾਰੇ ਬੜੇ ਚਾ ਨਾਲ ਤਿਆਰੀਆਂ ਕਰ ਰਹੇ ਹਨ। ਹਰ ਇਕ ਨੂੰ ਆਪਣੀ ਜਿੱਤ ਦਾ ਪੱਕਾ ਭਰੋਸਾ ਹੈ। ਸੱਚੇ ਗੁਰੂ ਦੇ ਸਾਰੇ ਸਿਖ ਸੇਵਕ ਸਿਪਾਹੀ 'ਸੱਚ' ਤੇ ਖੜੇ ਹਨ। ਸਚ ਸਭ ਤੋਂ ਵਡੀ ਦਿਲ ਦੀ ਤਾਕਤ ਹੈ ਸੋ ਸਾਰੇ ਅਡੋਲ ਤਕੜਾਈ ਵਿਚ ਹੈਨ।

❖❖❖

## ੭੩. ਭੰਗਾਣੀ ਯੁੱਧ-ਨਾਕਾਬੰਦੀ[੧੭]।

**ਪਿਛੇ** ਦੱਸ ਆਏ ਹਾਂ ਕਿ ਗੁਰੂ ਜੀ ਨਾਲ ਪਹਾੜੀ ਰਾਜਿਆਂ ਨੇ ਗੜ੍ਹਵਾਲ ਵਾਲੇ ਰਾਜੇ ਦੀ ਧੀ ਤੇ ਬਿਲਾਸਪੁਰ ਵਾਲੇ ਰਾਜੇ ਦੇ ਪੁਤ

---

੧੪. ਅਰਥਾਤ ਹੇ ਗੁਰੂ ਗੋਬਿੰਦ ਸਿੰਘ ਜੀ ਆਪ ਵਰਗੇ ਪ੍ਰਭੂ ਜੀ ਜੇ ਮਿਲ ਪੈਣ ਤਦ ਕੌਣ ਉਹਨਾਂ ਨੂੰ ਛਡ ਸਕੇ, ਜਿਸਦੇ ਕਿ ਚਰਨਾਂ ਕਵਲਾਂ ਨੂੰ ਦੇਉਤੇ ਲੋਚਦੇ ਹਨ। ੧੫. ਜੇ ਦਾਸਾਂ ਤੋਂ ਭੁੱਲ ਚੁਕ ਹੋਵੇ ਤਾਂ ਆਪ ਪ੍ਰਭੂ ਜੀ ਬਖਸ਼ ਲਓ।

੧੬. ਖੁਸ਼ੀ।

੧੭. ਨਾਕਾਬੰਦੀ ਆਖਦੇ ਹਨ ਵੈਰੀ ਦਲ ਦੇ ਆਉਣ ਦੇ ਰਸਤੇ ਤੇ ਉਹ ਪਕਿਆਈ ਕਰ ਦੇਣੀ ਕਿ ਉਹ ਰੁੱਕ ਜਾਏ ਤੇ ਸੌਖ ਨਾਲ ਅੱਗੇ ਨਾ ਵਧ ਸਕੇ।

ਦੇ ਵਿਆਹ ਤੇ ਇਕੱਠੇ ਹੋਏ ਸਨ, ਗੁਰੂ ਜੀ ਨਾਲ, ਜੋ ਪਾਉਂਟੇ ਟਿਕ ਰਹੇ ਸਨ, ਜੰਗ ਕਰਨ ਦੀ ਤਯਾਰੀ ਕਰ ਲਈ ਸੀ ਤੇ ਉਹ ਸ੍ਰੀ ਨਗਰ, ਗੜ੍ਹਵਾਲ ਦੀ ਰਾਜਧਾਨੀ ਤੋਂ ਹੁਣ ਹੱਲਾ ਕਰਨ ਲਈ ਟੁਰ ਰਹੇ ਸਨ। ਸ੍ਰੀ ਗੁਰੂ ਜੀ ਨੇ ਇਹ ਗਲ ਬਚਿਤ੍ਰ ਨਾਟਕ ਵਿਚ ਦੱਸੀ ਹੈ ਕਿ ਗੜ੍ਹਵਾਲ ਵਾਲੇ ਰਾਜੇ ਫਤੇਸ਼ਾਹ ਨੇ ਬਿਨਾ ਸਬਬ ਸਾਡੇ ਨਾਲ ਲੜਾਈ ਕੀਤੀ।

ਇਧਰ ਸ੍ਰੀ ਗੁਰੂ ਜੀ ਜੰਗ ਨਹੀਂ ਸਨ ਕਰਨਾ ਚਾਹੁੰਦੇ, ਪਰ ਗਲੇ ਆ ਪਏ ਜੰਗ ਦੇ ਅੱਗੇ ਨਿਤਾਣੇ ਹੋ ਕੇ, ਕਾਇਰ ਹੋ ਕੇ, ਨੱਸ ਜਾਣਾ ਯਾ ਵੈਰੀ ਅੰਗੇ ਝੁਕ ਜਾਣਾ ਬੀ ਬੀਰ ਰਸ ਦੇ ਉਲਟ ਸਮਝਦੇ ਸਨ। ਕਾਇਰ ਆਖਦੇ ਹਨ ਕਮਜ਼ੋਰ, ਡਰੂ ਡਰੂ ਕਰਨ ਵਾਲੇ ਨੂੰ, ਜਿਸ ਨੂੰ ਫਾਰਸੀਆਂ ਵਾਲੇ ਬੁਜ਼ਦਿਲ ਆਖਦੇ ਹਨ। ਬੀਰ ਰਸ ਆਖਦੇ ਹਨ ਪੱਕੇ ਦਿਲ ਨਾਲ, ਬਹਾਦਰੀ ਦੇ ਚਾਉ ਨਾਲ, ਆ ਪਏ ਜੰਗ ਦੇ ਅੱਗੇ ਟਾਕਰਾ ਕਰਨ ਲਈ ਖੜੋ ਜਾਣਾ ਤੇ ਪਿੱਛੇ ਨਾ ਹਟਣਾ।

ਸੋ ਇਧਰ ਹੁਣ ਤਿਆਰੀ ਹੋ ਰਹੀ ਸੀ; ਪਿਛੇ ਦੱਸ ਆਏ ਹਾਂ ਕਿ ਗੁਰੂ ਜੀ ਨੇ ਇਹ ਸਲਾਹ ਪੱਕੀ ਕਰ ਲਈ ਸੀ ਕਿ ਜੁੱਧ ਭੰਗਾਣੀ ਹੋਵੇ। ਸਾਡਾ ਦਲ ਓਥੇ ਇਕੱਠਾ ਹੋਵੇ ਜਿਥੋਂ ਉਨ੍ਹਾਂ ਨੇ ਜਮਨਾ ਨਦੀ ਟੱਪਣੀ ਹੈ। 'ਨਦੀ' ਜਮਨਾ ਜਦ ਪਹਾੜਾਂ ਵਿਚੋਂ ਨਿਕਲ ਕੇ ਪਹਿਲੇ ਮੈਦਾਨਾਂ ਵਿਚ ਆਉਂਦੀ ਹੈ ਤਾਂ ਉਸਦੇ ਚੜ੍ਹਦੇ ਪਾਸੇ, ਅਰਥਾਤ ਜਿਧਰੋਂ ਸੂਰਜ ਚੜ੍ਹਦਾ ਹੈ, ਡੇਹਰਾਦੂਨ ਦੀ ਦੂਣ ਹੈ, ਤੇ ਪੱਛੋਂ ਯਾ ਲਹਿੰਦੇ ਦੇ ਪਾਸੇ ਨੂੰ ਜਿਸ ਪਾਸੇ ਕਿ ਸੂਰਜ ਡੁਬਦਾ ਹੈ: ਸਿਰਮੋਰ ਦੀ ਦੂਣ ਹੈ। ਗੁਰੂ ਜੀ ਦਾ ਡੇਰਾ ਪਾਉਂਟੇ ਸੀ, ਜੋ ਸਿਰਮੋਰ ਦੀ ਦੂਣ ਵਿਚ ਹੈ, ਪਾਉਂਟੇ ਤੋਂ ਛੇ ਸਤ ਮੀਲ ਉਸ ਪਾਸੇ ਨੂੰ, ਜਿਸ ਪਾਸੇ ਵਲੋਂ ਜਮਨਾ ਆਉਂਦੀ ਹੈ ਭੰਗਾਣੀ ਪਿੰਡ ਹੈ*। ਭੰਗਾਣੀ ਤੋਂ ਜਮਨਾ ਪਾਰ ਜਾਓ ਤਾਂ ਚੂਹੜਪੁਰ ਨਾਮ ਗਿਰਾਂ ਹੈ। ਏਥੇ ਜਮਨਾ ਪਾਰ ਹੋਣ ਦਾ ਪੱਤਣ

*ਇਹ ਪਿੰਡ ਥਾਣਾ ਮਾਜਰਾ ਤਸੀਲ ਪਾਉਂਟਾ ਵਿਚ ਹੈ।

ਹੈ। ਪੱਤਣ ਕਹੀਦਾ ਹੈ ਓਸ ਥਾਂ ਨੂੰ ਜਿੱਥੇ ਬੇੜੀਆਂ ਆਦਿਕ ਹੋਣ ਤੇ ਲੋਕੀ ਚੜ੍ਹਕੇ ਕਿਸੇ ਦਰਯਾ ਯਾ ਨਦੀ ਤੋਂ ਪਾਰ ਜਾਣ।

ਏਥੋਂ ਪਾਰ ਹੋ ਕੇ ਰਾਜਿਆਂ ਨੇ ਨਦੀ ਦੇ ਹੇਠਲੇ ਪਾਸੇ ਵਲ ਵਧ ਕੇ ਪਾਉਂਟੇ ਉਤੇ ਹੱਲਾ ਬੋਲਣਾ ਸੀ। ਪਰ ਗੁਰੂ ਜੀ ਨੇ ਪਹਿਲੋਂ ਹੀ ਏਸ ਟਿਕਾਣੇ ਨੂੰ ਆਪਣੇ ਹਥ ਵਿਚ ਕਰ ਲੈਣ ਦੀ ਸੋਚ ਕਰ ਲਈ ਸੀ ਤਾਂ ਜੋ ਵੈਰੀ ਦੀ ਫੌਜ ਪਾਉਂਟੇ ਤੇ ਹੱਲਾ ਕਰ ਹੀ ਨਾ ਸਕੇ ਤੇ ਉਹ ਨਗਰੀ ਵੈਰਾਨ ਨਾ ਹੋਵੇ। ਏਥੇ ਬੀ ਜੰਗ ਨਦੀ ਕਿਨਾਰੇ ਰਚਣ ਦੀ ਸੋਚ ਸੋਚ ਲਈ ਸੀ। ਜਿਸ ਟਿਕਾਣੇ ਜਮਨਾ ਦੇ ਕਿਨਾਰੇ ਇਕ ਚੋੜਾਈ ਵਿਚ ਨਿੱਕਾ ਤੇ ਲੰਬਾਈ ਵਿਚ ਲੰਮੇਰਾ ਮੈਦਾਨ ਸੀ, ਇਸ ਤੋਂ ਉੱਚਾ ਫੇਰ ਹੋਰ ਇਕ ਵਡਾ ਮੈਦਾਨ ਸੀ। ਇਸ ਹੇਠਲੇ ਨਿੱਕੇ ਮੈਦਾਨ ਤੇ ਉਪਰਲੇ ਵਡੇ ਮੈਦਾਨ ਵਿਚ ਗੁਰੂ ਜੀ ਦੀ ਪਹਿਲੀ ਸੈਨਾ ਨੇ ਜਾਕੇ ਛੇਤੀ ਨਾਲ ਇਕ ਘਾਟਾ ਬਣਾ ਲਿਆ ਸੀ। ਘਾਟਾ ਕਹਿੰਦੇ ਹਨ ਪਉੜੀਆਂ ਨਾ ਬਨਾਉਣੀਆਂ ਪਰ ਨੀਵੀਂ ਤੇ ਉਚੀ ਥਾਂ ਦੇ ਵਿਚਾਲੇ ਢਲਵਾਨ ਜੇਹੀ ਬਣਾ ਦੇਣੀ ਜਿਸ ਤੇ ਪੈਦਲ ਮਨੁੱਖ ਤੇ ਕੋਈ ਗਡੀ ਆਦਿਕ ਬੀ ਜਾ ਸਕੇ। ਵਿਉਂਤ ਇਹੀ ਸੀ ਕਿ ਗੁਰੂ ਕੀ ਸੈਨਾ ਉਪਰਲੇ ਮੈਦਾਨ ਵਿਚ ਰਹੇ ਤੇ ਵੈਰੀ ਜਦ ਨਦੀ ਪਾਰ ਹੋ ਕੇ ਹੇਠਲੇ ਮੈਦਾਨ ਵਿਚ ਆਵੇ ਤਾਂ ਉਪਰੋਂ ਹੀ ਤੀਰ, ਗੋਲੀ ਆਦਿ ਦਾ ਵਾਰ ਕਰ ਦੇਵੀਏ। ਹੱਥੋਂ ਹੱਥ ਲੜਾਇ. ਲਈ ਸੂਰਮੇ ਘਾਟਿਆਂ ਤੋਂ ਉਤਰ ਕੇ ਹੇਠ ਜਾਣ, ਲੜਨ ਤੇ ਮੁੜ ਆ ਸਕਣ ਅਤੇ ਫੇਰ ਜਾ ਸਕਣ। ਇਸ ਘਾਟੇ ਨੂੰ ਬਣਾ ਕੇ ਏਸ ਤੇ ਪੱਕਾ ਪਹਿਰਾ ਲਾਇਆ। ਪਿੱਛੇ ਦੱਸ ਆਏ ਹਾਂ ਕਿ ਪੰਜ ਸੌ ਦੇ ਲਗਪਗ ਉਦਾਸੀ ਜੋਧੇ, ਜੋ ਗੁਰੂ ਕੇ ਪਾਸ ਸਨ, ਪਹਾੜੀ ਰਾਜਿਆਂ ਤੋਂ ਡਰ ਕੇ ਰਾਤੋ ਰਾਤ ਨੱਸ ਗਏ ਸਨ। ਅਤੇ ਬੁੱਧੂ ਸ਼ਾਹ ਪੀਰ ਨੇ ਜੋ ਪੰਜ ਸੌ ਪਠਾਣ ਸਿਪਾਹੀ ਗੁਰੂ ਜੀ ਪਾਸ ਨੌਕਰ ਰਖਵਾਏ ਸਨ, ਓਹ ਬੀ ਨਠ ਗਏ ਸਨ ਤੇ ਬੇ-ਈਮਾਨ ਹੋ ਕੇ ਰਾਜਿਆਂ ਨਾਲ ਜਾ ਰਲੇ ਸਨ। ਗੁਰੂ ਜੀ ਨੇ ਆਪਣੀ ਤਿਆਰੀ ਆਪਣੀ ਬਾਕੀ ਸੈਨਾ ਨਾਲ ਉਸੇ ਤਰ੍ਹਾਂ ਰਖੀ, ਅਤੇ ਰਤਾ ਨਹੀਂ ਘਾਬਰੇ। ਪਰ ਆਪਨੇ ਇਹ ਗਲ ਮੁਨਾਸਬ*

*ਜੋ ਗਲ ਕਰਨੀ ਠੀਕ ਹੋਵੇ ਹਰ ਤਰ੍ਹਾਂ, ਉਸਨੂੰ ਮੁਨਾਸਬ ਆਖੀਦਾ ਹੈ।

ਸਮਝੀ ਕਿ ਪੀਰ ਜੀ ਨੂੰ ਇਹ ਖਬਰ ਜ਼ਰੂਰ ਘੱਲ ਦਿਤੀ ਜਾਵੇ। ਸੋ ਆਪ ਜੀ ਨੇ ਇਕ ਚਿੱਠੀ ਲਿਖੀ ਜਿਸ ਵਿਚ ਪੀਰ ਜੀ ਨੂੰ ਦੱਸ ਦਿੱਤਾ ਕਿ ਆਪ ਦੇ ਰਖਾਏ ਪੰਜ ਸੌ ਪਠਾਣ ਵੈਰੀਆਂ ਨਾਲ ਜਾ ਰਲੇ ਹਨ।

ਇਸ ਤਰ੍ਹਾਂ ਦਾ ਖਤ ਘਲ ਕੇ ਆਪ ਭੰਗਾਣੀ ਜਾਣ ਦੀ ਤਿਆਰੀ ਵਿਚ ਲਗ ਪਏ। ਕੁਛ ਸੈਨਾਂ ਤੇ ਜਥੇਦਾਰ ਪਾਉਂਟੇ ਦੇ ਛੋਟੇ ਜਿਹੇ ਕਿਲ੍ਹੇ ਵਿਚ ਛੱਡੇ ਤੇ ਆਗਜਾ ਕੀਤੀ ਕਿ ਚੰਗੀ ਤਰ੍ਹਾਂ ਏਥੋਂ ਦੀ ਰਾਖੀ ਕਰਨੀ ਹੈ। ਪਰ ਉਧਰੋਂ ਭੰਗਾਣੀ ਤੋਂ ਪਹਿਲੇ ਘੱਲੀ ਸੈਨਾ ਨੇ, ਜੋ ਮੁੱਢਲੇ ਪ੍ਰਬੰਧ[1] ਕਰਨੇ ਸੇ, ਉਹਨਾਂ ਦੇ ਸਿਰੇ ਚੜ੍ਹ ਜਾਣੇ ਦੀ ਖਬਰ ਆ ਗਈ।

ਸ੍ਰੀ ਗੁਰੂ ਜੀ ਦੀ ਭੂਆ ਜੀ ਦੇ ਪੁੱਤ੍ਰ ਪੰਜ ਭਰਾ ਬੜੇ ਸੂਰਮੇ ਸਨ ਜੋ ਗੁਰੂ ਜੀ ਦੇ ਦਲ ਵਿਚ ਜਥੇਦਾਰ ਹੋ ਕੇ ਰਹਿੰਦੇ ਸਨ। ਪੰਜੇ ਬੜੇ ਬਹਾਦਰ ਤੇ ਜੁੱਧ ਦੀ ਵਿਦਜਾ ਵਿਚ ਤਿਆਰ ਬਰ-ਤਿਆਰ ਤੇ ਦਾਨੇ ਕੀਤੇ ਹੋਏ ਸਨ। ਪੰਜਾਂ ਦਾ ਸ੍ਰੀ ਗੁਰੂ ਜੀ ਨਾਲ ਬਹੁਤ ਪਿਆਰ ਸੀ। ਪੰਜਾਂ ਵਿਚੋਂ ਸਭ ਤੋਂ ਵਡਾ ਸੰਗੋਸ਼ਾਹ ਸੀ, ਜੋ ਸ਼ਸਤ੍ਰ ਕਹੋ, ਯਾ ਲੜਾਈ ਤੇ ਹਥਿਆਰ ਕਹੋ, ਸਭਨਾਂ ਦੇ ਚਲਾਉਣ ਦਾ ਇਕ ਮੰਨਿਆ ਹੋਇਆ ਉਸਤਾਦ ਸੀ। ਦੂਜਾ ਜੀਤ ਮਲ, ਤੀਜਾ ਗੁਲਾਬ ਚੰਦ, ਚੌਥਾ ਗੰਗਾ ਰਾਮ; ਤੇ ਪੰਜਵਾਂ ਮਾਹਰੀ ਚੰਦ ਸੀ। ਇਹ ਬੜੇ ਉਤਸ਼ਾਹ[2] ਵਿਚ ਸਨ ਤੇ ਇਨ੍ਹਾਂ ਦੀ ਸੈਨਾ ਬੜੇ ਚਾਉ ਵਿਚ ਸੀ। ਹੁਣ ਇਹ ਸਾਰੇ ਭੰਗਾਣੀ ਨੂੰ ਤਿਆਰ ਖਲੇ ਸਨ ਕਿ ਖਬਰ ਆਈ ਜੋ ਫਤਹ ਸ਼ਾਹ ਦੀ ਫੌਜ ਨੇੜੇ ਨੇੜੇ ਆ ਰਹੀ ਹੈ। ਗੁਰੂ ਜੀ ਦੀ ਆਗਜਾ ਪਾ ਕੇ ਪੰਜੇ ਭਰਾ ਆਪੋ ਆਪਣੀ ਸੈਨਾ ਨੂੰ ਲੈ ਕੇ ਤੁਰਤ ਫੁਰਤ ਭੰਗਾਣੀ ਵਲ ਟੁਰ ਪਏ। ਇਹਨਾਂ ਨੇ ਪਹੁੰਚ ਕੇ ਸਾਰੀ ਥਾਂਈਂ ਡੇਰੇ ਲਾ ਲਏ। ਹੁਣ ਸ੍ਰੀ ਗੁਰੂ ਜੀ ਆਪ ਬੀ ਘੋੜੇ ਤੇ ਚੜ੍ਹਕੇ ਟੁਰ ਪਏ ਤੇ ਨਾਲ ਆਪ ਦੀ ਆਪਣੀ ਸੈਨਾ ਭੀ ਟੁਰ ਪਈ। ਕਵੀ ਸੰਤੋਖ ਸਿੰਘ ਜੀ

---

੧. ਪਹਿਲੋਂ ਦੇ ਬੰਦੋਬਸਤ। ੨. ਚਾਉ।

ਇਸ ਸਮੇਂ ਦਾ ਹਾਲ ਐਉਂ ਲਿਖਦੇ ਹਨ:-

ਉਠੀ ਬੰਬ ਉਚੀ ਗਣੰ ਸੈਲ ਗਾਜੇ। ਮਹਾਂ ਬੀਰ ਬੰਕੇ
ਸਭੈ ਸ਼ਸਤ੍ਰ ਸਾਜੇ॥੨॥ ਰਿਦੈ ਓਤਸਾਹੰ ਤੁਰੰਗੀ ਅਰੋਹੇ।
ਗੁਰੂ ਸੰਗ ਚਾਲੇ ਮਹਾਂ ਜੰਗ ਸੌਹੇ। ਉਠੀ ਧੂਰ ਪੂਰੰ ਨਭੰ
ਛਾਇ ਲੀਨਾ। ਪ੍ਰਕਾਸ਼ੰ ਨ ਦੀਸੈ ਰਵੰ ਢਾਂਪ ਲੀਨਾ॥੩॥
ਥੰਧੇ ਚੁੰਗ ਚੌਪੇ ਚਲਾਕੀ ਦਿਖਾਵੈਂ। ਚਲੇ ਗੋਲ ਆਗੇ
ਕਿਕਾਨੰ ਕੁਦਾਵੈਂ। ਬਕੈਂ ਬੀਰ ਊਚੇ ਸੁ ਮਾਰਾ ਬਕਾਰਾ।
ਪ੍ਰਭੂ ਕੋ ਸੁਨਾਵਹਿੰ 'ਪਹਾਰੀ ਸੰਘਾਰਾ'॥੪॥ ਬਡੇ ਬੇਗ ਸੌਂ
ਬਾਯੁ ਜੈਸੇ ਬਹੰਤੀ। ਤਥਾ ਸੈਨ ਸਾਰੀ ਸੁ ਸ਼ੀਘ੍ਰੰ ਚਲੰਤੀ।
ਜਥਾ ਮੇਘ ਵੂੱਠੇ ਹੜੰ ਨੀਰ ਚਾਲੇ। ਪਰਾ ਬੰਧ ਤੈਸੇ ਚੰਮੂ
ਬੇਗ ਨਾਲੇ॥੫॥ (ਸੂ: ਪ੍ਰ: ਰਤ ੨-੨੫)

ਅਰਥਾਤ-ਉੱਚੀ ਅਵਾਜ਼ ਐਸੀ ਉਠੀ ਕਿ ਸਾਰੇ ਪਹਾੜ ਗੂੰਜ ਉੱਠੇ। ਵਡੇ ਬਹਾਦਰ ਸੋਹਣੇ ਸੂਰਮੇ ਹਥਿਆਰ ਲਾਕੇ ਘੋੜਿਆਂ ਤੇ ਚੜ੍ਹ ਬੈਠੇ, ਜਿਨ੍ਹਾਂ ਦੇ ਦਿਲ ਵਿਚ ਚਾ ਭਰ ਰਿਹਾ ਹੈ, ਜੰਗ ਵਲ ਮੂੰਹ ਕਰਕੇ ਗੁਰੂ ਜੀ ਦੇ ਨਾਲ ਟੁਰ ਪਏ। ਘੋੜਿਆਂ ਦੀ ਦੌੜ ਨਾਲ ਧਰਤੀ ਤੋਂ ਧੂੜ ਉਠ ਕੇ ਅਸਮਾਨ ਨੂੰ ਚੜ੍ਹੀ ਐਸੀ ਕਿ ਸੂਰਜ ਛਪ ਗਿਆ ਤੇ ਹਨੇਰਾ ਹੋ ਗਿਆ। ਘੋੜੇ ਚੌਕੜੀਆਂ ਭਰਦੇ ਹਨ ਚਲਾਕੀ ਨਾਲ ਕੁੱਦਦੇ ਹਨ। ਚਲਦੇ ਹਨ ਸੂਰਮੇ ਅੱਗੇ ਅੱਗੇ ਘੋੜੇ ਦੁੜਾਉਂਦੇ ਹਨ ਤੇ ਉੱਚੀ ਉੱਚੀ ਮਾਰਾ ਬਕਾਰਾ ਦੇ ਵਾਕ ਉਚਾਰਦੇ ਹਨ, ਐਉਂ ਕੂਕਦੇ ਹਨ, "ਓਹ ਪਹਾੜੀਏ ਮਾਰ ਲਏ, ਔਹ ਮਾਰ ਲਏ।" ਜਿਵੇਂ ਹਵਾ ਜ਼ੋਰ ਦੇ ਨਾਲ ਚਲ ਪੈਂਦੀ ਹੈ ਤਿਵੇਂ ਸੈਨਾਂ ਛੇਤੀ ਛੇਤੀ ਚਲ ਰਹੀ ਹੈ। ਯਾ ਜਿਸ ਤਰ੍ਹਾਂ ਮੀਂਹ ਵਸਿਆ ਹੜ੍ਹ ਦਾ ਜਲ ਚਲ ਪੈਂਦਾ ਹੈ ਇਸ ਤਰ੍ਹਾਂ ਪਰ੍ਹੇ ਬੰਨ੍ਹਕੇ* ਫੌਜ ਤੇਜ਼ੀ ਨਾਲ ਜਾ ਰਹੀ ਹੈ।

---

*ਹੜ ਵਾਂਙੂ ਛੇਤੀ ਟੁਰ ਰਹੀ ਹੈ, ਪਰ ਕਤਾਰਾਂ ਬੰਨ੍ਹ ਕੇ ਟੁਰ ਰਹੀ ਹੈ, ਭਾਵ ਇਹ ਹੈ ਕਿ ਫੌਜ ਕਵਾਯਦ ਦੇ ਤਰੀਕੇ ਵਿਚ ਜਾ ਰਹੀ ਹੈ ਚਾਹੇ ਛੇਤੀ ਜਾ ਰਹੀ ਹੈ।

ਭੰਗਾਣੀ ਪਹੁੰਚਕੇ ਸ੍ਰੀ ਗੁਰੂ ਜੀ ਨੇ ਸਾਰੀ ਤਿਆਰੀ ਦੇਖੀ ਤੇ ਆਪਣੀ ਸੈਨਾ ਦੀ ਵਿਉਂਤ ਬੰਨ੍ਹੀ ਤੇ ਵੰਡ ਵੰਡ ਕੇ ਮੋਰਚਿਆਂ ਤੇ ਟਿਕਾਏ। ਕਵੀ ਸੈਨਾਪਤੀ ਜੀ ਗੁਰ ਸ਼ੋਭਾ ਨਾਮੇ ਗ੍ਰੰਥ ਵਿਚ ਲਿਖਦੇ ਹਨ :-

ਭਏ ਅਸਵਾਰ ਸੰਗ੍ਰਾਮ ਕੋ ਆਪ ਹੀ ਸਿੰਘ ਗੋਵਿੰਦ ਤਿਨ
ਠਉਰ ਆਏ। ਡੰਕ ਕੀ ਘੋਰ ਜੈਸੇ ਭਈ ਠਉਰ ਤਹਿੰ,
ਬਜਤ ਨੀਸਾਨ ਮੋਹਰੇ ਸੁਹਾਏ॥ ਆਨਕੈ ਖੇਤ ਪੈ ਦੇਖ
ਚਤੂਰੰਗ ਸਭ ਮੋਚਰੇ ਬਾਂਟ ਕੇ ਮਿਸਲ ਲਾਏ। ਬਜੀ ਹੈ
ਭੇਰਿ ਕਰਨਾਇ ਸਰਨਾਇ* ਸਭ ਸੁਨੇ ਤੇ ਸੂਰ ਹੋਇ
ਲਾਲ ਆਏ॥੧॥

ਅਰਥਾਤ-ਆਪ ਗੁਰੂ ਜੀ ਲੜਾਈ ਲਈ ਅਸਵਾਰ ਹੋਕੇ ਓਥੇ (ਭੰਗਾਣੀ) ਆਏ। ਡੰਕਿਆਂ ਦੀ ਆਵਾਜ਼ ਓਥੇ ਬਹੁਤ ਹੋਈ ਸੀ, ਇਧਰ ਫੌਜ ਦੇ ਅੱਗੇ ਛੋਟੇ ਡੰਕੇ ਵਜਦੇ ਸੋਹਣੇ ਲਗਦੇ ਸਨ। ਗੁਰੂ ਜੀ ਨੇ ਭੰਗਾਣੀ ਦੇ ਮੈਦਾਨ ਤੇ ਆਕੇ ਸਾਰੀ ਫੌਜ ਨੂੰ ਦੇਖ ਕੇ ਮੋਰਚੇ ਵੰਡਕੇ ਜਥਿਆਂ ਨੂੰ ਥਾਪ ਕੇ ਸਪੁਰਦ ਕਰ ਦਿਤੇ। ਹੁਣ ਸਭਨਾਂ ਤੋਂ ਭੇਰੀਆਂ ਸਰਨਾਵਾਂ ਤੇ ਕਰਨਾਵਾਂ ਵਜਣ ਲਗੀਆਂ ਐਸੀਆਂ ਕਿ ਸੂਰਮਿਆਂ ਦੇ ਮੂੰਹ ਲਾਲ ਹੋ ਗਏ।

❖❖❖

## ੭੪. ਸੈਨਾ ਦੀ ਚੜਾਈ।

**ਦੂਜੇ** ਪਾਸਿਓਂ ਵੈਰੀ ਦਲ ਆ ਰਿਹਾ ਸੀ। ਉਨ੍ਹਾ ਪਾਸ ਫੌਜ ਬਹੁਤ ਸੀ। ਸੂਰਮੇ ਵੀ ਲੜਨ ਵਾਲੇ ਚੋਣਵੇਂ ਸਨ। ਜੰਗ ਦਾ ਮੁਖੀਆ ਯਾ ਆਗੂ ਕਹੋ ਫਤੇ ਸ਼ਾਹ ਗੜ੍ਹਵਾਲੀਆ ਸੀ। ਇਹ ਧਨ ਵਾਲਾ ਬਹੁਤ ਸੀ, ਅਕਲਈਆ ਬੀ ਸੀ, ਫੋਜ ਬੀ ਚੋਖੀ ਸਾਸੁ, ਉਧਰ ਔਰੰਗਜ਼ੇਬ ਨਾਲ ਚੰਗੀ ਬਣੀ ਹੋਈ ਸੀ। ਇਸ ਨੂੰ ਭੀਮ ਚੰਦ ਕੁੜਮ ਨੇ ਜੰਗ ਦਾ ਮੋਢੀਵਾਲ ਬਣਾਇਆ ਸੀ। ਭੀਮ ਚੰਦ ਆਪ ਬੀ ਓਸ ਸਮੇਂ ਦਾ ਸ਼ਸਤ੍ਰ ਵਿਦਯਾ ਦਾ

*ਭੇਰੀ, ਸਰਨਾਇ, ਕਰਨਾਇ ਇਹ ਸਭ ਵਾਜਿਆਂ ਦੇ ਨਾਮ ਹਨ।



Page 175 www.sikhbookclub.com

ਉਸਤਾਦ ਸਮਝਿਆ ਜਾਂਦਾ ਸੀ। ਫੇਰ ਰਾਜਾ ਹਰੀ ਚੰਦ ਸੀ! ਉਹ ਉਸ ਸਮੇਂ ਵਿਚ ਤੀਰ ਚਲਾਉਣ ਵਿਚ ਬੜਾ ਕਾਰੀਗਰ ਸਮਝਿਆ ਜਾਂਦਾ ਸੀ। ਇਹਦੇ ਨਾਲ ਹੋਰ ਬੀ ਜਥੇਦਾਰ ਚੰਗੇ ਲੜਾਕੇ ਸਨ। ਸਭ ਤੋਂ ਵਧੀਕ ਗਲ ਇਹ ਸੀ ਕਿ ਗੁਰੂ ਜੀ ਦੇ ਘਰ ਦੇ ਭੇਤੀ ਪੰਜ ਸੌ ਪਠਾਣ ਤਕੜੇ ਲੜਾਕੇ ਇਨ੍ਹਾਂ ਨਾਲ ਸਨ; ਜਿਨ੍ਹਾਂ ਦੇ ਜੀ ਵਿਚ ਗੁਰੂ ਦੇ ਖਜ਼ਾਨੇ ਲੁੱਟਣ ਦਾ ਜੋਸ਼ ਭਰ ਰਿਹਾ ਸੀ।

ਇਹਨਾਂ ਵੈਰੀਆਂ ਦੀ ਫੌਜ ਪਾਰਲੇ ਕੰਢੇ ਪੁੱਜਕੇ ਉਰਲੇ ਪਾਸੇ ਉਤਰ ਆਈ ਤੇ ਪਰ੍ਹੇ ਬੰਨ੍ਹਕੇ ਹੱਲੇ ਲਈ ਤਿਆਰ ਹੋ ਗਈ ਸੀ।

ਇਧਰੋਂ ਗੁਰੂ ਜੀ ਨੇ ਨਜ਼ਰ ਜਮਾਕੇ ਵੈਰੀ ਦਲ ਦੀ ਘੋਖਣਾ ਕੀਤੀ, ਅਰਥਾਤ ਚੰਗੀ ਤਰ੍ਹਾਂ ਦੇਖਿਆ ਕਿ ਕਿਵੇਂ ਖੜੇ ਹਨ ਤੇ ਉਹਨਾਂ ਦੀ ਵਿਉਂਤ ਕਿਵੇਂ ਦੀ ਹੈ, ਇਸ ਘੋਖਣਾ ਵਿਚ ਦਇਆ ਰਾਮ ਬੀ ਨਾਲ ਸੀ। ਇਉਂ ਦੀ ਵਿਉਂਤ ਦਿੱਸ ਪਈ :-

ਹਰੀ ਚੰਦ ਹੰਡੂਰੀਆ ਅਗੇ ਮੋਹਰੇ ਦੇ ਪਰ੍ਹੇ ਵਿਚ ਹੈ, ਖੱਬੇ ਪਾਸੇ ਇਸ ਦੇ ਬੇਈਮਾਨ ਹੋਏ ਪਠਾਣਾਂ ਦੀ ਫੌਜ ਹੈ, ਸੱਜੇ ਪਾਸੇ ਇਸ ਦੇ ਹੋਰ ਪਹਾੜੀ ਰਾਜਿਆਂ ਦੇ ਪਰ੍ਹੇ ਖੜੇ ਹਨ। ਫਤੇ ਸ਼ਾਹ ਸਭ ਤੋਂ ਪਿਛੇ ਸੀ, ਜੋ ਇਹਨਾਂ ਲਈ ਕੁਮਕੀ (ਮਦਦ ਘਲਣ ਵਾਲੀ) ਫੌਜ ਸੰਭਾਲੇ ਖੜਾ ਸੀ ਤੇ ਹੋਰ ਸਾਰੇ ਪ੍ਰਬੰਧ ਵੇਖ ਤੇ ਕਰ ਰਿਹਾ ਸੀ।

ਇਸ ਤਰ੍ਹਾਂ ਗੁਰੂ ਜੀ ਆਪਣੇ ਪਾਸੇ ਖੜੇ ਸਾਰੀ ਹਾਲਤ ਪਰਖ ਕੇ ਹੁਣ ਵੀਚਾਰ ਵਿਚ ਖੜੇ ਸਨ ਕਿ ਨੰਦ ਚੰਦ ਨੇ ਇਹ ਖਬਰ ਆ ਦਿੱਤੀ ਕਿ ਇਕ ਸੈਨਾ ਸਾਡੇ ਪਿਛਲੇ ਪਾਸਿਓਂ ਵਾਹੋ ਦਾਹੀ ਆ ਰਹੀ ਹੈ। ਪਹਿਲੇ ਤਾਂ ਮੈਂ ਸੋਚੀਂ ਪੈ ਗਿਆ ਸੀ ਕਿ ਇੰਨੇ ਨੂੰ ਉਸ ਫੌਜ ਦਾ ਦੂਤ ਪਹੁੰਚ ਪਿਆ, ਉਸ ਨੇ ਦੱਸਿਆ ਹੈ ਕਿ ਬੁੱਧੂ ਸ਼ਾਹ ਪੀਰ ਆਪਣੇ ਪੁਤ੍ਰ ਤੇ ਸੱਤ ਸੌ ਜੁਆਨ ਮੁਰੀਦ ਨਾਲ ਲੈ ਕੇ ਆਪ ਦੀ ਸਹਾਇਤਾ ਨੂੰ ਆ ਰਿਹਾ ਹੈ। ਇਹ ਖਬਰ ਸੁਣਕੇ ਆਪ ਪ੍ਰਸੰਨ ਹੋਏ ਤੇ ਸੰਗੋਸ਼ਾਹ ਵੱਲ ਹੁਕਮ ਗਿਆ ਕਿ ਆਪਣੀ ਵੰਡ ਵਿਚ ਨਵੀਂ ਸੈਨਾਂ ਦਾ ਪ੍ਰਬੰਧ ਵਿਚਾਰ ਕੇ ਬੁਧੂ ਸ਼ਾਹ ਜੀ

ਨੂੰ ਦੱਸ ਦੇਵੇ ਅਤੇ ਉਸ ਫੌਜ ਨੂੰ ਆਪਣੇ ਟਿਕਾਣੇ ਲਾ ਦੇਵੇ ਤੇ ਬੁੱਧੂ ਸ਼ਾਹ ਜੀ ਨੂੰ ਸ਼ਾਬਾਸ਼ ਦੇਵੇ।

ਬੁੱਧੂ ਸ਼ਾਹ ਦੀ ਕੁਮਕ ਦੀ ਖਬਰ ਸਾਰੇ ਸਿਖ ਦਲ ਵਿਚ ਝਟਪਟ ਫੈਲ ਗਈ, ਇਸ ਨਾਲ ਸਭ ਦੇ ਦਿਲ ਦੂਣੇ ਉਛਲ ਪਏ। ਸੰਗੋ ਸ਼ਾਹ ਨੇ ਗੁਰੂ ਜੀ ਦੀ ਸਲਾਹ ਨਾਲ ਆਪਣੇ ਜੰਗ ਕਰਨ ਦੇ ਸਾਰੇ ਢੰਗ ਸੋਚੇ ਵਿਚਾਰੇ ਹੋਏ ਸਨ ਤੇ ਰਣ ਝੰਡਾ ਗੱਡ ਦਿੱਤਾ ਹੋਇਆ ਸੀ।

ਹੁਣ ਵਿਚਾਰਾਂ ਹੋ ਰਹੀਆਂ ਸਨ ਕਿ ਅਸੀਂ ਹਮਲਾ ਇਕ ਦਮ ਕਰ ਦੇਈਏ ਕਿ ਪਹਿਲਾ ਵਾਰ ਵੈਰੀ ਦਾ ਤੱਕੀਏ ਕਿ ਉਹ ਅੱਗੇ ਵਧਦਾ ਹੈ, ਹੱਲਾ ਕਰਦਾ ਹੈ ਕਿ ਹੋਰ ਕੁਛ ਕਰਦਾ ਹੈ। ਜੇ ਓਧਰੋਂ ਹੱਲਾ ਹੋਵੇ ਤਾਂ ਏਹ ਤਿਆਰ ਖੜੇ ਸਨ, ਇੰਨੇ ਨੂੰ ਅਚਾਨਕ ਓਧਰੋਂ ਵਾਰ ਹੋ ਗਿਆ। ਸੰਗੋਸ਼ਾਹ ਤਜਾਰ ਹੀ ਖੜੋਤਾ ਸੀ, ਇਸ ਨੇ ਵਧੇ ਆ ਰਹੇ ਵੈਰੀ ਉਤੇ ਆਪਣੇ ਹਮਲਾ ਰੋਕੂ ਜੁਆਨਾਂ ਵਲੋਂ ਤੀਰਾਂ ਦੀ ਮਾਨੋਂ ਬਰਖਾ ਕਰ ਦਿਤੀ, ਇਸ ਵੇਲੇ ਤ੍ਰਿਖੀ ਹਵਾ ਚੱਲ ਪਈ ਜੋ ਵਧੇ ਆ ਰਹੇ ਵੈਰੀਆਂ ਵਲ ਡਾਢੇ ਜ਼ੋਰ ਨਾਲ ਜਾ ਰਹੀ ਸੀ। ਸੋ ਇਧਰ ਦੇ ਬੰਦੂਕਾਂ ਅਤੇ ਜਮੂਰਿਆਂ[੧] ਦੇ ਧੂੰਏਂ ਉਨ੍ਹਾਂ ਨੂੰ ਹਨੇਰਾ ਪਾ ਰਹੇ ਸਨ, ਉਹਨਾਂ ਦੇ ਕੀਤੇ ਬਹੁਤ ਨਿਸ਼ਾਨੇ ਉੱਕ ਜਾਂਦੇ ਸਨ, ਪਰ ਇਧਰ ਸਤਿਗੁਰੂ ਦੇ ਬਹਾਦਰਾਂ ਦੇ ਨਿਸ਼ਾਨੇ ਠੀਕ ਬੈਠਦੇ ਸਨ। ਓਹ ਫੇਰ ਬੀ ਬੇ-ਪਰਵਾਹ ਹੋਏ ਵਧਦੇ ਆ ਰਹੇ ਸਨ; ਕਿ ਹੱਲੇ ਦੇ ਜ਼ੋਰ ਹੀ ਵੈਰੀ ਡੇਗ ਲਈਏ ਪਰ ਓਹ ਵਧਦੇ ਵਧਦੇ ਇਕ ਐਸੇ ਟਿਕਾਣੇ ਆਏ ਜਿੱਥੇ ਇਕ ਨੀਵੇਂ ਥਾਂ ਸੰਗੋਸ਼ਾਹ ਦੇ ਬੰਦੂਕਚੀ ਲੁਕੇ ਸਨ, ਇਨ੍ਹਾਂ ਦੀਆਂ ਭਰੀਆਂ ਤੋੜੇਦਾਰ ਬੰਦੂਕਾਂ ਦੀ ਇਕ ਵਾਰੀ ਬਾੜ੍ਹ ਝੜੀ[੨]। ਤ੍ਰੈ ਚਾਰ ਸੌ ਦੇ ਲਗ ਪਗ ਪਹਾੜੀਏ ਉਸੇ ਥਾਂ ਲੇਟ ਗਏ। ਇਸ ਨੁਕਸਾਨ ਤੋਂ ਵਧੇ ਆ ਰਹੇ ਪਹਾੜੀਏ ਜ਼ਰਾ ਠਿਟਕੇ ਅਰਥਾਤ ਰੁਕ ਗਏ। ਇਹ ਆਪਾ ਸੰਭਾਲਦੇ ਹੀ ਸਨ ਕਿ ਗੁਰੂ ਕੇ ਜੋਧਿਆਂ ਦੀ ਫੁਰਤੀ ਨਾਲ ਫੇਰ ਗੋਲੀਆਂ ਚਲ ਪਈਆਂ ਤੇ ਪਹਾੜੀਆਂ ਦੇ ਲਗੀਆਂ ਵੱਜਣ, ਇਸ ਤਰ੍ਹਾਂ ਦੋ

੧. ਬਹੁਤ ਛੋਟੀਆਂ ਤੋਪਾਂ।

੨. ਭਾਵ ਬੰਦੂਕਾਂ ਇਕ ਵਾਰ ਚਲਕੇ ਗੋਲੀਆਂ ਜਾ ਵੱਜੀਆਂ।

ਤਿਨ ਸੌ ਪਹਾੜੀਆ ਹੋਰ ਲੰਮਾ ਪੈ ਗਿਆ ਤਾਂ ਹਰੀ ਚੰਦ ਰਾਜੇ ਨੇ ਆਪਣੀ ਫੌਜ ਨੂੰ ਪਿੱਛੇ ਹਟਾ ਲਿਆ ਤੇ ਖੱਬੇ ਪਾਸੇ ਹੋ ਗਿਆ। ਫਤਹ ਸ਼ਾਹ ਨੇ ਪੁੱਛਿਆ:-ਹਰੀ ਚੰਦ! ਗੁਰੂ ਪਾਸ ਐਸੀ ਸਿਖੀ ਹੋਈ ਫੌਜ ਕਿਥੋਂ ਆ ਗਈ ਹੈ? ਜਿਨ੍ਹਾਂ ਦੀ ਬੰਦੂਕ ਚਲਾਈ ਕੈਸੀ ਕਾਰ ਪੈਂਦੀ ਹੈ! ਪਠਾਣ ਤਾਂ ਉਨ੍ਹਾਂ ਨੂੰ ਛੱਡ ਕੇ ਇਧਰ ਆ ਗਏ ਹਨ।

ਹਰੀ ਚੰਦ ਨੇ ਕਿਹਾ: ਇਨ੍ਹਾਂ ਪਠਾਣਾਂ ਨੂੰ ਗੁਰੂ ਕਾ ਸਾਰਾ ਭੇਤ ਮਲੂਮ ਹੈ, ਸੋ ਮੈਂ ਹੁਣ ਸੋਚਿਆ ਹੈ ਕਿ ਹੁਣ ਇਨ੍ਹਾਂ ਨੂੰ ਅਗੇ ਕਰੀਏ। ਸੋ ਭੀਖਣ ਖਾਂ ਨੂੰ ਬੁਲਾ ਕੇ ਫਤਹਸ਼ਾਹ ਨੇ ਕਿਹਾ ਕਿ ਤੁਸਾਂ ਨੂੰ ਸਿਖ ਦਲ ਦਾ ਸਾਰਾ ਭੇਤ ਪਤਾ ਹੈ, ਅੱਗੇ ਵਧੋ ਤੇ ਹਥੋ ਹਥੀ ਇਨ੍ਹਾਂ ਨੂੰ ਲੈ ਲਓ, ਗੁਰੂ ਕੇ ਖਜ਼ਾਨੇ ਦੀ ਸਾਰੀ ਲੁੱਟ ਤੁਹਾਡੀ ਕਹਿ ਚੁਕੇ ਹਾਂ, ਅਸੀਂ ਹਿੱਸਾ ਨਹੀਂ ਮੰਗਾਂਗੇ। ਤੁਸੀਂ ਲੁੱਟੋ ਤੇ ਖਾਓ।

ਇਸ ਤਰ੍ਹਾਂ ਦੇ ਲੋਭ ਨਾਲ ਓਹ ਪਠਾਣਾਂ ਨੂੰ ਅਗੇ ਵਧਾ ਲਿਆਇਆ ਤੇ ਪਠਾਣਾਂ ਦਾ ਦਲ ਹੁਣ ਸੰਗੋਸ਼ਾਹ ਦੇ ਦਲ ਉਤੇ ਬੜੇ ਜੋਸ਼ ਤੇ ਤੇਜ਼ੀ ਨਾਲ ਆ ਪਿਆ। ਅੱਗੇ ਬੀ ਸੰਗੋਸ਼ਾਹ ਬੜਾ ਸੂਰਮਾ ਸੀ, ਆਉਂਦਿਆਂ ਪਠਾਣਾਂ ਦੀ ਖਾਤਰ ਗੋਲੀਆਂ ਦੀ ਬੁਛਾੜ ਨਾਲ ਐਸੀ ਕੀਤੀਓਸੁ ਕਿ ਜੋ ਬੁਥਾੜਾਂ ਨੂੰ ਭੰਨਣ ਵਾਲੀ ਸੀ। ਜਿਸ ਤੇਜ਼ੀ ਨਾਲ ਆਕੇ ਪਠਾਣ ਸਮਝੇ ਸਨ ਕਿ ਸਿੱਖਾਂ ਦੇ ਪੈਰ ਹਿਲਾ ਦਿਆਂਗੇ, ਨਾ ਹਿਲਾ ਸਕੇ।

ਸੋ ਹੁਣ ਦੁਵੱਲੀ ਗੁੱਥਮ ਗੁੱਥਾ ਹੋਣ ਵਾਂਙੂ ਘੋਰ ਘਮਸਾਨ ਮਚ ਗਿਆ। ਇਹ ਦੇਖਕੇ ਗੁਰੂ ਜੀ ਨੇ ਨੰਦ ਚੰਦ ਤੇ ਦਯਾ ਰਾਮ ਨੂੰ ਕੁਛ ਫੌਜ ਦੇਕੇ ਸੰਗੋਸ਼ਾਹ ਦੀ ਕੁਮਕ ਲਈ ਘੱਲ ਦਿੱਤਾ। ਇਨ੍ਹਾਂ ਨੇ ਐਸੇ ਤੀਰ ਚਲਾਏ ਕਿ ਜਿਸ ਨੂੰ ਲੱਗਾ ਉਹ ਨਹੀਂ ਬਚਿਆ। ਇਸ ਟਿਕਾਣੇ ਹੁਣ ਸੰਗ੍ਰਾਮ (ਲੜਾਈ) ਦਾ ਜ਼ੋਰ ਬਹੁਤ ਕਰੜਾ ਹੋ ਗਿਆ। ਗੁਰੂ ਜੀ ਦੇ ਪਾਸ ਲਾਲ ਚੰਦ ਮਾਹੀ ਖੜਾ ਸੀ, ਇਹ ਬੜਾ ਪਹਿਲਵਾਨ ਤੇ ਜ਼ੋਰ ਵਾਲਾ ਬੰਦਾ ਸੀ, ਸਤਿਗੁਰਾਂ ਤੋਂ ਆਗਜਾ ਲੈਕੇ ਇਹ ਭੀ ਸੰਗੋਸ਼ਾਹ ਵਾਲੇ ਥਾਂ ਜਾ

ਪਹੁੰਚਾ। ਇਸ ਦੇ ਤੀਰਾਂ ਨੇ ਪਹਿਲਵਾਨੀ ਬਨ ਨਾਲ ਕਮਾਨਾਂ ਤੋਂ ਛੁਟ ਛੁਟ ਕੇ ਬੜੇ ਜੁਆਨ ਮਾਰੇ। ਇਸ ਦੀ ਤੀਰਾਂ ਦੀ ਮਾਰ ਨੇ ਦੋਹਾਂ ਪਾਸਿਆਂ ਤੋਂ ਵਾਹ ਵਾਹ ਲੀਤੀ।

ਸੈਨਾਪਤ ਜੀ, ਜੋ ਗੁਰੂ ਜੀ ਦੇ ੫੨ ਕਵੀਆਂ ਵਿਚੋਂ ਸਨ, ਲਿਖਦੇ ਹਨ :-

ਲਾਲ ਚੰਦ ਆਨਿਕੈ, ਕਮਾਨ ਬਾਨ ਤਾਨਿਕੈ[੧], ਕੀਓ
ਸੁ ਜੁਧ ਜਾਨਿਕੈ, ਭਲੀ ਭਲੀ ਭਲੀ ਭਈ॥੨੦॥...ਕੀਓ
ਸੁ ਲੋਹ ਲੋਹਈ[੨]; ਨਾ ਜੀਵ ਰੱਖ ਹੋਹਈ[੩], ਸੁਚਾਲ
ਸੂਰ[੪] ਸੋਹਈ, ਬਿਮੋਹਈ ਬਿਮੋਹਈ[੫]॥੨੩॥

ਇਹ ਬੀ ਲਿਖਿਆ ਮਿਲਦਾ ਹੈ ਕਿ ਲਾਲ ਚੰਦੈ ਦਾ ਜੁੱਧ ਦੇਖਕੇ ਇਕ ਲਾਲ ਚੰਦ ਹਲਵਾਈ ਬੀ ਸ਼ਸਤ੍ਰ ਲੈਕੇ ਓਸੇ ਟਿਕਾਣੇ ਜਾ ਪੁੱਜਾ। ਪਠਾਣਾਂ ਨੂੰ ਇਹ ਪਤਾ ਸੀ ਕਿ ਪਹਿਲਾ ਤਾਂ ਮਾਹੀ ਹੈ ਪਰ ਦੂਜਾ ਹਲਵਾਈ ਹੈ, ਇਹ ਕਿਵੇਂ ਸੂਰਮਗਤੀ ਵਿਚ ਨਿੱਤਰ ਪਿਆ। ਹੁਣ ਮਾਹਰੀ ਚੰਦ ਅੱਗੇ ਵਧਿਆ ਇਸ ਤੇਜ਼ੀ ਨਾਲ ਕਿ ਸ਼ੱਤ੍ਰੂ ਦਲ (ਵੈਰੀ ਦਲ ਦੀ ਫੌਜ) ਦੇ ਘੇਰੇ ਵਿਚ ਘਿਰ ਗਿਆ। ਇਸ ਨੇ ਆਪਣੇ ਬਲਕਾਰ ਤੇ ਰੋਹ ਵਿਚ ਕਿਤਨੇ ਹੀ ਪਠਾਣ ਮਾਰ ਸੁੱਟੇ। ਹੁਣ ਘੋੜਾ ਜ਼ਖਮੀ ਹੋ ਗਿਆ ਸੀ ਤੇ ਆਪ ਬੀ ਕਰੀਬ ਸੀ ਕਿ ਮਾਰਿਆ ਜਾਵੇ, ਪਰ ਸੰਗੋਸ਼ਾਹ ਨੇ ਡਿੱਠਾ ਕਿ ਮੇਰਾ ਵੀਰ ਘੇਰੇ ਵਿਚ ਫਸ ਗਿਆ ਹੈ, ਐਸਾ ਨਾ ਹੋਵੇ ਕਿ ਮਾਰਿਆ ਜਾਵੇ ਸੋ ਇਕ ਦਸਤਾ ਸਵਾਰਾਂ ਦਾ ਲੈਕੇ ਜਿਸ ਤੇਜ਼ੀ ਨਾਲ ਗਿਆ ਸੀ ਉਸੇ ਨਾਲ ਮੁੜ ਆਇਆ। ਇਸ ਤਰ੍ਹਾਂ ਉਸ ਦੇ ਸਲਾਮਤ ਨਿਕਲ ਜਾਣ ਤੇ ਪਠਾਣ ਬੜੇ ਹਰਿਆਨ ਹੋ ਰਹੇ ਸਨ। ਇਸ ਗਲ ਨੂੰ ਦੁਵੱਲੀ ਸਿਖਾਂ ਦੀ ਫਤਹ ਦਾ ਪਹਿਲਾ ਕਦਮ ਸਮਝਿਆ ਗਿਆ।

---

੧. ਤੀਰ ਕਮਾਨ ਖਿੱਚ ਕੇ।
੨. ਲੋਹੇ ਵਰਗਾ ਕਰੜਾ ਜੁੱਧ ਕੀਤਾ।
੩. (ਵੈਰੀ ਦੀ ਸੇਨਾ ਦੇ) ਜੀਵਾਂ ਦੀ ਰਖਜਾ ਨਾ ਹੋ ਸਕੀ।
੪. ਸੂਰਮਿਆਂ ਦੀ ਸੁਹਣੀ ਚਾਲ।
੫. ਮੋਹਤ ਕਰਨ ਵਾਲੀ ਯਾ ਵਾਹ ਵਾਹ ਕਰਨ ਵਾਲੀ ਸੀ।

# ੭੫. ਘੋਰ ਸੰਗ੍ਰਾਮ*।

**ਜੰਗ** ਦਾ ਵਿਚਕਾਰਲਾ ਮੈਦਾਨ ਵਡੇ ਘਮਸਾਨ ਵਿਚ ਸੀ। ਅਰਥਾਤ-ਏਥੇ ਡਾਢਾ ਜ਼ੋਰ ਦਾ ਜੰਗ ਹੋ ਰਿਹਾ ਸੀ, ਦੋਹਾਂ ਪਾਸਿਆਂ ਵਲੋਂ ਜੋਸ਼ ਭਰੀ ਲੜਾਈ ਮਚ ਰਹੀ ਸੀ। ਇਸ ਦੇ ਹੇਠਲੇ ਪਾਸੇ ਵੈਰੀ ਦੀ ਦੱਬ ਬਹੁਤ ਸੀ ਪਰ ਉਸ ਨੂੰ ਬੁੱਧੂਸ਼ਾਹ ਨੇ ਆਪਣੀ ਆਂਦੀ ਫੌਜ ਨਾਲ ਰੋਕੇ ਰਖਿਆ ਸੀ। ਇਸ ਦਾ ਜਤਨ ਇਹ ਸੀ ਕਿ ਵੈਰੀ ਦੀ ਇਹ ਹੇਠਲੀ ਫੌਜ ਮਿਆਨੇ ਅਰਥਾਤ ਵਿਚਕਾਰਲੇ ਥਾਂ ਹੀ ਰਹੇ ਘਮਸਾਣ ਵਾਲਿਆਂ ਦੀ ਮਦਦ ਨੂੰ ਨਾ ਪਹੁੰਚ ਸਕੇ।

ਅਸਲ ਵਿਚ ਇਹ ਹੇਠਲਾ ਨਦੀ ਕਿਨਾਰੇ ਦਾ ਮੈਦਾਨ ਬੜਾ ਲੰਬਾ ਸੀ ਤੇ ਹੇਠਲੇ ਪਾਸੇ ਵੈਰੀ ਦੀ ਸੈਨਾ ਦੀ ਭੀੜ ਭਾੜ ਬਹੁਤ ਸੀ। ਇਸ ਕਰਕੇ ਇਹ ਪਾਸਾ ਰੁੰਨ੍ਹ ਰੱਖਿਆ ਸੀ। ਵੈਰੀ ਨੇ ਪਹਿਲੋਂ ਦਾਉ ਘਾਉ ਕੀਤੇ ਪਰ ਜਦ ਡਿੱਠਾ ਕਿ ਬੁੱਧੂਸ਼ਾਹ ਨੇ ਕਰੜੀ ਰੋਕ ਪਾ ਰਖੀ ਹੈ ਤਾਂ ਵੈਰੀ ਨੇ ਮਿਲਕੇ ਇਕ ਗੋਲ ਬੰਨ੍ਹ ਕੇ ਜ਼ੋਰਦਾਰ ਹੱਲਾ ਬੋਲ ਦਿੱਤਾ। ਪਹਿਲਾਂ ਤਾਂ ਪੀਰ ਦੇ ਚਾਰੇ ਪੁਤ੍ਰ ਬੜੀ ਸਿਆਣਪ ਨਾਲ ਰੋਕਵੇਂ ਢੰਗ ਪਰ ਦਨਾਈ ਨਾਲ ਠੱਲ੍ਹ ਰਹੇ ਸਨ; ਹੁਣ ਜਦ ਡਾਢੇ ਜ਼ੋਰ ਦਾ ਹੱਲਾ ਆ ਪਿਆ ਤਾਂ ਇਹਨਾਂ ਨੇ ਆਪਣੀ ਸੈਨਾਂ ਨੂੰ ਐਸੇ ਦਾਉ ਵਿਚ ਝੱਲਿਆ ਤੇ ਸ਼ਸਤ੍ਰ ਵਾਹੇ ਕਿ ਵਧੇ ਆ ਰਹੇ ਵੈਰੀ ਦੇ ਮੁਹਰਲੇ ਸੈਂਕੜੇ ਜੁਆਨ ਢੇਰੀ ਕਰ ਦਿੱਤੇ।

ਅਗਲਾ ਤੁੰਮਣ ਮਰਦਾ ਵੇਖਕੇ ਹੱਲੇ ਵਾਲੇ ਕੁਛ ਠਿਠੰਬਰੇ।

ਉਧਰ ਗੁਰੂ ਜੀ ਆਪ ਸਾਰੇ ਨਾਕਿਆਂ ਦੇ ਦੇਖ ਭਾਲ ਕਰ ਰਹੇ ਸਨ। ਆਪਣੇ ਸੁਹਣੇ ਘੋੜੇ ਤੇ ਚੜ੍ਹੇ ਕਦੇ ਹੇਠਲੇ ਮੈਦਾਨ, ਕਦੇ ਉਪਰਲੇ ਮੈਦਾਨ, ਕਦੇ ਇਧਰ, ਕਦੇ ਉਧਰ ਸਾਰੇ ਨਾਕੇ ਦੇਖ ਰਹੇ ਸਨ, ਜਿੱਥੇ ਲੋੜ ਦੇਖਦੇ ਉਥੇ ਮਦਦ ਭੇਜਦੇ। ਬੁੱਧੂ ਸ਼ਾਹ ਤੇ ਉਸ ਦੇ ਸਪੁਤ੍ਰਾਂ ਦੀ ਬੀਰਤਾ ਨੂੰ ਦੇਖਦੇ ਪ੍ਰਸੰਨ ਹੋ ਰਹੇ ਸੇ ਤੇ ਸ਼ਾਬਾਸ਼ੇ ਦੇ ਨਾਅਰੇ ਲੁਆ ਰਹੇ ਸੇ। ਬੁਧੂ ਸ਼ਾਹ ਦੀ ਫੌਜ ਨੇ ਜਦ ਅੱਗੇ ਵਧੇ ਆ ਰਹੇ ਹੱਲਾ ਕਰਨ ਵਾਲਿਆਂ ਦੇ ਪਹਿਲੇ ਜੱਥੇ ਮਾਰ ਘੱਤੇ ਤਾਂ ਪਹਾੜੀਏ ਖੜੋ ਗਏ ਤੇ ਜ਼ਰਾ ਪਿਛੇ ਹਟੇ। ਇਸ ਵੇਲੇ ਬੁੱਧੂ ਸ਼ਾਹ ਨੇ ਆਪਣੇ ਦੂਜੇ ਟੋਲੇ ਨਾਲ ਉਹਨਾ ਉਤੇ ਹੱਲਾ

*ਜੁੱਧ ਬੜੇ ਜ਼ੋਰ ਵਿਚ ਮਚ ਪਿਆ।

ਬੋਲ ਦਿੱਤਾ। ਇਸ ਹੱਲੇ ਦਾ ਉਹ ਜ਼ੋਰ ਪਿਆ ਕਿ ਵੈਰੀ ਦੇ ਵਧੇ ਆ ਰਹੇ ਸਿਪਾਹੀ, ਜੋ ਰੁਕੇ ਸਨ, ਪਿਛੇ ਮੁੜ ਪਏ ਤੇ ਫੇਰ ਨੱਸ ਟੁਰੇ। ਇਹਨਾਂ ਦੇ ਭੱਜਣ ਦਾ ਅਸਰ ਸਾਰੀ ਫੌਜ ਤੇ ਇਹ ਪੈਣਾ ਹੀ ਸੀ ਕਿ ਅਸੀਂ ਬੀ ਭੱਜ ਪਈਏ, ਸਾਡੀ ਹਾਰ ਹੋ ਗਈ ਹੈ।

ਇਹ ਗੱਲ ਗੁਲੇਰੀਆ ਰਾਜਾ ਗੁਪਾਲ ਤਾੜ ਗਿਆ ਤੇ ਉਸ ਨੇ ਫੁਰਤੀ ਕੀਤੀ ਕਿ ਕਿਵੇਂ ਰੋਕ ਪਾਵਾਂ, ਸੋ ਉਸ ਨੇ ਕੀਹ ਕੀਤਾ ਕਿ ਆਪ ਆਪਣਾ ਤੁੰਮਣ (ਟੋਲਾ) ਨਾਲ ਲੈ ਕੇ ਅੱਗੇ ਵਧਿਆ। ਭਜਦੇ ਜਾਂਦਿਆਂ ਨੇ ਜੋ ਥਾਂ ਖਾਲੀ ਕੀਤੀ ਸੀ ਉਥੇ ਪੁੱਜਕੇ ਇਸ ਨੇ ਵਧੇ ਆ ਰਹੇ ਬੁੱਧੂ ਸ਼ਾਹ ਦੇ ਦਲ ਨੂੰ ਰੋਕ ਪਾ ਦਿੱਤੀ। ਗੁਲੇਰੀਏ ਦੀ ਤੀਰ ਫੁੰਡਵੇਂ ਮਾਰਨ ਦੀ ਕਾਰੀਗਰੀ ਤੇ ਇਸ ਦੇ ਸਿਪਾਹੀਆਂ ਦੀ ਬਹਾਦਰੀ ਨੇ ਬੁੱਧੂ ਸ਼ਾਹ ਦੇ ਵਧੇ ਦਲ ਦੇ ਤੀਰ ਬੀ ਤੇ ਬੰਦੂਕ ਗੋਲੀ ਬੀ ਰੋਕ ਦਿੱਤੇ; ਇਹ ਇੰਨੀ ਨੇੜੇ ਪੁੱਜ ਗਏ ਕਿ ਹੱਥੋ ਹੱਥ ਦੀ ਲੜਾਈ ਹੋ ਪਈ ਜੋ ਤਲਵਾਰਾਂ ਨਾਲ ਸੀ। ਮਤਲਬ ਇਹ ਕਿ ਇਹਨਾਂ ਦਾ ਜੰਗ ਤਲਵਾਰਾਂ ਨਾਲ ਹੋ ਪਿਆ। ਪੀਰ ਦੇ ਮੁਰੀਦ ਬੜੀ ਬੀਰਤਾ ਨਾਲ ਅੜੇ ਤੇ ਲੜੇ, ਆਪੋ ਵਿਚ ਗੁੱਥਮ ਗੁੱਥਾ ਹੋ ਗਏ। ਦੁਵੱਲੀ ਅਤਿ ਬੀਰਤਾ ਹੋਈ, ਪੈਰ ਪਿਛੇ ਕਿਸੇ ਦਾ ਨਾ ਪਿਆ।

ਇਹ ਡਾਢੀ ਲੜਾਈ ਗੁਰੂ ਜੀ ਨੇ ਦੇਖਕੇ ਇਸ ਪਾਸੇ ਰੁਖ ਕੀਤਾ ਅਤੇ ਮਾਮਾ ਕ੍ਰਿਪਾਲ ਜੀ ਨੂੰ, ਉਸ ਦੇ ਜਵਾਨਾਂ ਸਣੇ, ਬੁੱਧੂ ਸ਼ਾਹ ਦੀ ਮਦਦ ਵਾਸਤੇ ਟੋਰਿਆ। ਮਾਮਾ ਜੀ ਆਪਣੇ ਤੁੰਮਣ ਸਣੇ ਬੜੀ ਫੁਰਤੀ ਨਾਲ ਤੀਰਾਂ ਦਾ ਮੀਂਹ ਵਸਾਂਦੇ ਬੁੱਧੂਸ਼ਾਹ ਦੀ ਮਦਦ ਤੇ ਜਾ ਪਹੁੰਚੇ। ਗੁਪਾਲ ਦੀ ਸੈਨਾ ਨੇ ਹੁਣ ਪਿਛੇ ਹਟਣ ਦਾ ਰੁਖ ਕਰ ਦਿੱਤਾ, ਕਿਉਂਕਿ ਮਾਮਾ ਜੀ ਦੇ ਤੀਰ ਉਤੋਂ ਮਾਰ ਕਰਦੇ ਸਨ ਤੇ ਹੱਥੋ ਹੱਥੀ ਬੁੱਧੂ ਸ਼ਾਹ ਦੀ ਫੌਜ ਤਲਵਾਰਾਂ ਮਾਰਦੀ ਸੀ। ਉਂਵ ਇਹ ਹਟਣਾ ਗੁਪਾਲ ਦਾ ਇਕ ਦਾਉ ਸੀ, ਪਰ ਇਸ ਨਾਲ ਪੀਰ ਦੇ ਮੁਰੀਦਾਂ ਨੂੰ ਬੀ ਤੀਰੰਦਾਜ਼ੀ ਦਾ ਸਮਾਂ ਮਿਲ ਗਿਆ। ਦੂਹਰੀ ਤੀਰਾਂ ਦੀ ਮਾਰ ਨੇ ਗੁਪਾਲ ਦੀ ਚਾਲ ਨੂੰ ਸਗੋਂ ਘਾਟੇ ਵਿਚ ਕਰ ਦਿੱਤਾ। ਸਾਥੀਆਂ ਨੂੰ ਹਰਾਸਿਆ ਵੇਖਕੇ ਗੁਪਾਲ ਨੇ ਤੱਕ ਲਾਕੇ ਮਾਮਾ ਜੀ

ਤੇ ਤੀਰ ਛੋੜਿਆ, ਜੋ ਬੈਠਾ ਤਾਂ ਨਿਸ਼ਾਨੇ, ਪਰ ਲੱਗਾ ਮਾਮਾ ਜੀ ਦੇ ਘੋੜੇ ਨੂੰ। ਗੁਪਾਲ ਨੇ ਅਗੇ ਵਧ ਕੇ ਤੀਰ ਮਾਰਕੇ ਪਿਛੇ ਹਟਣਾ ਚਾਹਿਆ, ਤਾਂ ਮਾਮਾ ਜੀ ਨੇ ਪੁਕਾਰਕੇ ਕਿਹਾ-ਵਾਰ ਕੀਤਾ ਈ ਸੂਰਮਿਆਂ! ਵਾਰ ਦੇ ਕੇ ਜਾਹ, ਇਹ ਕਹਿਕੇ ਇ ਤੀਰ ਤੱਕਕੇ ਮਾਰਿਆ। ਗੁਪਾਲ ਤਕੜਾ ਲੜਾਕਾ ਸੀ, ਘੋੜੇ ਨੂੰ ਚਪਲਾ ਰਿਹਾ ਸੀ, ਭਾਵ ਇਧਰ ਉਧਰ ਛੇਤੀ ਛੇਤੀ ਹਿਲਾ ਜੁਲਾ ਰਿਹਾ ਸੀ, ਸੋ ਇਸ ਵਿਉਂਤ ਨਾਲ ਆਪ ਤਾਂ ਬਚ ਗਿਆ; ਪਰ ਮਾਮਾ ਜੀ ਦਾ ਤੀਰ ਘੋੜੇ ਦੇ ਕਰਨਫੂਲ ਤੇ ਜਾ ਵੱਜਾ ਤੇ ਉਹ ਲੁੜਖੜਾਕੇ ਡਿੱਗ ਪਿਆ। ਗੁਪਾਲ ਬੀ ਡਿੱਗਾ, ਪਰ ਛੇਤੀ ਨਾਲ ਆਪਾ ਸੰਭਾਲਕੇ ਪਿੱਛੇ ਆਪਣੀ ਸੈਨਾ ਵਿਚ ਜਾ ਧਸਿਆ ਅਰ ਉਥੇ ਟਿਕਕੇ ਖੜੋ ਰਿਹਾ।

ਇਸ ਸੰਗ੍ਰਾਮ ਵਿਚ ਬੁੱਧੂ ਸ਼ਾਹ ਦਾ ਇਕ ਪੁੱਤ੍ਰ ਸ਼ਹੀਦ ਹੋ ਗਿਆ ਸੀ, ਹੁਣ ਉਰਲਾ ਥਾਉਂ, ਜਿੱਥੇ ਸੰਘਰ ਮਚਿਆ ਸੀ, ਮਾਮਾ ਜੀ ਦੇ ਅਗਿਓਂ ਖਾਲੀ ਸੀ, ਸੋ ਮਾਮਾ ਜੀ ਅੱਗੇ ਵਧੇ ਤੇ ਬੁੱਧੂ ਸ਼ਾਹ ਦੇ ਪੁੱਤ੍ਰ ਦੀ ਲੋਥ ਲੱਭਕੇ ਲੈ ਆਂਦੀ। ਇਉਂ ਗੋਪਾਲ ਦੀ ਸੈਨਾਂ ਨੂੰ ਹੌਲਿਆਂ ਕਰਕੇ, ਪਿੱਛੇ ਹਟਾਕੇ, ਮਾਮਾ ਜੀ ਫੇਰ ਸ੍ਰੀ ਗੁਰੂ ਜੀ ਪਾਸ ਜਾ ਪਹੁੰਚੇ ਤੇ ਗੁਲੇਰੀਏ ਨੂੰ ਭਜਾ ਦੇਣ ਤੇ ਪੀਰ ਦੇ ਪੁੱਤ੍ਰ ਦੀ ਲੋਥ ਲੱਭ ਲਿਆਉਣ ਦੀ ਬੀਰਤਾ ਦੀ ਗੱਲ ਬਾਤ ਸਾਰੀ ਦੱਸੀ।

❖❖❖

## ੭੬. ਹਯਾਤ ਮਾਰਿਆ।

**ਵੈਰੀ** ਫੌਜਾਂ ਦਾ ਆਗੂ ਫਤੇ ਸ਼ਾਹ ਸੀ, ਜੋ ਸਾਰੇ ਜੰਗ ਨੂੰ ਚੰਗੇ ਟਿਕਾਣੇ ਖੜਾ ਵੇਖ ਰਿਹਾ ਸੀ। ਬੰਦੋਬਸਤ ਬੀ ਇਹੋ ਕਰਦਾ ਪਿਆ ਸੀ। ਹੁਣ ਇਸ ਨੇ ਸਮ੍ਰਝਿਆ ਕਿ ਆਪਣੀ ਸੈਨਾ ਦਾ ਥਾਂਓਂ ਥਾਂਈਂ ਪੈਰ ਅਗੇਰੇ ਨਹੀਂ ਵਧਦਾ, ਸਗੋਂ ਪਿਛੇ ਹੀ ਪਿਛੇ ਪੈਂਦਾ ਹੈ, ਸੋ ਇਸ ਨੇ ਪਠਾਣ ਸਰਦਾਰਾਂ ਨੂੰ ਸੁਨੇਹਾ ਘੱਲਿਆ, ਜੋ ਕਵੀ ਸੰਤੋਖ ਸਿੰਘ ਜੀ ਨੇ ਐਉਂ

ਲਿਖਿਆ ਹੈ :-

'ਤਨ ਕਿਉਂ ਰਣ ਖੇਤਹਿੰ ਦੇਤ ਨਹੀਂ? ਕਿਸ ਕਾਰਨ
ਆਪ ਬਚਾਵਤ ਹੋ? ਗੁਲਕਾਂ ਸਰ ਕਿਉਂ ਨ ਚਲਾਵਤ
ਹੋ?.......ਕਰ ਹੇਲ ਮਿਲੋ ਦਲ ਕਿਉਂ ਨ ਅਬੈ?
ਲੁਟ ਮਾਫ ਕਰੀ ਧਨ ਲੇਹੁ ਸਬੈਂ। (ਸੂ: ਪ੍ਰ:)

ਅਰਥਾਤ-ਮੈਦਾਨ ਜੰਗ ਵਿਚ ਕਿਉਂ ਨਹੀਂ ਜੇ ਤਨ ਮਨ ਦੇਕੇ ਲੜਦੇ? ਕਿਉਂ ਆਪਣਾ ਆਪ ਬਚਾਉਂਦੇ ਹੋ? ਤੀਰ ਤੇ ਗੋਲੀਆਂ ਕਿਉਂ ਨਹੀਂ ਚਲਾਉਂਦੇ? ਹੁਣ ਵੇਲਾ ਹੈ ਮਿਲਕੇ ਹੱਲਾ ਕਰੋ, ਤੁਸੀਂ ਕਿਉਂ ਨਹੀਂ ਹੱਲਾ ਕਰਦੇ ਜਦ ਕਿ ਤੁਹਾਨੂੰ ਲੁੱਟ ਮਾਫ ਕੀਤੀ ਹੈ? ਗੁਰੂ ਕਾ ਧਨ ਲੁੱਟਕੇ ਤੁਸੀਂ ਸਾਰਾ ਸਾਂਭੋ।

ਇਹ ਸੁਣਕੇ ਹਯਾਤ ਖਾਂ ਤੇ ਨਿਜਾਬਤ ਖਾਂ ਆਦਿਕਾਂ ਨੇ ਆਪਣੇ ਦਲ ਸੰਭਾਲਕੇ ਹੱਲਾ ਬੋਲ ਦਿੱਤਾ ਤੇ ਬੜੀ ਫੁਰਤੀ ਨਾਲ ਤੀਰ ਵਰਸਾਉਣੇ ਸ਼ੁਰੂ ਕਰ ਦਿਤੇ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਇਤ ਤੇ ਉਤ ਧਾਇ ਪ੍ਰਹਾਰਤ ਹੈਂ। ਪਿਖਿ ਅੱਗ੍ਰ ਵਧਜੋ
ਤਿਸ ਮਾਰਤ ਹੈਂ।...ਮੁਖ ਮਾਰਹਿ ਮਾਰ ਉਚਾਰਤ ਹੈਂ।
ਬਰਖਾ ਗੁਲਕਾਨ ਸੁ ਡਾਰਤ ਹੈਂ। ਹੰਡਿਯਾ ਸਮ ਸੀਸ
ਫੁਟੇ ਸੁ ਗਿਰੇ। ਕਰਛੀ ਜਨ ਹਾਥ ਕਟੰਤ ਪਰੇ। (ਸੂ: ਪ੍ਰ:)

ਅਰਥਾਤ-ਇਧਰੋਂ ਉਧਰ ਘੋੜੇ ਭਜਾਉਂਦੇ ਮਾਰੋ ਮਾਰ ਕਰਦੇ ਹਨ, ਜੋ ਅੱਗੇ ਵਧਿਆ ਵੇਖਦੇ ਹਨ ਮਾਰ ਦੇਂਦੇ ਹਨ, ਮੂੰਹੋਂ ਮਾਰੋ ਮਾਰੋ ਕੂਕਦੇ ਹਨ, ਗੋਲੀਆਂ ਮੀਂਹ ਵਾਂਗੂੰ ਵਸਾਉਂਦੇ ਹਨ। ਸੂਰਮਿਆਂ ਦੇ ਸਿਰ ਹਾਂਡੀ ਵਾਂਗੂੰ ਫੁਟਦੇ ਤੇ ਗਿਰਦੇ ਹਨ। ਹੱਥ ਸੂਰਮਿਆਂ ਦੇ ਐਉਂ ਡਿੱਗੇ ਪਏ ਹਨ ਜਿਸ ਤਰ੍ਹਾਂ ਕੜਛੀਆਂ ਹੁੰਦੀਆਂ ਹਨ।

ਇਹ ਹਾਲ ਸਿੱਖ ਦਾ ਦਾ ਉਨ੍ਹਾਂ ਨੇ ਕੀਤਾ, ਇਧਰੋਂ ਬੀ ਤੀਰਾਂ ਦੀ ਭਰਮਾਰ ਐਸੀ ਹੋਈ ਕਿ ਅਨੇਕ ਖਾਨ ਧਰਤੀ ਤੇ ਲੇਟ ਗਏ। ਹਯਾਤ ਖਾਨ ਬੜੇ ਜ਼ੋਰਾਂ ਵਿਚ ਲਲਕਾਰੇ ਮਾਰੇ, ਦਾਵ ਬਚਾਵੇ ਤੇ ਸਾਰਾ ਬਲ

ਲਾਵੇ। ਇਹ ਦੇਖ ਕੇ ਸੰਤ ਉਦਾਸੀ, ਕ੍ਰਿਪਾਲ ਜੀ, ਗੁੱਸੇ ਵਿਚ ਆ ਕੇ ਸਾਹਿਬਾਂ ਤੋਂ ਪੁੱਛਣ ਲੱਗੇ-ਸਾਹਿਬ ਜੀ! ਹਯਾਤ ਖਾ ਬੜਾ ਬਲ ਪਾ ਰਿਹਾ ਹੈ, ਇਸ ਦੇ ਤੀਰ ਬੜਾ ਡਰ ਆਪਣੇ ਸੂਰਮਿਆਂ ਤੇ ਪੈਦਾ ਕਰ ਰਹੇ ਹਨ, ਆਗਜਾ ਦਿਓ ਤਾਂ ਜੋ ਇਸ ਲੂਣ ਹਰਾਮੀ ਨੂੰ ਦੰਡ ਦਿਆਂ। ਸਾਹਿਬਾਂ ਨੇ ਮੁਸਕ੍ਰਾਕੇ ਪੁੱਛਿਆ ਤੁਸਾਂ ਪਾਸ ਤਾਂ ਸ਼ਸਤ੍ਰ ਕੋਈ ਨਹੀਂ, ਕਿੰਵ ਮਾਰੋਗੇ? ਤਾਂ ਸੰਤ ਨੇ ਬਿਨੈ ਕੀਤੀ ਜੋ ਸੂਰਜ ਪ੍ਰਕਾਸ਼ ਵਿਚ ਐਉਂ ਲਿਖੀ ਹੈ :-

> 'ਕੁਤਕਾ* ਇਹ ਕਾਂਧੇ ਮੋਹਿ ਧਰਜੋ। ਸਮ ਆਯੁਧ ਦੀਰਘ ਹਾਥ ਗਹਜੋ। ਇਸ ਸੰਗ ਹਯਾਤ ਪ੍ਰਹਾਰ ਕਰੋਂ। ਤੁਮਰੋ ਬਲ ਪਾਇ ਰਤੀ ਨ ਡਰੋਂ। ਜਹਿਂ ਲੌ ਚਲ ਜਾਇ ਨ ਛੋਰਹੁੰਗੋ। ਇਕ ਵਾਰ ਕਰੋਂ ਸਿਰ ਫੋਰਹੁੰਗੋ'। ਮੁਸਕਾਇ ਪ੍ਰਭੂ ਤਬ ਬਾਕ ਕਹਜੋ। 'ਹਤ ਖਾਨ ਹਯਾਤ ਰਿਦੈ ਜੁ ਚਹਜੋ। ਬਿਦਤੀ ਜਗ ਮੈ ਜਿਮ ਭੀਮ ਗਦਾ। ਕੁਤਕਾ ਤਿਮ ਜਾਨਹਿਂ ਲੋਕ ਸਦਾ'। (ਸੂ: ਪ੍ਰ:)

ਅਰਥਾਤ-ਮੇਰੇ ਮੋਢੇ ਤੇ ਇਹ ਕੁਤਕਾ* ਧਰਿਆ ਹੈ। ਇਹ ਵਡਾ ਹਥਿਆਰ ਮੈਂ ਸਾਰੀ ਉਮਰ ਹਥ ਵਿਚ ਰਖਿਆ ਹੈ। ਇਸ ਕੁਤਕੇ ਦੀ ਇਕੋ ਸੱਟ ਨਾਲ ਹਯਾਤ ਖਾਂ ਨੂੰ ਮਾਰਾਂਗਾ। ਤੁਹਾਡਾ ਬਲ ਪਾਕੇ ਮੈਂ ਰਤੀ ਨਹੀਂ ਡਰਾਗਾ। ਜੇ ਭੱਜੇਗਾ ਤਾਂ ਜਿਥੋਂ ਤਕ ਜਾਏਗਾ ਉਸਦਾ ਪਿੱਛਾ ਨਹੀਂ ਛੱਡਾਂਗਾ, ਮੈਂ ਇਕੋ ਵਾਰ ਨਾਲ ਸਿਰ ਫੋੜ ਦਿਆਂਗਾ। ਮੁਸਕ੍ਰਾਕੇ ਤਦ ਗੁਰੂ ਜੀ ਨੇ ਆਖਿਆ : ਜਿਵੇਂ ਚਾਹੁੰਦੇ ਹੋ ਜਾਓ ਹਯਾਤ ਖਾਂ ਨੂੰ ਮਾਰੋ। ਜਿਵੇਂ ਜਗਤ ਵਿਚ ਭੀਮਸੈਨ ਦੀ ਗਦਾ ਪ੍ਰਸਿਧ ਹੈ, ਤਿਵੇਂ ਤੇਰੇ ਕੁਤਕੇ ਨੂੰ ਜਗਤ ਜਾਣੇਗਾ ਤੇ ਸਲਾਹੇਗਾ।

ਇਹ ਸੁਣਕੇ ਸਾਧੂ ਨੇ ਆਪਣੇ ਘੋੜੇ ਨੂੰ ਅੱਡੀ ਲਾਈ ਤੇ ਹਵਾ ਵਾਂਙੂ ਉਡਦਾ ਹਯਾਤ ਖਾਂ ਦੇ ਪਾਸ ਜਾ ਖੜੋਤਾ ਤੇ ਲਲਕਾਰ ਕੇ ਬੋਲਿਆ-ਆ ਜੇ ਕੋਈ ਸੂਰਮਤਾ ਹਈ ਤਾਂ ਮੇਰੇ ਨਾਲ ਲੜ। ਪਿਠ ਨ ਮੋੜ, ਸਨਮੁਖ ਹੋ ਤੇ ਦੇਖ ਲੈ ਦੋ ਹੱਥ ਮੇਰੇ ਬੀ ਤੇ ਦਿਖਾ ਆਪਣੇ ਬੀ। ਖਾਨ, ਜੋ ਘੋੜਾ

*ਕੁਤਕਾ-ਇਕ ਲੰਮਾਣ ਵਿਚ ਛੋਟਾ ਤੇ ਉਂਵ ਮੋਟਾ ਸੋਟਾ। ਕਦੇ ਸਿਰੇ ਤੋਂ ਹੋਰ ਵਧੀਕ ਮੋਟਾ ਬੀ ਹੁੰਦਾ ਸੀ।

ਮੋੜਕੇ ਪਰੇ ਹੋਣ ਲਗਾ ਸੀ, ਇਹ ਵਾਕ ਸੁਣਕੇ ਮੁੜ ਪਿਆ। ਕਵੀ ਜੀ ਲਿਖਦੇ ਹਨ :-

ਸੁਨ ਖਾਨ ਮੁਰਜੋ ਲਲਕਾਰਤ ਹੀ । ਜਿਉਂ ਨਾਗ ਕਿ ਪੂੰਛਹਿ ਦਾਬਤ ਹੀ। ਤਰਵਾਰ ਨਿਕਾਰਿਯ ਕੋਪ ਭਰੇ। ਹੁਇ ਸਨਮੁਖ ਦੋਨਹੁ ਬੀਰ ਖਰੇ।

ਅਰਥਾਤ-ਖਾਨ ਸੁਣਕੇ ਐਉਂ ਮੁੜਿਆ ਕਿ ਜਿਵੇਂ ਸੱਪ ਦੀ ਪੂਛ ਜੇ ਦਬੀ ਜਾਵੇ ਤਾਂ ਉਹ ਗੁੱਸਾ ਖਾਕੇ ਮੁੜ ਪੈਂਦਾ ਹੈ। ਗੁੱਸੇ ਦੇ ਭਰੇ ਹਯਾਤ ਨੇ ਤਲਵਾਰ ਸੂਤ ਲਈ ਤੇ ਸਾਹਮਣੇ ਆ ਗਿਆ, ਹੁਣ ਦੋਵੇਂ ਬੀਰ ਆਮ੍ਹੋ ਸਾਹਮਣੇ ਖੜੇ ਹਨ।

ਇਹ ਨਜ਼ਾਰਾ ਦੇਖਕੇ ਸਭ ਪਾਸਿਆਂ ਤੋਂ ਤੀਰ ਤਲਵਾਰ ਖਲੋ ਗਏ ਤੇ ਅਚਰਜ ਹੋ ਤੱਕਣ ਲੱਗ ਪਏ ਕਿ ਹਯਾਤ ਵਰਗੇ ਸੂਰਮੇ ਨਾਲ ਕੁਤਕੇ ਵਾਲਾ ਕੌਣ ਲੜਨ ਆਇਆ ਹੈ। ਇੰਨੇ ਨੂੰ ਹਯਾਤ ਇਕ ਦਾਉ ਤਕਾਕੇ ਬਾਜ਼ ਦੀ ਫੁਰਤੀ ਨਾਲ ਘੋੜਾ ਤ੍ਰਪਾ ਕੇ ਸਾਧ ਤੇ ਆ ਗਿਆ ਤੇ ਬਿਜਲੀ ਵਾਂਙੂ ਤਲਵਾਰ ਦਾ ਵਾਰ ਝਾੜਿਆ, ਪਰ ਸਾਧੂ ਨੇ ਆਪਣੇ ਕੁਤਕੇ ਨੂੰ ਢਾਲ ਦੀ ਥਾਂਵੇਂ ਐਉਂ ਤਲਵਾਰ ਦੇ ਅੱਗੇ ਪੱਕੇ ਜ਼ੋਰ ਨਾਲ ਥੰਮ੍ਹ ਕੇ ਕੀਤਾ ਕਿ ਉਸ ਪਰ ਤਲਵਾਰ ਦਾ ਵਾਰ ਝੱਲਿਆ ਗਿਆ ਤੇ ਤਲਵਾਰ ਟੁੱਟ ਕੇ ਢਹਿ ਪਈ। ਹੁਣ ਖਾਨ ਆਪਾ ਸੰਭਾਲਣ ਦੇ ਫ਼ਿਕਰ ਵਿਚ ਪੈ ਗਿਆ। ਸਾਧ ਨੇ ਹੁਣ ਬੜੀ ਫੁਰਤੀ ਤੋਂ ਕੰਮ ਲਿਆ, ਐਸੀ ਫੁਰਤੀ ਕਿ ਜਾਣੋ ਬਿਜਲੀ ਹੈ। ਦੋਏ ਰਕਾਬਾਂ ਵਿਚ ਦੋਏ ਪੈਰ ਟਿਕਾ ਕੇ ਸਾਰਾ ਬਲ ਪਾ ਦਿੱਤਾ ਤੇ ਘੋੜਾ ਅੱਡੀ ਦੀ ਸੈਨਤ ਨਾਲ ਖਾਨ ਦੇ ਨੇੜੇ ਢੁਕਾ ਲਿਆ, ਹੁਣ ਨੇੜੇ ਢੁਕ ਕੇ ਦੋਇ ਹੱਥਾਂ ਨਾਲ ਕੁਤਕਾ ਉਲਾਰ ਕੇ ਆਸਣ ਤੋਂ ਜ਼ਰਾ ਉਛਲ ਕੇ ਪੂਰੀ ਸੇਧ ਬੰਨ੍ਹਕੇ ਹਯਾਤ ਦੇ ਸਿਰ ਤੇ ਮਾਰਿਆ। ਇਸ ਜ਼ੋਰ ਨਾਲ ਇਹ ਜਾਕੇ ਵੱਜਾ ਕਿ ਹਯਾਤ ਦਾ ਸਿਰ ਫੁਟ ਗਿਆ, ਇਸ ਵੇਲੇ ਦਾ ਹਾਲ ਗੁਰੂ ਸਾਹਿਬ ਜੀ ਨੇ ਆਪ ਬੀ ਲਿਖਿਆ ਹੈ। ਜਿਸ ਦਾ ਮਤਲਬ ਹੈ : ਕ੍ਰਿਪਾਲ ਨੇ ਗੁੱਸੇ ਵਿਚ ਭਰਕੇ ਕੁਤਕਾ ਸੰਭਾਲਿਆ ਤੇ ਬੜੇ ਜ਼ਿੱਦੀ ਤੇ ਜ਼ੋਰ ਵਾਲੇ ਹੈਯਾਤ ਦੇ ਸਿਰ ਤੇ ਧੈਂ ਮਾਰਿਆ, ਉਸ ਦਾ ਸਿਰ ਐਉਂ ਫੁਟ ਗਿਆ ਕਿ

ਜਿਵੇਂ ਕ੍ਰਿਸ਼ਨ ਜੀ ਨੇ ਮਖਣ ਯਾ ਦਹੀਂ ਦੀ ਮਟਕੀ ਤੋੜ ਦਿੱਤੀ ਹੈ, ਉਸ ਦੇ ਸਿਰ ਦੀ ਮਿੱਝ ਦੀਆਂ ਛਿਟਾਂ ਐਉਂ ਉਭਰੀਆਂ ਮਾਨੋ ਕਿ ਮਟਕੀ ਵਿਚੋਂ ਦਹੀਂ ਯਾ ਮਖਣ ਦੀਆਂ ਛਿਟਾਂ ਬਾਹਰ ਨਿਕਲਕੇ ਖਿੰਡ ਗਈਆਂ ਹਨ। ਗੁਰੂ ਜੀ ਦੇ ਆਪਣੇ ਵਾਕ ਬਚਿਤ੍ਰ ਨਾਟਕ ਵਿਚ ਇਸ ਤਰ੍ਹਾਂ ਹਨ :-

ਕ੍ਰਿਪਾਲ ਕੋਪੀਅੰ ਕੁੱਤਕੋ ਸੰਭਾਰੀ। ਹਠੀ ਖਾਨ ਹਯਾਤ ਕੇ
ਸੀਸ ਝਾਰੀ। ਉਠੀ ਛਿੱਛ ਇਛੰ ਕਢਾ ਮੇਝ ਜੋਰੰ। ਮਨੋ
ਮਾਖਨੰ ਮੱਟਕੀ ਕਾਨ੍ਹ ਫੋਰੰ (ਬਚਿੱਤ੍ਰ ਨਾਟਕ)

❖❖❖

## ੭੭. ਗੁਰੂ ਕਾ ਪੱਲਾ ਭਾਰੀ।

**ਘੋਰ** ਸੰਗ੍ਰਾਮ ਅਰਥਾਤ ਬੜੇ ਜ਼ੋਰਾਂ ਵਿਚ ਜੰਗ ਮਚ ਰਿਹਾ ਸੀ, ਪਤਾ ਨਹੀਂ ਸੀ ਲਗਦਾ ਕਿ ਕੌਣ ਜਿੱਤੇ। ਦੁਵੱਲੀ ਬੜਾ ਵਧ ਵਧ ਕੇ ਬਲ ਲਗ ਰਿਹਾ ਸੀ ਕਿ ਉਸ ਵੇਲੇ ਹਯਾਤ ਖਾਂ ਇਕ ਉਦਾਸੀ ਮਹੰਤ ਦੇ ਕੁਤਕੇ ਨਾਲ ਮਾਰਿਆ ਗਿਆ। ਇਸ ਸਰਦਾਰ ਦੇ ਮਰਨ ਨੇ ਬਾਕੀ ਪਠਾਣਾਂ ਦੇ ਛੱਕੇ ਛੁਡਾ ਦਿਤੇ, ਅਰਥਾਤ ਪਠਾਣਾਂ ਦੇ ਹੌਸਲੇ ਢਿੱਲੇ ਹੋ ਗਏ। ਨੇੜੇ ਸੀ ਕਿ ਪਠਾਣ ਨੱਠ ਪੈਂਦੇ, ਪਰ ਭੀਖਣ ਖਾਂ ਨੇ ਸਮਾਂ ਸੰਭਾਲਿਆ ਤੇ ਆਪਣੇ ਪਠਾਣਾਂ ਦੇ ਦਲ ਵਿਚ, ਜੋ ਹਿਲਜੁਲੀ ਪੈ ਰਹੀ ਸੀ, ਰੋਕਣ ਲਈ ਜਾ ਖੜਾ ਹੋਇਆ ਤੇ ਵੰਗਾਰ ਕੇ ਬੋਲਿਆ :-

ਓ, ਪਠਾਣੋਂ, ਬਹਾਦਰੋ, ਸੂਰਬੀਰ ਬਣੋ, ਹੁਣ ਹੋਰ ਜ਼ੋਰ ਨਾਲ ਆਓ ਹੱਲਾ ਕਰੀਏ। ਜੇ ਭੱਜ ਪਿਓ ਜੇ ਤਾਂ ਲੋਕੀ ਕਹਿਣਗੇ ਪਠਾਣ ਜ਼ਾਤੀ ਬੁਜ਼ਦਿਲ ਹੋ ਗਈ ਹੈ। ਦੇਖੋ ਅੱਜ ਸਾਧਾਂ ਫਕੀਰਾਂ ਤੇ ਕਮੀਨ ਜ਼ਾਤ ਦੇ ਹਿੰਦੂਆਂ ਤੋਂ ਹਾਰ ਗਏ, ਦੁਨੀਆਂ ਤੁਹਾਨੂੰ ਧਿਕਾਰਾਂ ਤੇ ਫਿਟੇ ਮੂੰਹ ਕਹੇਗੀ, ਫੇਰ ਦੇਖੋ ਅਸੀਂ ਜਿੱਤ ਕੇ ਗੁਰੂ ਕਾ ਖਜ਼ਾਨਾ ਲੁੱਟਣਾ ਹੈ : ਤੁਸੀਂ ਸਾਰੇ ਮਾਲਾ ਮਾਲ ਹੋਕੇ ਘਰੀਂ ਜਾਓਗੇ। ਆਓ ਸ਼ੇਰੋ ਵਧੋ ਤੇ ਫਤਹ ਨੂੰ ਵਿਆਹ ਲਿਆਓ।

ਇਧਰ ਇਸ ਨੇ ਆਪਣੇ ਦਲ ਵਿਚ ਜਾਨ ਭਰ ਕੇ ਅਗੇ ਵਧਾਇਆ ਨਾਲ ਹੀ ਵਧਿਆ ਨਿਜ਼ਾਬਤ ਖਾਂ। ਉਧਰ ਫਤੇ ਸ਼ਾਹ ਨੇ ਇਹ ਕੁਛ ਤਾੜਕੇ ਤੇ ਮੌਕਾ ਪਛਾਣ ਕੇ ਆਪਣੀ ਸੈਨਾ ਨੂੰ ਨਜ਼ਾਬਤ ਦੀ ਮਦਦ ਵਾਸਤੇ ਮਗਰੇ ਵਧਾਇਆ ਜੋ ਪਠਾਣਾਂ ਦੇ ਹੌਂਸਲੇ ਵਧ ਜਾਣ। ਸੋ ਇਧਰੋਂ ਹੁਣ ਮੈਦਾਨ ਵਿਚ ਜ਼ੋਰ ਪੈ ਗਿਆ ਬਹੁਤ, ਕਿਉਂਕਿ ਹਰੀ ਚੰਦ ਹੰਡੂਰੀਆਂ ਬੀ ਇਹ ਦੇਖਕੇ ਬੜੇ ਜ਼ੋਰ ਨਾਲ ਤੀਰ ਚਲਾਉਣ ਲਗ ਪਿਆ ਸੀ। ਇਹ ਆਪਣੇ ਸਮੇਂ ਦਾ ਪ੍ਰਸਿਧ ਤੀਰੰਦਾਜ਼* ਸੀ। ਇਸ ਦੇ ਤੀਰਾਂ ਨੇ ਗੁਰੂ-ਦਲ ਦਾ ਬਹੁਤ ਨੁਕਸਾਨ ਕੀਤਾ, ਇਤਨਾ ਕਿ ਗੁਰੂ-ਦਲ ਵਿਚ ਚਲਚਲੀ ਪੈ ਗਈ। ਸਾਹਿਬ ਚੰਦ, ਇਸ ਵੇਲੇ ਬੜੇ ਬਲ ਨਾਲ ਜੁੱਧ ਕਰ ਰਿਹਾ ਸੀ ਪਰ ਉਸਦੀ ਹੁਣ ਪੇਸ਼ ਨਹੀਂ ਜਾ ਰਹੀ ਸੀ। ਸਾਹਿਬਾਂ ਨੇ ਇਹ ਹਾਲ ਵੇਖ ਕੇ ਨੰਦ ਚੰਦ ਨੂੰ ਕਮੁਕ (=ਮਦਦ) ਲਈ ਟੋਰਿਆ ਤੇ ਨਾਲ ਹੀ ਦਇਆ ਰਾਮ ਬੀ ਆਪਣਾ ਤੁੰਮਨ ਵਧੇ ਆ ਰਹੇ ਨਜਾਬਤ ਨੂੰ ਰੋਕਣ ਲਈ ਲੈ ਗਿਆ। ਇਨ੍ਹਾਂ ਨੇ ਤੇ ਇਨ੍ਹਾਂ ਦੇ ਜਥੇ ਨੇ ਐਸੇ ਬਾਣ ਮਾਰੇ ਕਿ ਵਧੇ ਆ ਰਹੇ ਵੈਰੀ ਅਨੇਕਾਂ ਹੀ ਢੱਠੇ।

ਨੰਦ ਚੰਦ ਤੇ ਦਇਆ ਰਾਮ ਜਦ ਅੱਗੇ ਵਧੇ ਤਦ ਆਪਣੀ ਸੈਨਾਂ ਦਾ ਦਿਲ ਬੀ ਵਧ ਗਿਆ ਤੇ ਸਾਰੇ ਜੁੱਧ ਵਿਚ ਜੁੱਟ ਪਏ। ਨੰਦ ਚੰਦ ਹੁਣ ਹੋਰ ਅੱਗੇ ਵਧਿਆ ਤੇ ਫੁਰਤੀ ਨਾਲ ਇਕ ਪਠਾਣ ਦੇ ਬਰਛਾ ਮਾਰਿਆ ਤੇ ਉਸ ਨੂੰ ਪ੍ਰੋਕੇ ਘੋੜੇ ਤੋਂ ਹੇਠ ਡੇਗ ਦਿੱਤਾ। ਦੂਸਰਾ ਵਾਰ ਬਰਛੇ ਦਾ ਘੋੜੇ ਨੂੰ ਲਗਾ ਪਰ ਬਰਛਾ ਘੋੜੇ ਵਿਚ ਹੀ ਫਸਿਆ ਰਹਿ ਗਿਆ। ਨੰਦ ਚੰਦ ਨੇ ਹੁਣ ਤਲਵਾਰ ਸੂਤ ਲਈ ਤੇ ਰੋਹ ਭਰਕੇ ਦੋ ਪਠਾਣਾਂ ਨੂੰ ਲੜ ਲੜ ਕੇ ਮਾਰ ਲਿਆ। ਤੀਸਰੇ ਪਰ ਵਾਰ ਕਰ ਰਿਹਾ ਸੀ ਕਿ ਇਸ ਦੀ ਤਲਵਾਰ ਬੀ ਦੋ ਟੂਕ ਹੋ ਗਈ। ਹੁਣ ਇਸ ਨੇ ਫੁਰਤੀ ਨਾਲ ਜਮਧਰ (ਛੋਟੀ ਬਰਛੀ) ਪੇਟੀ ਵਿਚੋਂ ਕੱਢ ਕੇ ਸੂਤੀ ਤੇ ਵੈਰੀ ਤੇ ਵਾਰ ਕਰ ਦਿੱਤਾ ਐਸਾ ਕਿ ਉਸ ਨੂੰ ਘੋੜੇ ਤੋਂ ਡੇਗ ਲਿਆ। ਇਸ ਦੇ ਇਸ ਕਰੜੇ ਹਠ

---

*ਜੋ ਤੀਰ ਚਲਾਉਣ ਦੀ ਜਾਚ ਜਾਣੇ ਸੋ ਤੀਰੰਦਾਜ਼ ਕਹੀਦਾ ਹੈ।

ਵਾਲੇ ਜੁੱਧ ਨੇ ਦਲਾਂ ਵਿਚ ਹੈਰਾਨੀ ਮਚਾ ਦਿੱਤੀ, ਵੈਰੀ ਦਲ ਵਲੋਂ ਤੀਰਾਂ ਦੀ ਬਰਖਾ ਹੋਈ ਤੇ ਹੱਲਾ ਬੀ ਆਇਆ ਪਰ ਇਧਰੋਂ ਦਇਆ ਰਾਮ ਕੁਮਕ (=ਮਦਦ) ਨੂੰ ਜਾ ਪਹੁੰਚਾ। ਉਧਰੋਂ ਸ੍ਰੀ ਗੁਰੂ ਜੀ ਨੇ ਮਾਮਾ ਕ੍ਰਿਪਾਲ ਨੂੰ ਮਦਦ ਲਈ ਘਲ ਦਿੱਤਾ। ਸ੍ਰੀ ਮਾਮਾ ਜੀ ਨੇ ਅਗੇ ਵਧਕੇ ਬਹੁਤ ਬਹਾਦਰੀ ਦਾ ਰੋਹ ਭਰਿਆ ਜੰਗ ਕੀਤਾ। ਇਨ੍ਹਾਂ ਨੂੰ ਵੈਰੀ ਦੇ ਕੁਛ ਤੀਰ ਬੀ ਲੱਗੇ ਪਰ ਕਾਰੀ ਕੋਈ ਨਾ ਲਗਾ। ਸੋ ਇਹ ਜ਼ਖਮ ਖਾਕੇ ਬੀ ਲੜਦੇ ਰਹੇ ਤੇ ਵਾਰ ਕਰਦੇ ਰਹੇ। ਇਨ੍ਹਾਂ ਨੇ ਕਿਤਨੇ ਹੀ ਪਠਾਣ ਜੋਧੇ ਮਾਰ ਘੱਤੇ, ਕਿਤਨੇ ਘੋੜਿਆਂ ਤੋਂ ਡਿਗ ਕੇ ਮਰੇ ਤੇ ਜ਼ਖਮੀ ਹੋਏ। ਇਸ ਤਰ੍ਹਾਂ ਇਹ ਪਾਸਾ ਬੀ ਸਿਖਾਂ ਦਾ ਭਾਰਾ ਹੋ ਗਿਆ ਅਤੇ ਵਧਕੇ ਆਏ ਵੈਰੀ ਪਿਛੇ ਹਟ ਗਏ।

ਉਧਰ ਹਰੀ ਚੰਦ ਨੇ ਕੀ ਕੀਤਾ ਕਿ ਉਹ ਕੁਛ ਪਿਛੇ ਹਟ ਗਿਆ, ਤੇ ਭੀਖਣ ਖਾਂ ਨੂੰ ਏਥੇ ਟਿਕਾ ਗਿਆ, ਤੇ ਫਿਰ ਆਪ ਛੇਤੀ ਨਾਲ ਸੰਗੋ ਸ਼ਾਹ ਵਲ ਜਾ ਪਿਆ। ਇਸ ਵੇਲੇ ਦੇ ਜੁੱਧ ਦਾ ਹਾਲ ਬੀ ਗੁਰੂ ਜੀ ਨੇ ਆਪ ਆਪਣੇ ਲਿਖੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ ਜਿਵੇਂ ਕਿ ਅਸਾਂ ਪਿਛੇ ਦੱਸਿਆ ਹੈ।

ਇਹ ਹਾਲ ਦੇਖਕੇ ਫਤੇ ਸ਼ਾਹ ਨਦੀ ਦੇ ਪਾਰ ਤੋਂ ਉਰਾਰ ਆ ਗਿਆ ਤੇ ਆਪਣੀ ਸੈਨਾ ਦੇ ਪਿਛੇ ਦੂਰ ਹੇਠਾਂ ਲੜ ਰਹੀਆਂ ਫੌਜਾਂ ਦੇ ਪਿਛੇ ਖੜਾ ਹੋ ਗਿਆ। ਇਹ ਜੁੱਧ ਨੂੰ ਵੇਖਦਾ ਭੱਜ ਆਏ ਸਿਪਾਹੀਆਂ ਨੂੰ ਹੌਸਲੇ ਦੇ ਦੇ ਰੋਕਦਾ, ਮੈਦਾਨ ਜੰਗ ਵੱਲ ਮੋੜਦਾ ਤੇ ਹੋਰ ਸਾਰੇ ਪਾਸਿਆਂ ਨੂੰ ਸੰਭਾਲਦਾ ਸੀ। ਇਸ ਦੀ ਕੁਮਕ ਨਾਲ ਸੰਗੋ ਸ਼ਾਹ ਵਾਲੇ ਪਾਸੇ ਬੀ ਜ਼ੋਰ ਇਨ੍ਹਾਂ ਦਾ ਵਧ ਰਿਹਾ ਸੀ। ਬੁੱਧੂ ਸ਼ਾਹ ਵਾਲੇ ਪਾਸੇ ਬੀ ਜ਼ੋਰ ਵਧਿਆ, ਪੀਰ ਜੀ ਦਾ ਇਕ ਪੁਤਰ ਹੋਰ ਸ਼ਹੀਦ ਹੋ ਗਿਆ। ਪਰ ਪੀਰ ਜੀ ਘਾਬਰੇ ਨਹੀਂ, ਹੌਸਲਾ ਨਹੀਂ ਹਾਰਿਆ ਤੇ ਜੁੱਧ ਜ਼ੋਰ ਦਾ ਕਰਦੇ ਰਹੇ।

❖❖❖

# ੭੮. ਪਹਾੜੀਆਂ ਵਿੱਚ ਭਾਜੜ।

**ਇਸ** ਜੁੱਧ ਵਿਚ ਕੁਛ ਗੱਲਾਂ ਐਸੀਆਂ ਹੋਈਆਂ ਜੋ ਪਠਾਣਾਂ ਤੇ ਰਾਜਿਆਂ ਨੂੰ ਦੰਗ[1] ਕਰਨ ਵਾਲੀਆਂ ਸਨ; ਓਹ ਲੋਕ ਜੋ ਜੰਗ ਵਿਚ ਨਹੀਂ ਕਦੇ ਗਏ ਸਨ, ਉਹਨਾਂ ਨੇ ਬੀਰਤਾ ਦਿਖਾਈ। ਗੁਰੂ ਜੀ ਦੇ ਬੀਰ-ਰਸੀ ਜੋਸ਼ ਦਾ ਇਹ ਪ੍ਰਭਾਵ[2] ਸੀ ਕਿ ਦਇਆ ਰਾਮ ਬ੍ਰਾਹਮਣ ਸੂਰਮਾ ਬਣ ਗਿਆ ਸੀ। ਖੈਰ, ਇਹ ਤਾਂ ਸ਼ਸਤ੍ਰ-ਵਿਦਜਾ ਨਿਪੁੰਨ ਹੋ ਗਿਆ ਸੀ। ਇਕ ਉਦਾਸੀ ਸਾਧੂ ਨੇ ਉਠਕੇ ਮੁਖੀ ਪਠਾਣ ਸਰਦਾਰ ਨੂੰ ਕੁਤਕੇ ਨਾਲ ਹੀ ਮਾਰ ਲਿਆ ਸੀ। ਇਕ ਹਲਵਾਈ ਲਾਲ ਚੰਦ ਸੀ, ਇਸ ਬਾਬਤ ਪੁਸਤਕਾਂ ਵਿਚ ਲਿਖਿਆ ਹੈ ਕਿ ਜੁਧ ਦਾ ਰੰਗ ਵੇਖਕੇ ਉਹ ਮੈਦਾਨ ਵਿਚ ਜਾ ਕੁੱਦਿਆ। ਇਸ ਨੇ ਇਕ ਅਮੀਰ ਖਾਂ ਨਾਉਂ ਪਠਾਣ ਨੂੰ ਜਾ ਵੰਗਾਰਿਆ ਤੇ ਹੱਥੋ ਹੱਥੀ ਦੀ ਲੜਾਈ ਕਰਕੇ ਉਸ ਨੂੰ ਮਾਰ ਲਿਆ। ਫੇਰ ਇਹ ਹਰੀ ਚੰਦ ਨਜ਼ਾਬਤ ਖਾਂ ਆਦਿਕ ਪਠਾਣਾਂ ਨੂੰ ਇਕ ਟਿਕਾਣੇ ਖੜਾ ਕਰਕੇ ਸੰਗੋ ਸ਼ਾਹ ਵਾਲੇ ਪਾਸੇ ਜਾ ਪਿਆ ਸੀ। ਇਸ ਨੂੰ ਇਹ ਦਿੱਸ ਰਿਹਾ ਸੀ ਕਿ ਜੇ ਵੈਰੀ ਦਾ ਇਹ ਪਾਸਾ ਭਾਰੂ ਪੈ ਗਿਆ ਤਾਂ ਸਾਡੀ ਨਿਸਚੇ ਹਾਰ ਹੋ ਜਾਏਗੀ। ਸੰਗੋ ਸ਼ਾਹ ਇਥੇ ਬੜੇ ਜ਼ੋਰ ਦਾ ਜੁੱਧ ਕਰ ਰਿਹਾ ਤੇ ਸ਼ੱਤ੍ਰੂ ਮਾਰ ਰਿਹਾ ਸੀ। ਰਾਜਾ ਗੁਪਾਲ ਸੂਰਮਗਤੀ ਵਿਚ ਅਜੇ ਤਾਈਂ ਖੜਾ ਸੀ। ਇਹ ਹਾਲ ਦੇਖਕੇ ਹੀ ਹਰੀ ਚੰਦ ਇਧਰ ਭੱਜਾ ਆਯਾ ਸੀ। ਉਧਰੋਂ ਮਧੁਕਰ ਸ਼ਾਹ ਚੰਦੇਲ ਬੀ ਇਧਰ ਹੀ ਆ ਪਿਆ। ਹਰੀ ਚੰਦ ਨੇ ਆਕੇ ਬੜੀ ਬੀਰਤਾ ਦੇ ਤੀਰ ਵਾਹੇ, ਜਿਸ ਨੂੰ ਲਗੇ ਸੋ ਓਸੇ ਵੇਲੇ ਮਰ ਜਾਏ। ਇਸ ਨੇ ਅਨੇਕਾਂ ਹੀ ਬੀਰ ਗੁਰੂ ਜੀ ਦੀ ਸੈਨਾਂ ਦੇ ਮਾਰ ਲਏ। ਤਦ ਇਧਰੋਂ ਜੀਤ ਮੱਲ ਜੀ ਹਰੀ ਚੰਦ ਨੂੰ ਵਧਦਾ ਵੇਖਕੇ ਉਸ ਨਾਲ ਜੁੱਟ ਪਏ ਤੇ ਆਹਮੋਂ ਸਾਹਮਣੇ ਦਾਉ ਘਾਉ ਤੇ ਵਾਰ ਹੋਣ ਲਗ ਪਏ। ਹੁਣ ਫਤੇਸ਼ਾਹ ਦਾ ਇਸ਼ਾਰਾ ਆ ਜਾਣ ਕਰਕੇ ਨਜਾਬਤ ਖਾਂ ਬੀ ਇਧਰ ਆ ਪਿਆ ਸੀ

੧. ਹਰਿਆਨ।

੨. ਅਸਰ ਯਾ ਪੇਖਾ ਪਿਆ ਸੀ।

ਤੇ ਆਉਂਦਾ ਹੀ ਸੰਗੋ ਸ਼ਾਹ ਨਾਲ ਜੁੱਟ ਪਿਆ ਸੀ। ਜੀਤ ਮੱਲ ਨੇ ਹਰੀ ਚੰਦ ਨੂੰ ਤੀਰ ਮਾਰਿਆ, ਪਰ ਉਹ ਝੱਟ ਹੀ ਘੋੜੇ ਦਾ ਪੈਂਤੜਾ[1] ਬਦਲ ਕੇ ਬਚ ਗਿਆ! ਫਿਰ ਦਾਉ ਘਾਉ ਕਰਦਿਆਂ ਦੋਹਾਂ ਦੇ ਤੀਰ ਚੱਲੇ, ਪਰ ਦੋਹਾਂ ਦੇ ਘੋੜਿਆਂ ਨੂੰ ਲੱਗੇ, ਦੋਨੋਂ ਡਿੱਗੇ ਪਰ ਦੋਨੋਂ ਸੰਭਲੇ। ਫਿਰ ਤੀਰ ਚੱਲੇ, ਹਰੀ ਚੰਦ ਦਾ ਤਾਂ ਐਸਾ ਕਾਰੀ ਪਿਆ ਕਿ ਜੀਤ ਮੱਲ ਜੀ ਦਾ ਅੰਤ ਹੋ ਗਿਆ, ਪਰ ਹਰੀ ਚੰਦ ਨੂੰ ਐਸੀ ਥਾਂ ਲਗਾ ਕਿ ਉਹ ਮੂਰਛਾ ਖਾ ਢੱਠਾ ਤੇ ਉਸ ਨੂੰ ਸਾਥੀ ਚੁੱਕ ਕੇ ਲੈ ਗਏ। ਇਧਰ ਜੀਤ ਮੱਲ ਜੀ ਦੀ ਲੋਥ ਨੂੰ ਗੁਰੂ ਕੇ ਜੋਧੇ ਚੁੱਕ ਕੇ ਗੁਰੂ ਜੀ ਪਾਸ ਲੈ ਆਏ, ਜਿਸ ਦੀ ਸੂਰਬੀਰਤਾ ਨੂੰ ਗੁਰੂ ਜੀ ਨੇ ਬਹੁਤ ਸਲਾਹਿਆ ਤੇ ਅਸ਼ੀਰਬਾਦ ਦਿਤੀ। ਉਧਰ ਜਦ ਮੂਰਛਤ ਹਰੀ ਚੰਦ ਨੂੰ ਲੈ ਕੇ ਗਏ ਤਾਂ ਫਤਹ ਸ਼ਾਹ ਬਹੁਤ ਦੁਖੀ ਹੋਇਆ; ਇਸ ਦੇ ਪਾਸ ਬਹੁਤ ਘੇਰਾ ਘੱਤ ਕੇ ਹੋਰ ਸਿਪਾਹੀ ਆ ਗਏ। ਭੀਮ ਚੰਦ ਬੀ ਇਥੇ ਕੁ ਹੀ ਸੀ ਕਿ ਰਾਮ ਸਿੰਘ ਨੇ, ਜੋ ਗੁਰੂ ਜੀ ਦੇ ਪਾਸ ਇਕ ਗੋਲ ਅੰਦਾਜ਼[2] ਸੀ, ਇਕ ਤੋਪ ਚਲਾਈ ਜੋ ਉਸਨੇ ਲੱਕੜ ਦੀ ਇਕ ਵਡੀ ਭਾਰੀ ਗੇਲੀ ਖੋਦਕੇ ਬਣਾਈ ਸੀ। ਗੋਲੇ ਨੇ ਵੈਰੀਆਂ ਦੀ ਉਸ ਭੀੜ ਵਿਚ ਕੁਛ ਕੁ ਨੂੰ ਮਾਰਿਆ ਤੇ ਬਾਕੀ ਡਰਦੇ ਭੱਜ ਪਏ। ਫਤੇ ਸ਼ਾਹ ਬੀ ਪਿਛੇ ਹਟ ਗਿਆ ਤੇ ਨਦੀ ਪਾਰ ਹੋ ਘੋੜੇ ਤੇ ਸਵਾਰ ਹੋ ਪਿਛੇ ਨੂੰ ਭੱਜ ਗਿਆ। ਇਸ ਨੂੰ ਮੈਦਾਨੋਂ ਜਾਂਦਾ ਦੇਖਕੇ ਮਧੁਕਰ ਸ਼ਾਹ ਡਢਵਾਲੀਆ ਤੇ ਜਸਵਾਲੀਆ ਬੀ ਆਪਣੀ ਸੈਨਾ ਲੈਕੇ ਭੱਜ ਗਏ।

❖❖❖

## ੧੯. ਸੰਗੋ ਸ਼ਾਹ ਸ਼ਹੀਦ।

**ਇਹ** ਪਹਾੜੀਏ ਤਾਂ ਕਾਇਰ ਹੋਕੇ ਭੱਜ ਗਏ, ਪਰ ਹਰੀ ਚੰਦ ਜੋ ਜ਼ਖਮੀ ਹੋਕੇ ਮੂਰਛਿਤ ਹੋ ਗਿਆ ਸੀ, ਤੇ ਜਿਸ ਨੂੰ ਮਗਰੋਂ ਹੋਸ਼ ਆ ਗਈ ਸੀ ਅਤੇ ਗਾਜ਼ੀ ਚੰਦ ਚੰਦੇਲ ਇਹ ਨਾ ਨੱਠੇ ਸਗੋਂ ਸੂਰਮਗਤੀ ਨਾਲ

---

੧. ਪੈਂਤੜਾ ਬਦਲਣ ਦਾ ਭਾਵ ਹੁੰਦਾ ਹੈ ਕਿ ਜਿਨ੍ਹਾਂ ਪੈਰਾਂ ਤੇ ਘੋੜਾ ਖੜਾ ਸੀ ਉਹ ਲਗਾਮ ਦੇ ਇਸ਼ਾਰੇ ਨਾਲ ਬਦਲਦਾ ਇਧਰ ਉਧਰ ਘੁੰਮ ਜਾਏ।

੨. ਤੋਪਾਂ ਵਿਚੋਂ ਗੋਲੇ ਚਲਾਉਣ ਵਾਲੇ ਨੂੰ ਗੋਲੰਦਾਜ਼ ਆਖਦੇ ਹਨ

ਮਰਨਾ ਸਫਲ ਸਮਝਕੇ ਡਟ ਗਏ। ਉਧਰ ਪਠਾਣ ਬੀ ਨਾ ਭੱਜੇ, ਉਹ ਬੀ ਮੈਦਾਨ ਵਿਚ ਅੜੇ ਖੜੇ ਰਹੇ। ਹੁਣ ਇਨ੍ਹਾਂ ਸਾਰਿਆਂ ਨੇ ਇਕ ਮਿਲਵਾਂ ਹਮਲਾ ਕੀਤਾ। ਇਧਰੋਂ ਦਇਆ ਰਾਮ, ਨੰਦ ਚੰਦ, ਗੁਲਾਬ ਰਾਇ, ਗੰਗਾ ਰਾਮ ਆਦਿ ਜੋਧੇ ਹੌਂਸਲੇ ਨਾਲ ਖੂਬ ਅੜੇ ਲੜੇ, ਇਉਂ ਫਿਰ ਭਾਰੀ ਘਮਸਾਣ ਹੋਇਆ, ਅਰਥਾਤ ਬੜੇ ਜ਼ੋਰ ਦਾ ਜੰਗ ਹੋਇਆ।

ਗਾਜ਼ੀ ਚੰਦ ਚੰਦੇਲ ਇੰਨੇ ਰੋਹ[੧] ਵਿਚ ਸੀ ਕਿ ਅੱਗੇ ਅੱਗੇ ਵਧਦਾ ਗਿਆ। ਇਸਦੇ ਹੱਥ ਸੇਲਾ ਸੀ[੨] ਜਿਸ ਨਾਲ ਇਸ ਨੇ ਅਨੇਕਾਂ ਬੀਰ ਪ੍ਰੋਤੇ ਤੇ ਘਾਇਲ ਕਰਕੇ ਪਛਾੜੇ। ਇਸ ਤਰ੍ਹਾਂ ਵਧਦਾ ਵਧਦਾ ਇਹ ਸੰਗੋ ਸ਼ਾਹ ਤੇ ਆ ਪਿਆ, ਪਰ ਉਸ ਸੂਰਮੇਂ ਦੇ ਅੱਗੇ ਪੇਸ਼ ਨਾ ਗਈ, ਟੁਕੜੇ ਹੋਕੇ ਧਰਾ ਤੇ ਡਿਗਾ ਤੇ ਆਪਣਾ ਸੁਆਮਿ ਧਰਮ ਪੂਰਾ ਨਿਬਾਹ ਗਿਆ। ਅਰਥ ਇਹ ਹੈ ਕਿ ਆਪਣੇ ਮਾਲਕ ਦੀ ਸੇਵਾ ਵਿਚ, ਜੋ ਕੁਛ ਇਸ ਨੂੰ ਕਰਨਾ ਬਣਦਾ ਸੀ, ਉਹ ਖੂਬ ਕਰਕੇ ਸ਼ਹੀਦ ਹੋ ਗਿਆ। ਗਾਜ਼ੀ ਚੰਦ ਦੀ ਮੌਤ ਨੇ ਨਜ਼ਾਬਤ ਖਾਂ ਦੇ ਦਿਲ ਕਟਕ ਦਾ ਰੋਹ (ਬਹੁਤ ਹੀ ਗੁੱਸਾ) ਭਰਿਆ। ਇਹ ਕੁਛ ਖ਼ਾਨ ਲੈ ਕੇ ਤੇਜ਼ੀ ਨਾਲ ਅੱਗੇ ਵਧਿਆ ਤੇ ਸਿੱਧਾ ਸੰਗੋ ਸ਼ਾਹ ਉਤੇ, ਜੋ ਅਜ ਦੇ ਰਣ ਦਾ ਗੁਰੂ ਜੀ ਦੀ ਆਗਜਾ ਵਿਚ ਸੈਨਾਪਤਿ ਸੀ, ਆ ਪਿਆ। ਨਜ਼ਾਬਤ ਖਾਂ ਤੇ ਸੰਗੋ ਸ਼ਾਹ ਗੁਰੂ ਜੀ ਦੇ ਦੁਆਰੇ ਕਦੇ ਕੱਠੇ ਹੁੰਦੇ ਸਨ, ਇਕ ਦੂਜੇ ਨੂੰ ਸਿਆਣਦੇ ਸਨ ਕਸਰਤਾਂ ਕੱਠੇ ਕਰਦੇ ਰਹੇ ਸਨ: ਦੁਏ ਖੂਬ ਲੜੇ। ਇਸ ਬੀਰਤਾ ਨਾਲ ਜੁੱਧ ਹੋਇਆ ਕਿ ਦੋਹਾਂ ਲਈ ਅਸ਼ ਅਸ਼ ਹੋ ਗਈ। ਅਰਥਾਤ ਦੁਵੱਲੀ ਸੂਰਮੇ ਦੇਖ ਦੇਖ ਕੇ ਵਾਹ ਵਾਹ ਕਰਨ ਲਗ ਪਏ। ਛੇਕੜ ਨਜ਼ਾਬਤ ਦਾ ਸ਼ਸਤ੍ਰ ਟਿਕਾਣੇ ਪਿਆ, ਸੰਗੋ ਜੀ ਮਰਮੀ ਜ਼ਖਮ[੩] ਖਾ ਗਏ, ਪਰ ਜੋਸ਼ ਵਿਚ ਐਤਨੇ ਸਨ ਕਿ ਵਾਰ ਮੋੜਵਾਂ ਝਾੜਿਆ ਤੇ ਨਜ਼ਾਬਤ ਖਾਂ ਹੁਰੀਂ ਮਾਰੇ ਗਏ ਤੇ ਓਧਰ ਸੰਗੋ ਸ਼ਾਹ ਹੁਰੀਂ ਵੀ ਢੱਠੇ ਤੇ ਸੁਰਗਾਂ ਨੂੰ ਸਿਧਾਰ ਗਏ।

---

੧. ਗੁੱਸਾ।

੨. ਵਡੇ ਤੋਂ ਵਡੇ ਲੰਮੇ ਬਰਛੇ ਨੂੰ ਸੇਲਾ ਆਖਦੇ ਹਨ।

੩. ਐਸੇ ਥਾਂ ਦਾ ਘਾਉ ਜਿਸ ਦੇ ਲਗਿਆਂ ਆਦਮੀ ਬਚੇ ਨਾ ਤੇ ਮਰ ਜਾਏ।

ਸੰਗੋ ਸ਼ਾਹ ਜਿਸ ਬੀਰਤਾ ਨਾਲ ਅੱਜ ਲੜਿਆ, ਫਤਹ ਦਾ ਢੇਰ ਸਾਰਾ ਹਿੱਸਾ ਉਸ ਦੀ ਦੂਰ ਦਰਸ਼ਤਾ; ਤੇ ਫੇਰ ਨਾ ਝੁਕਣ ਵਾਲੀ, ਨਾ ਪਿਛੇ ਹਟਣ ਵਾਲੀ ਬਹਾਦਰੀ ਦਾ ਫਲ ਸੀ। ਉਸ ਪਰ ਪ੍ਰਸੰਨ ਹੋ ਕੇ ਸਾਹਿਬਾਂ ਨੇ ਉਸ ਨੂੰ 'ਸ਼ਾਹ ਸੰਗ੍ਰਾਮ' ਦਾ ਖਿਤਾਬ ਬਖਸ਼ਿਆ :-

ਯਥਾ-ਸੰਗੋ ਕਾ ਪ੍ਰਭ ਨੇ ਧਰਿਓ ਨਾਮ ਸ਼ਾਹ ਸੰਗ੍ਰਾਮ।
ਤਿਹਨੇਂ ਪ੍ਰਾਕ੍ਰਮ[1] ਅਸ ਕੀਓ ਤਬ ਪਾਇਓ ਯਹ ਨਾਮ॥

(ਸੈਨਾਪਤ)

❖❖❖

## ੮੦. ਗੁਰੂ ਜੀ ਦੀ ਵਿਜੈ ਤੇ ਸ਼ਹੀਦਾਂ ਦਾ ਸਸਕਾਰ।

**ਸ਼ਾਹ** ਸੰਗ੍ਰਾਮ ਦੀ ਮੌਤ ਤੋਂ ਹੁਣ ਜੰਗ ਦੀ ਅਗੁਵਾਨੀ ਗੁਰੂ ਜੀ ਨੇ ਆਪ ਸੰਭਾਲੀ ਤੇ ਤੀਰਕਮਾਨ ਲੈਕੇ ਅੱਗੇ ਵਧੇ, ਪਰ ਸੰਗੋਸ਼ਾਹ ਦੇ ਮਾਰੇ ਜਾਣ ਕਰਕੇ ਵੈਰੀਆਂ ਦੇ ਹੌਂਸਲੇ ਵਧ ਗਏ ਸਨ ਤੇ ਨਜਾਬਤ ਖਾਂ ਦੇ ਮਾਰੇ ਜਾਣ ਤੋਂ ਉਨ੍ਹਾਂ ਦਾ ਗੁੱਸਾ ਬੀ ਵਧ ਗਿਆ ਸੀ, ਸੋ ਹੁਣ ਉਹ ਰੋਹ ਭਰੇ ਵਧੇ ਆ ਰਹੇ ਸਨ, ਪਰ ਅਜੇ ਘਾਟੇ ਤੋਂ ਵਿੱਥ ਤੇ ਹੀ ਸਨ ਕਿ ਉਪਰਲੇ ਮੈਦਾਨ ਦੀ ਇਸ ਪਾਸੇ ਤੋਂ ਵਧਵੀਂ ਗੁੱਠ ਤੇ ਜਾ ਗੁਰੂ ਜੀ ਨੇ ਤੀਰ ਛੋੜਿਆ ਜੋ ਇਕ ਅਗੇ ਵਧੇ ਹੋਏ ਜਥੇਦਾਰ ਪਠਾਣ ਦੇ ਲੱਗਾ ਤੇ ਉਹ ਢਹਿ ਪਿਆ ਤੇ ਮਰ ਗਿਆ। ਫਿਰ ਦੂਜਾ ਤੀਰ ਸੰਭਾਲ ਕੇ ਆਪ ਨੇ ਸੇਧਿਆ ਤੇ ਭੀਖਨ ਖਾਂ ਦੇ ਮੂੰਹ ਤੇ ਤੱਕਕੇ ਮਾਰਿਆ। ਇਹ ਤੀਰ ਖਾਨ ਨੂੰ ਜ਼ਖਮੀ ਕਰਕੇ ਘੋੜੇ ਵਿਚ ਧਸ ਗਿਆ। ਘੋੜਾ ਢਹਿ ਗਿਆ ਤੇ ਖਾਨ ਪਿੱਛੇ ਨੂੰ ਭੱਜ ਗਿਆ। ਸ੍ਰੀ ਗੁਰੂ ਜੀ ਦਾ ਤੀਜਾ ਤੀਰ ਫੇਰ ਚਲਿਆ, ਇਸ ਨਾਲ ਬੀ ਇਕ ਹੋਰ ਵੈਰੀ ਢੱਠਾ। ਇੰਨੇ ਚਿਰ ਤਕ ਹਰੀ ਚੰਦ ਦੀ ਮੂਰਛਾ ਤੇ ਬੇਹੋਸ਼ੀ, ਜੋ ਪਿਛੇ ਦੱਸ ਆਏ ਹਾਂ, ਹਟ ਗਈ ਸੀ। ਉਸ ਨੂੰ ਜ਼ਖਮ ਕਾਰੀ ਨਹੀਂ ਸੀ, ਸਿਰ ਨੂੰ ਧਮਕ (ਸੱਟ) ਨੇ ਬੇਹੋਸ਼ ਕੀਤਾ ਸੀ, ਪਰ ਸੀ ਉਂਝ ਜ਼ਖਮੀ। ਹੋਸ਼ ਆਈ ਤੇ ਉਸ ਡਿੱਠਾ ਕਿ ਇਸ ਪਾਸੇ ਹਾਰ ਹੋ ਰਹੀ ਹੈ, ਫਤੇ ਸ਼ਾਹ ਟੁਰ ਗਿਆ ਹੈ, ਭੀਮ ਚੰਦ ਕਲਹ ਮੂਲ[2] ਅੱਗੇ ਨਹੀਂ ਆਉਂਦਾ ਹੋਰ ਰਾਜੇ ਪਿੱਛੇ ਪੈਰ ਸੱਟ ਰਹੇ ਹਨ, ਦੋ ਤ੍ਰੈ ਪਠਾਣ ਸਰਦਾਰ ਮਾਰੇ ਗਏ ਹਨ ਤੇ ਨਜਾਬਤ

---

੧. ਬਲ, ਜ਼ੋਰ

੨. ਜਿਸ ਨੇ ਸਾਰੀ ਲੜਾਈ ਝਗੜਾ ਛੇੜਿਆ ਸੀ।

ਜ਼ਖ਼ਮ ਖਾ ਕੇ ਭੱਜ ਆਇਆ ਹੈ, ਤਦ ਇਸ ਨੂੰ ਸੂਰਬੀਰਤਾ ਦਾ ਰੋਹ ਚੜ੍ਹਿਆ ਤੇ ਆਪਣੇ ਸਵਾਰ ਨਾਲ ਲੈ ਕੇ ਅੱਗੇ ਵਧਿਆ। ਇਸ ਨੇ ਤੀਰਾਂ ਦੀ ਉਹ ਬਰਖਾ ਕੀਤੀ ਕਿ ਜਿਸ ਨੂੰ ਲੱਗਾ ਉਹ ਨਹੀਂ ਬਚਿਆ। ਦੋ ਦੋ ਬਾਣ ਖਿੱਚਕੇ ਇਸ ਨੇ ਇਕ ਇਕ ਵਾਰ ਮਾਰੇ। ਸੂਰਮੇਂ ਨੂੰ ਲੱਗੇ ਕਿ ਘੋੜੇ ਨੂੰ, ਜਿਸ ਨੂੰ ਲਗੇ ਪਾਰ ਜਾ ਨਿਕਲੇ। ਇਸ ਵੇਲੇ ਦੁਵੱਲੀ ਫੇਰ ਜੁੱਟਵਾਂ ਜੰਗ ਮਚ ਰਿਹਾ ਸੀ। ਇਉਂ ਮਾਰਦਾ ਵਧਦਾ ਹਰੀ ਚੰਦ ਹੁਣ ਉਥੇ ਆ ਗਿਆ, ਜਿਥੇ ਗੁਰੂ ਜੀ ਪਰ ਉਸ ਦਾ ਤੀਰ ਟਿਕਾਣੇ ਬੈਠੇ। ਸੋ ਉਸ ਨੇ ਸੰਨ੍ਹਕੇ[1] ਤੀਰ ਛੱਡਿਆ, ਇਹ ਗੁਰੂ ਜੀ ਦੇ ਘੋੜੇ ਨੂੰ ਲੱਗਾ। ਦੂਜਾ ਤੀਰ ਉਸ ਦਾ ਆਇਆ, ਪਰ ਸਾਈਂ ਦੀ ਮਿਹਰ ਨਾਲ ਗੁਰੂ ਜੀ ਦੇ ਕੰਨ ਨੂੰ ਛੋਹਕੇ ਨਿਕਲ ਗਿਆ, ਵੱਜਾ ਨਹੀਂ। ਹਰੀ ਚੰਦ ਫੁਰਤੀਲੇ ਨੇ ਹੁਣ ਤੀਜਾ ਬਾਣ ਤੱਕ ਕੇ ਨਿਸ਼ਾਨਾ ਸੇਧਕੇ ਮਾਰਿਆ। ਇਹ ਸ੍ਰੀ ਗੁਰੂ ਜੀ ਦੀ ਪੇਟੀ ਵਿਚ ਖੁਭਿਆ, ਅੰਦਰ ਸਰੀਰ ਨੂੰ ਚੋਭ ਭਾਵ ਤੀਰ ਦੀ ਨੋਕ ਰਤਾ ਕੁ ਚੁਭੀ, ਵਡਾ ਘਾਉ ਨਹੀਂ ਲੱਗਾ। ਹਰੀ ਚੰਦ ਨੂੰ ਅੱਜ ਆਪਣੀ ਤੀਰੰਦਾਜ਼ੀ ਤੇ ਹਿਰਖ[2] ਆਇਆ ਕਿ ਮੈਂ ਤਿੰਨ ਤੀਰ ਅਚੁਕ[3] ਮਾਰੇ, ਪਰ ਗੁਰੂ ਜੀ ਦੀ ਦਾਉ ਬਚਾਉਣੀ ਚਪਲਤਾ[4] ਕਿਸ ਕਮਾਲ ਦੀ ਹੈ ਕਿ ਵਾਲ ਵਾਲ ਬਚ ਜਾਂਦੇ ਹਨ। ਭਾਵ ਮੂਲੋਂ ਹੀ ਬਚ ਜਾਂਦੇ ਹਨ। ਗੁਰੂ ਜੀ ਲਿਖਦੇ ਹਨ ਕਿ ਜਦ ਤੀਸਰਾ ਬਾਣ ਸਾਨੂੰ ਆ ਲੱਗਾ; ਤਦ ਸਾਡਾ ਬੀ ਗੁੱਸਾ[5] ਜਾਗਿਆ। ਤ੍ਰੈ ਵਾਰ ਵੈਰੀ ਸੂਰਮੇਂ ਦੇ ਝੱਲਣੇ ਬੜੀ ਖੁੱਲ੍ਹ ਦਿਲੀ ਵਾਲੀ ਬੀਰਤਾ ਹੈ। ਹੁਣ ਆਪ ਨੇ ਬੀ ਖਿੱਚ ਖਿੱਚ ਕੇ ਤੀਰ ਮਾਰੇ। ਇਸ ਵੇਲੇ ਬੀਰ ਅਗੇ ਵਧੇ ਤੇ ਬਾਣ ਇਸ ਤਰ੍ਹਾਂ ਛੇਤੀ ਛੇਤੀ ਚਲਾਏ ਮਾਨੋ ਬਰਖਾ ਕਰ ਦਿੱਤੀ। ਫਿਰ ਇਕ ਤੀਰ ਸੇਧਕੇ ਸ੍ਰੀ ਗੁਰੂ ਜੀ ਨੇ

੧. ਸੇਧ ਬੰਨ੍ਹਕੇ। ੨. ਅਫਸੋਸ। ੩. ਜੋ ਨਿਸ਼ਾਨੇ ਤੋਂ ਨਾ ਉਕਣ।
੪. ਆਉਂਦੇ ਤੀਰਾਂ ਦੀ ਸੇਧ ਤੋਂ ਐਧਰ ਉਧਰ ਛੇਤੀ ਨਾਲ ਹੋ ਜਾਣਾ।
੫. 'ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥' ਇਹ ਵਾਕ ਹੁਣ ਇਕ ਆਮ ਅਖਾਵਤ ਵਾਂਙੂ ਵਰਤਿਆ ਜਾਂਦਾ ਹੈ।

ਮਾਰਿਆ, ਜੋ ਹਰੀ ਚੰਦ ਨੂੰ ਲਗਾ ਤੇ ਉਹ ਉਸੇ ਵੇਲ੍ਹੇ ਮਰ ਗਿਆ। ਹਰੀ ਚੰਦ ਮਾਰਿਆ ਗਿਆ ਦੇਖਕੇ ਉਸ ਦੇ ਸਾਥੀ ਤੇ ਬਾਕੀ ਦੇ ਪਠਾਣ ਤੇ ਰਾਜਪੂਤ ਪਹਾੜੀਏ ਆਦਿਕ ਸਭ ਉਠ ਨੱਠੇ। ਕੋਟ ਲਹਰ ਦਾ ਰਾਜਾ ਬੀ ਮਾਰਿਆ ਗਿਆ। ਹੁਣ ਗੁਰੂ ਜੀ ਦੀ ਫਤਿਹ ਪੂਰੀ ਹੋ ਗਈ।

ਹੁਣ ਭਾਜੜ ਪੈ ਗਈ, ਸਭ ਭੱਜੇ ਜਾਂਦੇ ਹਨ, ਬੇੜੀਆਂ ਤੇ ਚੜ੍ਹ ਚੜ੍ਹ, ਨਦੀ ਨੂੰ ਤਰ ਤਰ, ਲੱਕੜਾਂ ਵਿਚ ਸੁੱਟ ਸੁੱਟ, ਉਸ ਦੇ ਆਸਰੇ ਲੈ ਲੈ ਪਾਰ ਨੂੰ ਜਾ ਰਹੇ ਹਨ। ਗੱਲ ਕੀਹ ਸਾਰੇ ਰਾਜਪੂਤ, ਪਠਾਣ, ਛੇੜਾਂ ਵਾਲੇ, ਅੀਹਰ ਗੁੱਜਰ ਤੇ ਹੋਰ ਪਰਜਾ ਦੇ ਵਹੀਰਾਂ ਪਾਕੇ ਆਏ ਸਭ ਨੱਠੇ ਜਾਂਦੇ ਹਨ। ਸਿਖ ਦਲ ਹੁਣ ਖੁਸ਼ੀ ਵਿਚ ਉਮਡਿਆ ਹੋਇਆ ਪਿੱਛਾ ਕਰਨ ਉਠ ਪਿਆ ਕਿ ਰਾਜਧਾਨੀ ਤਕ ਮਾਰ ਕਰੀਏ, ਪਰ ਗੁਰੂ ਜੀ ਨੇ ਹੁਕਮ ਦਿੱਤਾ ਕਿ ਭੱਜੇ ਜਾਂਦਿਆਂ ਦੇ ਮਗਰ ਨਾ ਪਓ ਤੇ ਉਹਨਾਂ ਨੂੰ ਨਾ ਮਾਰੋ।

ਹੁਣ ਪਹਿਲਾ ਕੰਮ ਸੀ ਸੰਗੋ ਸ਼ਾਹ, ਜੀਤ ਮਲ ਤੇ ਹੋਰ ਸ਼ਹੀਦ ਹੋਏ ਜੋਧਿਆਂ ਦਾ ਸਸਕਾਰ ਕਰਨਾ। ਸਸਕਾਰ ਕਰਨਾ ਆਖਦੇ ਹਨ ਮਰ ਚੁਕੀ ਦੇਹੀ ਨੂੰ ਰੁਲਣ ਨਾ ਦੇਣਾ, ਪਰ ਅੱਗ ਵਿਚ ਧਰਕੇ ਸਾੜ ਦੇਣਾ। ਬੁੱਧੂ ਸ਼ਾਹ ਦੇ ਪੁੱਤ੍ਰਾਂ ਦਾ ਦਫਨ ਕਰਨਾ। ਦਫਨ ਕਰਨਾ ਮੁਸਲਮਾਨ ਆਦਿਕਾਂ ਦਾ ਤਰੀਕਾ ਹੈ। ਉਹ ਮਰ ਗਈ ਦੇਹ ਨੂੰ ਡੂੰਘਾ ਟੋਆ ਪੁੱਟ ਕੇ ਦੱਬ ਦੇਂਦੇ ਹਨ। ਬਾਕੀ ਸਾਰੇ ਸ਼ਹੀਦਾਂ ਦਾ ਅੰਤਮ ਸੰਸਕਾਰ ਤੇ ਉਸ ਲਈ ਅਰਦਾਸ ਆਦਿਕ ਕੰਮ ਕਰਨੇ। ਸੋ ਗੁਰੂ-ਆਗਯਾ ਵਿਚ ਆਪ ਦੇ ਮਿਹਰ ਭਰੇ ਨੈਣਾਂ ਹੇਠ ਤੇ ਅਸੀਸਾਂ ਵਿਚ ਇਹ ਸਭ ਕੁਝ ਕੀਤਾ ਗਿਆ। ਇਹ ਸਾਰੇ ਕਾਰਜ ਕਰ ਕਰਾ ਕੇ ਗੁਰੂ ਜੀ ਆਪਣੇ ਬਿਜਈ ਦਲ ਤੇ ਪੀਰ ਬੁੱਧੂ ਸ਼ਾਹ ਤੇ ਆਪਣੇ ਸੂਰਮਿਆਂ ਸਮੇਤ ਪਾਉਂਟੇ ਆ ਗਏ। ਜ਼ਖ਼ਮੀ ਬੀ ਸਾਰੇ ਆਂਦੇ ਗਏ ਤੇ ਉਹਨਾਂ ਦੇ ਇਲਾਜ ਆਰੰਭੇ ਗਏ।

❖❖❖

# ੮੧. ਸੂਰਮਿਆਂ ਨੂੰ ਤੇ ਬੁੱਧੂ ਸ਼ਾਹ ਨੂੰ ਬਖਸ਼ੀਸ਼ਾਂ।

**ਪਾਉਂਟੇ** ਇਕ ਦਿਨ ਆਰਾਮ ਕਰਕੇ ਫੇਰ ਦੀਵਾਨ ਸਜਿਆ। ਇਸ ਵਿਚ ਸ੍ਰੀ ਗੁਰੂ ਜੀ ਨੇ ਆਪਣੇ ਉਚੇ ਆਦਰਸ਼ ਦਾ, ਸ਼ੱਤ੍ਰੂ ਦਲ ਦਾ ਤੇ ਅਗੋਂ ਦੋਏ ਹੱਥ ਜੋੜ ਲੱਕ ਦੂਹਰੇ ਕਰਕੇ ਸ਼ਰਨ ਨਾ ਜਾ ਪੈਣ ਦੀ ਬੀਰਤਾ ਦਾ ਵੇਰਵਾ ਆਦਿ ਦੱਸਕੇ ਬੀਰ ਰਸ ਤੇ ਸ਼ਾਂਤਿ ਰਸ ਦਾ ਸੰਮੇਲਨ ਸਮਝਾਇਆ। ਅਰਥਾਤ ਆਪ ਨੇ ਸਮਝਾਇਆ ਕਿ ਸਾਡੇ ਤੇ ਹਮਲਾ ਐਵੇਂ ਨਿਰਦੋਸ਼ਿਆਂ ਤੇ ਰਾਜਿਆਂ ਨੇ ਕੀਤਾ, ਅੱਗੋਂ ਅਸੀਂ ਹਾਰ ਨਾ ਮੰਨੀ, ਡਰੇ ਨਾ, ਝੁਕੇ ਨਾ, ਟਾਕਰਾ ਕੀਤਾ, ਇਹ ਬੀਰਤਾ ਹੈ। ਅਸੀਂ ਸ਼ਾਂਤਿ ਰਸ ਵਾਲੇ ਹਾਂ ਪਰ ਬੀਰ ਰਸ ਵਾਲੇ ਬੀ ਹਾਂ ਤੇ ਦੋਇ ਰਸ ਕੱਠੇ ਕਰ ਦਿਖਾਏ ਹਨ। ਇਹ ਗਲ ਹੋਰ ਸਮਝਾਈ ਇਹ ਦੱਸਕੇ ਕਿ ਅੰਤ੍ਰਾਤਮੇ ਜੋਤ ਨਾਲ ਇਕ ਜੋਤ ਹੋ ਉੱਚੇ ਰਹਿਕੇ ਸੁਚੇ ਆਚਰਨ ਵਿਚ ਬੀਰ ਰਸ ਦਾ ਵਰਤਾਉ ਐਉਂ ਕਰੀਦਾ ਹੈ। ਫੇਰ ਉਹਨਾਂ ਲਈ ਅਸੀਸਾਂ ਤੇ ਅਸ਼ੀਰਵਾਦਾਂ ਹੋਈਆਂ, ਜੋ ਸ਼ਹੀਦ ਹੋਏ ਸੇ। ਇਹ ਬੀ ਲਿਖਿਆ ਹੈ ਕਿ ਪਹਿਲੇ ਆਸਾ ਦੀ ਵਾਰ ਲਗੀ ਸੀ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਿਆ ਤੇ ਕੜਾਹ ਪ੍ਰਸ਼ਾਦਿ ਵਰਤਿਆ ਸੀ।

ਹੁਣ ਜੋ ਸੂਰਮੇ ਬਹਾਦਰੀਆਂ ਕਰਕੇ ਜੀਉਂਦੇ ਆਏ ਸੇ, ਉਹਨਾਂ ਤੇ ਮਿਹਰਾਂ ਹੋਈਆਂ, ਸਿਰੋਪਾਉ ਦਿੱਤੇ ਗਏ। ਸੈਨਾਂ ਦੇ ਸਾਰੇ ਸੂਰਮਿਆਂ ਨੂੰ ਧਨ ਦਾਨ ਹੋਏ : ਭੂਆ ਜੀ ਦੇ ਤ੍ਰੈ ਪੁਤ੍ਰਾਂ ਤੇ, ਜੋ ਬਚੇ ਰਹੇ ਤੇ ਬੜੇ ਸੂਰਮੇ ਹੋਕੇ ਲੜੇ ਸੇ, ਮਿਹਰਾਂ ਹੋਈਆਂ। ਦੋ ਸ਼ਹੀਦ ਹੋਇਆਂ ਨੂੰ ਵਰਦਾਨ ਤੇ 'ਸ਼ਾਹ ਸੰਗ੍ਰਾਮ' ਆਦਿ ਨਾਮ ਬਖਸ਼ੇ ਗਏ।

ਪਾਉਂਟੇ ਹੀ ਵੱਡੇ ਸਾਹਿਬਜ਼ਾਦੇ ਜੀ ਦਾ ਜਨਮ ਹੋਇਆ ਸੀ। ਉਹਨਾਂ ਦੀ ਉਮਰ ਉਸ ਵੇਲੇ ਚਾਰ ਮਹੀਨੇ ਦੀ ਸੀ। ਅੱਜ ਦੇ ਦੀਵਾਨ ਵਿਚ ਉਹਨਾਂ ਦਾ ਨਾਮ ਜੁੱਧ ਦੀ ਫਤੇ ਵਿਚ ਅਜੀਤ ਸਿੰਘ ਧਰਿਆ ਗਿਆ।

ਲਉਢੇ ਪਹਿਰ ਗੁਰੂ ਜੀ ਇਸ਼ਨਾਨ ਕਰਕੇ ਤਿਆਰ ਹੋ ਰਹੇ ਸਨ ਕਿ ਬੁੱਧੂ ਸ਼ਾਹ ਨੇ ਆ ਵਿਦਾ ਮੰਗੀ। ਬੁੱਧੂ ਸ਼ਾਹ ਤੇ ਬਹੁਤ ਆਤਮ-ਮਿਹਰਾਂ ਹੋਈਆਂ ਸਨ, ਉਹਨਾਂ ਦੇ ਸਾਥੀਆਂ, ਮੁਰੀਦਾਂ ਨੂੰ ਪੰਜ ਹਜ਼ਾਰ ਮਹਿਆਈ ਵਾਸਤੇ ਬੀ ਬਖਸ਼ਿਸ਼ ਹੋਈ। ਹੁਣ ਆਪ ਕੰਘਾ ਕਰ ਰਹੇ ਸਨ ਕਿ ਬੁੱਧੂ ਸ਼ਾਹ ਨੇ ਇਹ ਮੰਗ ਲਿਆ। ਤਦ ਸਤਿਗੁਰੂ ਜੀ ਨੇ ਉਹ ਦਾਨ ਬੀ ਦਿੱਤਾ ਤੇ ਉਸ ਵੇਲੇ ਕਕਰੇਜ਼ੀ ਦਸਤਾਰ ਬੀ ਸਿਰੋਪਾਉ ਵਜੋਂ ਬਖਸ਼ਿਸ਼ ਕਰ ਦਿੱਤੀ, ਇਕ ਪੁਸ਼ਾਕ ਇਕ ਹੁਕਮਨਾਮਾ ਬੀ ਬਖਸ਼ਿਆ*।

ਫੇਰ ਸਾਹਿਬ ਸਾਰੇ ਬੀਰਾਂ ਬਹਾਦਰਾਂ ਦੀ ਸੰਭਾਲ ਕਰਕੇ, ਮਹੰਤ ਕ੍ਰਿਪਾਲ ਤੇ ਤ੍ਰੁੱਠੇ। ਆਪ ਨੇ ਦੂਸਰੀ ਦਸਤਾਰ ਕੇਸਰੀ ਰੰਗ ਦੀ ਬੰਨ੍ਹਣ ਵਾਸਤੇ ਮੰਗਵਾਈ ਤੇ ਅੱਧੀ ਉਹ ਕ੍ਰਿਪਾਲ ਮਹੰਤ ਜੀ ਨੂੰ ਬਖਸ਼ੀ! ਮਹੰਤ ਜੀ ਨੇ ਉਹ ਆਪਣੀ ਟੋਪੀ ਦੇ ਉਪਰ ਦੀ ਬੰਨ੍ਹ ਲਈ। ਇਸ ਪ੍ਰਕਾਰ ਦਇਆ ਰਾਮ ਨੂੰ ਇਕ ਢਾਲ ਬਖਸ਼ੀ।

ਸੂਰਮਿਆਂ ਵਿਚ ਹੁਣ ਚਾਉ ਸੀ ਤੇ ਫਤਹ ਨਾਲ ਵਧੇ ਦਿਲ ਦਾ ਉਮਾਹ ਸੀ ਤੇ ਆਪ ਹੱਲੇ ਕਰਕੇ ਫਤਹ ਸ਼ਾਹ ਤੇ ਜਾ ਪੈਣ ਦਾ ਜੋਸ਼ ਸੀ ਪਰ ਲਿਖਿਆ ਹੈ ਕਿ ਸੂਰਮਿਆਂ ਨੂੰ ਗੁਰੂ ਜੀ ਨੇ ਰੋਕ ਦਿੱਤਾ।

❖❖❖

## ੮੨. ਪਾਉਂਟੇ ਤੋਂ ਕੂਚ।

**ਪਿੱਛੇ** ਅਸੀਂ ਭੰਗਾਣੀ ਦੇ ਜੁੱਧ ਦਾ ਹਾਲ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਦਾ ਹਾਲ ਪੜ੍ਹ ਸੁਣ ਆਏ ਹਾਂ। ਉਸ ਸਮੇਂ ਇਸ ਹੋਈ ਜਿੱਤ ਦਾ ਪਤਾ ਸਾਨੂੰ ਉਸੇ ਵੇਲੇ ਦੇ ਇਕ ਲੇਖਕ, ਜਿਸ ਦਾ ਨਾਉਂ

---

*ਬੁੱਧੂ ਸ਼ਾਹ ਨਾਲ ਔਰੰਗਜ਼ੇਬ ਨਾਰਾਜ਼ ਸੀ ਕੁਛ ਸਮੇਂ ਮਗਰੋਂ ਹਾਕਮ ਸਢੌਰਾ ਉਸਮਾਨ ਖਾਂ ਨੇ ਬੁੱਧੂ ਸ਼ਾਹ ਤੇ ਹਲਾ ਕਰ ਦਿੱਤਾ ਤੇ ਮਾਰ ਦਿੱਤਾ ਸੀ। ਤਦੋਂ ਇਹ ਦਸਤਾਰ ਕਟਾਰ ਆਦਿ ਉਹਨਾਂ ਨੇ ਕੰਧ ਵਿਚ ਸਾਂਭਕੇ ਚਿਣ ਦਿੱਤੇ। ਸੰ: ੧੯੭੦ ਬਿ: ਵਿਚ ਉਹ ਕੰਧ ਡਿੱਗੀ ਤੇ ਫੇਰ ਚੀਜ਼ਾਂ ਸਹੀ ਸਲਾਮਤ ਮਿਲ ਗਈਆਂ ਜੋ ਉਹਨਾਂ ਦੇ ਘਰਾਣੇ ਵਿਚ ਦੱਸੀਦੀਆਂ ਹਨ। ਮਗਰੋਂ ਬਾਬੇ ਬੰਦੇ ਨੇ ਉਸਮਾਨ ਖਾਂ ਨੂੰ ਬੁੱਧੂ ਸ਼ਾਹ ਦੇ ਕਤਲ ਕਰਨ ਦੇ ਜੁਰਮ ਵਿਚ ਫਾਹੇ ਲਾ ਦਿੱਤਾ ਸੀ।

ਸਤਿਗੁਰੂ ਜੀ ਦੇ ਹਜ਼ੂਰੀ ਕਵੀਆਂ ਵਿਚ ਹੈ, ਦਾ ਲਿਖਿਆ ਮਿਲਦਾ ਹੈ, ਜੋ ਇਸ ਤਰ੍ਹਾਂ ਹੈ-

ਸਵੈਯਾ॥ ਜੀਤ ਸੰਗ੍ਰਾਮ ਆਨੰਦ ਮੰਗਲ ਭਯੋ ਆਣ ਗੋਬਿੰਦ
ਗੁਣ ਸਭਨ ਗਾਏ। ਧੰਨਿ ਹੋ ਧੰਨਿ ਪ੍ਰਭੁ ਨਾਮ ਤੁਮਰੋ
ਲੀਓ ਦੁਸਟ ਕੋ ਜੀਤ ਡੰਕਾ ਬਜਾਏ। ਜੀਤ ਅਜੀਤ ਅਭੀਤ
ਜੋਧਾ ਬੜੇ ਤੇਹਿ ਇਕ ਦਿਸਟ ਤੇ ਸਭੈ ਘਾਏ। ਭਈ
ਜੈਕਾਰ ਤ੍ਰਈ ਲੋਕ ਚਉਦਾ ਭਵਨ ਜੀਤਿਕੈ ਸਿੰਘ ਗੋਬਿੰਦ
ਆਏ॥੪੮॥੮੮॥ (ਗੁਰ ਸੋਭਾ, ਧਿਆਉ ਦੂਜਾ)

ਇਹ ਲੇਖ ਕਵੀ ਸੈਨਾਪਤ ਦਾ ਹੈ। ਇਹ ਕਵੀ ਜੀ ਗੁਰੂ ਜੀ ਦੇ ਸਮੇਂ ਹੋਏ ਹਨ ਤੇ ਸਤਿਗੁਰੂ ਜੀ ਦੇ ਦਰਬਾਰ ਦੇ ੫੨ ਕਵੀਆਂ ਵਿਚੋਂ ਸਨ। ਫੇਰ ਦੇਖੋ ਬਚਿਤ੍ਰ ਨਾਟਕ, ਜੋ ਸਤਿਗੁਰੂ ਜੀ ਦੀ ਆਪਣੀ ਰਚਨਾ ਹੈ, ਉਸ ਵਿਚ ਗੁਰੂ ਜੀ ਨੇ ਆਪ ਫਤਹ ਦਾ ਹਾਲ ਲਿਖਿਆ ਹੈ :-

ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।

ਹੁਣ ਸੁਣੋਂ ਅਗੇ ਦਾ ਹਾਲ-

ਪਾਉਂਟੇ ਵਿਚ ਹੁਣ ਸੁਖ ਸੀ। ਸ਼ਹੀਦ ਹੋਏ ਸਿੰਘਾਂ ਤੇ ਜਥੇਦਾਰਾਂ ਦੇ ਚਲੇ ਜਾਣ ਦਾ ਸ਼ੋਕ ਸੀ, ਪਰ ਫਤਹ ਹੋਣ ਦਾ ਚਾਉ ਇਤਨਾ ਸੀ, ਕਿ ਉਹ ਸੋਕ ਵਿੱਚੇ ਗੁੰਮ ਹੋ ਰਿਹਾ ਸੀ। ਸਿਖ ਸੈਨਾ ਦੇ ਦਿਲ ਵਧੇ ਹੋਏ ਸਨ। ਉਹਨਾਂ ਦੇ ਮਨਾਂ ਵਿਚ ਜੋਸ਼ ਉਠਦੇ ਸਨ ਕਿ ਹੁਣ ਆਪਣਾ ਸਾਰਾ ਦਲ ਮੇਲਕੇ ਫਤਹ ਸ਼ਾਹ ਤੇ ਜਾ ਪਈਏ ਤੇ ਉਸ ਨੂੰ ਫਤਹ ਕਰਕੇ ਹੋਰਨਾਂ ਤੇ ਹੱਲੇ ਕਰਕੇ ਦੇਸ਼ ਜਿੱਤਦੇ ਚਲੀਏ, ਪਰ ਸਤਿਗੁਰੂ ਜੀ ਨੇ ਰੋਕਿਆ ਤੇ ਸਾਰੇ ਆਪ ਜੀ ਦੀ ਆਗਜਾ ਮੰਨਕੇ ਰੁਕ ਗਏ। ਫੇਰ ਬੀ ਉਹਨਾਂ ਦਾ ਚਾਉ ਉਛਲਦਾ ਸੀ। ਇਸ ਚਾਉ ਨੂੰ ਹੋਰ ਰੋਕਣ ਦੀ ਥਾਂ ਕਿਸੇ ਕਾਰੇ ਲਾਉਣਾ ਠੀਕ ਜਾਣਿਆ ਗਿਆ; ਅਰਥਾਤ ਵੀਚਾਰਿਆ ਗਿਆ ਕਿ ਕਿਸੇ ਹੋਰ ਕੰਮ ਤੇ ਸੈਨਾ ਨੂੰ ਹਾਲੇ ਲਾਇਆ ਜਾਵੇ। ਸੋ ਆਨੰਦਪੁਰ ਪਹੁੰਚਕੇ ਉਸਨੂੰ ਪੱਕਾ ਕਰਨ ਤੇ ਆਬਾਦ ਕਰਨੰ ਵਲ ਸੈਨਾ ਦਾ ਰੁਖ

ਪ੍ਰੇਰਕੇ ਪਾਉਂਟੇ ਤੋਂ ਕੂਚ ਦਾ ਸਾਮਾਨ ਕਰ ਦਿਤਾ। ਸਤਿਗੁਰੂ ਜੀ ਨੇ ਆਪ ਬੀ ਲਿਖਿਆ ਹੈ-

ਜੁਧ ਜੀਤ ਆਏ ਜਬੈ ਟਿਕੇ ਨ ਤਿਲ ਪੁਰ ਪਾਵ।

(ਬਚਿਤ੍ਰ ਨਾਟਕ ਧਿ: ੮)

ਅਰਥਾਤ-ਜਦ ਜੁੱਧ ਜਿੱਤਕੇ ਆਏ ਤਾਂ ਉਹਨਾਂ (ਭਾਵ ਜਿੱਤਕੇ ਆਏ ਵਿਜਈ ਸਿੰਘਾਂ) ਦੇ ਪੈਰ ਓਥੇ ਨਹੀਂ ਸਨ ਟਿਕਦੇ।

ਸੋ ਪਾਉਂਟੇ ਤੋਂ ਤਿਆਰੀ ਹੋ ਗਈ। ਮਾਲ ਅਸਬਾਬ ਨੂੰ ਲੈ ਚੱਲਣ ਲਈ ਊਠ, ਗੱਡੇ, ਖੱਚਰਾਂ, ਬੈਲ ਆਦਿ ਕੱਠੇ ਕੀਤੇ ਗਏ। ਸਭ ਤੋਂ ਪਹਿਲਾ ਕੰਮ ਜ਼ਖਮੀਆਂ ਦੇ ਸੁਖ ਦੇ ਸਾਮਾਨ ਦਾ ਸੀ, ਜੋ ਬੜੇ ਆਰਾਮ ਨਾਲ ਤੋਰੇ ਗਏ; ਇਹਨਾਂ ਦੇ ਨਾਲ ਵੈਦ ਤੇ ਹਕੀਮ ਬੀ ਸਨ ਤਾਂ ਜੋ ਰਾਹ ਵਿਚ ਕੋਈ ਉਹਨਾਂ ਨੂੰ ਔਖ ਨਾ ਹੋਵੇ। ਇਉਂ ਸਾਰੀ ਤਿਆਰੀ ਹੋਕੇ ਕੂਚ ਹੋ ਗਈ।

❖❖❖

## ੬੩. ਪਹਿਲਾ ਡੇਰਾ ਲਾਹੜਪੁਰ।

**ਕੂਚ** ਕਰਕੇ ਪਹਿਲਾ ਡੇਰਾ ਪਾਉਂਟੇ ਤੋਂ ਥੋੜੀ ਹੀ ਦੂਰ ਕੀਤਾ ਇਸ ਲਈ ਕਿ ਜਿਸ ਸ਼ੈ ਦੀ ਸਫਰ ਵਿਚ ਲੋੜ ਭਾਸੇ ਉਹ ਪਾਉਂਟੇ ਤੋਂ ਯਾ ਹੋਰ ਗਿਰਾਵਾਂ ਤੋਂ ਪੂਰੀ ਕਰ ਲਈ ਜਾਵੇ। ਏਥੋਂ ਟੁਰਕੇ ਜਿਸ ਥਾਂ ਜਾਕੇ ਕੁਛ ਦਿਨ ਟਿਕੇ ਸਨ ਉਸ ਦਾ ਨਾਉਂ ਲਾਹੜਪੁਰ ਲਿਖਿਆ ਹੈ। ਇਸ ਲਾਹੜਪੁਰ* ਪਿੰਡ ਦੇ ਨੇੜੇ ਆ ਕੇ ਸਤਿਗੁਰੂ ਜੀ ਨੇ ਡੇਰਾ ਪਾ ਦਿੱਤਾ, ਤੇ ਸੈਰ ਸ਼ਿਕਾਰ ਕਰਦੇ ਰਹੇ। ਇਥੇ ਪਾਤਸ਼ਾਹ ਸਿਕੰਦਰ ਲੋਧੀ ਦੀ ਸ਼ਿਕਾਰਗਾਹ ਸੀ। ਸਿਕੰਦਰ ਲੋਧੀ ਹਿੰਦੁਸਤਾਨ ਦਾ ਪਠਾਣ ਪਾਤਸ਼ਾਹ

*ਲਾਹੜਪੁਰ ਪਿੰਡ ਤਾਂ ਕਲਸੀਆਂ ਰਿਆਸਤ ਵਿਚ ਸੀ। ਇਥੇ ਗੁਰਦੁਆਰਾ ਨਹੀਂ ਹੈ। ਨਿਸ਼ਾਨ ਮਾਤ੍ਰ ਇਕ ਬੇਰੀ ਹੈ। ਇਥੇ ਦੇ ਨੇੜੇ ਟੋਕਾ ਸਾਹਿਬ ਹੈ ਜੋ ਨਾਹਨ ਰਾਜ ਵਿਚ ਹੈ। ਗੁਰਦੁਆਰਾ ਏਥੇ ਹੈ, ਜਿਸ ਨੂੰ 'ਟੋਕਾ ਸਾਹਿਬ' ਹੀ ਆਖਦੇ ਹਨ। ਇਸ ਦੇ ਨੇੜੇ ਹੀ ਟੋਟਾ ਪਿੰਡ ਹੈ। ਜਾਪਦਾ ਹੈ ਕਿ ਗੁਰੂ ਕਾ ਤੰਬੂ ਟੋਟੇ ਸਾਹਿਬ ਸੀ, ਜਿਥੇ ੧੨ ਦਿਨ ਟਿਕੇ ਰਹੇ ਸੇ ਤੇ ਨਾਹਨ ਦੇ ਰਾਜਾ ਦੇ ਦੂਤ ਆ ਕੇ ਮਿਲਦੇ ਰਹੇ ਸੇ।



www.sikhbookclub.com

ਹੋਇਆ ਹੈ, ਉਹ ਏਥੇ ਆਕੇ ਟਿਕਿਆ ਤੇ ਸ਼ਿਕਾਰ ਖੇਡਿਆ ਕਰਦਾ ਸੀ। ਸ਼ਿਕਾਰ ਖੇਡਣ ਵਾਲੀ ਥਾਂ ਨੂੰ ਸ਼ਿਕਾਰਗਾਹ ਆਖਦੇ ਹਨ। ਇਕ ਹੋਰ ਮੁਖ਼ਲਸ ਖਾਂ ਨਾਮੇ ਅਹੁਦੇਦਾਰ, ਜੋ ਮੁਗਲ ਪਾਤਸ਼ਾਹ ਸ਼ਾਹ ਜਹਾਨ ਦੇ ਸਮੇਂ ਇਕ ਵੱਡਾ ਹੁੱਦੇਦਾਰ ਹੋਇਆ ਹੈ, ਨੇ ਇਥੇ ਆਕੇ ਪਹਾੜੀ ਉਤੇ ਇਕ ਕਿਲ੍ਹਾ ਬਣਾਇਆ ਸੀ, ਜਿਸ ਨੂੰ 'ਮੁਖ਼ਲਸਗੜ' ਕਹਿੰਦੇ ਸਨ। ਇਸ ਕਿਲ੍ਹੇ ਤੇ ਮਗਰੋਂ ਕਬਜਾ ਕਰਕੇ ਬਾਬੇ ਬੰਦੇ ਨੇ ਇਸ ਨੂੰ 'ਲੋਹਗੜ' ਬਣਾਇਆ ਤੇ ਆਪ ਬਾਬਾ ਇਥੇ ਹੀ ਰਿਹਾ ਸੀ ਤੇ ਕਿਤਨਾ ਚਿਰ ਪਾਤਸ਼ਾਹੀ ਦਲਾਂ ਦੇ ਮੁਕਾਬਲੇ ਕਰਦਾ ਰਿਹਾ ਸੀ।

ਇਸ ਤੋਂ ਕੋਹ ਕੁ ਦੀ ਵਿੱਥ ਤੇ ਇਕ ਪਿੰਡ ਹੈ, ਜਿਸ ਦਾ ਨਾਮ ਹੁਣ 'ਟੋਟਾ' ਹੈ। ਇਸ ਪਿੰਡ ਦੇ ਰੰਘੜਾਂ ਨੇ ਸਤਿਗੁਰਾਂ ਦੀ ਭਾਰ ਬਰਾਦਰੀ ਦੇ ਊਠ ਚੁਰਾ ਲਏ ਸਨ, ਅਰਥਾਤ ਜਿਨ੍ਹਾਂ ਊਠਾਂ ਤੇ ਅਸਬਾਬ ਲੱਦੇ ਹੋਏ ਸਨ, ਉਹ ਲੱਦੇ ਲਦਾਏ ਹੀ ਚੋਰੀ ਕਰ ਕੇ ਛੁਪਾ ਲਏ ਸਨ। ਭਾਲ ਕਰਨ ਤੇ ਪਿੰਡ ਦੇ ਲੋਕਾਂ ਨੇ ਦੱਸਿਆ ਨਾ। ਪਤਾ ਤਾਂ ਸਭ ਨੂੰ ਸੀ, ਪਰ ਦੱਸਿਆ ਕਿਸੇ ਬੀ ਨਾ ਕਿ ਊਠ ਚੋਰੀ ਕੀਤੇ ਹੋਏ ਸਾਡੇ ਪਿੰਡ ਵਿਚ ਹੀ ਹਨ। ਪਰ ਇਹ ਗੱਲ ਲੁਕ ਨਾ ਸਕੀ, ਪਤਾ ਲਗ ਜਾਣ ਤੇ ਚੋਰ ਫੜੇ ਗਏ। ਸਤਿਗੁਰੂ ਜੀ ਨੇ ਪਿੰਡ ਨੂੰ ਕਿਹਾ ਕਿ ਇਹ ਤਾਂ 'ਟੋਟਾ' ਹੈ। ਹੁਣ ਤਕ ਉਸ ਨੂੰ ਲੋਕੀਂ 'ਟੋਟਾ' ਆਖਦੇ ਹਨ। ਪਹਿਲੋਂ ਇਸ ਦਾ ਨਾਉਂ 'ਲਾਹਾ' ਸੀ। ਇਹ ਬੀ ਲਿਖਿਆ ਹੈ ਕਿ ਸਤਿਗੁਰੂ ਜੀ ਏਥੇ ਦਸ ਬਾਰ੍ਹਾਂ ਦਿਨ ਠਹਿਰੇ ਸਨ। ਇਸ ਕਰਕੇ ਕਿ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੁਨੇਹੇ ਆਉਂਦੇ ਸਨ ਕਿ ਮੈਂ ਆ ਕੇ ਦਰਸ਼ਨ ਕਰਨੇ ਹਨ। ਬੁੱਧੂ ਸ਼ਾਹ ਬੀ ਸਢੌਰੇ ਤੋਂ ਇਥੇ ਆ ਕੇ ਫੇਰ ਮਿਲਿਆ ਸੀ ਤੇ ਆਪ ਜੀ ਦੇ ਸਤਿਸੰਗ ਵਿਚ ਸੁਖੀ ਹੁੰਦਾ ਰਿਹਾ ਸੀ।

ਏਥੇ ਦੀਵਾਨ ਸਜਦੇ ਰਹੇ, ਸੰਗਤਾਂ ਹਾਜ਼ਰ ਹੁੰਦੀਆਂ ਤੇ ਲਾਹੇ ਲੈਂਦੀਆਂ ਰਹੀਆਂ। ਜਦ ਸਤਿਗੁਰੂ ਜੀ ਨੇ ਇਥੇ ਕੁਝ ਦਿਨ ਠਹਿਰਨ ਦੀ ਠਾਣ ਲਈ ਸੀ ਤਾਂ ਆਪ ਜੀ ਨੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਆਗਜਾ

ਕੀਤੀ ਸੀ ਕਿ ਤੁਸੀਂ ਸਾਰਾ ਡੇਰਾ ਤੇ ਵਹੀਰ ਲੈ ਕੇ ਅੱਗੇ ਨੂੰ ਟੁਰ ਪਓ, ਤੇ ਸੈਨਾ ਬੀ ਨਾਲ ਕੂਚ ਕਰੇ, ਜੰਗ ਵਿਚ ਹੋਏ ਫਟੜਾ ਦਾ ਖਾਸ ਧਿਆਨ ਰਖਣਾ ਤੇ ਮੰਜ਼ਲਾਂ ਛੋਟੀਆ ਕਰਨੀਆਂ। ਅਰਥਾਤ ਥੋੜੇ ਥੋੜੇ ਪੈਂਡੇ ਮਗਰੋਂ ਡੇਰੇ ਪਾਕੇ ਆਰਾਮ ਕਰਦੇ ਜਾਣਾ, ਤਾਂ ਜੋ ਬੀਮਾਰਾਂ ਨੂੰ ਖੇਚਲਾਂ ਨਾ ਹੋਣ। ਸਾਹਿਬਾਂ ਨੇ ਆਪਣੇ ਪਾਸ ਚੋਣਵੇਂ ਬੀਰ ਬਹਾਦਰ ਸਿਪਾਹੀ ਤੇ ਹੁੱਦੇਦਾਰ ਤੇ ਕੁਛ ਸਿਆਣੇ ਪੁਰਖ ਅਤੇ ਰਣਜੀਤ ਨਗਾਰਾ ਰਖ ਲਏ। ਤਾਂ ਜੋ ਸਤਿਗੁਰੂ ਜੀ ਜਿਥੇ ਡੇਰਾ ਪਾਉਣ ਓਥੇ ਏਹ ਸੂਰਮੇਂ ਨਾਲ ਟਿਕਣ ਤੇ ਡੇਰੇ ਦੀ ਰਾਖੀ ਕਰਨ। ਇਉਂ ਕਰਕੇ ਹੋਰ ਸਭ ਨੂੰ ਅੱਗੇ ਨੂੰ ਟੋਰ ਦਿੱਤਾ।

❖❖❖

## ੮੪. ਟਾਬਰਾ।

**ਤੇਰ੍ਹਵੇਂ** ਦਿਨ ਜਦ ਦੀਵਾਨ ਹੋ ਚੁਕਾ ਤਾਂ ਸਤ੍ਰਿਗਰੂ ਜੀ ਨੇ ਕੁਛ ਅਕਾਸ਼ ਵੱਲ ਤੱਕਿਆ ਤੇ ਫੇਰ ਉਤਰ ਪੱਛੋਂ ਵੱਲ ਦੇਖਿਆ। ਐਉਂ ਜਾਪਦਾ ਸੀ ਜਿਕੂੰ ਦਿਸ਼ਾ ਦੀ ਕੋਰੀ ਪੋਥੀ ਵਿਚ ਕੋਈ ਅੱਖਰ ਵਾਚ ਰਹੇ ਹਨ। ਫੇਰ ਕੁਛ ਸਜਲ ਨੇਤ੍ਰ ਹੋਕੇ ਬਹੁਤ ਚਿਰ ਮੁੰਦੇ ਨੈਣਾਂ ਵਿਚ ਅਡੋਲ ਲਗੀ ਹੋਈ ਸਮਾਧੀ ਵਿਚ ਮਗਨ ਬੈਠੇ ਰਹੇ। ਅਰਥਾਤ ਅੰਦਰੋਂ ਵਾਹਿਗੁਰੂ ਜੀ ਨਾਲ ਜੁੜੇ ਹੋਏ ਟਿਕੇ ਰਹੇ।

ਜਦੋਂ ਉਠੇ ਤਦ ਆਗਾਜਾ ਦਿੱਤੀ ਕਿ ਸਵੇਰੇ ਕੂਚ ਹੋ ਜਾਏ। ਜਦ ਰਸਤੇ ਦੇ ਆਗੂਏ ਨੇ ਰਸਤੇ ਦਾ ਵੇਰਵਾ ਪੁੱਛਿਆ ਤਾਂ ਆਗਿਆ ਹੋਈ ਕਿ ਰਾਮ ਗੜ੍ਹੀਏ ਦੇ ਰਾਜ ਵਿਚ ਟਾਬਰੇ ਦੇ ਲਾਗ ਦੀ ਚਲ ਨਿਕਲੋ ਤੇ ਟਾਬਰੇ ਪਹਿਲਾ ਮੁਕਾਮ (ਡੇਰਾ) ਕਰੋ। ਅਗਲੇ ਮੁਕਾਮ ਲਈ ਕਿਹਾ ਕਿ ਜਿੱਥੇ ਕਰਤਾ ਪੁਰਖ ਦੀ ਰਜ਼ਾਇ ਹੋਵੇਗੀ ਮੁਕਾਮ ਹੋ ਜਾਏਗਾ।

ਅਗਲੀ ਸਵੇਰ ਟੋਟੇ ਤੋਂ ਕੂਚ ਹੋ ਗਈ। ਚੋਜੀ ਸਤਿਗੁਰੂ ਜੀ, ਜੋ ਆਤਮ ਹੁਲਾਸ ਨਾਲ ਦਮ ਬਦਮ ਖਿੜੇ ਰਹਿੰਦੇ ਹਨ, ਇਕ ਘੋੜੇ ਤੇ ਚੜ੍ਹੇ ਜਾ ਰਹੇ ਹਨ, ਨਾਲ ਕੁਛ ਸਿੰਘ ਹਨ, ਬਾਕੀ ਆਪਣੇ ਨਾਲ ਰਖੀ ਸੈਨਾ ਤੇ ਸਾਮਾਨ ਅਰਥਾਤ ਮਾਲ ਅਸਬਾਬ ਮਗਰ ਆ ਰਿਹਾ ਹੈ।

ਰਸਤੇ ਵਿਚ ਇਕ ਥਾਂ ਇਕ ਬ੍ਰਾਹਮਣ ਸੂਰਜ ਵੱਲ ਧਿਆਨ ਜੋੜੀ ਮੱਥੇ ਟੇਕਦਾ ਡਿੱਠਿਆ। ਸਤਿਗੁਰੂ ਹੱਸੇ ਤੇ ਫੁਰਮਾਇਆ : ਕਰਤਾ ਪੁਰਖ ਨੇ ਸਭ ਸਾਮਾਨ ਮਨੁੱਖ ਦੇ ਵਾਸਤੇ ਰਚੇ ਹਨ। ਧੁੱਪ, ਚਾਨਣ, ਹਵਾ, ਪਾਣੀ ਪ੍ਰਿਥਵੀ, ਆਕਾਸ਼ ਸਾਰੇ ਇਸ ਦੇ ਆਰਾਮ ਲਈ ਹਨ। ਇਸ ਨੂੰ ਧਰਤੀ ਦੀ ਸਰਦਾਰੀ ਦੇਕੇ ਸਾਰੀ ਹੋਰ ਰਚਨਾਂ ਨੂੰ ਇਸ ਦਾ ਸੁਖਦਾਈ ਬਣਾਇਆ ਹੈ, ਪਰ ਵੇਖੋ ਆਦਮੀ ਆਪਣੀ ਸਰਦਾਰੀ ਭੁੱਲ ਗਿਆ ਹੈ। ਇਸਦੀ ਸਰਦਾਰੀ ਕਰਤਾ ਪੁਰਖ ਦੀ ਸੇਵਾ ਤੇ ਪ੍ਰੇਮ ਵਿਚ ਸੀ, ਇਸ ਨੇ 'ਕਰਤਾ ਪੁਰਖ' ਤੋਂ ਮੂੰਹ ਮੋੜਕੇ 'ਕੀਤੀ ਹੋਈ' ਨਾਲ ਨੇਹੁੰ ਲਾ ਲਿਆ ਹੈ। ਇਹ ਕਰਤਾਰ ਦੀਆਂ ਕੀਤੀਆਂ ਹੋਈਆਂ ਨੂੰ ਕਰਤਾ ਜਾਣਨ ਲਗ ਪਿਆ ਹੈ। ਜਿਨ੍ਹਾਂ ਪਾਸੋਂ ਨਿਰਭੈ ਹੋਕੇ ਇਸ ਨੇ ਸੁਖ ਲੈਣੇ ਸਨ, ਉਹਨਾਂ ਤੋਂ ਡਰਦਾ ਤੇ ਭੈ ਧਾਰਦਾ ਹੈ। ਆਪਣੇ ਸਰੀਰ, ਅੰਗਾਂ, ਇੰਦ੍ਰੀਆਂ ਤੇ ਮਨ ਦਾ ਮਾਲਕ ਹੋਕੇ ਇਸ ਘਰ ਦੇ ਰਾਜ ਵਿਚ ਮਾਲਕੀ ਭੁਲਾਈ ਬੈਠਾ ਹੈ। ਇਸ ਸ੍ਰਿਸ਼ਟੀ ਵਿਚ ਹਰ ਬਲਵਾਨ ਸ਼ੈ ਤੋਂ ਭੈ ਖਾਂਦਾ ਹੈ ਤੇ ਹਰ ਮੋਹ ਲੈਣ ਵਾਲੀ ਸ਼ੈ ਦੇ ਮਗਰ ਲੋਭੀ ਹੋਇਆ ਨੱਠਾ ਫਿਰਦਾ ਹੈ, ਇਉਂ ਨਿਤਾਣਾ ਹੋ ਗਿਆ ਹੈ। ਜੇ ਇਹ ਕਰਤਾਰ ਨੂੰ ਪਛਾਣੇ, ਉਸ ਦੇ ਪਿਆਰ ਵਿਚ ਰਹੇ, ਤਦ ਉਸ ਦੀ ਓਟ ਦੇ ਰੰਗ ਵਿਚ ਬਲਵਾਨ ਹੋ ਕੇ ਸਾਰੀ ਧਰਤੀ ਪਰ ਆਪ ਨੂੰ ਸਰਦਾਰ ਪਛਾਣੇਗਾ। ਦੇਖੋ ਔਹ ਬ੍ਰਾਹਮਣ ਸੂਰਜ ਤੋਂ ਥਰ ਥਰ ਕੰਬ ਰਿਹਾ ਹੈ ਤੇ ਉਸ ਅੱਗੇ ਨੱਕ ਰਗੜ ਰਿਹਾ ਹੈ ਪਰ ਅਸਲ ਵਿਚ ਸੂਰਜ ਵਾਹਿਗੁਰੂ ਦੇ ਭੈ ਵਿਚ ਹੈ। ਜੇ ਅਸੀਂ ਦਿਲੋਂ ਮਨੋ ਵਾਹਿਗੁਰੂ ਦੀ ਚਰਨ ਸ਼ਰਨ ਵੱਸੀਏ ਤਾਂ ਸੂਰਜ ਦਾ ਭੈ ਕਿਉਂ ਮੰਨੀਏ। ਚਾਹੀਦਾ ਇਹ ਸੀ ਕਿ ਇਹ ਬ੍ਰਾਹਮਣ ਸੂਰਜ ਨੂੰ ਕਹੇ ਕਿ ਹੇ ਪ੍ਰਕਾਸ਼ ਪੁੰਜ! ਤੇਰੇ ਵਿਚ ਜੋ ਚਾਨਣਾ, ਨਿੱਘ ਤੇ ਦਮਨਿਕ (ਬਿਜਲੀ ਦੀ) ਸ਼ਕਤੀ ਹੈ, ਉਸ ਵਿਚੋਂ ਮੇਰੇ ਸਰੀਰ ਦੇ ਅੰਗਾਂ ਨੂੰ ਚਾਨਣਾ ਨਿੱਘ ਆਦਿ ਦੇਹ ਤਾਂ ਜੋ ਮੇਰਾ ਸਰੀਰ ਕੰਮ ਦੇਣ ਵਾਲਾ ਮੇਰਾ ਸੇਵਕ ਰਹੇ। ਸਤਿਗੁਰੂ ਜੀ ਦਾ ਆਪਣਾ ਫੁਰਮਾਨ ਹੈ :-

ਕਈ ਮੂੜ ਪਤ੍ਰ ਪੂਜਾ ਕਰੰਤ।
ਕਈ ਸਿਧ ਸਾਧ ਸੂਰਜ ਸਿਵੰਤ।

ਕਈ ਪਲਟ ਸੂਰਜ ਸਿਜਦਾ ਕਰਾਇ[1]।
ਪ੍ਰਭੁ ਏਕ ਰੂਪ ਦ੍ਵੈ ਕੈ ਲਖਾਇ।

ਸ੍ਰੀ ਗੁਰੂ ਜੀ ਟਾਬਰੇ ਪਹੁੰਚੇ, ਅਗੇ ਡੇਰੇ ਦਾ ਸਾਮਾਨ ਕੋਈ ਨਹੀਂ ਸੀ, ਪਰ ਸ੍ਰੀ ਗੁਰੂ ਜੀ ਨੇ ਦੱਸਿਆ ਸੀ ਕਿ ਸਾਡੇ ਵਾਸਤੇ ਸਭ ਸਾਮਾਨ ਕੁਦਰਤ ਅੱਗੇ ਤਿਆਰ ਕਰੇਗੀ। ਸਾਨੂੰ ਚਿੰਤਾ ਕਰਨ ਦੀ ਲੋੜ ਨਹੀਂ, ਸਾਡੇ ਲਈ ਮਾਲਕ ਨੂੰ ਹਰ ਵੇਲੇ ਚੇਤੇ ਕਰਨ ਦੀ ਲੋੜ ਹੈ[2]। ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

'ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ॥'

ਅਰਥਾਤ-ਤੁਸੀਂ ਚਿੰਤਾ ਨਾ ਕਰੋ, ਤੁਹਾਡੇ ਸਾਰੇ ਫਿਕਰ ਉਸ ਵਾਹਿਗੁਰੂ ਨੂੰ ਆਪ ਹਨ।

ਜਦ ਅਸੀਂ ਮਾਲਕ ਦੇ ਹੋ ਜਾਂਦੇ ਹਾਂ ਤਦ ਮਾਲਕ ਆਪੇ ਸਾਡਾ ਸਭ ਕੁਛ ਸੁਆਰਦਾ[3] ਹੈ। ਸੋਈਓ ਗੱਲ ਹੋਈ। ਜਦ ਟਾਬਰੇ ਪਹੁੰਚੇ ਤਦ ਕੀ ਡਿੱਠਾ ਕਿ ਉਤਾਰੇ ਲਈ ਮੈਦਾਨ ਸਾਫ ਸੀ। ਸੈਨਾ ਲਈ ਤੰਬੂ, ਲੰਗਰ,

---

੧. ਮੂੜ-ਮੂਰਖ। ਪਤ੍ਰ ਪੂਜਾ-ਪੱਤਰਾਂ ਨਾਲ ਪੂਜਾ। ਸਿਵੰਤ-ਸੇਂਵਦੇ ਭਾਵ ਪੂਜਾ ਕਰਦੇ ਹਨ। ਪਲਟ ਸੂਰਜ-ਸੂਰਜ ਦੇ ਉਲਟ ਭਾਵ ਪਛੌਂ ਵੱਲ ਕਈ ਮੱਥੇ ਟੇਕਦੇ ਹਨ।

੨. ਚਿੰਤਤ ਹੀ ਦੀਸੈ ਸਭ ਕੋਇ॥
ਚੇਤਹਿ ਏਕੁ ਤਹੀ ਸੁਖੁ ਹੋਇ॥ (ਦ: ਓ: ਮ: ੧-੨੩)

ਅਰਥਾਤ-ਸਭ ਕੋਈ (ਹਰ ਵੇਲੇ) ਚਿੰਤਾ ਕਰਦਾ ਵੇਖੀਦਾ ਹੈ, (ਪਰ ਸਭ ਕੋਈ ਅਨੇਕ ਤਰ੍ਹਾਂ ਦੀਆਂ ਚਿੰਤਾ ਵਿਚ ਹੈ: ਇਸ ਕਰਕੇ ਅਨੇਕਤਾ ਵਿਚ ਭਟਕਦਾ ਹੈ ਤੇ ਦੁਖੀ ਹੁੰਦਾ ਹੈ, ਹੁਣ ਜੇ ਕੋਈ) ਇਕ (ਵਾਹਿਗੁਰੂ) ਨੂੰ ਯਾਦ ਕਰੇ ਤਾਂ ਉਸ ਨੂੰ ਸੁਖ ਹੋ ਜਾਏਗਾ, (ਕਿਉਂਕਿ ਵਾਹਿਗੁਰੂ ਸਦਾ ਸੁਖ ਸਰੂਪ ਹੈ)।

੩. ਅਚਿੰਤ ਕੰਮ ਕਰਹਿ ਪ੍ਰਭ ਤਿਨਕੇ
ਜਿਨ ਹਰਿ ਕਾ ਨਾਮੁ ਪਿਆਰਾ (ਸੋਰਠ ਮ: ੩)

ਅਰਥਾਤ-ਜਿਹੜੇ ਵਾਹਿਗੁਰੂ ਜੀ ਦਾ ਨਾਮ ਜਪ ਕੇ, ਵਾਹਿਗੁਰੂ ਜੀ ਦੇ ਨਾਮ ਨਾਲ ਪਿਆਰ ਪਾ ਕੇ ਉਸ ਵਾਹਿਗੁਰੂ ਜੀ ਦੇ ਪਿਆਰੇ ਹੋ ਜਾਂਦੇ ਹਨ, ਉਨ੍ਹਾਂ ਦੇ ਕੰਮ ਬਗੈਰ ਉਨ੍ਹਾਂ ਪਿਆਰਿਆਂ ਦੇ ਚਿੰਤਾ ਕਰਨ ਦੇ ਉਹ ਆਪ ਕਰਦਾ ਹੈ।

ਘੋੜਿਆ ਲਈ ਘਾਸ ਤੇ ਹੋਰ ਸਭ ਕੁਝ ਤਿਆਰ ਸੀ। ਗੱਲ ਇਹ ਸੀ ਕਿ ਸਤਿਗੁਰੂ ਜੀ ਦੇ ਆਉਣ ਦੀ ਖ਼ਬਰ ਰਾਉ ਨੂੰ ਪਹਿਲੇ ਲਗ ਚੁਕੀ ਸੀ ਤੇ ਉਸ ਨੇ ਸਭ ਤਿਆਰੀ ਕਰਾ ਛੱਡੀ ਸੀ। ਸਤਿਗੁਰੂ ਜੀ ਆਏ ਤਾਂ ਰਾਉ ਨੇ ਦਰਸ਼ਨ ਕੀਤੇ, ਮੱਥਾ ਟੇਕਿਆ, ਤਲਵਾਰ ਚਰਨਾਂ ਵਿਚ ਪੇਸ਼ ਕੀਤੀ, ਭਾਵ ਅਦਬ ਤੇ ਪਿਆਰ ਨਾਲ ਅਗੇ ਧਰੀ। ਇਕ ਘੋੜੀ ਤੇ ਪੰਜ ਸੌ ਰੁਪੱਯਾ ਭੇਟਾ ਕੀਤਾ ਅਤੇ ਪਹਾੜੀ ਕੰਬਲ, ਜਿਨ੍ਹਾਂ ਨੂੰ ਗੁਦਮੇ ਆਖਦੇ ਹਨ, ਬਹੁਤ ਸਾਰੇ ਭੇਟਾ ਕੀਤੇ। ਸ੍ਰੀ ਗੁਰੂ ਜੀ ਨੇ ਇਕ ਪੇਸ਼-ਕਬਜ਼ ਰਾਉ ਨੂੰ ਬਖ਼ਸ਼ੀ ਤੇ ਵਰ ਦਿੱਤਾ ਕਿ ਜਦ ਤਕ ਇਸ ਦਾ ਸਤਿਕਾਰ ਕਰੋਗੇ ਧਰਮ ਅਰ ਪ੍ਰਤਾਪ ਬਣਿਆ ਰਹੇਗਾ। 'ਪੇਸ਼ ਕਬਜ਼' ਉਸ ਛੋਟੀ ਤਲਵਾਰ ਨੂੰ ਆਖਦੇ ਹਨ, ਜਿਸ ਦਾ ਕਬਜ਼ਾ ਭਾਵ ਮੁੱਠ, ਹੱਥ ਵਿਚ ਫੜਨ ਵਾਲਾ ਉਪਰਲਾ ਹਿੱਸਾ, ਸਾਹਮਣੇ ਲੱਕ ਵਾਲੀ ਪੇਟੀ ਵਿਚ ਹੋਵੇ। ਰਾਉ ਇਸ ਪੇਸ਼ ਕਬਜ਼ ਦਾ ਸਨਮਾਨ ਕਰਨ ਲਗ ਪਿਆ; ਜਿਸ ਨਾਲ ਕਿ ਪੇਸ਼ਕਬਜ਼ ਦੇ ਦੇਣਹਾਰ ਦਾਤਾ ਸ੍ਰੀ ਗੁਰੂ ਜੀ ਨਾਲ ਉਸ ਦਾ ਪਿਆਰ ਪੈ ਗਿਆ।

ਗਿਆਨੀ ਗਿਆਨ ਸਿੰਘ ਜੀ ਆਪਣੀ ਤਵਾਰੀਖ ਵਿਚ ਲਿਖਦੇ ਹਨ ਕਿ ਹੁਣ ਤੱਕ ਰਾਉ ਦੀ ਸੰਤਾਨ ਨੇ ਇਹ ਪੇਸ਼ਕਬਜ਼ ਸਤਿਕਾਰ ਨਾਲ ਰਖਿਆ ਹੋਇਆ ਹੈ।

ਲਉਢੇ ਪਹਿਰ ਸਤਿਗੁਰੂ ਅਚਾਨਕ ਉਤਾਵਲੇ ਹੋ ਕੇ ਟੁਰ ਪਏ, ਤਦ ਸਾਰੇ ਡੇਰੇ ਵਿਚ ਕੂਚ ਬੋਲ ਪਿਆ।

❖❖❖

## ੯੫. ਰਾਣੀ ਕਾ ਰਾਇ ਪੁਰ।

**ਪਾਉਂਟੇ** ਤੋਂ ਟੁਰਕੇ, ਜੋ ਕੱਚਾ ਰਾਹ ਕੀਰਤ ਪੁਰ ਜਾ ਪਹੁੰਚਦਾ ਹੈ, ਉਸ ਪਰ ਪੈਂਤੀ ਚਾਲੀ ਮੀਲ ਦੀ ਵਿੱਥ ਤੇ ਰਾਇਪੁਰ ਨਗਰ ਹੈ, ਜਿਸ ਨੂੰ ਹੁਣ ਵੀ 'ਰਾਣੀ ਕਾ ਰਾਇਪੁਰ' ਆਖਦੇ ਹਨ। ਇਹ ਰਾਇ ਪੁਰ ਕੋਟ ਟਾਬਰੇ ਤੋਂ ਤ੍ਰੈ ਚਾਰ ਮੀਲ ਕੁ ਦੱਸੀਦਾ ਹੈ।

ਇਥੇ ਇਕ ਰਾਣੀ ਰਾਜ ਕਰਦੀ ਸੀ ਤੇ ਇਸ ਦਾ ਪੁੱਤ੍ਰ ਟਿੱਕਾ ਸਾਹਿਬ* ਅਜੇ ਨਾਬਾਲਗ ਸੀ। ਨਾਬਾਲਗ ਉਸ ਨੂੰ ਕਹੀਦਾ ਹੈ ਜੋ ਅਜੇ ਜਵਾਨੀ ਨੂੰ ਨਾ ਪਹੁੰਚਿਆ ਹੋਵੇ। ਸਾਡੇ ਭਾਰਤ ਦੇ ਸਰਕਾਰੀ ਕਾਨੂੰਨ ਮੂਜਬ ੧੮ ਸਾਲ ਤੋਂ ਛੋਟਾ ਲੜਕਾ ਨਾਬਾਲਗ ਹੁੰਦਾ ਹੈ।

ਰਾਣੀ ਨੂੰ ਗੁਰੂ ਘਰ ਦੀ ਵਡਿਆਈ ਸਮਝ ਵਿਚ ਆ ਗਈ ਹੋਈ ਸੀ ਤੇ ਗੁਰੂ ਚਰਨਾਂ ਨਾਲ ਪ੍ਰੇਮ ਪੈ ਗਿਆ ਸੀ। ਉਹ ਮੁੱਦਤ ਤੋਂ ਦਰਸ਼ਨਾਂ ਨੂੰ ਤਰਸਦੀ ਸੀ। ਓਸ ਨੇ ਬੜੇ ਅਦਬ ਤੇ ਸਤਿਕਾਰ ਨਾਲ ਸਾਰੇ ਡੇਰੇ ਦਾ ਪ੍ਰਬੰਧ ਸ਼ਾਹੀ ਕਰ ਦਿੱਤਾ। ਗੁਰੂ ਜੀ ਨੂੰ ਪ੍ਰਸ਼ਾਦ ਛਕਾਇਆ ਕਿਲੇ ਵਿਚ, ਜੈਸਾ ਕਿ ਲਿਖਿਆ ਹੈ :-

"ਦਰਵਾਜੇ ਤੇ ਆਪ ਆਕੇ ਰਾਣੀ ਨੇ ਗੁਰੂ ਆਰਤੀ ਉਤਾਰੀ, ਗੁਰੂ ਜੀ ਨੂੰ ਚੰਨਣ ਚੌਕੀ ਉਤੇ ਬਿਠਾ, ਚਰਨ ਧੋ, ਪੁਤ੍ਰਾਂ ਸਮੇਤ ਚਰਨਾਂਮ੍ਰਿਤ ਲੀਤਾ ਤੇ ਗੁਰਮੁਖ ਹੋਏ। (ਚਰਨਾਂਮ੍ਰਿਤ ਦਾ ਅਰਥ ਹੈ ਗੁਰੂ ਜੀ ਦੇ ਪਵਿਤ੍ਰ ਚਰਨਾਂ ਦਾ ਅੰਮ੍ਰਿਤ, ਉਹ ਪਵਿਤ੍ਰ ਜਲ ਜਿਸ ਨਾਲ ਸ੍ਰੀ ਗੁਰੂ ਜੀ ਦੇ ਪਿਆਰੇ ਪਿਆਰੇ ਚਰਨ ਧੋਤੇ ਹੋਣ। ਦਸਮੇਂ ਪਾਤਸ਼ਾਹ ਜੀ ਦੇ ਖੰਡੇ ਦਾ ਅੰਮ੍ਰਿਤ ਛਕਾਉਣ ਤਕ ਗੁਰੂ ਘਰ ਵਿਚ ਚਰਨਾਂਮ੍ਰਿਤ ਲੈ ਕੇ ਹੀ ਲੋਕੀ ਸਿਖ ਬਣਦੇ ਹੁੰਦੇ ਸਨ। ਸਿਖ ਬਣਨਾ ਹੁੰਦਾ ਹੈ ਸਿਖੀ ਦੇ ਸਬਕ: ਗੁਰਬਾਣੀ ਪੜ੍ਹਨਾ, ਨਾਮ ਜਪਣਾ, ਸੇਵਾ, ਉਪਕਾਰ, ਦਾਨ ਆਦਿ ਚੰਗੇ ਕੰਮ ਕਰਨ ਲਗ ਪੈਣਾ ਤੇ ਗੁਰੂ ਜੀ ਦੇ ਹੁਕਮਾਂ ਤੇ ਚੱਲਣਾ। ਏਹ ਸਬਕ ਪਕਾਉਣ ਵਾਲੇ ਸਿਖ ਤੇ ਗੁਰੂ ਦੇ ਸਨਮੁਖ ਰਹਿਣ ਵਾਲੇ ਗੁਰਮੁਖ ਕਹੀਦੇ ਹਨ)।

"ਖਟਰਸ (=ਛੇ ਰਸਾਂ ਵਾਲੇ ਸੁਆਦੀ) ਭੋਜਨ ਸਭ ਨੂੰ ਛਕਾਏ, ਆਪ ਗੁਰੂ ਕਾ ਸੀਤ ਪ੍ਰਸਾਦ (ਸ੍ਰੀ ਗੁਰੂ ਜੀ ਦੇ ਆਪਣੇ ਥਾਲ ਵਿਚੋਂ ਦਿੱਤਾ ਪ੍ਰਸਾਦ) ਛਕਿਆ। ਬੜਾ ਚੰਗਾ ਇਕ ਘੋੜਾ ਯਾਰਾਂ ਸੌ ਰੁਪੱਯਾ ਗੁਰੂ ਕੀ

---

*ਰਾਜਾ ਯਾ ਵਡੇ ਧਰਮ ਆਗੂ ਦੇ ਸਪੁਤ੍ਰ ਨੂੰ, ਜਿਸ ਨੇ ਮਗਰੋਂ ਰਾਜ ਗੱਦੀ ਤੇ ਬਹਿਣਾ ਹੋਵੇ 'ਟਿਕਾ ਸਾਹਿਬ' ਕਹੀਦਾ ਹੈ।

ਨਜ਼ਰ (=ਭੇਟਾ) ਕੀਤਾ। ਦੋ ਦੋ ਰੁਪਏ ਸਾਰੀ ਸੰਗਤ ਨੂੰ ਦਿੱਤੇ। ਮਾਈਆਂ ਨੂੰ ਤੇਉਰ (ਤ੍ਰੈ ਕਪੜੇ, ਸੂਟ) ਅਰਪੇ (ਭੇਟਾ ਕੀਤੇ)। ਗੁਰੂ ਸਾਹਿਬ ਨੇ ਉਸ ਦੇ ਪੁੱਤ੍ਰ ਨੂੰ ਸਿਰੋਪਾਉ[1], ਇਕ ਢਾਲ, ਇਕ ਤਲਵਾਰ ਤੇ ਰਾਣੀ ਨੂੰ ਪੋਥੀ ਬਖਸ਼ੀ। ਬਚਨ ਕੀਤਾ : ਕੇਸ ਰਖੋ, ਜਗਤ ਜੂਠ (ਤਮਾਕੂ) ਤਜਾਗੋ, ਸ਼ਸਤ੍ਰ ਵਿਦਜਾ ਸਿਖੋ ਅਕਾਲਪੁਰਖ ਦੀ ਰਜ਼ਾ ਵਿਚ ਹਾਨ ਲਾਭ ਜੋ ਕੁਛ ਹੋਵੇ ਉਸ ਵਿਚ ਪ੍ਰਸੰਨ ਰਹੋ। ਇਹ ਉਪਦੇਸ਼ ਦ੍ਰਿੜਾ (ਪੱਕਾ ਕਰਾ) ਕਰ ਗੁਰੂ ਜੀ ਓਥੋਂ ਵਿਦਾ ਹੋਕੇ ਚਾਰ ਕੋਹ ਟੋਡੇ ਪਿੰਡ ਜਾ ਉਤਰੇ। ਲੋਕਾਂ ਨੇ ਯਥਾ ਯੋਗ (ਆਪਣੇ ਵਿਤ ਮੂਜਬ) ਸੇਵਾ ਕੀਤੀ। (ਵਿਤ ਕਹੀਦਾ ਹੈ ਭਈ ਜਿੰਨੀ ਆਪਣੀ ਕਦਰ ਹੋਵੇ, ਤਾਕਤ ਹੋਵੇ, ਜਿਤਨੀ ਗੁਰੂ ਕੀ ਬਖਸ਼ੀ ਮਾਇਆ ਤੇ ਪਦਾਰਥ ਹੋਣ ਉਸ ਵਿਚੋਂ ਆਪਣੇ ਲੋੜੀਂਦੇ ਖਰਚ ਚਲਾਕੇ ਤਾਕਤ ਅਨੁਸਾਰ ਕੁਛ ਹਿੱਸਾ ਦੇਣਾ। ਉਂਵ ਗੁਰੂ ਕੇ ਸਿਖਾਂ ਨੂੰ ਆਪਣੀ ਧਰਮ ਦੀ ਕਮਾਈ ਕਰਕੇ, ਉਸ ਕਮਾਈ ਦਾ ਦਸਵਾਂ ਹਿੱਸਾ ਗੁਰੂ ਜੀ ਨੂੰ ਭੇਟਾ ਕਰਨ ਯਾ ਜਿਨ੍ਹਾਂ ਭਲੇ ਕੰਮਾਂ ਉਤੇ ਗੁਰੂ ਜੀ ਖੁਸ਼ ਹੁੰਦੇ ਹਨ, ਖਰਚ ਕਰਨ ਦਾ ਹੁਕਮ ਹੈ)।

'ਉਧਰ ਰਾਣੀ ਤਾਂ ਗੁਰੂ ਕਾ ਖੰਡਾ, ਢਾਲਾ, ਪੁਸਤਕ ਪਲੰਘ ਤੇ ਰਖਕੇ ਹਮੇਸ਼ ਧੂਪ ਦੀਪ ਕਰਦੀ ਹੋਈ ਓੜਕ (=ਅਖੀਰ) ਸਬਦ ਦਾ ਅਭਜਾਸ ਕਰਕੇ ਸ਼ਬਦ ਰੂਪ ਹੋ ਗਈ। (ਭਾਵ ਨਾਮ ਜਪਦਿਆਂ ਜਪਦਿਆਂ ਉਸ ਦੀ ਨਾਮ ਵਿਚ ਐਸੀ ਲਿਵ ਲਗ ਗਈ ਕਿ ਮਾਨੋ ਉਹ ਸ਼ਬਦ ਦਾ ਰੂਪ ਹੀ ਹੋ ਗਈ) ਤੇ ਉਸਦੀ ਸੰਤਾਨ ਹੁਣ ਤਕ ਰਾਜੇ ਤੇ (ਸਤਿਗੁਰੂ ਜੀ ਦੀ ਬਖਸ਼ੇ ਸ਼ਸਤ੍ਰਾਂ ਦੀ) ਪੂਜਾ ਕਰਦੀ ਹੈ"[2]

---

੧. ਸਿਰੋਪਾਉ-ਸਿਰ ਤੋਂ ਪੈਰਾਂ ਤੱਕ ਦੀ ਪੋਸ਼ਾਕ ਜੋ ਗੁਰੂ ਜੀ ਖੁਸ਼ ਹੋਕੇ ਵਡਿਆਈ ਲਈ ਸਿਖਾਂ ਨੂੰ ਬਖਸ਼ਿਆ ਕਰਦੇ ਸਨ ਉਸ ਨੂੰ ਸਿਰੋਪਾਉ ਕਹਿੰਦੇ ਹਨ। ਹੁਣ ਬੀ ਗੁਰੂ ਦਰਬਾਰਾਂ ਤੋਂ ਜੋ ਕਪੜਾ ਬਖਸ਼ੀਸ਼ ਵਜੋਂ ਮਿਲਦਾ ਹੈ, ਉਸ ਨੂੰ ਸਿਰੋਪਾਉ ਹੀ ਕਹਿੰਦੇ ਹਨ।

੨. ਪਿਛੇ ਪੰਨਾ ੨੦੪ ਦੇ ਪਦ 'ਦਰਵਾਜੇ' ਤੋਂ ਲੈ ਕੇ ਇਥੋਂ ਤਕ ਦੀ ਇਬਾਰਤ ਖਾਲਸਾ ਤਾਰੀਖ ਦੀ ਹੈ। ਇਸ ਵਿਚ ਔਖੇ ਪਦਾਂ ਦੇ ਅਰਥ ਭਾਵ ਵਜਾਖਜਾ ਬੱਚਿਆਂ ਦੀ ਸਮਝ ਆ ਜਾਣ ਲਈ ਕੀਤੇ ਗਏ, ਹਨ ਜੋ ਬਰੈਕਟਾਂ ਵਿਚ ਹਨ।

ਇਹ ਵੀ ਕਿਹਾ ਜਾਂਦਾ ਹੈ ਕਿ ਰਾਣੀ ਦਾ ਰਾਜਾ ਜੀਊਂਦਾ ਸੀ। ਗੁਰੂ ਸਾਹਿਬ ਆਉਂਦੇ ਸੁਣਕੇ ਡਰਦਾ ਕਿਤੇ ਜਾ ਲੁਕਿਆ ਸੀ, ਪਰ ਰਾਣੀ ਨੇ ਗੁਰੂ ਜੀ ਦੀ ਆਓ ਭਗਤ ਸੱਚੇ ਸਿੱਖਾਂ ਵਾਂਗੂੰ ਕੀਤੀ। ਪਿਆਰ ਸਤਿਕਾਰ ਨਾਲ ਵਡਿਆਂ ਨੂੰ ਜੀ ਆਇਆਂ ਨਿੰਮ੍ਰਤਾ ਨਾਲ ਕਹਿਣ ਤੇ ਸੇਵਾ ਕਰਨ ਨੂੰ ਆਓ ਭਗਤ ਆਖੀਦਾ ਹੈ। ਸੇਵਾ ਕਰਕੇ ਗੁਰੂ ਜੀ ਤੋਂ ਰਾਣੀ ਨੇ ਵਰਦਾਨ ਲੀਤੇ। ਸ੍ਰੀ ਗੁਰੂ ਜੀ ਜਾਂ ਉੱਚੇ ਤੇ ਸੁੱਚੇ ਸੰਤਾਂ ਨੂੰ ਖੁਸ਼ ਕਰਕੇ ਜੋ ਅਸੀਸਾਂ ਲਈਦੀਆਂ ਹਨ ਉਨ੍ਹਾਂ ਨੂੰ 'ਵਰਦਾਨ ਲਏ' ਕਹੀਦਾ ਹੈ। ਇਸ ਨਗਰੀ ਨੂੰ ਰਾਣੀ ਦਾ ਰਾਇ ਪੁਰ ਆਖਦੇ ਹਨ, ਇਸ ਤੋਂ ਜਾਪਦਾ ਹੈ ਕਿ ਇਹ ਨਗਰੀ ਪ੍ਰਸਿੱਧ (ਮਸ਼ਹੂਰ) ਰਾਣੀ ਦੇ ਰਾਜ ਕਰਨ ਕਰਕੇ ਹੋਈ ਹੋਣੀ ਹੈ। ਇਸ ਰਾਣੀ ਦੇ ਪ੍ਰੇਮ ਦਾ ਪ੍ਰਸੰਗ 'ਕਲਗੀਧਰ ਚਮਤਕਾਰ' ਵਿਚ ਵਿਸਥਾਰ ਨਾਲ, ਭਾਵ ਖੋਲ੍ਹਕੇ ਵਧੇਰੇ ਹਾਲ ਵਾਲਾ ਛਪ ਚੁਕਾ ਹੈ।

❖❖❖

## ੮੬. ਗੁਰੂ ਆਣਾ, ਟੋਡਾ ਤੇ ਨਾਡਾ।

**ਰਾਣੀ** ਕੇ ਰਾਇਪੁਰ ਦੇ ਕਿਲ੍ਹੇ ਵਿਚੋਂ ਹੋਕੇ ਆਪ ਮਾਣਕ ਟਬਰੇ ਆਏ, ਜਿਥੇ ਕਿ ਆਪ ਦੀ ਸੈਨਾ ਦਾ ਡੇਰਾ ਲਗ ਰਿਹਾ ਸੀ। ਇਸ ਪਿੰਡ ਤੋਂ ਅੱਧ ਕੁ ਮੀਲ ਤੇ ਗੁਰਦੁਆਰਾ ਹੈ ਜਿਥੇ ਗੁਰੂ ਜੀ ਦਾ ਤੰਬੂ ਸੀ। ਇਸ ਗੁਰਧਾਮ ਨੂੰ ਗੁਰੂ-ਆਣਾ ਆਖਦੇ ਹਨ। ਗੁਰੂ ਜੀ ਜਿਥੇ ਟਿਕੇ ਯਾ ਠਹਿਰੇ ਹੋਣ ਜਾਂ ਗੁਰੂ ਜੀ ਦੇ ਘਰ, ਗੁਰਦੁਆਰੇ ਨੂੰ 'ਗੁਰੂ ਧਾਮ' ਆਖੀਦਾ ਹੈ। ਗੁਰੂ-ਆਣਾ, ਜੋ ਗੁਰੂ ਜੀ ਦੇ ਆਉਣ ਕਰਕੇ ਪਵਿਤ੍ਰ ਤੇ ਪੂਜਾ ਜੋਗ ਹੋਇਆ।

ਮਾਣਕ ਟਬਰੇ ਤੋਂ ਟੁਰਕੇ ਸਤਿਗੁਰੂ ਜੀ 'ਟੋਡੇ' ਜਾ ਠਹਿਰੇ। ਇਹ ਥਾਂ ਮਾਣਕ ਟਬਰੇ ਤੋਂ ਚਾਰ ਕੁ ਕੋਹ ਤੇ ਦੱਸੀਦੀ ਹੈ। ਇਥੋਂ ਦੇ ਲੋਕਾਂ ਨੇ ਬਹੁਤ ਖਾਤਰ ਕੀਤੀ। ਖਿਆਲ ਹੈ ਕਿ ਜਦੋਂ ਆਪ ਜੀ ਆਨੰਦਪੁਰ ਤੋਂ ਪਾਉਂਟੇ ਗਏ ਸਨ ਤਦੋਂ ਬੀ ਏਥੇ ਠਹਿਰੇ ਸਨ, ਪਰ ਇਸ ਥਾਵੇਂ ਯਾਦਗਾਰੀ ਗੁਰਦੁਆਰਾ ਕੋਈ ਨਹੀਂ ਹੈ। ਏਥੇ ਆਪ ਇਕ ਰਾਤ ਠਹਿਰੇ ਸਨ ਤੇ ਇਕ ਤਪੀਏ ਦਾ ਉਧਾਰ ਕੀਤਾ ਸੀ।

ਅਗਲੇ ਦਿਨ ਸਵੇਰੇ ਏਥੋਂ ਕੂਚ ਕੀਤਾ ਤੇ 'ਨਾਡੇ' ਜਾ ਠਹਿਰੇ। ਇਹ ਥਾਂ ਓਥੋਂ ਛੇ ਕੁ ਕੋਹ ਤੇ ਦੱਸੀਦੀ ਹੈ। ਏਥੇ ਗੁਰਦੁਆਰਾ ਨਹੀਂ, ਪਰ ਮੰਜੀ ਸਾਹਿਬ ਯਾਦਗਾਰੀ ਨਿਸ਼ਾਨ ਮੌਜੂਦ ਹੈ। ਕਿਸੇ ਹੋਈ ਵਡੀ ਗੱਲ ਨੂੰ ਯਾਦ ਰੱਖਣ ਲਈ ਨਿਸ਼ਾਨੀ ਮਾਤ੍ਰ ਜੋ ਥਾਂ ਆਦਿ ਬਣਾਇਆ ਜਾਵੇ, ਉਸ ਨੂੰ 'ਯਾਦਗਾਰੀ ਨਿਸ਼ਾਨ' ਆਖੀਦਾ ਹੈ। ਇਹ ਥਾਂ ਚਾਂਦੀ ਗੜ ਸਟੇਸ਼ਨ ਤੋਂ ਤ੍ਰੈ ਕੁ ਕੋਹ ਉਰੇ ਦੱਖਣ ਨੂੰ ਹੈ। ਇਥੇ ਅੱਗੇ ਸੰਗਤਾਂ ਤੇ ਇਲਾਕੇ ਦੇ ਸਿਰਕਰਦੇ (ਵਡੇ ਲੋਕ) ਹਾਜ਼ਰ ਸਨ। ਲੰਗਰ ਤਿਆਰ ਸੀ। ਗੁਰੂ ਜੀ ਤੇ ਸਾਰੇ ਨਾਲ ਦੇ ਸਾਥੀਆਂ ਨੇ ਦੁਪਹਿਰੇ ਪ੍ਰਸ਼ਾਦ ਛਕਕੇ ਆਰਾਮ ਕੀਤਾ, ਫੇਰ ਦਿਨ ਢਲੇ ਅਗੇ ਤੁਰ ਪਏ।

❖❖❖

## ੮੭. ਢਕੌਲੀ।

**ਇਕ** ਥਾਂ, ਜੋ ਢਕੌਲੀ ਪਿੰਡ ਤੋਂ ਨੇੜੇ ਹੈ; ਸਤਿਗੁਰ ਨੇ ਪੁੱਜਕੇ ਜਾ ਡੇਰਾ ਕੀਤਾ। ਰਾਤ ਏਥੇ ਆਰਾਮ ਕੀਤਾ। ਇਹ ਥਾਂ ਪਿਛਲੇ ਪੜਾ (ਰਾਤ ਰਹਿਣ ਵਾਲੇ ਥਾਂ) ਨਾਡੇ ਤੋਂ ਚਾਰ ਕੁ ਕੋਹ ਦੀ ਵਿੱਥ ਤੇ ਹੈ। ਸੰਗਤਾਂ ਅਗੇ ਬਹੁਤ ਆਈਆਂ ਹੋਈਆਂ ਸਨ ਤੇ ਉਹਨਾਂ ਨੇ ਉਤਾਰੇ ਦਾ ਸਾਮਾਨ ਕੀਤਾ ਹੋਇਆ ਸੀ। ਘਾਹ ਪੱਠੇ ਹਾਜ਼ਰ ਸਨ, ਲੰਗਰ ਤਿਆਰ ਸਨ, ਬੜੀ ਸ਼ਰਧਾ ਤੇ ਪ੍ਰੇਮ ਨਾਲ ਸੰਗਤਾਂ ਨੇ ਸੇਵਾ ਕੀਤੀ। ਰਾਤ ਸੁਖਾਂ ਨਾਲ ਆਰਾਮ ਹੋਏ। ਅਗਲੀ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਦੀਵਾਨ ਸਜੇ। ਕੀਰਤਨ, ਕਥਾ, ਸਤਿਗੁਰ ਜੀ ਦੇ ਸੁੰਦਰ ਬਚਨ ਹੋਏ। ਭੋਗ ਪੈਣ ਮਗਰੋਂ ਸੰਗਤ ਨੇ ਕੁਛ ਜਲ ਦੀ ਲੋੜ ਦੱਸੀ। ਸਾਹਿਬ ਸੁਣਕੇ ਬੋਲੇ : ਭਾਈ ਗੁਰੂ ਨਾਨਕ ਦਾ ਘਰ ਵਡਾ ਦਾਤਾ ਘਰ ਹੈ। ਇਹ ਤਾਂ ਦੁੱਧ ਦਹੀਂ ਘਿਉ ਦੇਣ ਨੂੰ ਸਮਰੱਥ ਹੈ, ਭਾਵ ਦੇ ਸਕਦਾ ਹੈ। ਪਾਣੀ ਦੀ ਕਿਹੜੀ ਗੱਲ ਹੈ। ਸਮਰੱਥ ਕਹੀਦਾ ਹੈ ਜਿਸ ਵਿਚ ਦੇਣ ਦੀ ਕਦਰ ਤੇ ਤਾਕਤ ਦੋਵੇਂ ਹੋਣ।

ਇਹ ਬਚਨ ਆਖਕੇ ਆਪ ਸ੍ਰੀ ਗੁਰੂ ਜੀ ਉਠੇ ਤੇ ਆਪਣੇ ਡੇਰੇ ਵਾਲੇ ਥਾਂ ਤੇ ਇਧਰ ਉਧਰ ਚਿਹਲ-ਕਦਮੀ ਵਾਂਙੂ ਸਹਿਜੇ ਸਹਿਜੇ ਘੁੰਮਦੇ ਰਹੇ. ਨਾਲ ਨਾਲ ਸੰਗਤ ਘੁੰਮਦੀ ਰਹੀ। ਹੌਲੇ ਹੌਲੇ ਸੁਖ ਦੀ ਪ੍ਰਤੀਤੀ ਲਈ ਜੋ ਟੁਰਿਆ ਜਾਵੇ, ਉਸ ਨੂੰ ਟਹਿਲਣਾ ਜਾਂ ਚਿਹਲ-ਕਦਮੀ ਕਰਨੀ ਆਖਦੇ ਹਨ।

ਇਕ ਥਾਂ ਗੁਰੂ ਜੀ ਅਚਾਨਕ ਠਹਿਰ ਗਏ ਤੇ ਹੱਥ ਵਿਚ ਜੋ ਬਰਛਾ ਸੀ, ਉਹ ਜ਼ਿਮੀਂ ਵਿਚ ਜ਼ੋਰ ਨਾਲ ਗੱਡ ਦਿੱਤਾ, ਜਿਥੋਂ ਜਲ ਨਿਕਲ ਪਿਆ। ਸੰਗਤਾਂ ਵੇਖਕੇ ਅਚਰਜ ਰਹਿ ਗਈਆਂ। 'ਧਨ ਗੁਰੂ' 'ਧੰਨ ਗੁਰੂ' ਦੀ ਮਿੱਠੀ ਤੇ ਸ਼ੁਕਰ ਭਰੀ ਧੁਨੀ ਸਭ ਦੇ ਸੀਨਿਆਂ ਤੋਂ ਨਿਕਲੀ। ਫਿਰ ਸਾਹਿਬਾਂ ਨੇ ਕੁਛ ਮਾਇਆ ਪੱਕੀ ਬਾਵਲੀ ਬਨਾਉਣ ਲਈ ਦਿੱਤੀ। ਬਾਵਲੀ ਉਸ ਵੱਡੇ ਖੂਹ ਨੂੰ ਕਹਿੰਦੇ ਹਨ ਜਿਸ ਦੇ ਵਿਚ ਜਲ ਤੀਕ ਪਾਉੜੀਆਂ ਬਣੀਆਂ ਹੋਣ। ਇਥੇ ਭਾਵ ਇਹ ਸੀ ਕਿ ਇਥੋਂ ਦੇ ਵਾਸੀ ਕੁਛ ਥਾਂ ਪੁੱਟਕੇ ਪੱਕੀਆਂ ਇੱਟਾਂ ਨਾਲ ਜਲ ਦਾ ਖੁਲ੍ਹਾ ਟਿਕਾਣਾ ਤੇ ਜਲ ਤੀਕ ਪੁੱਜਣ ਲਈ ਪਉੜੀਆਂ ਬਣਾ ਲੈਣ।

ਇਥੇ ਹੁਣ ਇਕ ਨਿੱਕਾ ਜਿਹਾ ਤਲਾਉ ਬਣਿਆ ਹੋਇਆ ਹੈ, ਜਿਸ ਵਿਚ ਉਮਾਹੂ ਜਲ (=ਆਪਣੇ ਆਪ ਜ਼ਿਮੀਂ ਚੋਂ ਨਿਕਲਣ ਵਾਲਾ ਜਲ) ਮਲਕੜੇ ਅਰਥਾਤ ਬੇ-ਮਲੂਮੇ, ਹੌਲੀ ਹੌਲੀ ਆਉਂਦਾ ਰਹਿੰਦਾ ਹੈ ਤੇ ਇਕ ਪਾਸਿਓਂ ਸਹਿਜੇ ਨਿਕਲਦਾ ਰਹਿੰਦਾ ਹੈ। ਕਿਨਾਰੇ ਤੇ ਸੁਹਣਾ ਜਿਹਾ ਗੁਰਦੁਆਰਾ ਹੈ। ਇਹ ਟਿਕਾਣਾ ਓਥੇ ਕੁ ਹੈ, ਜਿਥੇ ਕਾਲਕਾ ਤੋਂ ਆਉਂਦੀ ਪੱਕੀ ਸੜਕ ਤੋਂ ਫਟਕੇ, ਵੱਖ ਨਿਕਲਕੇ, ਰਾਜਪੁਰੇ ਨੂੰ ਜਾਂਦੀ ਹੈ। ਸੜਕ ਦੇ ਇਸ ਸੰਗਮ ਟਿਕਾਣੇ ਤੋਂ ਰਾਜਪੁਰੇ ਵਾਲੀ ਸੜਕ ਤੇ ਕੋਈ ਦੋ ਕੁ ਫਰਲਾਂਗ ਅੰਦਰ ਜਾਕੇ ਇਹ ਸੁੰਦਰ ਚਸ਼ਮਾਂ ਤੇ ਗੁਰਦੁਆਰਾ ਹੈ। ਸੰਗਮ ਟਿਕਾਣਾ ਓਹ ਕਹੀਦਾ ਹੈ ਜਿਥੇ ਦੋ ਜਾਂ ਵਧੀਕ ਸੜਕਾਂ ਮਿਲਦੀਆਂ ਹੋਣ, (=ਮਿਲਨ ਦੀ ਥਾਂ), ਜਿਥੇ ਦੋ ਜਾਂ ਵਧੀਕ ਦਰਯਾ ਮਿਲਣ ਉਸ ਥਾਂ ਨੂੰ ਦਰਯਾਵਾਂ ਦਾ ਸੰਗਮ ਕਹੀਦਾ ਹੈ। ਇਹ ਪਵਿੱਤਰ

ਗੁਰਧਾਮ ਕਲਸੀਆ ਰਾਜ ਵਿਚ ਹੈਸੀ ਤੇ ਘੱਗਰ ਸਟੇਸ਼ਨ ਤੋਂ ਦੋ ਕੁ ਮੀਲ ਦੀ ਵਿੱਥ ਤੇ ਹੈ।

❖❖❖

## ੮੮. ਨਾਭਾ।

**ਦੁਪਹਿਰ** ਢਲੀ ਤੇ ਢਕੌਲੀ ਤੋਂ ਕੂਚ ਹੋ ਗਈ। ਢਕੌਲੀ ਤੋਂ ਚੱਲਕੇ ਡੇਢ ਕੁ ਕੋਹ ਪੰਧ ਕਰਕੇ ਇਕ ਗਿਰਾਂ ਪਹੁੰਚੇ, ਜਿਸ ਦਾ ਨਾਮ 'ਨਾਭਾ' ਹੈ। ਇਹ ਨਾਭਾ ਇਕ ਗਿਰਾਂ ਹੈ ਜੋ ਇਸ ਪਾਸੇ ਕੀਰਤਪੁਰ ਦੇ ਰਸਤੇ ਵਿਚ ਹੈ, ਨਾਭਾ ਰਿਆਸਤ ਵਾਲਾ ਪ੍ਰਸਿੱਧ ਨਾਭਾ ਨਹੀਂ। ਏਥੇ ਸੰਗਤ ਅੱਗੇ ਉਡੀਕ ਰਹੀ ਸੀ। ਸੰਗਤ ਨੇ ਬਹੁਤ ਖਾਤਰ ਕੀਤੀ ਤੇ ਪ੍ਰੇਮ ਨਾਲ ਸਾਹਿਬਾਂ ਨੂੰ ਏਥੇ ਠਹਿਰਾਇਆ। ਰਾਤ ਰਹੇ ਤੇ ਸਵੇਰੇ ਕੂਚ ਕੀਤੀ। ਪਿੰਡ ਨਾਭਾ ਤੋਂ ਦੱਖਣ ਰੁਖ ਨੂੰ ਨੇੜੇ ਹੀ ਗੁਰੂ ਜੀ ਦਾ ਯਾਦਗਾਰੀ ਗੁਰਦੁਆਰਾ ਬਣਿਆ ਹੋਇਆ ਹੈ। ਏਥੇ ਇਸ ਨੂੰ 'ਚੋਆ ਸਾਹਿਬ' ਆਖਦੇ ਹਨ। ਇਹ ਗੁਰਦੁਆਰਾ ਰਾਜ ਪਟਿਆਲਾ ਵਿਚ ਹੈ ਤੇ ਸਟੇਸ਼ਨ ਤੋਂ ਡੇਢ ਕੋਹ ਪੱਛੋਂ ਵਲ ਨੂੰ ਹੈ। ਦੱਸੀਦਾ ਹੈ ਕਿ ਨੌਵੇਂ ਸਤਿਗੁਰਾਂ ਦਾ ਸੀਸ ਦਿੱਲੀ ਤੋਂ ਆਨੰਦਪੁਰ ਲੈ ਜਾਣ ਵਾਲਾ ਸਿਖ ਇਥੇ ਬੀ ਸਾਹ ਕੱਢਣ ਲਈ ਠਹਿਰਿਆ ਸੀ।

ਨਾਭੇ ਤੋਂ ਅੱਗੇ ਕੋਟਲੇ ਤਾਈਂ ਕਿਸੇ ਥਾਂ, ਜਿੱਥੇ ਕਿ ਆਪ ਠਹਿਰੇ ਹੋਣ, ਐਸਾ ਟਿਕਾਣਾ ਅਜੇ ਨਹੀਂ ਲੱਭਾ। ਰਸਤੇ ਵਿਚ ਖਿਜ਼ਰਾਵਾਦ ਵੀ ਪੈਂਦਾ ਹੈ। ਨਾਭੇ ਤੋਂ ਰੋਪੜ ਤਕ ਪੰਦਰਾਂ ਸੋਲਾਂ ਮੀਲ ਲਗਪਗ ਹੈ, ਸੋ ਕਿਸੇ ਥਾਂ ਟਿਕੇ ਜ਼ਰੂਰ ਹੋਣਗੇ। ਇਉਂ ਕਈ ਥਾਂ ਖੜੀਆਂ ਸੰਗਤਾਂ ਨੂੰ ਦਰਸ਼ਨ ਦੇਂਦੇ, ਉਪਦੇਸ਼ ਕਰਦੇ, ਕਿਤੇ ਕੁਛ ਕਾਲ ਠਹਿਰਦੇ, ਡੇਰਾ ਕਰਦੇ, ਖਿਜ਼ਰਾਵਾਦ ਉਲੰਘਕੇ ਰੋਪੜ ਦੇ ਲਾਗੇ ਜਾ ਪਹੁੰਚੇ। ਇਸ ਤੋਂ ਪੂਰਬਲੇ ਪਾਸੇ ਦੋ ਕੁ ਮੀਲ ਤੇ ਕੋਟਲਾ ਪਿੰਡ ਹੈ ਜਿਥੇ ਦੋ ਗੁਰਦੁਆਰੇ ਬੀ ਹੁਣ ਤਕ ਹੈਨ। ਏਥੋਂ ਪਠਾਣ ਸਰਦਾਰ ਅੱਗੋਂ ਆ ਮਿਲੇ ਤੇ ਬਹੁਤ ਸਤਿਕਾਰ ਕਰਕੇ ਆਪ ਨੂੰ ਕੋਟਲੇ ਲੈ ਗਏ ਤੇ ਚੰਗੀ ਖ਼ਾਤਰ ਕੀਤੀ ਅਤੇ ਨਜ਼ਰਾਂ ਭੇਟ ਕੀਤੀਆਂ। ਗੁਰੂ ਜੀ ਨੇ ਤੁਰਨ ਲਗਿਆਂ ਉਹਨਾਂ ਨੂੰ ਇਕ ਕਟਾਰ

ਤੇ ਢਾਲ ਬਖਸ਼ੀ। ਇਥੇ ਗੁਰੂ ਸਿਖੀ ਦਾ ਉਪਦੇਸ਼ ਦੇਂਦੇ ਆਪ ਜੀ ਅੱਗੇ ਨੂੰ ਟੁਰ ਪਏ ਤੇ ਘਨੌਲੇ ਅੱਪੜੇ। ਏਥੇ ਬੀ ਗੁਰਦੁਆਰਾ ਯਾਦਗਾਰੀ ਹੈ। ਇਹ ਬੀ ਖਿਆਲ ਹੈ ਕਿ ਏਥੇ ਜਾਂਦੀ ਵੇਰੀ ਬੀ ਠਹਿਰੇ ਸਨ। ਪਰ ਅਚਰਜ ਨਹੀਂ ਕਿ ਆਉਂਦੀ ਵੇਰੀ ਬੀ ਠਹਿਰੇ ਹੋਣ, ਕਿਉਂਕਿ ਗਿਆਨੀ ਗਿਆਨ ਸਿੰਘ ਜੀ ਆਉਂਦੀ ਵੇਰੀ ਏਥੇ ਠਹਿਰਨਾ ਦੱਸਦੇ ਹਨ। ਇਥੋਂ ਫੇਰ ਗਿਆਨੀ ਜੀ ਲਿਖਦੇ ਹਨ ਕਿ ਬੰਗੇ ਪਿੰਡ ਹੁੰਦੇ ਹੋਏ ਕੀਰਤਪੁਰ ਜਾ ਅੱਪੜੇ। ਘਨੌਲੀ ਤੋਂ ਕੀਰਤ ਪੁਰ ਦਸ ਗਿਆਰਾਂ ਮੀਲ ਹੈ। ਰਸਤੇ ਵਿਚ ਸੰਗਤਾਂ ਦੀਆਂ ਵਹੀਰਾਂ ਦਰਸ਼ਨਾਂ ਲਈ ਖੜੀਆਂ ਥਾਂ ਥਾਂ ਮਿਲਦੀਆਂ ਸਨ, ਜਿਵੇਂ ਕਿ ਪਾਉਂਟੇ ਤੋਂ ਲੈਕੇ ਸਾਰੇ ਰਾਹ ਹੁੰਦੀ ਆਈ ਸੀ। ਗਿਆਨੀ ਜੀ ਲਿਖਦੇ ਹਨ :-

"ਪਾਉਂਟੇ ਤੋਂ ਕੀਰਤਪੁਰ ਤਕ ਰਾਹ ਵਿਚ ਆਉਂਦੇ ਹੋਏ ਸਤਿਗੁਰਾਂ ਦੀ ਮਹਿਮਾ ਸੁਣ ਸੁਣ ਕੇ ਲਾਂਭੇ ਦੇ ਪਿੰਡਾਂ ਵਾਲੇ ਲੋਕ ਦਰਸ਼ਨ ਲਈ ਰਸਤੇ ਉਤੇ ਆਕੇ ਖੜੇ ਹੁੰਦੇ ਗਏ ਤੇ ਦੁੱਧ, ਦਹੀਂ, ਘਿਉ, ਗੁੜ, ਸ਼ੱਕਰ, ਅੰਨ, ਬਸਤ੍ਰ ਆਦਿਕ ਵਸਤੂ ਅਰਪਣ ਕਰਦੇ ਤੇ ਦਰਸ਼ਨ ਕਰਕੇ ਮਨੋ-ਕਾਮਨਾ (ਮਨ ਦੀ ਮੁਰਾਦਾਂ) ਪਾਉਂਦੇ ਰਹੇ ਅਤੇ ਗੁਰੂ ਜੀ ਭੀ ਸਭ ਨੂੰ ਇਹ ਉਪਦੇਸ਼ ਦ੍ਰਿੜਾਉਂਦੇ (ਪੱਕਾ ਕਰਦੇ) ਆਏ ਕਿ ਅਕਾਲ ਪੁਰਖ ਦੇ ਭਾਣੇ ਵਿਚ ਪ੍ਰਸੰਨ ਰਹਿਣਾ, ਆਪਣੀ ਕਿਰਤ ਕਰ ਖਾਣੀ, ਵੰਡ ਛਕਣਾਂ, ਗੁਰ ਮੰਤ੍ਰ ਦਾ ਜਾਪ ਕਰਦੇ ਰਹਿਣਾ, ਮੜੀ, ਮਸਾਣੀ, ਗੋਰ, ਮਠ, ਨਾਮਧ੍ਰੀਕ ਦੇਵੀ, ਦੇਵਤਾ, ਮੋਏ ਹੋਏ ਪਿਤ੍ਰਾਂ, ਗ੍ਰਹਿ ਆਦਿਕਾਂ ਦੀ ਕਲਪਨਾ ਜੋ ਵਿਪ੍ਰਾਂ (ਬ੍ਰਾਹਮਣਾਂ) ਨੇ ਆਪਣੇ ਗੁਜ਼ਾਰੇ ਲਈ, ਲੋਕਾਂ ਨੂੰ ਭਟਕਾਉਣ ਦੇ ਢਕਵੰਜ ਪੋਥੀਆਂ ਵਿਚ ਲਿਖ ਰੱਖੇ ਹਨ, ਇਨ੍ਹਾਂ ਉਤੇ ਇਤਬਾਰ ਨਹੀਂ ਕਰਨਾ। ਪਰਮੇਸ਼੍ਰ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤਾ ਨੂੰ ਮੰਨਣ ਕਰਕੇ ਜੀਵ ਬਿਭਚਾਰੀ, (ਆਪਣੇ ਪੂਜ ਇਸ਼ਟ ਨੂੰ ਛੱਡਕੇ ਹਰ ਨੂੰ ਪੂਜਣ ਵਾਲਾ) ਹੋਕੇ ਧਰਮਹੀਨ ਹੋ ਜਾਂਦਾ ਹੈ, ਆਪਣਾ ਧਰਮ ਲੋਕ ਪ੍ਰਲੋਕ ਵਿਚ ਕਲਜਾਣ ਕਾਰੀ (ਮੁਕਤੀ ਦੇਣ ਹਾਰਾ) ਤੇ ਦੂਜੇ ਦਾ ਧਰਮ ਕਰਮ ਭੈ ਕਾਰੀ (ਦੁਖਦਾਈ) ਹੁੰਦਾ ਹੈ।

❖❖❖

# ੮੯. ਕੀਰਤ ਪੁਰ।

**ਹੁਣ** ਕੀਰਤਪੁਰ ਪਹੁੰਚੇ। ਇਹ ਟਿਕਾਣਾ ਆਪ ਦੇ ਵਡਿਆਂ ਦਾ ਵਸਾਇਆ ਹੋਇਆ ਸੀ*, ਪਰ ਨਾਲ ਸੂਰਮੇ ਤੇ ਹੋਰ ਸਜਣ ਵਧੇਰੇ ਹੋ ਜਾਣ ਕਰਕੇ ਡੇਰਾ ਬਾਹਰ ਲਗਿਆ। ਜਦੋਂ ਡੇਰਾ ਲਗ ਗਿਆ ਤਾਂ ਆਪ ਜੀ ਨੇ ਹੁਕਮ ਦਿਤਾ ਕਿ ਕੜਾਹ ਪ੍ਰਸ਼ਾਦ ਖੁੱਲ੍ਹਾ ਤਿਆਰ ਹੋਵੇ।

ਇਸ ਵੇਲੇ ਅਗੋਂ ਲੈਣੇ ਨੂੰ ਸੰਗਤਾਂ ਤੇ ਆਪਣੇ ਸੰਬੰਧੀ ਚੋਖੇ ਆਏ ਹੋਏ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦੋਏ ਪੋਤਰੇ ਗੁਲਾਬ ਸਿੰਘ ਸਜਾਮ ਸਿੰਘ ਸ੍ਵਾਗਤ ਕਰਨ ਲਈ ਅਗੋਂ ਆ ਮਿਲੇ ਸੇ। ਹੋਰ ਪਰਿਵਾਰ ਦੇ ਸਜਣ ਤੇ ਸ਼ਹਿਰ ਦੇ ਲੋਕ ਹਾਜ਼ਰ ਹੋਏ ਹੋਏ ਸਨ। ਸੋ ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੇਹੁਰੇ ਸਾਰੀ ਸੰਗਤ ਸਮੇਤ ਗਏ। ਓਥੇ ਸਮਾਧੀ ਲਾਕੇ ਆਪਣੇ ਪਿਤਾਮਾ ਦਾ ਧਿਆਨ ਕੀਤਾ। ਐਉਂ ਆਤਮ ਮੇਲ ਕਰਕੇ ਉਹਨਾਂ ਦੇ ਪਿਆਰ ਵਿਚ ਉਠੇ ਤੇ ਅਰਦਾਸਾ ਕਰਕੇ ਫੇਰ ਕੜਾਹ ਪ੍ਰਸ਼ਾਦ ਵਰਤਿਆ। ਸਭ ਸੰਗਤ ਨਿਹਾਲ ਹੋਈ। ਅੱਜ ਦੀ ਰਾਤ ਆਪ ਕੀਰਤਪੁਰ ਰਹੇ। ਸਾਰੇ ਪਰਿਵਾਰ ਤੇ ਸੰਗਤਾਂ ਪ੍ਰਸੰਨ ਹੋਈਆਂ।

ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਦੀਵਾਨ ਸਜਿਆ। ਆਸਾ ਦੀ ਵਾਰ ਦਾ ਭੋਗ ਪਿਆ। ਫੇਰ ਖੁੱਲੇ ਗੱਫੇ ਕੜਾਹ ਪ੍ਰਸ਼ਾਦ ਦੇ ਵਰਤੇ। ਇਸ ਮਗਰੋਂ ਅਜੇ ਸਵੇਰਾ ਹੀ ਸੀ ਕਿ ਕੂਚ ਦਾ ਨਗਾਰਾ ਵਜ ਗਿਆ ਤੇ ਸ੍ਰੀ ਗੁਰੂ ਜੀ ਹੁਣ ਪ੍ਰਸਾਦੀ ਹਾਥੀ ਤੇ ਸਵਾਰ ਹੋ ਗਏ।

---

*੧੬੮੩ ਦੇ ਲਗ ਪਗ ਕਾਹਿਲੂਰ ਦੇ ਰਾਜਾ ਤੋਂ ਜ਼ਿਮੀਂ ਖਰੀਦ ਕੇ ਛੇਵੇਂ ਸਤਿਗੁਰਾਂ ਨੇ ਇਹ ਥਾਂ ਆਬਾਦ ਕੀਤਾ ਤੇ ਆਪ ਆ ਰਹੇ ਸਨ। ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਇਥੇ ਹੀ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਏਥੇ ਸਾਈਂ ਬੁਢਣ ਸ਼ਾਹ ਦੀ ਕੁਟੀਆ ਸੀ। ਗੁਰੂ ਜੀ ਦਾ ਉਹ ਪ੍ਰੇਮੀ ਹੋ ਗਿਆ ਸੀ। ਗੁਰੂ ਜੀ ਉਸ ਨੂੰ ਵਰ ਦੇ ਗਏ ਸੇ।

ਨਾਲ ਅਗੇ ਪਿਛੇ ਸਾਰੇ ਸੂਰਮੇ ਘੋੜਿਆਂ ਤੇ ਚੜ੍ਹ ਤੁਰੇ। ਆਨੰਦਪੁਰ ਮਾਮਾ ਕ੍ਰਿਪਾਲ ਜੀ ਦਲ ਸਣੇ ਪਹਿਲੇ ਪਹੁੰਚ ਚੁਕੇ ਹੋਏ ਸਨ। ਇਧਰੋਂ ਆਗਿਆ ਚਲੀ ਗਈ ਸੀ ਕਿ ਨੌਵੇਂ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦੇਹੁਰੇ ਕੜਾਹ ਪ੍ਰਸ਼ਾਦ ਦੀ ਖੁਲੀ ਦੇਗ ਤਿਆਰ ਰਹੇ ਤੇ ਸਾਡੇ ਪਹੁੰਚਣ ਤੋਂ ਪਹਿਲੇ ਤਿਆਰ ਰਹੇ। ਆਪ ਜੀ ਹੌਲੀ ਹੌਲੀ ਚਲਦੇ ਚਲਦੇ ਆਨੰਦਪੁਰ ਦੀਆਂ ਜੂਹਾਂ (ਹੱਦਾਂ) ਵਿਚ ਜਾ ਅੱਪੜੇ ਸੇ।

❖❖❖

## ੯੦. ਆਨੰਦਪੁਰ।

ਕਹਿਲੂਰ ਮਹਿਂ ਬਾਂਧਿਓ ਆਨ ਅਨੰਦਪੁਰ ਗਾਂਵ॥

(ਪਾ: ੧੦, ਬ: ਨਾ:)

**ਬਚਿਤ੍ਰ** ਨਾਟਕ ਵਿਚ ਲਿਖੀ ਸਤਿਗੁਰੂ ਜੀ ਦੀ ਜਦੋਂ ਇਹ ਤੁਕ ਪੜ੍ਹੀਦੀ ਹੈ ਕਿ 'ਕਹਿਲੂਰ ਮਹਿ ਬਾਂਧਿਓ ਆਨ ਆਨੰਦਪੁਰ ਗਾਂਵ' ਤਾਂ ਸਮਝੀਦਾ ਹੈ ਕਿ ਇਹ ਗਾਉਂ ਹੁਣ ਆਪ ਨੇ ਨਵਾਂ ਬਣਾਇਆ ਹੈ, ਪਰ ਮਤਲਬ ਇਹ ਨਹੀਂ ਹੈ। ਗਾਉਂ ਤਾਂ ਨੌਵੇਂ ਗੁਰੂ ਜੀ ਸੰਮਤ ੧੭੨੨-੨੩ ਵਿਚ ਆਪ ਬੰਨ੍ਹ ਗਏ ਸਨ। ਇਸੇ ਨੂੰ ਵਸਦਾ ਰਸਦਾ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਉਂਟੇ ਗਏ ਸਨ। 'ਬਾਂਧਿਓ' ਦਾ ਮਤਲਬ ਇਹ ਹੈ ਕਿ ਆਪ ਦੇ ਚਲੇ ਜਾਣ ਬਾਦ ਬੇ-ਰੌਣਕੀ ਹੋ ਗਈ ਸੀ; ਲੋਕ ਬਹੁਤ ਚਲੇ ਗਏ ਸਨ, ਪਰ ਕੁਛ ਵਸੋਂ ਅਜੇ ਹੈਸੀ। ਚੁਫੇਰੇ ਦੇ ਪਿੰਡਾਂ ਨੂੰ ਇਥੋਂ ਮੰਡੀ ਵਾਂਕੂ ਸੌਦਾ ਸੂਤ ਮਿਲ ਜਾਂਦੇ ਸਨ ਤੇ ਗੁਰੂ ਜੀ ਬੀ ਕੁਛ ਪ੍ਰਬੰਧ ਛੋੜ ਗਏ ਸਨ, ਪਰ ਹੁਣ ਆਕੇ ਨਵੇਂ ਸਿਰੇ ਰੌਣਕ ਵਧਾਈ ਅਤੇ ਕਿਲ੍ਹੇ ਕੋਟ ਆਦਿ ਸਾਮਾਨ ਕਰਕੇ ਇਸ ਨੂੰ ਬੰਨ੍ਹਿਆ। ਅਜ ਆਪ ਜੀ ਦੇ ਪਹੁੰਚਣ ਤੋਂ ਪਹਿਲਾਂ ਆਨੰਦਪੁਰ ਵਿਚ ਫਿਰ ਗਹਿਮਾ ਗਹਿਮ ਹੋ ਗਈ ਸੀ। ਇਕ ਤਾਂ ਪਹਿਲੀ ਵੱਸੋਂ ਜੋ ਬਾਕੀ ਸੀ, ਉਹ ਸੀ, ਦੂਸਰੇ ਮਾਮਾ ਜੀ ਸਾਰਾ ਦਲ ਤੇ ਪਰਿਵਾਰ ਨੂੰ ਲੈਕੇ ਪਹੁੰਚ ਪਏ ਹੋਏ ਸਨ, ਤੀਜੇ ਲਾਗ ਲਾਗ ਦੇ ਪਿੰਡਾਂ ਦੇ ਲੋਕੀ ਆਦਰ ਲਈ ਬਹੁਤ

ਆ ਗਏ ਹੋਏ ਸਨ. ਚੌਥੇ ਜੋ ਸੰਗਤਾਂ ਦੂਰੋਂ ਦੂਰੋਂ ਆ ਰਹੀਆਂ ਸਨ, ਇਹ ਖਬਰ ਪਾਕੇ, ਕਿ ਗੁਰੂ ਜੀ ਆਨੰਦਪੁਰ ਆ ਰਹੇ ਹਨ, ਇਧਰੇ ਹੀ ਚਾਲੇ ਪਾ ਕੇ ਪਹੁੰਚ ਗਈਆਂ ਸਨ, ਸੋ ਅਜ ਆਪ ਦੇ ਸੁਆਗਤ ਦਾ ਬਹੁਤ ਚਾਉ ਹੁਲਾਸ ਹੋ ਰਿਹਾ ਸੀ। ਨਗਰੀ ਤੇ ਨਗਰੀ ਤੋਂ ਦੂਰ ਬਾਹਰ ਸੜਕਾਂ ਉਤੇ ਛਿੜਕਾਉ ਹੋ ਗਏ ਜੋ ਆਪ ਦੇ ਆਇਆਂ ਧੂੜ ਨਾ ਉੱਡੇ। ਹਜ਼ਾਰਾਂ ਆਦਮੀ ਨਗਰ ਦੇ ਬਾਹਰ ਤੇ ਅੰਦਰ ਸੜਕ ਦੇ ਦੁਪਾਸੇ ਖੜੇ ਹੋ ਗਏ। ਕਈ ਥਾਂ ਫੁੱਲਾਂ ਦੇ ਟੋਕਰੇ ਵਰਖਾ ਕਰਨ ਲਈ ਲੈਕੇ ਖੜੇ ਸਨ ਪ੍ਰੇਮੀ। ਜਿਉਂ ਜਿਉਂ ਆਪ ਅੱਗੇ ਵਧਦੇ ਸਨ ਸਭ ਦੇ ਆਦਰ ਨੂੰ ਕਬੂਲਦੇ, ਪਿਆਰ ਕਰਦੇ, ਅਸੀਸਾਂ ਦਿੰਦੇ ਚਲੇ ਜਾਂਦੇ ਸਨ। ਹੁਣ ਆਪ ਹਾਥੀ ਤੋਂ ਉਤਰਕੇ ਪੈਦਲ ਹੋ ਗਏ ਤੇ ਆਪਣੇ ਪਿਆਰੇ ਪਿਤਾ ਜੀ ਦੇ ਦੇਹੁਰੇ ਟੁਰਕੇ ਪਹੁੰਚੇ। ਨੈਣ ਮੁੰਦ ਆਪਣੇ ਸਤਿਗੁਰੂ ਤੇ ਪਿਤਾ ਜੀ ਦਾ ਧਯਾਨ ਧਰਕੇ ਤੇ ਉਨ੍ਹਾਂ ਦੀ ਕਮਾਲ ਦੀ ਕਰਨੀ ਨੂੰ ਯਾਦ ਕਰਕੇ ਸੀਸ ਝੁਕਾਇਆ, ਫਿਰ ਚਾਰ ਪਕਰਮਾਂ ਕਰਕੇ ਅਰਦਾਸਾ ਕਰਵਾਕੇ ਕੜਾਹ ਪ੍ਰਸ਼ਾਦ ਵਰਤਾਇਆ, ਇਥੋਂ ਫੇਰ ਆਪਣੇ ਪੁਰਾਣੇ ਮਹਲਾਂ ਨੂੰ ਗਏ ਤੇ ਸਾਰੇ ਪਰਿਵਾਰ ਨੇ ਮਿਲਕੇ ਪ੍ਰਸ਼ਾਦ ਛਕਿਆ ਤੇ ਆਰਾਮ ਕੀਤਾ। ਤੀਜੇ ਪਹਿਰ ਤਿਆਰ ਬਰ ਤਿਆਰ ਹੋਕੇ ਦੀਵਾਨ ਸਥਾਨ ਵਿਚ ਆਏ।

ਸੰਧਯਾ ਲਗ ਥਿਰ ਸਭਾ ਮਹਿਂ ਦਰਸ਼ਨ ਕੋ ਦੀਨਾ।
ਪੂਰੀ ਕਾਮਨਾ ਸਭਿਨਿ ਕੀ ਦੁਖ ਦਾਰਿਦ ਹੀਨਾ।
ਸਿੰਘ ਪਵਰ ਉਠਿ ਕਰਿ ਚਲੇ ਸਭਿ ਬੰਦਨ ਠਾਨੀ।
ਪ੍ਰਵਿਸ਼ੇ ਸੁੰਦਰ ਸਦਨ ਮਹਿ ਸਤਿਗੁਰ ਗੁਨ ਖਾਨੀ।

(ਗੁਰ ਪ੍ਰਤਾਪ ਸੂਰਜ)

ਅਰਥਾਤ-ਸ਼ਾਮਾਂ ਤੀਕ ਸਤਿਗੁਰ ਜੀ ਨੇ ਦੀਵਾਨ ਵਿਚ ਬੈਠਕੇ ਦਰਸ਼ਨ ਦਿਤੇ। ਸਭਨਾਂ ਦੇ ਮਨਾਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ, ਦੁੱਖ ਤੇ ਦਲਿਦ੍ਰ (ਗ਼ਰੀਬੀ) ਦੂਰ ਕੀਤੇ। ਜਦੋਂ ਉਠਕੇ ਟੁਰੇ ਤਾਂ ਦਰਸ਼ਨੀ

ਦਰਵਾਜ਼ੇ ਸਭ ਨੇ ਮੱਥਾ ਟੇਕਿਆ ਤੇ ਫਿਰ ਗੁਣਾਂ ਦੀ ਖਾਨ ਸਤਿਗੁਰੂ ਜੀ ਆਪਣੇ ਮਹਿਲਾਂ ਵਿਚ ਜਾ ਬਿਰਾਜੇ।

ਸੰਗਤਾਂ ਹੁਣ ਇਹ ਸੁਣਕੇ ਕਿ ਸਾਹਿਬ ਦੂਰ ਦਾ ਦੇਸ਼ ਛੋੜਕੇ ਮੁੜ ਆਨੰਦਪੁਰ ਆ ਗਏ ਹਨ, ਉਮਡ ਉਮਡ ਕੇ ਆਨੰਦਪੁਰ ਆਈਆਂ। ਦੀਪਮਾਲਾ ਤਕ ਬੜੀ ਭੀੜ ਹੋ ਗਈ ਤੇ ਇਹ ਸਮਾਗਮ ਇੰਨਾ ਭਰਕੇ ਹੋਇਆ ਕਿ ਧੁਰ ਸਿਰ ਨਾ ਰਹੀ। ਇਸ ਸਮੇਂ ਅਨਗਿਣਤ ਮਾਇਆ ਇਕੱਠੀ ਹੋ ਗਈ, ਜਿਸ ਦੀ ਸਫਲਤਾ ਗੁਰੂ ਜੀ ਨੇ ਆਪਣੇ ਉਸ ਦਾਈਏ ਤੇ ਖਰਚ ਕਰਨੀ ਆਰੰਭੀ, ਜੋ ਦਿਲ ਵਿਚ ਧਾਰੀ ਬੈਠੇ ਸੀ ਕਿ ਨੇਕੀ ਦੇ ਪ੍ਰਚਾਰ ਨਾਲ ਪਰਜਾ ਦੀ ਆਜ਼ਾਦੀ ਲਈ ਪਰਜਾ ਵਿਚ ਹੀ ਬਲ ਭਰ ਦੇਣਾ ਹੈ ਅਤੇ ਇਨ੍ਹਾਂ ਨੂੰ ਆਪਣੇ ਪੈਰਾਂ ਤੇ ਖੜਾ ਕਰ ਦੇਣਾ ਹੈ। ਸੋ ਆਨੰਦਪੁਰ ਆਏ ਸਿੰਘਾਂ ਵਿਚੋਂ ਚੁਣ ਚੁਣਕੇ ਜੁਆਨ ਫੌਜ ਲਈ ਰਖ ਲਏ ਤੇ ਆਪਣੀ ਸੈਨਾਂ ਸੁੰਦਰ ਸਜੀਲੀ ਤੇ ਬਲਵਾਨ ਬਨਾਉਣੀ ਆਰੰਭ ਦਿਤੀ ਤਾਂ ਜੋ ਲੋੜ ਪਈ ਤੇ ਪਾਉਂਟੇ ਵਾਂਙੂ ਐਸੇ ਲੋਕ ਨਾ ਸੈਨਾਂ ਵਿਚ ਹੋਣ ਜੋ ਲੜਨੋਂ ਨਾਂਹ ਕਰ ਦੇਣ ਜਾਂ ਲੂਣ ਹਰਾਮੀ ਹੋਕੇ ਵੈਰੀ ਦਲ ਨਾਲ ਜਾ ਰਲਣ। ਲੂਣ ਹਰਾਮੀ ਉਸ ਨੂੰ ਆਖਦੇ ਹਨ ਜੋ ਮਾਲਕ ਦਾ ਲੂਣ ਤਾਂ ਸਦਾ ਖਾਂਦਾ ਰਹੇ, ਪਰ ਜਦ ਮਾਲਕ ਨੂੰ ਲੋੜ ਪਵੇ ਤਾਂ ਉਸ ਦੇ ਕੰਮ ਨਾ ਆਵੇ, ਪਰ ਟਾਲਾ ਕਰ ਜਾਏ। ਸੈਨਾ ਲਈ ਸਾਮਾਨ ਚਾਹੀਏ, ਸੋ ਆਪਣੇ ਸਿਲ੍ਹਾਖਾਨੇ (ਹਥਿਆਰ ਘੜਨ ਦੇ ਕਾਰਖਾਨੇ) ਬਣਾਏ। ਸ਼ਸਤ੍ਰ, ਦਾਰੂ, ਗੋਲੀ, ਸਭ ਸ਼ੈ ਆਪਣੀ ਤਿਆਰ ਹੋਵੇ। ਰਹਕਲੰ, ਜੰਬੂਰੇ, ਤੋਪਾਂ ਤਕ ਆਪਣੀਆਂ ਤਿਆਰ ਹੋਣ। ਫੇਰ ਜੇ ਜੰਗ ਆ ਪਵੇ ਤਾਂ ਕੋਟ, ਕਿਲ੍ਹੇ, ਦਮਦਮੇ ਚਾਹੀਏ, ਇਹ ਭੀ ਬਨਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਸਾਰੇ ਕੰਮਾਂ ਲਈ ਤਰ੍ਹਾਂ ਤਰ੍ਹਾਂ ਦੇ ਕਾਰੀਗਰ ਮੰਗਵਾਏ। ਜਿਥੇ ਇਹ ਕੁਛ ਹੋਵੇ ਓਥੇ ਵਪਾਰ ਦੀ ਮੰਡੀ ਦੀ ਲੋੜ ਬੀ ਹੁੰਦੀ ਹੈ, ਜੋ ਸਾਰੇ ਸਾਮਾਨ ਆਪੇ ਪਏ ਆਉਣ, ਇਸ ਦਾ ਭੀ ਉੱਦਮ ਕੀਤਾ। ਸ੍ਰੀ ਗੁਰੂ ਜੀ ਨੇ ਆਪਣੇ ਸ਼ਾਂਤਿ ਰਸੀ ਕੰਮ ਦੇ ਨਾਲ ਸੰਗਤਾਂ ਵਿਚ ਬੀਰ ਰਸੀ* ਬਲ,

*ਵਾਹਿਗੁਰੂ ਪ੍ਰੇਮ, ਭਜਨ, ਬੰਦਗੀ, ਨੇਕੀ ਦੇ ਕੰਮ ਆਦਿ ਨੂੰ ਸ਼ਾਂਤਿ ਰਸੀ ਕਹੀਦਾ ਹੈ ਤੇ ਪਰਜਾ ਵਿਚ ਬਲ ਭਰਨ, ਬਹਾਦਰੀ ਤੇ ਰਖਜਾ ਤੇ ਚੜ੍ਹਦੀਆਂ ਕਲਾਂ ਦੇ ਕੰਮਾਂ ਨੂੰ ਬੀਰ ਰਸੀ ਕੰਮ ਆਖੀਦਾ ਹੈ।

ਤੇਜ ਪੈਦਾ ਕਰਨ ਦਾ ਜੋ ਕੰਮ ਜਾਰੀ ਕੀਤਾ ਸੀ ਸੋ ਆਨੰਦਪੁਰ ਵਿਚ ਜ਼ੋਰਾਂ ਤੇ ਟੁਰ ਪਿਆ। ਸਿਖਾਂ ਦੀ ਫੌਜ, ਜੋ ਹੁਣ ਤਿਆਰ ਹੋਈ ਸੀ ਤਕੜੀ ਬਲ ਵਾਲੀ ਸੀ, ਇਹਨਾਂ ਵਿਚ ਬੀਰ ਰਸ ਭਰਨ ਲਈ ਪੁਰਾਤਨ ਸੂਰਮਿਆਂ ਦੇ ਕਾਰਨਾਮੇ ਸੁਣਾਏ ਜਾਂਦੇ, ਓਹ ਹਾਲ ਬਹੁਤੇ ਲੰਮੀਆਂ ਕਵਿਤਾਵਾਂ ਵਿਚ ਹੁੰਦੇ ਜਿਨ੍ਹਾਂ ਕਵਿਤਾਵਾਂ ਨੂੰ ਵਾਰਾਂ ਆਖੀਦਾ ਹੈ। ਏਹ ਵਾਰਾਂ ਢਾਡੀ ਗਾ ਗਾ ਕੇ ਸੁਣਾਉਂਦੇ ਤੇ ਬਹਾਦਰੀ ਦਾ ਜੋਸ਼ ਭਰਦੇ, ਜਿਸ ਨੂੰ ਬੀਰ ਰਸ ਭਰਨਾ ਆਖੀਦਾ ਹੈ। ਇਕ ਪਾਸੇ ਤਾਂ ਇਹ ਬੀਰ ਰਸ ਭਰਦੇ ਦੂਜੇ ਪਾਸੇ ਉਹਨਾਂ ਨੂੰ ਅਕਲਾਂ ਸਿਖਾਈਆਂ ਜਾਂਦੀਆਂ, ਉਹਨਾਂ ਨੂੰ ਐਸੇ ਉਪਦੇਸ਼ ਦਿਤੇ ਜਾਂਦੇ ਜਿਸ ਨਾਲ ਉਹਨਾਂ ਦੀ ਸਮਝ ਤੇ ਸੂਝ ਤੇਜ਼ ਹੋਵੇ, ਓਹ ਸਾਰੀ ਗਲ ਦਾ ਮਤਲਬ ਝਟ ਪਟ ਸਮਝ ਜਾਇਆ ਕਰਨ ਤੇ ਕਿਸੇ ਦਾ ਧੋਖਾ ਨਾ ਖਾਣ। ਐਸੀ ਸਮਝ, ਜੋ ਹਰ ਪ੍ਰਕਾਰ ਦੀ ਨਿਆਂ ਵਾਲੀ ਸਿਆਣਪ ਦਾ ਨਿਚੋੜ ਹੋਵੇ, ਉਸ ਨੂੰ 'ਨੀਤੀ' ਕਹੀਦਾ ਹੈ, ਪਰ ਗੁਰੂ ਜੀ 'ਧਰਮ ਦੀ ਨੀਤੀ' ਸਿਖਾਂਦੇ ਸੇ। ਭਾਵ-ਅਕਲ ਨਾਲ ਕੰਮ ਜ਼ਰੂਰ ਸੁਆਰਿਆ ਜਾਵੇ, ਆਪਣਾ ਬਚਾਉ ਕੀਤਾ ਜਾਵੇ, ਪਰ ਉਸ ਕੰਮ ਵਿਚ ਕੋਈ ਗਲ ਐਸੀ ਨਾ ਕੀਤੀ ਜਾਵੇ ਜਿਸ ਦੀ ਆਗਜਾ ਧਰਮ ਨਹੀਂ ਦਿੰਦਾ, ਜੈਸਾ ਕਿ ਛਲ, ਫਰੇਬ, ਝੂਠ, ਧੋਖਾ ਆਦਿ ਨਾ ਵਰਤਿਆ ਜਾਵੇ। ਇਸ ਤਰ੍ਹਾਂ ਧਰਮ ਤੇ ਪੱਕਿਆਂ ਕੀਤਾ ਜਾਂਦਾ ਤੇ ਮਾੜੇ ਕੰਮਾਂ ਤੋਂ ਸਦਾ ਰੋਕਿਆ ਜਾਂਦਾ। ਇਸ ਲਈ ਉਪਦੇਸ਼ ਬੀ ਦਿਤੇ ਜਾਂਦੇ, ਪਰ ਗੁਰਬਾਣੀ ਦਾ ਸਮਝਕੇ ਪਾਠ ਕਰਨ ਤੇ ਫਿਰ ਠੀਕ ਤਰ੍ਹਾਂ ਸਮਝੇ ਗੁਰਬਾਣੀ ਦੇ ਮਤਲਬ ਤੇ ਚੱਲਣ ਉਤੇ ਜ਼ੋਰ ਦਿਤਾ ਜਾਂਦਾ, ਤਾਂ ਜੋ ਸਿਖ ਸਮਝ ਲੈਣ ਕਿ ਮਨੁੱਖ ਦੇ ਜੀਵਨ ਦਾ ਅਸਲ ਮਨੋਰਥ ਕੀਹ ਹੈ ਤੇ ਸਾਨੂੰ ਇਸ ਦੁਨੀਆਂ ਵਿਚ ਵਾਹਿਗੁਰੂ ਨੇ ਕਿਉਂ ਭੇਜਿਆ ਹੈ। ਸਿਖ ਭਲਾਈ ਦੇ ਕੰਮ ਕਰੇ, ਕਦੇ ਹੰਕਾਰ ਨਾ ਕਰੇ, ਧਰਮ ਤੇ ਆਨ ਦੀ ਖਾਤਰ ਜੇ ਜਾਨ ਬੀ ਵਾਰਨੀ ਪੈ ਜਾਏ ਤਾਂ ਪਿਛੇ ਨਾ ਹਟੇ, ਨਾ ਕਿਸੇ ਨੂੰ ਧੋਖਾ ਦੇਵੇ ਨਾ ਦੁਖ ਦੇਵੇ। ਗੁਰੂ ਜੀ ਦੀ ਬਾਣੀ ਨਾਮ ਦਾ ਪਤਾ ਦੱਸਦੀ

ਹੈ, ਨਾਮ ਵਾਹਿਗੁਰੂ ਜੀ ਦਾ ਮੇਲ ਹੈ। ਸੋ ਗੁਰੂ ਜੀ ਨੇ ਉਹੋ ਨਿਸ਼ਾਨਾ ਬੱਧਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ।-ਨਾਮ, ਦਾਨ, ਇਸ਼ਨਾਨ।

੧. ਨਾਮ ਜਪਣਾ।

੨. ਦਾਨ ਕਰਨਾ।

੩. ਸਰੀਰ ਦੀ ਸਫਾਈ ਤੇ ਮਨ ਦੀ ਸਫਾਈ ਰਖਣੀ।

ਮਨ ਵਿਚ ਵਾਹਿਗੁਰੂ ਦਾ ਪਿਆਰ ਵਸਾਉਣਾ ਤੇ ਝੂਠ ਫਰੇਬ ਨੂੰ ਨੇੜੇ ਨਾ ਢੁੱਕਣ ਦੇਣਾ। ਇਹ ਮਾੜੀਆਂ ਚੀਜ਼ਾਂ ਮਨ ਨੂੰ ਮੈਲਾ ਕਰਦੀਆਂ ਹਨ ਤੇ ਸਾਫ ਨਹੀਂ ਰਹਿਣ ਦੇਂਦੀਆਂ। ਮਨ ਸਾਫ ਰਹੇ ਤਾਂ ਗੁਰਬਾਣੀ ਮਿੱਠੀ ਲਗੇਗੀ, ਨਾਮ ਪਿਆਰਾ ਲਗੇਗਾ, ਭਲੇ ਕੰਮਾਂ ਨੂੰ ਚਿਤ ਉਮਲ ਕੇ ਲਗੇਗਾ।

ਹੁਣ ਇਸ 'ਨਾਮ ਦਾਨ ਇਸ਼ਨਾਨ' ਦੇ ਨਾਲ ਨਾਲ ਸ੍ਰੀ ਗੁਰੂ ਜੀ ਨੇ ਆਪਣੇ ਦਾਦਾ, ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਜਾਰੀ ਕੀਤਾ ਕੰਮ ਚਲਾਇਆ ਤੇ ਬੀਰ ਰਸ ਭਰਿਆ ਅਤੇ ਸਿਖਾਇਆ :-

'ਦਇਆ ਕਰੋ' ਇਹ ਪਹਿਲੀ ਬਹਾਦਰੀ ਹੈ।

'ਦਾਨ ਕਰੋ' ਇਹ ਦੂਜੀ ਬਹਾਦਰੀ ਹੈ।

'ਧਰਮ ਲਈ ਸੀਸ ਦਿਓ' ਇਹ ਤੀਜੀ ਬਹਾਦਰੀ ਹੈ।

ਪਰ ਸਭ ਦਾ ਮੂਲ ਹੈ 'ਸੱਚ'।

❖❖❖

## ੯੧. ਆਨੰਦਪੁਰ ਵਿਚ ਸਿੱਖ-ਮਤਾਂ

"ਗੁਰ ਕੀ ਮਤਿ ਤੂੰ ਲੇਹਿ ਇਆਨੇ॥"

**ਇਹ** ਵਾਕ ਪੰਜਵੇਂ ਸਤਿਗੁਰਾਂ ਨੇ ਸੁਖਮਨੀ ਸਾਹਿਬ ਵਿਚ ਉਚਾਰਿਆ ਹੈ। ਇਸ ਦਾ ਮਤਲਬ ਹੈ ਕਿ ਹੇ ਭਾਈ! ਤੂੰ ਗੁਰੂ ਦੀ ਸਿਖਿਆ ਸੁਣ ਤੇ ਆਪਦਾ ਜੀਵਨ ਉਸ ਉਤੇ ਢਾਲ। ਗੁਰੂ ਗੁਰੂ ਹੈ, ਸਿਖ ਸਿਖ ਹੈ। ਗੁਰੂ ਮਤਿ ਦੇਂਦਾ ਹੈ ਤੇ ਸਿਖ ਧਾਰਨ ਕਰਦਾ ਹੈ। ਗੁਰੂ ਮਤ ਦੇਕੇ ਜਗਤ ਨੂੰ ਤਾਰਦਾ ਹੈ, ਤੇ ਸਿਖ ਗੁਰੂ ਕੀ ਮਤਲ ਲੈ ਆਪ ਤਰਦਾ

ਹੈ ਤੇ ਜਗਤ ਲਈ ਸੁਖ-ਦਾਈ ਬਣਦਾ ਹੈ। ਆਨੰਦਪੁਰ ਤੋਂ ਪਾਉਂਟੇ ਜਾ ਕੇ ਤੇ ਫੇਰ ਪਾਉਂਟੇ ਤੋਂ ਮੁੜ ਆਨੰਦਪੁਰ ਆਕੇ ਗੁਰੂ ਜੀ ਨੇ ਸਿਖਾਂ ਨੂੰ ਕੀ ਮਤਿ ਦਿਤੀ? ਇਹ ਇਕ ਪ੍ਰਸ਼ਨ ਉਠਦਾ ਹੈ, ਜਿਸ ਦੀ ਵੀਚਾਰ ਇਸ ਤਰ੍ਹਾਂ ਹੈ :-

## ੧. ਧਰਮ ਵਿਚ ਪਕਿਆਈ-

**ਆਪ** ਜੀ ਨੇ ਵੀਚਾਰਿਆ ਕਿ ਦੇਸ਼ ਦੀ ਪ੍ਰਜਾ ਆਜ਼ਾਦ ਨਹੀਂ, ਪਰਾਇਆਂ ਦੇ ਰਾਜ ਹੇਠ ਹੈ, ਜੋ ਜ਼ੁਲਮ ਕਰਦੇ ਹਨ, ਧਰਮ ਵਿਚ ਦਖ਼ਲ ਦੇਂਦੇ ਹਨ ਤੇ ਧਰਮ ਦੇ ਨਾਂ ਹੇਠ ਐਸੇ ਭਾਰੇ ਜ਼ੁਲਮ ਕਰਦੇ ਹਨ, ਜੋ ਨਾ ਕਹੇ ਜਾ ਸਕਦੇ ਤੇ ਨਾ ਹੀ ਸਹੇ ਜਾ ਸਕਦੇ ਹਨ। ਇਸ ਵਾਸਤੇ ਆਪ ਜੀ ਨੇ ਪਹਿਲੀ ਗੱਲ ਇਹੋ ਕੀਤੀ ਜੋ ਆਦਿ ਸਤਿਗੁਰਾਂ ਤੋਂ ਟੁਰੀ ਸੀ,- 'ਧਰਮ ਵਿਚ ਪੱਕਿਆਂ ਹੋਣਾ'। ਕਿਉਂਕਿ ਇਸ ਨਾਲ ਆਤਮਾ ਉੱਚੀ ਸੁੱਚੀ ਹੁੰਦੀ ਹੈ। ਮਾਨੁਖ ਦਾ ਆਚਰਣ ਸੰਵਰਦਾ ਹੈ। ਉਸ ਦਾ ਦਿਲ ਵਿਸ਼ਾਲ, ਭਾਵ ਖੁੱਲ੍ਹਾ ਹੋ ਜਾਂਦਾ ਹੈ। ਜੋ ਪਰਾਈ ਪੀੜ ਪਛਾਣਦਾ ਹੈ, ਆਪ ਸੁਖੀ ਹੁੰਦਾ ਹੈ ਤੇ ਦੂਜਿਆਂ ਦੇ ਸੁਖ ਲਈ ਯਤਨ ਕਰਦਾ ਹੈ। ਉਸ ਦੀ ਦ੍ਰਿਸ਼ਟੀ ਵਡੀ ਹੋ ਜਾਂਦੀ ਹੈ, ਉਹ ਲੰਮੀ ਨਜ਼ਰ ਨਾਲ ਵੇਖਦਾ ਹੈ ਤੇ ਨਾ ਨਿਰਾ ਇਸ ਦੁਨੀਆ ਵਿਚ ਸੁਖੀ ਜੀਵਨ ਗੁਜ਼ਾਰਦਾ ਹੈ, ਸਗੋਂ ਆਪਣਾ ਅੱਗਾ ਸਵਾਰ ਲੈਂਦਾ ਹੈ। ਇਸ ਲਈ ਰੂਹਾਨੀ ਵਿਦਿਆ ਦੇ ਸਰਦਾਰ ਸਤਿਗੁਰੂ ਜੀ ਨੇ ਆਸਾ ਦੀ ਵਾਰ ਦੇ ਦੀਵਾਨ, ਸੋਦਰੁ ਦੇ ਦੀਵਾਨ; ਹੋਰ ਉਪਦੇਸ਼, ਕੀਰਤਨ ਉਸੀ ਤਰ੍ਹਾਂ ਜਾਰੀ ਰਖੇ, ਉਸੀ ਤਰ੍ਹਾਂ ਨਾਮ ਦਾਨ ਦੇਂਦੇ ਰਹੇ ਤੇ ਸਿਖਾਂ ਨੂੰ ਡੰਕੇ ਦੀ ਚੋਟ ਫੁਰਮਾਇਆ :-

ਜਿਹ ਫੋਕਟ ਧਰਮ ਸਬੈ ਤਜਿ ਹੈਂ॥
ਇਕ ਚਿੱਤ ਕ੍ਰਿਪਾ-ਨਿਧ ਕੋਂ ਭਜਿ ਹੈਂ॥
ਤੇਊ ਯਾ ਭਵ ਸਾਗਰ ਕੋ ਤਰਿ ਹੈਂ॥
ਭਵ ਭੂਲ ਨ ਦੇਹਿ ਪੁਨਰ ਧਰਿ ਹੈਂ॥੧੯॥੧੫੯॥

(ਪਾ: ੧੦, ਅਕਾਲ ਉਸਤਤ)

ਅਰਥਾਤ-ਜਿਹੜ ਸਾਰੇ ਫੋਕਟ ਧਰਮਾਂ ਨੂੰ ਛੋੜਕੇ, ਕ੍ਰਿਪਾ ਦੇ ਸਮੁੰਦਰ ਵਾਹਿਗੁਰੂ ਜੀ ਨੂੰ ਇਕ ਚਿਤ ਹੋਕੇ ਯਾਦ ਕਰਨਗੇ, ਉਹ ਇਸ ਭਾਵ ਸਾਗਰ (ਸੰਸਾਰ) ਨੂੰ ਤਰ ਜਾਣਗੇ ਤੇ ਭੁੱਲ ਕੇ ਬੀ ਫੇਰ ਜਨਮ ਮਰਨ ਵਿਚ ਨਹੀਂ ਆਉਣਗੇ (ਭਾਵ ਮੁਕਤਿ ਹੋ ਜਾਣਗੇ)।

## ੨. ਸੱਚ-

**ਸਿੱਖਾਂ** ਨੂੰ ਧਰਮ ਦੀ ਪਕਿਆਈ ਸਿਖਾਈ। ਸਚ ਤੇ ਖੜੋਣਾ ਤੇ ਸਚ ਲਈ ਜਾਨ ਜਾਏ, ਪਰ ਸਚ ਨਾ ਜਾਏ ਦੀ ਤਾਕਤ ਬਖਸ਼ੀ।

## ੩. ਕੁਰਬਾਨੀ-

**ਜਦ** ਜ਼ੁਲਮੀ ਰਾਜ ਦਾ ਜ਼ੁਲਮ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਜੀ ਤੇ ਆ ਪਿਆ ਤਾਂ ਆਪ ਨੇ ਸਰੀਰ ਦਿੱਤੇ, ਆਪਣੇ ਪਵਿਤ੍ਰ ਸਿਰ ਵਾਰੇ, ਪਰ ਇਕ ਗੱਲ ਨਾ ਦਿਤੀ, ਪਰ ਨਾ ਦਿਤੀ! ਉਹ ਗੱਲ ਸੀ ਆਪਣੇ ਸੱਚ ਉਤੇ ਪਕਿਆਈ, ਜਿਸ ਨੂੰ ਗੁਰੂ ਜੀ ਨੇ 'ਸਿਰਰ' ਕਰਕੇ ਲਿਖਿਆ ਹੈ, 'ਸੀਸ ਦੀਓ ਪਰ ਸਿਰਰ ਨ ਦੀਓ'। ਅਰਥਾਤ ਸਿਰ ਦਿਤਾ, ਪਰ ਆਪਣਾ ਸੱਚ ਧਰਮ ਨਹੀਂ ਦਿਤਾ। ਯਥਾ :-

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂੰ ਆਨ॥੧੫॥
(ਬਚਿਤ੍ਰ ਨਾਟਕ)

ਅਰਥਾਤ-ਸ੍ਰੀ ਗੁਰੂ ਤੇਗ ਬਹਾਦਰ ਜੀ ਜੈਸਾ (ਭਾਰੀ ਕੁਰਬਾਨੀ ਦਾ) ਕੰਮ ਕਿਸੇ ਨੇ (ਇਸ ਦੁਨੀਆਂ) ਵਿਚ ਆ ਕੇ ਨਹੀਂ ਕੀਤਾ; ਕਿਉਂਕਿ ਉਹਨਾਂ ਨੇ ਪਾਤਸ਼ਾਹ ਦੇ ਜ਼ੋਰ ਜ਼ੁਲਮ ਕਰਨ ਤੇ ਆਪਣਾ ਧਰਮ ਨਹੀਂ ਹਾਰਿਆ; ਸੱਚ ਦੀ ਪਕਿਆਈ ਨਹੀਂ ਦਿੱਤੀ, ਪਰ ਆਪਣੀ ਜਾਨ ਕੁਰਬਾਨ ਕਰ ਦਿਤੀ ਤੇ ਸੱਚਖੰਡ ਨੂੰ ਚਲੇ ਗਏ। ਜਾਨ ਕੁਰਬਾਨ ਕਰਨ ਸਮੇਂ ਆਪ ਨੇ ਕੋਈ ਦੁਖ ਨਹੀਂ ਮੰਨਿਆ। ਜਿਵੇਂ ਘੜੇ ਦਾ ਠੀਕਰ ਠੰਨ ਕਰਕੇ ਭੰਨ ਦੇਈਦਾ ਹੈ, ਇਸ ਤਰ੍ਹਾਂ ਆਪ ਜੀ ਸਰੀਰ ਤਿਆਗ ਗਏ, ਤੇ ਇਹ ਨਮੂਨਾ ਸਾਰੀ ਸਿਖ ਕੌਮ ਤੇ ਸਾਰੇ ਦੇਸ਼ ਵਿਚ ਜਾਨ ਭਰ ਗਿਆ।

## ੪. ਚੜ੍ਹਦੀਆਂ ਕਲਾ-

**ਰਾਜੇ** ਭੀਮਚੰਦ ਨੇ ਵੈਰ ਸ਼ੁਰੂ ਕਰ ਦਿਤਾ ਸੀ, ਜਿਸ ਕਰਕੇ ਗੁਰੂ ਜੀ ਦੇਸ਼, ਘਰ ਬਾਰ ਤੇ ਆਪਣੇ ਪਿਤਾ ਗੁਰੂ ਜੀ ਦਾ ਮੁੱਲ ਖਰੀਦਿਆ ਆਨੰਦਪੁਰ ਦਾ ਇਲਾਕਾ ਇੰਜ ਛੋੜ ਆਏ; ਜਿਵੇਂ ਸੱਪ ਕੁੰਜ ਉਤਾਰਦਾ ਹੈ। ਆਪ ਨੇ ਪਰਦੇਸੀਂ ਜਾ ਟਿਕਾਣਾ ਪਾਇਆ, ਪਰ ਉਥੇ ਬੀ ਆਪਣੇ ਨਿਸ਼ਾਨੇ ਦਾ ਕੰਮ ਜਿਉਂ ਕਾ ਤਿਉਂ ਜਾਰੀ ਰਖਿਆ ਤੇ ਸਾਨੂੰ ਇਹ ਮਤਿ ਦਿੱਤੀ ਕਿ ਕਿਸੇ ਗਲੇ ਨਹੀਂ ਘਬਰਾਉਣਾ, ਸਦਾ ਸਾਵਧਾਨ ਰਹਿਣਾ। ਸਹਿਣਾ ਹੈ, ਪਰ ਫਿੱਸ ਨਹੀਂ ਜਾਣਾ। ਸੱਟ ਭਾਵੇਂ ਖਾ ਲੈਣੀ; ਪਰ ਝਉਣਾ ਨਹੀਂ। ਅੰਧੇਰ ਆ ਪੈਣ ਤੇ ਭਾਵ ਭਾਰੀ ਮੁਸੀਬਤਾਂ ਦੇ ਆ ਪੈਣ ਤੇ ਬੀ ਪੱਕਿਆਂ ਰਹਿਣਾ, ਅੰਦਰ ਟੇਕ ਇਕ ਕਰਤਾ ਪੁਰਖ ਤੇ ਰੱਖਣੀ। ਉਸ ਨਾਲੋਂ ਕਦੇ ਬੀ ਨਹੀਂ ਵਿੱਛੜਨਾ, 'ਜਨ ਕਉ ਪ੍ਰਭ ਅਪਨੇ ਕਾ ਤਾਣੁ' ਅਰਥਾਤ ਸੇਵਕ ਨੂੰ (ਸਦਾ ਸਦਾ) ਆਪਣੇ ਵਾਹਿਗੁਰੂ ਜੀ ਦਾ ਆਸਰਾ ਹੁੰਦਾ ਹੈ। ਇਹ ਗੱਲ ਸਦਾ ਆਪਣੇ ਅੰਦਰ ਰੱਖਣ ਦਾ ਯਤਨ ਕਰਨਾ।

## ੫. ਅਝੰਵਤਾ-

**ਪਰਦੇਸ਼** ਵਿਚ ਫੇਰ ਮੁਸੀਬਤ ਆ ਗਈ। ਚੋਟੀ ਦੇ ਪਹਾੜੀ ਰਾਜੇ ਬਿਨਾਂ ਛੇੜੇ ਦੇ ਹੱਲਾ ਕਰਕੇ ਆ ਪਏ। ਇਹ ਸਮਾਂ ਡਾਢੇ ਘਬਰਾਉਣੇ ਦਾ ਸੀ, ਪਰ ਆਪ ਜੀ ਨਹੀਂ ਘਾਬਰੇ। ਵੇਖੋ! ਜੰਗ ਸਿਰ ਤੇ ਆ ਜਾਂਦਾ ਹੈ ਤੇ ਘਰ ਦੇ ਪੰਜ ਸੌ ਪਠਾਣ ਨੌਕਰ ਛੋੜ ਜਾਂਦੇ ਹਨ। ਓਹ ਚਲੇ ਹੀ ਨਹੀਂ ਜਾਂਦੇ, ਸਗੋਂ ਨਿਮਕ ਹਰਾਮ ਹੋਕੇ ਵੈਰੀਆਂ ਨਾਲ ਜਾ ਰਲਦੇ ਹਨ। ਇਹ ਦਿਲ ਹਾਰਨੇ ਦਾ ਵੇਲਾ ਹੈ, ਪਰ ਆਪ ਕਿਸੇ ਗਲੇ ਨਹੀਂ ਹਾਰਦੇ। ਫੇਰ ਦੇਖੋ, ਦਿਨੇ ਫ਼ੌਜ ਨੂੰ ਇਹ ਘਾਟਾ ਪੈਂਦਾ ਹੈ ਤੇ ਰਾਤੀਂ ਪੰਜ ਸੌ, ਲੱਠਬਾਜ਼ ਉਦਾਸੀਆਂ ਦਾ ਜਥਾ ਟੁਰ ਜਾਂਦਾ ਹੈ। ਹੁਣ ਵੇਲਾ ਹੈ ਨਿਰਾਸਤਾ ਅੱਗੇ ਢਹਿ ਪੈਣੇ ਦਾ, ਪਰ ਆਪ ਨਹੀਂ ਢਹਿੰਦੇ।

ਜੰਗ ਮਚ ਪਿਆ, ਆਪਣਾ ਇਕ ਸੂਰਮਾਂ ਜਰਨੈਲ ਮਾਰਿਆ ਜਾਂਦਾ ਹੈ ਆਪ ਦਿਲ ਨਹੀਂ ਤੋੜਦੇ। ਫੇਰ ਉਸ ਤੋਂ ਵਡਾ ਸੂਰਮਾਂ,

ਸੰਗੋ ਸ਼ਾਹ ਜੋ ਸੰਗਰਾਮ ਦਾ ਸ਼ਾਹ ਭਾਵ ਆਪ ਦੀਆਂ ਫੌਜਾਂ ਦਾ ਕਮਾਂਡਰ ਇਨਚੀਫ਼ ਸੀ, ਸ਼ਹੀਦ ਹੋ ਜਾਂਦਾ ਹੈ। ਆਪ ਉਸੇ ਵੇਲੇ ਨਗਾਰੇ ਮੂਧੇ ਮਾਰਕੇ ਪਾਉਂਟੇ ਨਹੀਂ ਉਠ ਨੱਸਦੇ। ਸਗੋਂ ਤੀਰ ਕਮਾਨ ਸੰਭਾਲਕੇ ਆਪ ਅੱਗੇ ਹੁੰਦੇ ਹਨ। ਫੌਜ ਦੀ ਕਮਾਂਡ ਸਾਰੀ ਆਪਣੇ ਹੱਥ ਲੈਕੇ ਅੱਗੇ ਵਧਕੇ ਜੰਗ ਮਚਾਉਂਦੇ ਹਨ। ਐਸੇ ਖਤਰੇ ਵਾਲੇ ਥਾਂ ਆਪ ਜਾ ਖੜੋਂਦੇ ਹਨ ਕਿ ਤ੍ਰੈ ਤੀਰ ਆਪ ਨੂੰ ਆ ਲਗਦੇ ਹਨ। ਚਾਹੇ ਉਹਨਾਂ ਤੀਰਾਂ ਨੇ ਵਿੰਨਿਆਂ ਨਹੀਂ, ਪਰ ਖਤਰੇ ਤੋਂ ਖੌਫ ਖਾਕੇ ਦਿਲ ਖੁੱਸਣੀ ਨਹੀਂ ਖਾਂਦੇ, ਹੋਰ ਰੋਹ ਭਰਕੇ ਵਧਕੇ ਤੀਰ ਚਲਾਉਂਦੇ ਹਨ। ਇਕ ਤੀਰ ਨਹੀਂ, 'ਸਰੋਘੰ' ਕਰ ਦੇਂਦੇ ਹਨ, ਮਾਨੋਂ ਤੀਰਾਂ ਦਾ ਮੀਂਹ ਵਸਾ ਦੇਂਦੇ ਹਨ। ਨਤੀਜਾ ਕੀ ਨਿਕਲਦਾ ਹੈ? ਆਪ ਜੀ ਦੀ 'ਜੀਤ' ਹੁੰਦੀ ਹੈ। ਆਪ ਜੀ ਨੇ ਬਚਿਤ੍ਰ ਨਾਟਕ ਵਿਚ ਇਸ ਭੰਗਾਣੀ ਦੇ ਜੁੱਧ ਦਾ ਹਾਲ ਲਿਖਦਿਆਂ ਆਪ ਦੱਸਿਆ ਹੈ-

'ਭਈ ਜੀਤ ਮੇਰੀ'

ਪਰ ਵੇਖੋ ਕੀ ਫੁਰਮਾਉਂਦੇ ਹਨ? ਇਹ ਨਹੀਂ ਕਿਹਾ ਕਿ ਇਹ ਮੇਰੇ ਗੁਣਾਂ ਦਾ ਫਲ ਹੈ, ਮੇਰੀ ਦਾਨਾਈ ਜਾਂ ਬਹਾਦਰੀ ਕਰਕੇ ਫਤ਼ਹ ਹੋਈ ਹੈ, ਪਰ ਆਪ ਜੀ ਫੁਰਮਾਉਂਦੇ ਹਨ-

ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥

ਅਰਥਾਤ-ਮੇਰੀ ਜਿੱਤ ਹੋਈ ਹੈ ਤੇ ਇਹ ਜਿੱਤ ਅਕਾਲ ਪੁਰਖ ਦੀ ਮੇਹਰ ਨਾਲ ਹੋਈ ਹੈ।

ਸਾਨੂੰ ਸੁਮਤਿ ਦਿੱਤੀ ਕਿ ਕਦੇ ਹਾਰਕੇ ਨਹੀਂ ਬਹਿਣਾ; ਲਗੇ ਰਹੋ, ਟੁਰੇ ਰਹੋ, ਆਪਣਾ ਜਤਨ ਨਾ ਛੋੜੋ, ਵਾਹਿਗੁਰੂ ਤੇ ਸਿਦਕ ਰਖੋ, ਖ਼ੁਦਗ਼ਰਜ਼ੀ ਨੂੰ ਨੇੜੇ ਨਾ ਆਉਣ ਦਿਓ, ਪਰ ਦੇ ਭਲੇ ਲਈ, ਪੰਥ ਦੀ ਭਲਿਆਈ ਲਈ ਅੜੇ ਰਹੋ, ਖੜੇ ਰਹੋ, ਝਵੋਂ ਨਾ, ਯਤਨ ਨਾ ਛੋੜੋ, ਜੋ ਹੋਵੇ ਸੋ ਹੋਵੇ, ਅਕਾਲ ਪੁਰਖ ਦੀ ਰਜ਼ਾ ਸਮਝੋ ਤੇ ਕਦੇ ਹਾਰਕੇ ਨਾ ਬਹੋ, ਅਕਾਲ ਪੁਰਖ ਦਾ ਹੁਕਮ ਸਮਝੋ, ਜਿਸ ਵਾਹਿਗੁਰੂ ਜੀ ਦੀ ਕਿ ਸਦਾ ਜੈ ਹੈ, ਸਦਾ ਫਤੇ ਹੈ*।

*ਖਾਲਸਾ ਸਦਾ ਓਸ ਦਾ ਹੈ, ਹਾਂ ਜਿਸ ਦੀ ਸਦਾ ਫਤੇ ਹੈ। ਵਾਹਿਗੁਰੂ ਜੀ ਕੀ ਫਤੇ ਹੈ ਤੇ ਖਾਲਸਾ ਬੀ ਵਾਹਿਗੁਰੂ ਜੀ ਦਾ ਹੈ।



www.sikhbookclub.com

ਦੇਖੋ, ਅਕਾਲ ਪੁਰਖ ਜੀ ਨੇ ਜੀਤ ਬਖ਼ਸ਼ੀ, ਕਾਮਯਾਬੀ ਦਿੱਤੀ, ਵੈਰੀਆਂ ਦੀਆਂ ਤਾਕਤਾਂ ਜੋ ਕੁਚਲਣ ਆਈਆਂ ਸਨ, ਇਸ ਭੰਗਾਣੀ ਦੇ ਜੁੱਧ ਵਿਚ ਮੂੰਹ ਦੀ ਖਾਕੇ ਭੱਜੀਆਂ, ਤਦ ਆਪ ਕਾਮਯਾਬੀ ਨਾਲ ਹੰਕਾਰ ਵਿਚ ਨਹੀਂ ਆਏ। ਜਿੱਤ ਪਾਕੇ, ਬਿਜਈ ਹੋਕੇ ਆਪਣਿਆਂ ਨੂੰ ਜਿੱਤ ਪਚਾਉਣ ਦਾ ਸਬਕ ਸਿਖਾਇਆ। ਪਰ ਇਸ ਉਤਸ਼ਾਹ, ਜੀਤ ਦੇ ਜੋਸ਼ ਤੇ ਖੁਸ਼ੀਆਂ ਦੇ ਉਛਾਲੇ ਨੂੰ ਹਥੋਂ ਨਹੀਂ ਗਵਾਇਆ। ਇਸ ਤੋਂ ਲਾਭ ਲੈਣ ਲਈ 'ਸੂਦੇਸ਼ ਚਾਲ' ਕੀਤੀ। ਆਪਣੇ ਮੁੱਲ ਖਰੀਦੇ ਟਿਕਾਣੇ ਆਨੰਦਪੁਰ ਗਏ ਤੇ ਸਾਨੂੰ ਸਬਕ ਦਿੱਤਾ ਕਿ ਕਦੇ ਵੀ ਦਾਈਏ ਨੂੰ ਦਿਲ ਤੋਂ ਦੂਰ ਨਾ ਕਰੋ। ਵਾਹਿਗੁਰੂ ਦੇ ਭਰੋਸੇ, ਦਿਲ ਦੇ ਸਿਦਕ ਤੇ ਸੂਰਬੀਰਤਾ ਵਾਲੇ ਸਾਹਸ ਨਾਲ ਲੱਗੇ ਰਹੋ। ਹਰ ਮੁਸ਼ਕਲ ਦਾ ਦਾਨਾਈ ਤੇ ਭਲਿਆਈ ਨਾਲ ਟਾਕਰਾ ਕਰੋ। ਜੇ ਤੁਸੀਂ ਲਗੇ ਰਹੋ ਤੇ ਦਾਈਏ ਲੰਮੇ ਰਖੋ ਤਾਂ ਤਾਂ ਜਿਸ ਵਾਹਿਗੁਰੂ ਦੇ ਹੋ, ਜਿਸ ਦੀ ਟੇਕ ਧਾਰਕੇ ਯਤਨ ਕਰਨੇ ਤੋਂ ਨਹੀਂ ਹਾਰਦੇ ਹੋ ਤੇ ਬਹਾਦਰੀ ਵਾਲੇ ਖਿਆਲਾਂ ਵਿਚ ਵਸਦੇ ਹੋ-ਉਹ ਵਾਹਿਗੁਰੂ ਤੁਹਾਨੂੰ ਕਾਮਯਾਬ ਕਰੇਗਾ।

## ੬. ਪਰਤੰਤ੍ਰ ਨ ਬਣਾਓ-

**ਕਿਸੇ** ਨੂੰ ਪਰਤੰਤ੍ਰ (=ਗੁਲਾਮ) ਨਾ ਬਣਾਓ। ਕਿਸੇ ਦੀ ਸੁਤੰਤ੍ਰਤਾ (ਆਜ਼ਾਦੀ) ਨਾ ਖੱਸੋ। ਗੁਰੂ ਜੀ ਦਾ ਮਤ ਦੂਜਿਆਂ ਦਾ ਹੱਕ ਮਾਰਨੇ ਦਾ ਯਾ ਲੋਕਾਂ ਦੀ ਸੁਤੰਤ੍ਰਤਾ-ਆਜ਼ਾਦੀ-ਵੰਞਾਉਣ ਵਾਲੀ ਕਾਮਯਾਬੀ ਦਾ ਨਹੀਂ ਸੀ। ਆਪ ਜੀ ਦੀ ਸਿਖ੍ਯਾ ਇਹ ਸੀ ਕਿ-

"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ॥"

ਅਰਥਾਤ-ਕਿਸੇ ਤੋਂ ਨਾ ਡਰੋ ਤੇ ਨਾ ਹੀ ਕਿਸੇ ਨੂੰ ਡਰ ਦੇਕੇ ਆਪਣੇ ਖੁਦਗਰਜ਼ੀ ਵਾਲੇ ਮਤਲਬ ਪੂਰੇ ਕਰੋ। ਜਗਤ ਨੂੰ ਸੁਖ ਦਿਓ, ਸਾਰਿਆਂ ਦਾ ਭਲਾ ਦਿਲ ਵਿਚ ਸੋਚੋ। ਜੇ ਮੌਕਿਆ ਬਣ

ਪਵੇ ਤਾਂ ਆਪਣੀ ਤਾਕਤ ਮੂਜਬ ਭਲਾ ਕਰੋ, ਜਾਨ ਤਕ ਬੀ ਵਾਰੋ-ਪਰ ਸੱਚ ਤੇ ਪੱਕੇ ਰਹੋ ਤੇ ਨਿਰਭੈ ਹੋਕੇ ਸਾਰੇ ਕੰਮ ਸਿਰੇ ਚਾੜ੍ਹੋ। ਲੱਗੇ ਰਹੋ, ਸਚਾਈ ਤੇ ਦਰੁਸਤੀ ਨਾਲ ਲੱਗੇ ਸੱਤਜ ਦੇ ਹਠ ਨਾਲ ਲਗੇ ਰਹੋ, ਆਪ ਸੁਤੰਤਰ ਰਹੋ ਤੇ ਦੂਜਿਆਂ ਨੂੰ ਸੁਤੰਤ੍ਰਤਾ ਦਿਓ।

## ੭. ਸਾਈਆਂ ਜੀ ਦਾ ਪਜਾਰ-

**ਆਦਿ** ਤੇ ਅੰਤ ਗੁਰੂ ਜੀ ਦਾ ਮਤ ਹੈ ਵਾਹਿਗੁਰੂ ਜੀ ਨਾਲ ਪਿਆਰ। ਸਾਈਆਂ ਜੀ ਨਾਲੋਂ ਕਦੇ ਨਾ ਵਿਛੁੜਨਾ। ਸਿਦਕ ਵਿਚ ਰਹੋ, ਬਾਣੀ ਨਾਮ ਦਾ ਵਿਸਾਰਾ ਨਾ ਕਰੋ। ਉਸ ਦੀ ਰਾਖੀ ਵਿਚ ਰਹੋ ਇਹ ਅਰਦਾਸ ਕਰੋ:-"ਹਮਰੀ ਕਰੋ ਹਾਥ ਦੈ ਰਛਾ॥" (ਚੋਪਈ)

ਅਰਥਾਤ-ਹੇ ਵਾਹਿਗੁਰੂ ਜੀ! ਆਪਣਾ ਹੱਥ ਦੇ ਕੇ ਸਾਡੀ ਰਾਖੀ ਕਰੋ, ਤੇ ਇਹ ਨਿਹਚਾ ਰਖੋ-ਕਿ ਜੋ ਵਾਹਿਗੁਰੂ ਜੀ ਨੂੰ ਧਿਆਉਂਦੇ ਧਿਆਉਂਦੇ ਪਰਮੇਸੁਰ ਦੇ ਆਸਰੇ ਹੋ ਜਾਂਦੇ ਹਨ, ਉਹਨਾਂ ਦੀ ਹਰ ਵੇਲੇ ਰਖਜਾ ਹੁੰਦੀ ਹੈ, ਯਥਾ :-

"ਰਛਾ ਹੋਇ ਤਾਂਹਿ ਸਭ ਕਾਲਾ॥ (ਚੋਪਈ)

ਹਾਂ ਆਪ ਜੀ ਨੇ ਫੁਰਮਾਇਆ ਹੈ :-

ਅਕਾਲ ਪੁਰਖ ਕੀ ਰਛਾ ਹਮਨੈ॥
ਸਰਬ ਲੋਹ ਦੀ ਰਛਿਆ ਹਮਨੈ॥
ਸਰਬ ਕਾਲ ਜੀ ਦੀ ਰਛਿਆ ਹਮਨੈ॥
ਸਰਬ ਲੋਹ ਜੀ ਦੀ ਰਛਿਆ ਹਮਨੈ॥ (ਅਕਾਲ ਉਸਤਤ)

ਤੇ ਨਾਲ ਐਉਂ ਅਰਦਾਸ ਕਰੋ :-

ਡੰਡਉਤਿ ਬੰਦਨ ਅਨਿਕ ਬਾਰ
ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ
ਨਾਨਕ ਦੇ ਕਰਿ ਹਥ॥

(ਗਾਂਉੜੀ ਬਾਵਨ ਅਖਰੀ ਮ: ੫)

ਅਰਥਾਤ-ਹੇ ਸਰਬ ਸ਼ਕਤੀਆਂ ਵਾਲੇ ਸਮਰਥ ਵਾਹਿਗੁਰੂ ਜੀ, ਆਪ ਨੂੰ ਸਾਡੀ ਅਨੇਕ ਵਾਰ ਡੰਡਉਤ (ਲੰਮੇ ਪੈਕੇ) ਨਮਸਕਾਰ ਹੈ। ਹੇ ਪ੍ਰਭੂ! ਆਪਣਾ ਹੱਥ ਦੇ ਕੇ ਸਾਨੂੰ ਡੋਲਣ ਤੋਂ ਬਚਾ ਲਵੋ।

❖❖❖

## ੯੨. ਸ੍ਰੀ ਕਲਗੀਆਂ ਵਾਲੇ ਪਾਤਸ਼ਾਹ ਦੀ ਬਾਣੀ

**ਬਾਲਮ** ਸਤਿਗੁਰੂ ਕਲਗੀਆਂ ਵਾਲੇ ਪਾਤਸ਼ਾਹ ਨਾਲ ਇਕ ਪਿਆਰ ਇਹ ਹੈ ਕਿ ਉਨ੍ਹਾਂ ਦੀ ਬਾਣੀ ਨੂੰ ਅਸੀਂ ਪਿਆਰ ਕਰੀਏ।

ਸ੍ਰੀ ਗੁਰੂ ਗੋਬਿੰਦ ਸਿੰਘ ਅਰਸ਼ੀ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਉਨ੍ਹਾਂ ਦਾ ਹੀ ਰੂਪ ਸਨ, ਉਨ੍ਹਾਂ ਵਾਙੂ ਬਾਣੀ ਬੀ ਰਚਦੇ ਸਨ। ਉਨ੍ਹਾਂ ਦੀ ਬਾਣੀ 'ਗੁਰੂ ਬਾਣੀ' ਹੈ। ਸਾਨੂੰ ਚਾਹੀਦਾ ਹੈ ਕਿ ਉਸ ਬਾਣੀ ਦੀ ਬੀ ਟੇਕ ਲਵੀਏ, ਉਨ੍ਹਾਂ ਦੀ ਰਚੀ ਹੋਈ ਬਾਣੀ ਵਿਚ ਕਈ ਥਾਂ ਡੂੰਘੀ ਅਰਦਾਸ ਹੈ, ਜੋ ਉਸ ਬੋਲੀ ਵਿਚ ਹੈ ਜੋ ਆਪ ਜੀ ਨੂੰ ਪਟਣ ਦੇ ਵਾਸ ਕਰਕੇ ਮਿਲੀ ਤੇ ਫੇਰ ਅਮਰੀ ਤੇ ਵਿਦਵਤਾ ਕਰਕੇ ਤੇ ਅਨੁਭਵੀ ਮਨ ਕਰਕੇ ਬਹੁਤ ਰਸਮਈ ਹੈ। ਅੰਮ੍ਰਿਤ ਵੇਲੇ ਜਾਪ ਜੀ ਸਾਹਿਬ ਦਾ ਪਾਠ ਕਰੀਦਾ ਹੈ। ਅੰਮ੍ਰਿਤ ਤਯਾਰ ਕਰਨ ਵੇਲੇ ਵੀ ਉਹਨਾਂ ਦੀ ਬਾਣੀ ਪੜ੍ਹੀ ਜਾਂਦੀ ਹੈ। ਇਸੇ ਕਰਕੇ ਅਸੀਂ ਹੇਠਾਂ ਪਹਿਲੇ ਉਹਨਾਂ ਦੀ ਉਚਾਰਿਤ ਬਾਣੀ ਵਿਚੋਂ ਇਕ ਅਰਦਾਸ ਤੇ ਉਸ ਦੇ ਹੇਠ ਉਸ ਦੇ ਅਰਥ ਦੇਂਦੇ ਹਾਂ। ਇਹ ਅਰਦਾਸ, ਚਾਹੀਦਾ ਹੈ ਕਿ ਹਰ ਸਿਖ ਤੇ ਹਰ ਸਿਖ ਬੱਚਾ, ਮਾਈ ਭਾਈ, ਦਿਲੋਂ ਹੋਕੇ ਅਕਾਲ ਪੁਰਖ ਅੱਗੇ ਕਰਿਆ ਕਰੋ।

**ਮੇਰ ਕਰੋ ਤ੍ਰਿਣ ਤੇ ਮੋਹਿ ਜਾਹਿ**
**ਗਰੀਬ ਨਿਵਾਜ ਨ ਦੂਸਰ ਤੋਸੋ।**
**ਭੂਲ ਛਿਮੋ ਹਮਰੀ ਪ੍ਰਭੁ ਆਪਨ**
**ਭੂਲਨ ਹਾਰ ਕਹੂੰ ਕੋਊ ਮੋਸੋ?**
**ਸੇਵ ਕਰੀ ਤੁਮਰੀ ਤਿਨਕੇ**

**ਸਭ ਹੀ ਗ੍ਰਿਹ ਦੇਖੀਅਤ ਦ੍ਰੱਬ ਭਰੋ ਸੋ।**
**ਯਾ ਕਲਿ ਮੈਂ ਸਭ ਕਾਲ ਕ੍ਰਿਪਾਣ ਕੇ**
**ਭਾਰੀ ਭੁਜਾਨ ਕੋ ਭਾਰੀ ਭਰੋਸੋ।**

ਅਰਥ-ਮੇਰੇ ਜੇਹਿਆਂ ਕੱਖਾਂ ਵਰਗੇ (ਤੁੱਛਾਂ) ਨੂੰ (ਵਾਹਿਗੁਰੂ ਜੀਉ! ਤੁਸੀਂ) ਸੁਮੇਰ (ਪਰਬਤ ਜੇਹੇ ਉਚੇ) ਕਰ ਦਿੰਦੇ ਹੋ; ਆਪ ਜੇਹਾ ਹੋਰ ਦੂਜਾ ਕੋਈ ਗ੍ਰੀਬਾਂ ਪਰ ਤ੍ਰੁੱਠਣ ਵਾਲਾ ਨਹੀਂ।

(ਹੇ ਮੇਰੇ) ਆਪਣੇ ਪ੍ਰਭੂ ਜੀਓ! ਮੇਰੀਆਂ ਭੁੱਲਾਂ ਮਾਫ ਕਰ ਦਿਓ (ਕਿਉਕਿ ਮੈਂ ਬੜਾ ਹੀ ਭੁੱਲਣਹਾਰ ਹਾਂ, ਦੱਸੋ) ਹੈ ਕੋਈ ਕਿਤੇ ਮੇਰੇ ਜੇਹਾ ਭੁੱਲਣਹਾਰ?

ਜਿਨ੍ਹਾਂ ਨੇ ਤੇਰੀ ਸੇਵਾ ਕੀਤੀ, ਉਹਨਾਂ ਸਭਨਾਂ ਹੀ ਦੇ ਘਰ ਧਨ ਨਾਲ ਭਰੇ ਹੋਏ ਦਿਸਦੇ ਹਨ।

ਇਸ ਕਲਜੁਗ ਵਿਚ ਸਭਨਾਂ ਨੂੰ ਕਾਲ (ਮੌਤ) ਦੀ ਕ੍ਰਿਪਾਨ ਵਾਲੇ ਤੇ ਬਲੀ ਬਾਹਾਂ ਵਾਲੇ (ਅਕਾਲ ਪੁਰਖ) ਦਾ ਹੀ ਭਰੋਸਾ ਹੈ (ਓਹੋ ਹੀ ਨੀਵਿਆਂ ਤੇ ਤਰੁੱਠ ਕੇ ਉਚੇ ਕਰਨ ਵਾਲਾ ਹੈ; ਸਾਡਾ ਭਰੋਸਾ ਸਦਾ ਉਹੋ ਰਹੇ)।

ਇਕ ਹੋਰ ਛੰਦ ਆਪ ਦੀ ਬਾਣੀ ਦਾ ਪੜ੍ਹੋ :-

**ਆਦਿ ਅਭੇਖ ਅਛੇਦ ਸਦਾ ਪ੍ਰਭੁ**
**ਬੇਦ ਕਤੇਬਨ ਭੇਦ ਨ ਪਾਯੋ।**
**ਦੀਨ ਦਯਾਲ ਕ੍ਰਿਪਾਲ ਕ੍ਰਿਪਾਨਿਧਿ**
**ਸਤਿ ਸਦੈਵ ਸਭੈ ਘਟਿ ਛਾਯੋ।**
**ਸੇਸ ਸੁਰੇਸ ਗਨੇਸ ਮਹੇਸੁਰ**
**ਗਾਹਿ ਫਿਰੇ ਸ੍ਰੁਤਿ ਥਾਹ ਨ ਆਯੋ।**

# ਰੇ ਮਨ ਮੂੜ ਅਗੂੜ ਇਸੋ ਪ੍ਰਭੁ ਤੈਂ ਕਿਹ ਕਾਜ ਕਹੋ ਬਿਸਰਾਯੋ।

ਅਰਥਾਤ-ਵਾਹਿਗੁਰੂ, ਜੋ ਮੁੱਢਾਂ ਦਾ ਹੈ, ਭੇਖ ਤੋਂ ਬਿਨਾ ਹੈ, ਜੋ ਛੇਦਿਆ ਨਹੀਂ ਜਾ ਸਕਦਾ ਤੇ ਫਿਰ ਸਦਾ ਹੈ, ਵੇਦਾਂ ਤੇ ਕਤੇਬਾਂ ਨੇ ਬੀ ਉਸ ਦਾ ਭੇਦ ਨਹੀਂ ਪਾਇਆ।

ਉਹ ਦੀਨਾਂ ਉਪਰ ਦਯਾ ਤੇ ਕ੍ਰਿਪਾ ਕਰਨ ਵਾਲਾ ਹੈ, ਹਾਂ ਓਹ ਮਿਹਰਾਂ ਦਾ ਖਜ਼ਾਨਾ ਹੈ, ਸੱਚ ਹੈ ਸਦਾ ਹੈ ਤੇ ਹਰ ਥਾਂ ਵਿਚ ਵੱਸ ਰਿਹਾ ਹੈ।

ਸ਼ੇਸ਼ਨਾਗ, ਇੰਦਰ, ਗਣੇਸ਼, ਸ਼ਿਵਜੀ ਤੇ ਵੇਦਾਂ ਨੇ ਉਸ ਦਾ ਅੰਤ ਪਾਉਣ ਹਿਤ ਜ਼ੋਰ ਲਾਯਾ, ਪਰ ਉਸ ਦਾ ਹਾਥ ਨਾ ਆਇਆ :

ਹੇ (ਮੇਰੇ) ਮੂਰਖ ਮਨ ਤੂੰ ਇਹੋ ਜਿਹਾ ਪ੍ਰਤੱਖ ਵਾਹਿਗੁਰੂ ਕਿਉਂ ਭੁਲਾ ਛੱਡਿਆ ਹੈ? (ਤੂੰ ਕਦੇ ਨਾ ਭੁਲਾ ਤੇ ਸਦਾ ਸਿਮਰਿਆ ਕਰ)।

❖❖❖

# ਗੁਰ ਬਾਲਮ ਗੀਤ

## ੧. ਲੰਘ ਆ, ਲੰਘ ਆ, ਲੰਘ ਆ।

ਰਾਗ— ਜ਼ਿਲਾ (ਕਸੂਰੀਆ)। ਤਾਲ— ਤਲਵਾੜਾ (ਨਕਟਾ)।

ਲੰਘ ਆ, ਲੰਘ ਆ, ਲੰਘ ਆ, ਮੇਰੇ ਲਾਲਨ! ਲੰਘ ਆ।
ਸੰਗ ਨਾ, ਸੰਗ ਨਾ, ਸੰਗ ਨਾ, ਮੇਰੇ ਲਾਲਨ! ਸੰਗ ਨਾ॥੧॥
ਰੰਗ ਨਾ, ਰੰਗ ਨਾ, ਆਗਨ ਤੈਂ ਬਿਨ ਮੇਰੇ ਲਾਲਨ।
ਲੰਘ ਆ, ਰੰਗ ਲਾ, ਰੰਗ ਲਾ ਮੇਰੇ ਆਂਗਨ ਰੰਗ ਲਾ॥੨॥
ਮੰਗ ਨਾ, ਮੰਗ ਨਾ ਮੇਰੀ ਹੋਰ ਨ ਮੰਗ ਹੈ ਪ੍ਰੀਤਮ!
ਲੰਘ ਆ, ਮੇਰੇ ਆਂਗਨ, ਮੇਰੇ ਲਾਲਨ ਲੰਘ ਆ॥੩॥
ਵਿਲਕਣ ਮੇਰੀ ਦਾ ਹੀ ਇਕ ਨਾਦ ਥਰੈਰੇ ਹੀਅਰੇ,
ਰਸਨਾ ਮੇਰੀ ਪੁਕਾਰੇ 'ਮੇਰੇ ਲਾਲਨ! ਲੰਘ ਆ'॥੪॥
'ਲੰਘ ਆ' ਦੀ ਹੀ ਲਲਨਾ ਹੈ ਮੇਰੇ ਅੰਦਰ ਬਾਹਰ,
ਕੋਈ ਨ ਹੋਰੋਂ ਮੇਰੇ ਅੰਗਨੇ ਲਾਲਨ! ਲੰਘ ਆ॥੫॥
ਇਕ ਸਿੱਕ ਮਿਲਨ ਤੇਰੇ ਦੀ ਹੀ ਤਰਪੇ ਕਲੇਜੇ,
ਦਰਸ਼ਨ ਬਿਨ ਜੋ ਨ ਧੀਰੇ, ਮੇਰੇ ਲਾਲਨ! ਲੰਘ ਆ॥੬॥
ਦਰੋ ਦੀਵਾਰ ਪਿਆ ਗਾਵੇ ਤੇਰੇ 'ਆਗਮ' ਪ੍ਰੀਤਮ,
ਕੁਈ ਗੈਰ ਨਹੀਂ ਘਰ ਅੰਗਨੇ ਮੇਰੇ ਪ੍ਰੀਤਮ ਲੰਘ ਆ॥੭॥
ਸੰਗ ਨਾ, ਸੰਗ ਨਾ ਮੇਰੇ ਬਾਲਮ ਹੁਣ ਤਾਂ ਸੰਗ ਨਾ,
ਲੰਘ ਆ, ਲੰਘ ਆ, ਮੇਰੇ ਪ੍ਰੀਤਮ! ਹੁਣ ਤਾਂ ਲੰਘ ਆ॥੮॥

❖❖❖

# ੨. ਦਰਸ਼ਨ ਜੋਦੜੀ।

ਬਾਹਾਂ ਉਲਾਰ ਖਲੋਤੀ ਸਾਗਰ ਦੇ ਹਾਂ ਕਿਨਾਰੇ,
ਲਹਿਰਾਂ ਨੂੰ ਦੇਖ ਕੰਬਾਂ ਡੋਲਾਂ ਹਵਾ ਹੁਲਾਰੇ।
ਪਈ ਹੱਕਲਾ ਹਾਂ ਮਾਰਾਂ ਨੈਣਾਂ ਤੋਂ ਛਮ ਛਮਾ ਹੋ,
ਦਿਲ ਉੱਛਲੇ ਤੇ ਛਲਕੇ ਲਹਿਰੀਂ ਚੜ੍ਹਾ ਉਤਾਰੇ।
'ਦਿਖਹੱਦ' ਤੇ ਨਜ਼ਰ ਹੈ, ਸੂਰਤ ਤਿਰੀ ਨੂੰ ਟੋਲੇ,
ਦਿਸ ਪੈਣ ਜੇ ਕਿਵੇਂ ਮੈਂ, ਹੁਣ ਆ ਰਹੇ ਪਿਆਰੇ।
ਸ਼ਾਮਾਂ ਹੈ ਆਣ ਹੋਈ; ਘਣਚਾਲ ਪੈ ਰਹੀ ਹੈ।
ਹੈ ਸਹਿਮ ਛਾ ਰਿਹਾ ਹੁਣ, ਹੁਣ ਤਾਂ ਦਿਓ ਦਿਦਾਰੇ!
ਹੁਣ 'ਆਸ' ਰੁਸ ਰਹੀ ਹੈ, ਹੈ 'ਯਾਸ' ਉਸ ਮਨਾਵੇ,
ਆਖੇ : ਨ ਛੋੜ ਬੇਕਸ ਜੀਵੇ ਜੁ ਤੁਧ ਸਹਾਰੇ।
ਤੇਰੇ ਬਿਨਾ ਨ ਕੋਈ ਇਸ 'ਕੱਲ ਦਾ ਹੈ ਬੇਲੀ
ਬਿਰਹੋਂ ਦੇ ਕੁੱਠਿਆਂ ਨੂੰ ਮਲਹਮ ਲਗਾ ਜਿਵਾਰੇ।
ਆ ਜਾ ਪਰੀਤਮਾ! ਹੁਣ ਮਿਹਰਾਂ ਦਾ ਲੈਕੇ ਬੋਹਿਥ,
ਚਰਨੀਂ ਲਗਾ ਲੈ ਆਕੇ, ਸ਼ਰਨੀ ਸਮਾ ਲੈ ਪਜਾਰੇ!
ਜਿਉਂ ਮਗ਼ਰਬੀ ਸਿਤਾਰੇ ਦਿਸ ਪੌ ਅਕਾਸ਼ ਤੇ ਹੁਣ
ਜਦ ਲੋਪ ਹੋ ਰਹੇ ਹਨ ਆਸਾ ਦੇ ਰੰਗ ਸਾਰੇ।
ਹੇ ਨਾਥ ਤੂੰ ਅਨਾਥਾਂ, ਹੇ ਬੇਕਸਾਂ ਸਹਾਰੇ!
ਦਰਦਾਂ ਰਵਾਣਿਆਂ ਦੇ ਦੁਖ ਦੂਰ ਕਰਨਹਾਰੇ:
ਆਜਾ, ਹੁਣ ਆਜਾ ਆਜਾ, ਹੁਣ ਦੇਰ ਨਾ ਲਗਾਈਓ,
ਹੁਣ ਦੇਰ ਦਾ ਹੈ ਵੇਲਾ ਕਰਨੇ ਦਾ ਨਾ ਪਿਆਰੇ!

## (ਇਸ ਗੀਤ ਨੂੰ ਵਜਾਉਣ ਦਾ ਚਿਤ੍ਰ)

ਰਾਗ— ਜ਼ਿਲਾ ਸਿੰਧੜਾ ਮਿਲਿਆ ਹੋਇਆ। ਤਾਲ— ਤਿੰਨ

ਗਤ— ਤਲਵਾੜਾ। ਮਾਤ੍ਰਾ— ਅੱਠ। ਲਯ— ਧੀਮੀ।

'ਆ' ਦਾ ਘਰ-'ਕਿਨਾਰੇ ਪਰ ਹੈ।

x x x

ਸੁਰ ਖਾਸ— ਸਾ ਰੇ ਗਾ ਗਾ ਮਾ ਪਾ ਧਾ ਨੀ।

ਅਸਥਾਈ-

| | x | x |
|---|---|---|
| ਸਾਰੇ | ਮਾ ਰੇ ਮਾ | ਮਾ ਨੀ ਧਾ |
| ਬਾਹਾਂ | ਉਲਾਰ | ਖਲੋਤੀ |

ਅੰਤਰਾ ੧-

| x | x | x |
|---|---|---|
| ਪਾ ਮਾ ਗਾ | ਪਾਸਾ | ਗਾਰੇ |
| ਸਾਗਰ ਦੇ | ਹਾਂ ਕਿ | ਨਾਰੇ |

ਅੰਤਰਾ ੨-

| x | x | x |
|---|---|---|
| ਨੀ੪ | ਨੀ ਧਾ | ਸਾ ਨੀ ਧਾ |
| ਲਹਿਰਾਂ ਨੂੰ | ਦੇਖ | ਕੰਬਾਂ |

'ਡੋਲਾਂ ਹਵਾ ਹੁਲਾਰੇਂ' ਇਸ ਨੂੰ ਅੰਤਰਾ ਨੰ: ੧ ਤੇ ਵਜਾਓ।

ਫੇਰ ਸਥਾਈ ਅੰਤਰਾ ੧ ਪਰ ਮਿਲਾਕੇ ਵਿਜਾਓ।

ਫੇਰ ਸਾਰਾ ਗੀਤ ਇਸੇ ਤਰ੍ਹਾਂ ਵਜਾਈ ਚੱਲੋ।

❖❖❖

# ੩. ਮੇਰੇ ਸਾਂਈਆਂ, ਮੇਰੇ ਓ ਕਲਗ਼ੀਆਂ ਵਾਲੇ!

(ਰਾਗਨੀ-ਭੈਰਵੀ)

'ਤੇਰੀ ਏ ਯਾਦ ਦੀ ਬੂਟੀ' ਤੇਰੀ 'ਤੱਕਣੀ' ਉਗਾਈ ਸੀ,
ਤੇਰੀ ਇਕ 'ਨਦਰ' ਨੇ ਇਸ ਵਿਚ 'ਲਹਿਰ-ਜੀਵਨ' ਛਿੜਾਈ ਸੀ।

ਤੇਰੇ ਇਕ 'ਨਾਜ਼ ਤੇ ਗਮਜ਼ੇ' ਸੁਗੰਧਿ ਇਸ ਵਿਚ ਬੁਹਾਈ ਸੀ,
ਮੁਸ਼ਕ ਇਕ ਫਿਰ ਮਚੀ ਮਨ ਵਿਚ ਮਗਨ ਸੁਰਤੀ ਹੁ ਆਈ ਸੀ।

ਭੁਲਾਓ ਜੇ ਤੁਸੀਂ ਸਾਨੂੰ-ਕਿਵੇਂ ਰਹਿਸਨ ਚਿਮਨ ਸਾਡੇ,
ਖਿੜੇ ਤੇ ਮੁਸ਼ਕਦੇ ਸਾਂਈਆਂ!-ਜਿਨ੍ਹੇ ਏ ਮਹਿਕ ਪਾਈ ਸੀ।

ਤੂੰ ਇਕ ਖਿਨ ਨਾ ਭੁਲਾ ਸਾਨੂੰ, ਨ ਭੁੱਲਾਂ ਮੈਂ ਤੁਸਾਂ ਤਾਂਈਂ,
ਕਿ ਬੂਟੀ ਏ ਮੁਸ਼ਕ ਵਾਲੀ ਤੁਸਾਂ ਹੀ ਆਪ ਲਾਈ ਸੀ।

ਦਿਓ ਵੀਣਾਂ ਮੇਰੇ ਹਾਥੀਂ, ਤੇ ਭਰ ਦਜੋ ਤਾਲ ਮੈਂ ਪੈਰੀਂ,
ਫਿਰਾਂ ਗੌਂਦਾ "ਤੂੰਹੋਂ ਸਾਂਈਆਂ!" "ਤੂੰਹੋਂ ਬੂਟੀ ਏ ਲਾਈ ਸੀ।"

❖❖❖

# ੪. ਦਿਖਾ ਜਲਵਾ ਤਰਸ ਖਾਕੇ!

ਦਿਖਾ ਹੇ ਕਲਗੀਆਂ ਵਾਲੇ! ਦਿਖਾ ਜਲਵਾ ਤਰਸ ਖਾਕੇ,
ਦਿਖਾ ਜਲਵਾ ਹੁਸਨ ਦਾ ਤੂੰ ਝਲਕ ਇਕ ਸੁਹਣਿਆਂ ਪਾਕੇ!
ਦਿਖਾ ਦੇ ਦਰ-ਖੜੇ ਤਾਂਈਂ ਮਟਕ ਅੱਖਾਂ ਦੀ ਮਟਕਾਕੇ,

ਕਿ ਗ਼ਮ ਨਗ਼ਮੇ ਗੁਵੀਂਦੇ ਹਨ, ਸੁਣੀਂਦੀ ਵਾਜ ਝੀਣੀ ਹੈ
ਕੋਇਲ ਬੁਲਬੁਲ ਜੁ ਗਾਂਦੀ ਹੈ ਜਿਗਰ ਦਾ ਖ਼ੂੰਨ ਖਾ ਖਾ ਕੇ।

ਵਫ਼ਾ ਦਿਸਦੀ ਨਹੀਂ ਕਿਧਰੇ, ਜਫਾ ਸਾਰੇ ਫਿਰੇ ਘੁੰਮਦੀ,
ਕਿ ਦਿਲ-ਸ਼ਿਕਨੀ ਪਵੇ ਪੱਲੇ ਤਕਾਲਓ ਦਿਲ ਲਗਾ ਲਾਕੇ।

ਚੜ੍ਹੀਂ ਚੰਦਾ! ਤੂੰ ਆ ਅਰਸ਼ੀਂ ਲੁਟਾ ਆ ਪਜਾਰ ਦਾ ਚਾਨਣ
ਵਸਾ ਠੰਢਕ ਮਿਹਰ ਵਾਲੀ, ਕਿ ਦਿਲ ਮੌਲਣ ਦਵਾ ਪਾਕੇ।

ਨਵੇਂ ਤੋਂ ਨਿਤ ਨਵੇਂ ਉਠ ਉਠ ਕਰਨ ਦਾਵੇ ਤਬੀਬੀ ਦੇ
ਜਿਵੇਂ ਜਿਵ ਓ ਕਰਨ ਦਾਰੂ ਵਧੇ ਦੁਖ, ਪੀੜ ਲਾ ਲਾ ਕੇ।

ਤੇਰਾ ਦੀਦਾਰ ਸੁਣ ਚੰਨਾ! ਤੇਰਾ ਦੀਦਾਰ ਦਾਰੂ ਹੈ,
ਕੋਈ ਦਾਰੂ ਨ ਪੌਹਦਾ ਹੈ ਥਕੇ ਹਾਂ ਆਜ਼ਮਾ ਮਾ ਕੇ।

ਇਕੋ ਰੋ ਰੋ ਅਰਜ਼ ਕਰਨੀ ਇਹੋ ਹੈ ਤੰਦ ਇਕ ਚੰਦਾ
ਕਬੂਲੋ ਭੇਟ ਸਾਡੀ ਏ ਦਰਸ ਦੇਵੋ ਤਰਸ ਖਾ ਕੇ।

ਬਿਰਦ ਤੇਰਾ ਸਦਾ 'ਦੇਣਾ' ਭਿਖਾਰੀ ਫਿਰ ਅਸਾਂ ਵਰਗਾ!
ਖ਼ਿਜ਼ਾਂ ਸਿਰ ਤੇ, ਤੁਰਤ ਆਓ, ਨਾ ਹੁਣ ਆਓ ਬਿਲਮ ਲਾਕੇ।



Page 230 www.sikhbookclub.com

## ਇਸ ਗੀਤ ਦੇ ਵਜਾਉਣ ਦੇ ਸੁਰ ਤਾਲ-

ਰਾਗ— ਭੈਰਵੀ।

ਤਾਲ— ਕਹਿਰਵਾ (ਤਲਵਾੜਾ) ਮਾਤ੍ਰਾ— ੮

ਅਸਥਾਈ-

x x x x x x
ਸਾ ਰੇ ਨੀ ਸਾ ਰੇ ਮਾ- ਮਾ ਪਾ ਮਾ ਪਾ ਨੀ ਧਾ ਨੀ ਪਾ- -
ਦਿਖਾ- ਜਲਵਾ- ਤਰਸ ਖਾ- - - ਕੇ --

x x x x x x
ਪਾ ਧਾ ਮਾ ਪਾਧਾ ਸਾ - - ਨੀ ਧਾ ਪਾ ਪਾ ਨੀ ਧਾ ਪਾ ਮਾ-
ਦਿਖਾ- ਹੇ- ਕਲ - ਗੀਆਂ - ਵਾ -- ਲੇ --
ਦਿਖਾ ਜਲਵਾ...

x x x x x x
ਸਾ ਰੇ ਨੀ ਸਾ ਰੇ ਮਾ -- ਮਾ ਧਾ ਮਾ ਧਾ ਰੇ ਸਾ --
ਦਿਖਾ - ਜਲਵਾ -- ਹੁਸਨ ਦਾ- ਤੂੰ--

x x x x x
ਨੀ ਧਾ ਪਾ ਮਾ ਗਾ ਮਾ -- ਗਾ ਰੇ - ਗਾ- ਮਾ - -
ਝਲਕ ਇਕ ਸੁ - ਹਣਿਆ - ਪਾ - ਕੇ - -

x x x x x x x x
ਗਾ ਗਾ ਰੇ ਗਾ ਰੇ ਗਾ -- ਰੇ ਰੇ ਰੇ ਗਾ ਮਾ ਗਾ ਰੇ ਸਾ--
ਦਿਖਾ - ਦੇ- ਦਰ- ਖੜੇ- ਤਾਂ - - - ਈਂ --

x x x x

ਸਾ ਰੇ ਨੀ ਸਾ ਰੇ ਮਾ - - ਮਾ ਪਾ ਮਾ ਪਾ ਨੀ ਧਾ ਨੀ ਪਾ - -

ਮਟਕ ਅੱ - ਖਾਂ -- ਦੀ ਮਟਕਾ - - ਕੇ --

ਦਿਖਾ ਜਲਵਾ ਤਰਸ.....

ਅੰਤਰਾ-

x x x x x x

ਪਾ ਧਾ ਮਾ ਪਾ ਧਾ ਸਾ - - ਸਾ ਰੇ ਗਾ ਰੇ ਗਾ ਸਾ - -

ਕਿ ਗ਼ਮ ਨਗ਼ਮੇ - - ਗੁਵੀਂ - ਦੇ- ਹਨ- -

x x x x x x x x

ਪਾ ਧਾ ਨੀ ਧਾ ਮਾ ਰੇ - - ਰੇ ਰੇ - ਗਾ ਮਾ ਰੇ ਗਾ ਮਾ - -

ਸੁਣੀਂ - ਦੀ - ਵਾ- -ਜ ਝੀ - ਣੀ - ਹੈ - -

x x x x x x x x x x

ਗਾ ਗਾ ਰੇ ਗਾ ਰੇ ਗਾ - - ਰੇ ਰੇ ਰੇ ਗਾ ਮਾ ਗਾ ਰੇ ਸਾ - -

ਕੋਇਲ ਬੁਲਬੁਲ -- ਜੁ ਗਾਂ-ਦੀ - - - ਹੈ - -

x x x x x

ਸਾ ਰੇ ਨੀ ਸਾ ਰੇ ਮਾ - - ਮਾ ਪਾ ਮਾ ਪਾ ਨੀ ਧਾ ਨੀ ਪਾ --

ਜਿਗਰ ਦਾ - ਖ਼ੂਨ ਖਾ ਖਾ - - ਕੇ --

ਦਿਖਾ ਜਲਵਾ ਤਰਸ ਖਾਕੇ

❖❖❖

# ੫. ਹੁਣ ਆ ਮਿਲ ਕਲਗੀ ਵਾਲਿਆ!

ਇਹ ਗੀਤ ਅਜ ਤੋਂ ਲਗ ਪਗ ੬੦ ਵਰ੍ਹੇ ਪਹਿਲੋਂ (੧੯੯੫ ਦੇ ਲਗਪਗ) ਲਿਖਿਆ ਗਿਆ ਸੀ, ਤਦੋਂ ਸਿਖਾਂ ਵਿਚ ਓਪਰੇ ਓਪਰੇ ਗੀਤ ਬੜੇ ਪ੍ਰਚਲਤ ਸਨ। ਸ੍ਰੀ ਦਰਬਾਰ ਸਾਹਿਬ ਦੀ ਵਡੀ ਪ੍ਰਕਰਮਾਂ ਵਿਚ ਹੀ ਸਿਖ ਬੀਬੀਆਂ ਦੇ ਟੋਲੇ ਓਪਰੇ ਓਪਰੇ ਗੀਤ ਗਾਇਆ ਕਰਦੇ ਸਨ। ਜਦੋਂ ਇਸ ਗੀਤ 'ਹੁਣ ਆ ਮਿਲ ਕਲਗੀ ਵਾਲਿਆ' ਛਪਿਆ ਤਾਂ ਬਨ ਅਗਨੀ ਦੀ ਤਰ੍ਹਾਂ ਫੈਲ ਗਿਆ। ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਬੀਬੀਆਂ, ਵਿਆਹਾਂ ਦੇ ਆਗਿਆਂ ਵਿਚ, ਇਹ ਗੀਤ ਗਾਉਂਦੀਆਂ, ਹੋਰ ਸਮਾਗਮਾਂ ਵਿਚ ਹਰ ਥਾਂ ਇਹ ਗੀਤ ਅਲਾਪਿਆ ਜਾਂਦਾ ਸੀ। ਅਨੇਕਾਂ ਰਾਗੀ ਤੇ ਅਨੇਕਾਂ ਰਬਾਬੀ ਏਹ ਗੀਤ ਆਮੁਹਾਰੇ ਗਾਉਣ ਲਗ ਪਏ ਸਨ। ਮਾਨੋਂ ਅਨਜਾਣੇ ਸੰਗਤਾਂ ਦੇ ਹਿਰਦੇ ਕਲਗੀਆਂ ਵਾਲੇ ਲਈ ਤੜਪ ਰਹੇ ਸਨ, ਪਰ ਉਨ੍ਹਾਂ ਦੇ ਛੁਪੇ ਦਿਲਾਂ ਵਿਚ ਲੁਕੇ ਬੈਠੇ 'ਪ੍ਰੇਮ ਭਾਵ' ਗੀਤ ਦੇ ਖੰਭ ਨਾ ਹੋਣ ਕਰਕੇ ਉਡਾਰੀ ਨਹੀਂ ਸਨ ਮਾਰਦੇ। ਜਦੋਂ ਇਸ ਗੀਤ ਨੇ ਉਹ ਖੰਭ ਲਾ ਦਿਤੇ ਤਾਂ ਸਾਰੇ ਦਿਲ ਕਲਗੀਆਂ ਵਾਲੇ ਦੇ ਪਿਆਰ ਵਿਚ ਅਰਸ਼ੀ ਉਡਾਰੀਆਂ ਮਾਰਨ ਲੱਗ ਪਏ।

ਨਿਰਾ ਪੰਜਾਬ ਵਿਚ ਹੀ ਨਹੀਂ; ਇਹ ਗੀਤ ਸਿੰਧ ਦੇ ਪ੍ਰੇਮੀਆਂ ਤੇ ਪੂਰਬ ਵਿਚ ਬੀ ਜਾ ਗਵੀਜਿਆ ਸੀ।

ਹੁਣ ਇਸ ਇਤਿਹਾਸਕ ਗੀਤ ਨੂੰ ਮੁੜ ਛਾਪਣ ਦੀ ਅਕਾਂਖਜਾ ਹੋ ਰਹੀ ਸੀ ਕਿ ਇਹ ਛਪਕੇ ਫੇਰ ਘਰ ਘਰ ਫੇਰਾ ਪਾਵੇ ਤੇ ਨਵੇਂ ਪੁਰਾਣੇ ਪ੍ਰੇਮੀ ਕਲਗੀਆਂ ਵਾਲੇ ਦੀ ਸੇਵਾ ਵਿਚ ਆਪਣੀਆਂ ਸ਼ਰਧਾਂਜਲੀਆਂ ਪੇਸ਼ ਕਰਨ। ਸੋ ਇਹ ਮੁੜਕੇ ਛਾਪਿਆ ਜਾਂਦਾ ਹੈ। ਇਹ ਗੀਤ ਸੋਹਣੀ ਰਾਗ ਵਿਚ ਹੈ, ਜੋ ਬਿਰਹ ਤਾਸੀਰ ਵਾਲਾ ਰਾਗ ਹੈ, ਜਿਸ ਦਾ ਗਾਇਨ ਸਮਾਂ ਰਾਤ ਦਾ ਹੈ।

## ੫. ਹੁਣ ਆ ਮਿਲ ਕਲਗੀ ਵਾਲਿਆ!

ਮੈਂ ਦੁਨੀਆਂ ਤੋਂ ਚਿਤ ਚਾ ਲਿਆ,
ਤੇਰੇ ਚਰਨਾਂ ਨਾਲ ਲਗਾ ਲਿਆ,
ਇਕ ਯਾਦ ਤੇਰੀ ਨੂੰ ਪਾਲਿਆ,
ਹੁਣ ਆ ਮਿਲ ਕਲਗੀ ਵਾਲਿਆ! ੧.
ਕਈ ਜੁੱਗ ਗਏ ਹਨ ਬੀਤਦੇ,
ਨਿੱਤ ਰਹਿੰਦਿਆ ਵਿਚ ਉਡੀਕ ਦੇ,
ਅਜੇ ਦਰਸ ਨ ਤੁਸਾਂ ਦਿਖਾਲਿਆ,
ਹੁਣ ਆ ਮਿਲ ਕਲਗੀ ਵਾਲਿਆ! ੨.
ਮੈਂ ਦਿਨ ਨੂੰ ਆਹਾ ਮਾਰਦੀ,
ਗਿਣ ਤਾਰੇ ਰਾਤ ਗੁਜ਼ਾਰਦੀ,
ਹਾਇ ਰੋ ਰੋ ਜਿਗਰਾ ਗਾਲਿਆ,
ਹੁਣ ਆ ਮਿਲ ਕਲਗੀ ਵਾਲਿਆ! ੩.
ਮੈਂ ਤੱਕਦੀ ਰਾਹਾਂ ਤੇਰੀਆਂ,
ਪਾ ਜੋਗੀ ਵਾਲੀ ਫੇਰੀਆਂ,
ਰਾਹ ਤਕ ਤਕ ਹਾਲ ਵਵਾ ਲਿਆ,
ਹੁਣ ਆ ਮਿਲ ਕਲਗੀ ਵਾਲਿਆ! ੪.
ਮੈਂ ਸਹੀਆਂ ਵਿੱਚ ਨ ਖੇਡਦੀ,
ਮੈਂ ਖੂਹ ਬਿਰਹੋਂ ਦਾ ਗੇੜਦੀ,
ਵਿਚ ਤਾਂਘਾਂ ਜੀਉੜਾ ਜਾਲਿਆ,
ਹੁਣ ਆ ਮਿਲ ਕਲਗੀ ਵਾਲਿਆ! ੫.
ਮੈਂ ਤੈਨੂੰ ਨਿੱਤ ਚਿਤਾਰਦੀ,
ਇਕ ਪਲ ਬੀ ਨਾਂਹਿ ਵਿਸਾਰਦੀ,
ਜੀਉ ਟੋਟੇ ਕਰ ਕਰ ਵਾਰਿਆ,
ਹੁਣ ਆ ਮਿਲ ਕਲਗੀ ਵਾਲਿਆ! ੬.

ਕਰ ਮਿਹਰ ਇਸ ਔਗੁਣਹਾਰ ਤੇ,
ਹੁਣ ਛੇਤੀ ਆ ਦੀਦਾਰ ਦੇ,
ਹੇ ਬਖਸ਼ ਮਿਲਾਵਣ ਵਾਲਿਆ!
ਹੁਣ ਆ ਮਿਲ ਕਲਗੀ ਵਾਲਿਆ!੭.
ਕੋਈ ਰਖਦੇ ਹਿੰਮਤ ਤਾਣ ਹਨ,
ਕੋਈ ਬੰਨ੍ਹਦੇ ਦਾਵੇ ਮਾਣ ਹਨ,
ਮੈਂ ਚਰਨੀਂ ਚਿੱਤ ਲਗਾ ਲਿਆ!
ਹੁਣ ਆ ਮਿਲ ਕਲਗੀ ਵਾਲਿਆ!੮.
ਕਈ ਜਨਮ ਗਏ ਤਰਸੇਂਦਿਆਂ,
ਜਾਏ ਇਹ ਨਾ ਸਿੱਕ ਸਿਕੇਂਦਿਆਂ,
ਕਰ ਮਿਹਰ ਹੁਣ ਕਰਮਾਂ ਵਾਲਿਆ!
ਹੁਣ ਆ ਮਿਲ ਕਲਗੀ ਵਾਲਿਆ!੯.
ਰੰਗ ਰੰਗ ਖੁਸ਼ੀ ਹੈ ਹੋ ਰਹੀ,
ਗੁਰਪੁਰਬ ਦੀ ਰੰਗਣ ਸੁਹ ਰਹੀ,
ਕਰ ਬਖ਼ਤ ਮੇਰੇ ਬੀ ਸਾਲਿਹਾ*।
ਹੁਣ ਆ ਮਿਲ ਕਲਗੀ ਵਾਲਿਆ!੧੦.
ਅੱਜ ਖੁਸ਼ੀਆਂ ਮਾਣੇ ਖਾਲਸਾ
ਮੈਨੂੰ ਦਰਸ ਤੇਰੇ ਦੀ ਲਾਲਸਾ।
ਕਰ ਦਰਸ਼ਨ ਨਾਲ ਨਿਹਾਲਿਆ,
ਹੁਣ ਆ ਮਿਲ ਕਲਗੀ ਵਾਲਿਆ!੧੧.

❖❖❖

*ਮੇਰੀ ਕਿਸਮਤ ਨੂੰ ਬੀ ਚੰਗਿਆ ਕਰ ਦਿਓ।

ਇਸ ਗੀਤ ਦੇ ਵਜਾਉਣ ਦੇ ਸੁਰ ਤਾਲ-

ਰਾਗ— ਸੂਹਣੀ।

ਤਾਲ ਤੇ ਗਤ-ਢਈਆ। ਮਾਤ੍ਰਾ— ੭। x ਲੈ-ਧੀਮੀ।

'ਆਂ ਦਾ ਘਰ—'ਵਾਲਿਆ' ਪਰ ਹੈ। ਸੁਰਖਾਸ— ਸਾ ਰੇ ਗਾ ਮਾ ਧਾ ਨੀ

ਅਸਥਾਈ-

੨ ੦ ੧ ੨ ੦ ੧

੩ ੩ ੩ ੩ x ੩

ਗਾ ਮਾ ਧਾ ਨੀ ਸਾ ਗਾ ਰੇ ਸਾ

ਇਕ ਯਾਦ ਤਿਰੀ ਨੂੰ ਪਾ ਲਿਆ

ਅੰਤਰਾ ਨੰ : ੧-

੨ ੦ ੧ ੨ ੦ ੧

੩ ੩ ੩

ਸਾ ਨੀ ਧਾ ਨੀ ਸਾ ਧਾ ਨੀ ਸਾ ਨੀ ਧਾ

ਹੁਣ ਆ ਮਿਲ ਕਲਗੀ ਵਾਲਿਆ

ਮੈਂ ਦੁਨੀਆਂ ਤੋਂ ਚਿਤ ਚਾ ਲਿਆ ) ਅਸਥਾਈ ਤੇ ਅੰਤਰਾ
ਤੇਰੇ ਚਰਨਾਂ ਨਾਲ ਲਗਾ ਲਿਆ ) ਨੰ: ੧ ਪਰ ਵਜਾਓ।

ਅੰਤਰਾ ਨੰ : ੨-

੨ ੦ ੧ ੨ ੦ ੧

੩ ੩ ੩ ੩ ੩ x ੩

ਸਾ ੨ ਗਾ ਮਾ ਗਾ ਰੇ ਸਾ

ਕਈ ਜੁੱਗ ਗਏ ਹਨ ਬੀਤਦੇ

'ਨਿਤ ਰਹਿੰਦਿਆਂ ਵਿੱਚ ਉਡੀਕ ਦੇ'-(ਅੰਤਰਾ ਨੰ: ੨ ਪਰ ਵਜਾਓ)

'ਅਜੇ ਦਰਸ ਨ ਤੁਸਾਂ ਦਿਖਾਲਿਆ'-(ਅਸਥਾਈ ਪਰ ਵਜਾਓ)

'ਹੁਣ ਆ ਮਿਲ ਕਲਗੀ ਵਾਲਿਆ' (ਅੰਤਰਾ ਨੰ: ੧ ਪਰ ਵਜਾਓ)

ਬਾਕੀ ਸਾਰਾ ਗੀਤ ਇਸੇ ਤਰ੍ਹਾਂ ਵੰਡਕੇ ਗਾਓ।

# ੯. ਕਿਉਂ ਤੁਸੀਂ ਐਡੇ ਸੁਹਣੇ ਹੋ?

ਰਾਗ— ਦੇਸ਼। ਤਾਰ— ਤਿੰਨ।

ਕਿਉਂ ਮਿਰੇ ਕਲਗੀਆਂ ਵਾਲੇ ਦਾਤੇ! ਕਿਉਂ ਤੁਸੀਂ ਐਡੇ ਸੁਹਣੇ ਹੋ?
ਦਰਸ਼ਨ ਦੇ ਦਿਲ ਖੱਸ ਲੈਂਦੇ ਹੋ, ਇੱਡੇ ਕਿਉਂ ਮਨਮੋਹਣੇ ਹੋ?

ਐਡੇ ਸੁਹਣੇ ਆਪ ਬਣੇ ਕਿ ਤੁਹਾਨੂੰ ਕਿਸੇ ਬਣਾਇਆ ਹੈ?
ਚੰਦ ਸੂਰਜ ਪਏ ਦੇਣ ਦੁਹਾਈ 'ਸਾਨੂੰ ਇਨ੍ਹੇਂ ਬਣਾਇਆ ਹੈ।'

ਕਮਲ, ਮਾਲਤੀ, ਨਰਗਸ, ਸੋਸਨ ਏਹੋ ਗੀਤ ਅਲਾਇਆ ਹੈ:-
"ਕਲਗੀਆਂ ਵਾਲੇ ਸੁਹਣੇ ਦਾਤੇ ਸੁਹਜ ਅਸਾਨੂੰ ਲਾਇਆ ਹੈ।"

ਛਟਕੀ ਰਾਤ ਤਾਰਿਆਂ ਵਾਲੀ ਚੁੱਪ-ਰਾਗ ਪਈ ਗਾਂਦੀ ਹੈ :-
"ਕਲਗੀਧਰ ਦੀ ਸੁੰਦਰਤਾ ਪਈ ਸ਼ਾਨੂੰ ਫਬਨਾਂ ਲਾਂਦੀ ਹੈ",

ਦੱਸ ਸੁਹਣਿਆਂ ਦੱਸ ਸੁਹਣਿਆਂ! ਕਿਉਂ ਐਡੇ ਤੁਸੀਂ ਸੁਹਣੇ ਹੋ?
ਮੋਹ ਲੈਂਦੇ ਹੋ, ਮੋਹ ਲੈਂਦੇ ਹੋ, ਕਿਉਂ ਐਡੇ ਮਨਮੋਹਣੇ ਹੋ?

ਤੁਸਾਂ ਤਈਂ ਜੇ ਕਿਸੇ ਸਾਜਿਆ ਕੀਹ ਇੱਡਾ ਹੀ ਸੁਹਣਾ ਹੈ?
ਯਾ ਤੁਹਾਥੋਂ ਬੀ ਵੱਧ ਵਧੇਰਾ ਦਰਸ਼ਨ ਦਾ ਮਨ ਮੋਹਣਾ ਹੈ?

ਜਾਂ ਇਹ ਸਾਜੀ ਸੋਹਣੀ ਦੇਹੀ ਉਸ ਨੂੰ ਪਜਾਰੀ ਲੱਗ ਗਈ,
ਵੜ ਬੈਠਾ ਵਿਚ ਆਪ ਏਸ ਦੇ ਤਦੋ ਸੁੰਦਰਤਾ ਡੁੱਲ੍ਹ ਰਹੀ?

ਦਸ ਦਿਓ ਸਾਨੂੰ, ਦਸ ਦਿਓ ਸਾਨੂੰ, ਐਡੇ ਕਿਉਂ ਤੁਸੀਂ ਸੁਹਣੇ ਹੋ?
ਦਸ ਦਿਓ ਕਲਗੀਆਂ ਵਾਲੇ ਪ੍ਰੀਤਮ! ਕਿਉਂ ਐਡੇ ਮਨਮੋਹਣੇ ਹੋ?

❖❖❖

# ੭. ਮੁੜਕੇ ਕਦ ਹੁਣ ਆਓਗੇ?

(ਰਾਗ— ਦੇਸ਼। ਤਾਰ— ਤਿੰਨ।)

ਦੱਸ ਮੇਰੇ ਕਲਗੀਆਂ ਵਾਲੇ ਦਾਤਾ!
ਮੁੜਕੇ ਕਦ ਹੁਣ ਆਓਗੇ?
ਸੰਗਤਾਂ ਵਿੱਚ ਉਡੀਕਾਂ ਖਲੀਆਂ
ਕਦ ਆਓ ਕਦ ਆਓਗੇ?
ਦੱਖਣ ਗਏ, ਗਏ ਚੜ੍ਹ ਅਰਸ਼ੀਂ
ਹੇਠਾਂ ਫੇਰ ਨ ਪਰਤੇ ਹੋ,
ਖੜੇ ਖਾਲਸੇ ਨਜ਼ਰਾਂ ਬੰਨ੍ਹ ਬੰਨ੍ਹ :
'ਹੁਣ ਆਓ, ਹੁਣ ਆਓਗੇ।
ਦਿੱਸਣ ਵਾਲਾ ਰੂਪ ਆਪਣਾ
ਵੇਖਿਆਂ ਠੰਢ ਜੁ ਪਾਂਦਾ ਸੀ
ਮੋਹ ਲੈਂਦਾ ਸੀ, ਝਲਕ ਆਪਣੀ
ਮੁੜ ਕਦ ਆਣ ਦਿਖਾਓਗੇ?
'ਚਰਨ-ਛੋਹ' ਉਹ ਪਜਾਰੀ ਪਜਾਰੀ
ਝਰਨ ਝਰਨ ਜੋ ਲਾਂਦੀ ਸੀ?
ਭਰ ਦੇਂਦੀ ਸੀ ਜਿੰਦ ਅਨੋਖੀ
ਕਦ ਫਿਰ ਆਨ ਦਿਵਾਓਗੇ?
ਮਿੱਠੀ 'ਸੱਦ ਮਾਹੀ ਦੀਂ' ਸੁਣਿਆਂ
ਸਦੀਆਂ ਮੁਕਦੀਆਂ ਜਾਂਦੀਆਂ ਹਨ
'ਮੇਰੋ ਰੂਪ ਖਾਲਸਾ', ਮੁੜ ਕੇ
ਫਿਰ ਕਦ ਆਣ ਸੁਣਾਓਗੇ?

ਨੀਲੇ ਦੇ ਅਸਵਾਰ ਸੁਹਣਿਆਂ!
ਫੌਜਾਂ ਦੇ ਹੇ ਮਾਲਕ ਜੀ!
ਵਜਦੇ ਉਸ ਰਣਜੀਤ ਨਗਾਰੇ
ਕਦ ਆਓ ਕਦ ਆਓਗੇ?
ਦੇਹੀ ਵਾਲੇ ਨੈਣ ਅਸਾਡੇ
ਸੁੰਦਰ ਦੇਹਿ ਤੁਸਾਡੀ ਦੇ
ਮੁੜ ਦਰਸ਼ਨ ਨੂੰ ਤੜਫ ਰਹੇ ਹਨ
ਦੱਸੋ ਨਾ! ਕਦ ਆਓਗੇ?
ਚੰਦ ਵਾਂਗ ਵਿਚ ਤਾਰਿਆਂ ਬੈਠੇ
ਕੀਰਤ ਕਰਦੇ ਸਾਂਈਂ ਦੀ
ਬੈਕੁੰਠਾਂ ਤੋਂ ਵੱਧ ਰਸਾਂ ਦੇ
ਕਦ ਦੀਵਾਨ ਆ ਲਾਓਗੇ?
ਮੰਗ ਅਸਾਡੀ ਬਾਲਾਂ ਵਾਲੀ!
ਪਰ ਬਾਲਾਂ ਦੇ ਬਾਪੂ ਜੀ!
ਲਾਡਾਂ ਨਾਲ ਕੀਤੀਆਂ ਬੱਚਿਆਂ
ਅਰਜ਼ਾਂ ਤੁਸੀਂ ਪੁਜਾਓਗੇ?
ਸਦਕੇ ਬਿਰਦ ਆਪਣੇ ਦਾਤਾ!
ਆਓਗੇ ਪਰ ਆਓਗੇ,
ਸਾਡਾ ਇਹੀ ਅਡੋਲ ਭਰੋਸਾ
ਆਓਗੇ ਪਰ ਆਓਗੇ।

❖❖❖